12 ਜਨਵਰੀ-ਮਾਰਚ, 2009

ਕਹਾਣੀ ਧਾਰਾ

ਮੁੱਲ : 20/-

12 ਜਨਵਰੀ-ਮਾਰਚ, 2009

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971

e-mail: kahani_dhara@yahoo.co.in

ਸੰਪਾਦਕ:

ਭਗਵੰਤ ਰਸੂਲਪੁਰੀ (94170-64350)

ਸਹਾਇਕ ਸੰਪਾਦਕ (ਅਨ.)

ਦੇਸ ਰਾਜ ਕਾਲੀ (94176-58139)

ਸਹਿਯੋਗੀ

ਸੁਰਜੀਤ ਸੁਮਨ (98144-30874)

ਟਾਇਟਲ ਪੇਂਟਿੰਗਜ਼ : ਸਿਧਾਰਥ

ਰਚਨਾਵਾਂ ਭੇਜਣ ਲਈ ਪਤਾ :Editor ***KAHANI DHARA***
V. Dharampura, P.O:. Khambra,
Distt. JALANDHAR-144026
Ph. 0181-2685313

ਤਰਤੀਬ:

ਸੰਪਾਦਕੀ :ਮਸਲਾ ਭਾਸ਼ਾ ਦਾ-1, ਪ੍ਰੇਮ ਪ੍ਰਕਾਸ਼ ਦੀਆਂ ਪ੍ਰੇਮ ਨਾਲ ਗੱਲਾਂ-3, ਹੱਡ ਬੀਤੀ : ਸੰਤਾਲੀ ਦੇ ਉਜਾੜੇ ਦੀ ਦਾਸਤਾਨ ਮਾਤਾ ਪ੍ਰਸਿਨ ਕੌਰ-11, ਸ਼ੌਂਕਣ ਮਹੁਰਾ ਚੰਦਨ ਨੇਗੀ-32,
ਦੋ ਕਹਾਣੀਆਂ : ਜਗਰਾਤ ਧੌਲਾ-35, ਹਰਨੇਕ ਕਲੇਰ-40, ਹਿੰਦੀ ਕਹਾਣੀ : ਪਾੱਲ ਗੋਮਰਾ ਦਾ ਸਕੂਟਰ/ ਉਦੈ ਪ੍ਰਕਾਸ਼, ਗੋਸ਼ਟੀ : ਬਲਦੇਵ ਸਿੰਘ ਦੇ ਨਾਵਲ 'ਸਤਲੁਜ ਵਹਿੰਦਾ ਰਿਹਾ' ਤੇ-70
ਜਨ ਬੋਧ : ਸੰਘ ਪਰਿਵਾਰ ਅਤੇ ਅੰਬੇਡਕਰ ਫਲਸਫਾ/ ਡਾ. ਆਨੰਦ ਤੇਲਤੁੰਬੜੇ-80,
ਪੁਸਤਕ ਰਿਵਿਊ :84

ਸਾਲਾਨਾ ਚੰਦੇ : 200 ਰੁਪਏ 10 ਅੰਕ, ਡਾਲਰ 30, ਪੌਂਡ 25,ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ ÒKAHANI DHARAÓ ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar City ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 20ਫਰਵਰੀ, 2009)

ਸੰਪਾਦਕੀ

ਮਸਲਾ ਭਾਸ਼ਾ ਦਾ : ਦਿਆਨਤਦਾਰੀ ਦੀ ਲੋੜ

ਪਿਛਲੇ ਦਿਨੀਂ 'ਪੰਜਾਬੀ ਸਾਹਿਤ ਅਕਾਦਮੀ' ਲੁਧਿਆਣਾ ਵਲੋਂ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ 'ਭਾਰਤੀ ਭਾਸ਼ਾਵਾਂ ਦਾ ਭਵਿੱਖ : ਸੰਭਾਵਨਾਵਾਂ ਤੇ ਚੁਣੌਤੀਆਂ' ਵਿਸ਼ੇ ਉਪਰ ਬਹੁਤ ਗੰਭੀਰ ਕਿਸਮ ਦੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਵਿਸ਼ਵ ਪੱਧਰ ਉਪਰ ਵਿਚਾਰੀ ਜਾ ਰਹੀ ਇਸ ਚਿੰਤਾ ਨੂੰ ਅਕਾਦਮੀ ਦੇ ਵਿਚਾਰਕਾਂ ਨੇ ਵੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਕੁਝ ਦਿਆਨਤਦਾਰ ਲੋਕਾਂ ਨੇ ਵੀ ਵਿਚਾਰਿਆ ਅਤੇ ਪੰਜਾਬ ਵਿੱਚ ਨਵੇਂ ਸੰਵਾਦ ਨੂੰ ਜਨਮ ਦਿੱਤਾ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਬਠਿੰਡਾ ਵਿਖੇ ਅਜਿਹੇ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ। ਇਸ ਪੱਖੋਂ ਇਹ ਸਾਰੇ ਵਿਦਵਾਨ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਹ ਲੋਕ ਏਨੀ ਹੀ ਸੁਹਿਰਦਤਾ ਨਾਲ ਕੰਮ ਕਰਦੇ ਰਹਿਣਗੇ।

ਹੁਣ ਅਸੀਂ ਇਸ ਮੁੱਦੇ ਨਾਲ ਜੁੜੇ ਕੁਝ ਅਜਿਹੇ ਇਤਿਹਾਸਕ/ ਸਮਾਜਿਕ/ ਆਰਥਿਕ/ ਰਾਜਨੀਤਿਕ ਨੁਕਤਿਆਂ ਨੂੰ ਕੇਂਦਰਿਤ ਕਰਨਾ ਚਾਹੁੰਦੇ ਹਾਂ, ਜਿਹਨਾਂ ਨੂੰ ਜਾਣ ਬੁੱਝ ਕੇ ਜਾਂ ਵਿਸ਼ੇਸ਼ ਸਿਆਸੀ/ ਜਮਾਤੀ ਹਿੱਤਾਂ ਨੂੰ ਮੁੱਖ ਰੱਖਦਿਆਂ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵਲੋਂ ਕਰਵਾਏ ਸਮਾਗਮ ਵਿੱਚ ਡਾ. ਸਰਬਜੀਤ ਸਿੰਘ ਅਤੇ ਅਮਰਜੀਤ ਗਰੇਵਾਲ ਵੱਲੋਂ ਇੱਕ ਬਹੁਤ ਹੀ ਅਹਿਮ ਸਵਾਲ ਉਠਾਇਆ ਕਿ ਸਾਡੇ ਪੰਜਾਬ ਵਿੱਚ ਪੰਜਾਬੀ ਭਾਸ਼ਾ/ ਬੋਲੀ ਸਿੱਧੇ-ਸਿੱਧੇ ਦਲਿਤਾਂ ਦੀ ਭਾਸ਼ਾ ਹੈ। ਉਹਨਾਂ ਤੋਂ ਉਪਰਲੇ ਕਿਸੇ ਵੀ ਤਬਕੇ ਦੀ ਇਸ ਭਾਸ਼ਾ ਨਾਲ ਕਿਸੇ ਵੀ ਤਰ੍ਹਾਂ ਕੋਈ ਵੀ ਤੰਦ ਨਹੀਂ ਜੁੜਦੀ ਅਤੇ ਉਹ ਜਮਾਤ ਇਸਨੂੰ ਬਚਾਉਣ ਦੀ ਥਾਂ ਮਾਰਨ ਵਿੱਚ ਹੀ ਯੋਗਦਾਨ ਪਾ ਰਹੀ ਹੈ, ਇਹ ਸਮਾਜਿਕ ਸੱਚਾਈ ਹੈ। ਇਸ ਤੋਂ ਹੁਣ ਤੱਕ ਕਿਨਾਰਾ ਕਰੀ ਰੱਖਿਆ ਗਿਆ ਹੈ। ਇਹਨਾਂ ਤੱਥਾਂ ਵੱਲ ਧਿਆਨ ਦੇਣ ਦੀ ਲੋੜ ਹੈ ਅਤੇ ਇਹ ਵਿਚਾਰ ਅੱਗੇ ਲਿਆਉਣ ਦੀ ਲੋੜ ਹੈ ਕਿ ਜੇਕਰ ਪੰਜਾਬ, ਪੰਜਾਬੀ ਭਾਸ਼ਾ ਕਰਕੇ ਹੋਂਦ ਵਿੱਚ ਹੈ ਤਾਂ ਇਸਦੇ ਸਾਰੇ ਸਿਆਸੀ ਅਤੇ ਆਰਥਿਕ ਢਾਂਚੇ ਉੱਪਰ ਨੈਤਿਕ ਤੌਰ 'ਤੇ ਦਲਿਤ ਦਾ ਹੀ ਅਧਿਕਾਰ ਹੈ। ਇਹ ਵਿਚਾਰ ਬਹੁਤ ਗੰਭੀਰਤਾ ਦੀ ਮੰਗ ਕਰਦਾ ਹੈ, ਪਰੰਤੂ ਇਹ ਤੜਫਾਹਟ ਇਸ ਕਰਕੇ ਪੈਦਾ ਕਰ ਸਕਦਾ ਹੈ, ਕਿਉਂਕਿ ਸੱਤਾ ਤੇ ਕਾਬਜ਼ ਧਿਰ ਦਲਿਤ ਨਹੀਂ ਅਤੇ ਨਾ ਹੀ ਪੰਜਾਬੀ ਦੇ ਹੇਜ ਵਾਲੀ ਧਿਰ ਹੈ। ਇਹ ਮਾਮਲਾ ਵਿਦਵਾਨਾਂ ਵੱਲੋਂ ਸੰਵੇਦਨਸ਼ੀਲਤਾ ਨਾਲ ਘੋਖਿਆ ਜਾਵੇ ਤਾਂ ਕੁਝ ਸਾਰਥਕ ਸਿੱਟੇ ਸਾਹਮਣੇ ਆ ਸਕਦੇ ਹਨ।

ਪੰਜਾਬੀ ਭਾਸ਼ਾ ਅਤੇ ਸਿੱਖੀ ਬਾਰੇ ਵੀ ਸਾਨੂੰ ਅਜੇ ਤੱਕ ਭੁਲੇਖੇ ਵਿੱਚ ਹੀ ਰੱਖਿਆ ਜਾਂਦਾ ਰਿਹਾ ਹੈ ਅਤੇ ਸਾਡੇ ਵਿਦਵਾਨਾਂ ਦਾ ਦਵਾਲੀਆਪਣ ਜਾਂ ਮੱਕਾਰੀ ਹੀ ਕਹੀ ਜਾਣੀ ਚਾਹੀਦੀ ਹੈ ਕਿ ਉਹਨਾਂ ਅੱਜ ਤੱਕ ਪੰਜਾਬੀ ਨੂੰ ਸੂਫੀਆਂ, ਮੁਸਲਮਾਨਾਂ ਜਾਂ ਦਲਿਤਾਂ ਦੀ ਭਾਸ਼ਾ ਨਾ ਕਹਿ ਕੇ ਇਸਨੂੰ ਹੋਰ ਹੀ ਨਜ਼ਰੀਏ ਤੋਂ ਪੇਸ਼ ਕਰਦੇ ਰਹੇ। ਇਹ ਗੱਲ ਸੌ ਫੀਸਦੀ ਸੱਚ ਹੈ ਕਿ ਪੰਜਾਬੀ ਭਾਸ਼ਾ ਸੂਫੀਆਂ, ਮੁਸਲਮਾਨਾਂ ਅਤੇ ਦਲਿਤਾਂ ਦੀ ਹੈ, ਇੱਥੇ ਅਸੀਂ ਦੋਵੇਂ ਪੰਜਾਬਾਂ ਨੂੰ ਅਧਾਰ ਬਣਾ ਕੇ ਕਹਿ ਰਹੇ ਹਾਂ। ਲਿੱਪੀ ਦੇ ਮਾਮਲੇ ਵਿੱਚ ਅਸੀਂ ਗੁਰਮੁੱਖੀ ਅਤੇ ਪਰਸ਼ੀਅਨ ਦੋਵੇਂ ਲਿਪੀਆਂ ਨੂੰ ਪੰਜਾਬੀ ਨੂੰ ਮੁਹੱਬਤ ਕਰਨ ਵਾਲਿਆਂ ਲਈ ਪਵਿੱਤਰ ਮੰਨਦੇ ਹਾਂ। ਸਾਡੇ ਲਈ ਕੋਈ ਵੀ ਲਿੱਪੀ ਅਛੂਤ ਨਹੀਂ, ਸਗੋਂ ਇਸ ਸੰਕੀਰਨਤਾਂ ਅਤੇ ਸੰਪਰਦਾਇਕਤਾ ਤੋਂ ਸਾਨੂੰ ਬਚਣ ਦੀ ਲੋੜ ਹੈ। ਅਸੀਂ ਤਾਂ ਇਸ ਵਿਚਾਰ ਦੇ ਵੀ ਧਾਰਨੀ ਹਾਂ ਕਿ ਅਗਰ ਪੰਜਾਬੀ ਦੇਵਨਾਗਰੀ ਵਿੱਚ ਵੀ ਲਿਖੀ ਜਾਂਦੀ ਹੈ, ਤਾਂ ਕੋਈ ਹਰਜ ਨਹੀਂ। ਭਾਸ਼ਾ ਦਾ ਵਿਕਾਸ ਹੋਣਾ ਚਾਹੀਦਾ ਹੈ। ਇੱਥੇ ਇਸ ਗੱਲ ਵੱਲ ਵੀ ਧਿਆਨ ਦਿਵਾਉਣਾ ਚਾਹੁੰਦੇ ਹਾਂ ਕਿ ਇਥੇ ਜਿਸ ਤਰ੍ਹਾਂ ਦੇਵਨਾਗਰੀ ਨੂੰ ਬ੍ਰਾਹਮਣਿਕ ਵਿਚਾਰ ਨਾਲ ਜੋੜਕੇ ਸੰਕੀਰਨਤਾ ਦਾ ਪ੍ਰਗਟਾਵਾ ਕਰ ਦਿੱਤਾ ਜਾਂਦਾ ਹੈ, ਇਹ ਲਿਪੀ ਤਾਂ ਤਾਂਤ੍ਰਿਕ ਲਿੱਪੀ, ਬੁਧਿਸਟ ਲਿੱਪੀ ਅਤੇ ਸ਼ਾਰਦਾ ਦੇ ਮਿਸ਼ਰਣ ਤੋਂ ਹੋਂਦ ਵਿਚ ਆਈ ਹੈ। ਇਸ ਲਈ ਅਸੀਂ ਸੌੜੀ ਸੋਚ ਦੇ ਦਾਇਰੇ ਨੂੰ ਮੋਕਲਾ ਕਰਨ ਦੇ ਹਾਮੀ ਹਾਂ ਅਤੇ ਸੱਚਾਈ ਤੋਂ ਪਰਦਾ ਲਾਹ ਕੇ ਸੱਚ ਦੇ ਦਿਦਾਰ ਕਰਵਾਉਣੇ ਚਾਹੁੰਦੇ ਹਾਂ।

ਇਸਦੇ ਨਾਲ ਹੀ ਇਹ ਗੱਲ ਵੀ ਮਹੱਤਵਪੂਰਨ ਅਤੇ ਖੋਜ ਕਰਨ ਵਾਲੀ ਹੈ ਕਿ ਸਾਡੀ ਨਵੀਂ ਪੀੜ੍ਹੀ ਵਿੱਚ ਜਿਹੜੇ ਲੇਖਕ ਪੰਜਾਬੀ ਭਾਸ਼ਾ ਨੂੰ ਸਮਰਪਿਤ ਹਨ,ਉਹਨਾਂ ਵਿੱਚੋਂ 70 ਫੀਸਦੀ ਦਲਿਤ ਹਨ ਅਤੇ ਜਿਹੜੇ ਗ਼ੈਰ-ਦਲਿਤ ਹਨ, ਉਹ ਆਰਥਿਕ ਤੌਰ ਤੇ ਬੁਰੀ ਤਰ੍ਹਾਂ ਪੱਛੜੇ ਹੋਏ ਹਨ। ਅਸੀਂ ਵਿਦਵਾਨਾਂ ਨੂੰ ਸੱਦਾ ਦਿੰਦੇ ਹਾਂ ਕਿ ਇਸ ਵਿਸ਼ੇ ਉੱਪਰ ਵੀ ਕੋਈ ਗੰਭੀਰ ਚਰਚਾ ਕਰਵਾਈ ਜਾਵੇ।

-ਭਗਵੰਤ ਰਸੂਲਪੁਰੀ
-ਦੇਸ ਰਾਜ ਕਾਲੀ

ਸੰਸਾਰ ਪ੍ਰਸਿੱਧ ਐਪਿਕ ਦਾ ਦਰਜਾ ਪ੍ਰਾਪਤ ਸ਼ਾਹਕਾਰ ਨਾਵਲ

ਰੂਟਸ

ਸੰਨ 1976 ਵਿਚ ਪਹਿਲੀ ਵਾਰ ਮੂਲ ਅੰਗਰੇਜ਼ੀ ਵਿਚ ਪ੍ਰਕਾਸ਼ਤ ਨਾਵਲ 'ਰੂਟਸ' ਅਫਰੀਕਨ-ਅਮਰੀਕਨ ਲੇਖਕ ਐਲੇਕਸ ਹੈਲੀ ਦੀ ਐਪਿਕ ਦਾ ਦਰਜਾ ਪ੍ਰਾਪਤ ਕਰਨ ਵਾਲੀ ਜਗਤ ਪ੍ਰਸਿੱਧ ਰਚਨਾ ਹੈ। ਲੇਖਕ ਦੇ ਪੁਰਖਿਆਂ ਦੀਆਂ ਛੇ ਪੁਸ਼ਤਾਂ ਦੇ ਇਤਿਹਾਸ ਨੂੰ ਕਥਾ ਵਸਤੂ ਵਜੋਂ ਲੈਂਦਾ ਹੋਇਆ ਇਹ ਨਾਵਲ ਗ਼ੁਲਾਮਾਂ ਦੇ ਵਪਾਰ, ਗ਼ੁਲਾਮਾਂ ਉੱਤੇ ਅੱਤਿਆਚਾਰ ਅਤੇ ਗ਼ੁਲਾਮਾਂ ਦੇ ਆਜ਼ਾਦੀ ਲਈ ਘੋਲ ਦਾ ਦਿਲ ਹਿਲਾ ਦੇਣ ਵਾਲਾ ਵੇਰਵਾ ਪੇਸ਼ ਕਰਦਾ ਹੈ। ਸੰਸਾਰ ਦੀਆਂ ਦਰਜਨਾਂ ਹੀ ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕੇ ਇਸ ਸ਼ਾਹਕਾਰ ਦਾ ਦਲਜੀਤ ਸਿੰਘ ਐਡਮਿੰਟਨ ਨੇ ਬਹੁਤ ਮਿਹਨਤ ਨਾਲ ਪੰਜਾਬੀ ਵਿਚ ਅਨੁਵਾਦ ਕੀਤਾ ਹੈ।

ਮੁੱਲ: 550 ਰੁਪਏ

ਪੰਨੇ : 828

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ -141001

ਫੋਨ : 0161-2413613, 2404928

ਮੋਬਾਇਲ : 98152-98459

E-mail chetnaparkashan@sify.com

ਪ੍ਰੇਮ ਪ੍ਰਕਾਸ਼ ਦੀਆਂ ਪ੍ਰੇਮ ਨਾਲ ਗੱਲਾਂ

ਜਦ ਮੈਂ ਆਪਣੀ ਆਤਮਕਥਾ 'ਆਤਮ ਮਾਯਾ' ਲਿਖ ਕੇ ਖਰੜਾ ਪ੍ਰਕਾਸ਼ਕ ਨੂੰ ਦੇ ਆਇਆ ਤਾਂ ਮੇਰਾ ਜ਼ਿਹਨ ਬਿਲਕੁਲ ਖਾਲੀ ਹੋ ਗਿਆ ਸੀ। ਜਵਾਨੀ 'ਚ ਇਹ ਹਾਲਤ ਹੁੰਦੀ ਸੀ ਤਾਂ ਮਨ ਬਹੁਤ ਬੇਚੈਨ ਹੋ ਜਾਂਦਾ ਸੀ। ਮੈਂ ਸ਼ੁਦਾਈ ਹੋਏ ਡੰਗਰ ਵਾਂਗ ਭੱਜਦਾ ਫਿਰਦਾ ਰਹਿੰਦਾ ਸੀ। ਪਰ ਹੁਣ ਜ਼ਰਾ ਬੇਚੈਨੀ ਏਸ ਗੱਲ ਦੀ ਸੀ ਕਿ ਉਹ ਕਹਾਣੀ ਨਹੀਂ ਸੀ ਲਿਖੀ ਜਾ ਰਹੀ, ਜਿਹੜੀ ਮੈਂ ਤਿੰਨ ਵਾਰੀ ਲਿਖ ਕੇ ਪਾੜ ਚੁੱਕਿਆ ਸੀ।.... ਮੈਂ ਟੀ. ਵੀ. ਦੇਖਦਾ ਰਹਿੰਦਾ। ਕਿਤਾਬਾਂ ਪੜ੍ਹਦਾ ਰਹਿੰਦਾ। ਕਦੇ ਕੰਪਿਊਟਰ ਖੋਹਲ ਕੇ ਛੇੜਖਾਨੀ ਕਰਦਾ ਤੇ ਕਦੇ ਕੋਈ ਚੰਗੀ ਮਾੜੀ ਫਿਲਮ ਦੇਖ ਲੈਂਦਾ। ਟੀ. ਵੀ. ਦੇਖਦਾ ਕਲਪਨਾ ਦੇ ਘੋੜੇ ਦੁੜਾਂਦਾ ਸੌਂ ਜਾਂਦਾ। ਸੁਫਨੇ ਦੇਖਦਾ ਡਰ ਕੇ ਜਾਗ ਪੈਂਦਾ। ਮੈਨੂੰ ਸ਼ਕਲਾਂ ਬਦਲਣ ਵਾਲੇ ਜਾਨਵਰਾਂ ਤੇ ਬੰਦਿਆਂ ਤੋਂ ਡਰ ਲੱਗਦਾ। ਇਕ ਦਿਨ ਨੀਂਦ 'ਚ ਮੈਨੂੰ ਆਪਣੀ ਕਹਾਣੀ 'ਸ਼ਵੇਤਾਂਬਰ ਨੇ ਕਿਹਾ ਸੀ' ਦਾ ਪਾਤਰ ਸ਼ਵੇਤਾਂਬਰ ਦਿਸ ਪਿਆ। ਉਹ ਉਮਰ ਦਾ ਪੱਕੜ ਜਿਹਾ ਹੋ ਗਿਆ ਲੱਗਦਾ ਸੀ। ਝੁਰੜੇ ਚਿਹਰੇ 'ਤੇ ਕਰੜ ਬਰੜ ਦਾੜ੍ਹੀ ਨਾਲ ਉਵੇਂ ਲੁਕਾਟ ਦੇ ਰੁੱਖ ਹੇਠਾਂ ਖੜ੍ਹਾ ਮੈਨੂੰ ਵੇਖਦਾ ਖਚਰੀ ਮੁਸਕਣੀ ਵਿਖਾ ਰਿਹਾ ਸੀ। ਪੁੱਠੀ ਮੱਤ ਮੇਰੀ, ਮੈਂ ਉਹਨੂੰ ਬੁਲਾ ਬੈਠਾ। ਉਹ ਮੈਨੂੰ ਪੁੱਠੇ-ਪੁੱਠੇ ਸਵਾਲ ਕਰਨ ਲੱਗ ਪਿਆ। ਜਿਵੇਂ ਖਿਝਿਆ ਹੋਵੇ ਮੇਰੀ ਆਤਮਕਥਾ ਪੜ੍ਹ ਕੇ।... ਮੈਨੂੰ ਪਸੀਨਾ ਆ ਗਿਆ। ਮੈਂ ਜਾਗ ਕੇ ਪਾਣੀ ਪੀਤਾ। ਸੋਚਦਿਆਂ ਮੈਨੂੰ ਲੱਗਿਆ ਕਿ ਮੈਨੂੰ ਡਰਾਓਣ ਵਾਲੀ ਚੀਜ਼ ਸ਼ਵੇਤਾਂਬਰ ਦੇ ਚਿਹਰੇ 'ਤੇ ਸੱਚ ਦਾ ਨੂਰ ਸੀ। ਮੈਂ ਕਲਪਨਾ 'ਚ ਉਹਦੇ ਸਵਾਲਾਂ ਦੇ ਜਵਾਬ ਸੋਚਣ ਲੱਗ ਪਿਆ।... ਏਸ ਤਰ੍ਹਾਂ ਸੋਚਦਿਆਂ ਮੈਨੂੰ ਆਪਣਾ ਸ਼ਬਦ ਚਿੱਤਰ ਲਿਖਣ ਦੀ ਜੁਗਤ ਸੁੱਝ ਗਈ। ਸੋਚ 'ਚ ਈ ਮੈਂ ਖਿਝਦਾ ਉਹਨੂੰ 'ਸ਼ਿਬੂ' ਕਹਿਣ ਲੱਗ ਪਿਆ।

ਸ਼ - ਕੀ ਹਾਲ ਏ ਹਾਈ ਬਲੱਡ ਪ੍ਰੈਸ਼ਰ ਦਾ, ਕਬਜ਼ ਦਾ ਤੇ . .. . ?

ਪ – ਬੱਸ ਠੀਕ ਈ ਏ।... ਦਵਾਈਆਂ ਖਾਈ ਜਾਈਦੀਆਂ ਨੇ ਤੇ ਤੁਰੀ ਫਿਰੀ ਜਾਂਈਦੈ। ਲਿਖੀ ਪੜ੍ਹੀ ਤੇ ਹੋਰ ਦੂਜੇ ਕੰਮ ਵੀ ਕਰੀ ਜਾਂਈਦੇ ਨੇ, ਮਾੜੇ ਮੋਟੇ। ਬੁਢੇਪਾ ਆਪਣੇ ਤੌਰ 'ਤੇ ਬੀਮਾਰੀ ਤੇ ਹੈ ਈ। ਕੱਟਣ ਲਈ ਜੁਗਤਾਂ ਚਾਹੀਦੀਆਂ ਨੇ। ਇਹ ਬੀਮਾਰੀਆਂ ਤਾਂ ਹੁਣ ਨਾਲੇ ਜਾਣੀਆਂ ਨੇ।

ਸ਼ - ਮੌਤ ਕਿੱਥੇ ਕੁ ਐ? ... ਡਰ ਨਹੀਂ ਲੱਗਦਾ?... ਚਿਰ ਪਹਿਲਾਂ ਬਹੁਤ ਡਰ ਜਾਂਦਾ ਸੀ?

ਪ – ਹਾਂ, ਮੌਤ ਤੋਂ ਡਰ ਲੱਗਦਾ ਤਾਂ ਲੱਗਦਾ ਏ। ਪਰ ਪਹਿਲਾਂ ਨਾਲੋਂ ਘਟ ਗਿਆ ਏ। ਸ਼ਾਇਦ ਮੈਂ ਭਾਣਾ ਮੰਨ ਲਿਆ ਏ।... ਪਰ ਕੁਝ ਹੋਰ ਡਰ ਵੱਧ ਗਏ ਨੇ। ਜਿਵੇਂ ਸਫਰ ਕਰਦਿਆਂ ਅਚਾਨਕ ਬੀਮਾਰ ਹੋਣ ਦਾ ਡਰ। ਤੁਰਦੇ ਫਿਰਦਿਆਂ ਡਿੱਗ ਪੈਣ ਦਾ ਡਰ।... ਕਿਸੇ ਬੇਵਕੂਫ ਹੱਥੋਂ ਬੇਇੱਜ਼ਤੀ ਹੋਣ ਦਾ ਡਰ। ਖੰਨੇ ਜਾਂ ਪਹੋਏ ਵਸਦੇ ਭਾਈਆਂ ਦੇ ਘਰੋਂ ਕਿਸੇ ਮਾੜੀ ਖਬਰ ਆਓਣ ਦਾ ਡਰ। ਮਨ ਦੇ ਜੋਸ਼ 'ਚ ਆਓਣ 'ਤੇ ਬਲੱਡ ਪ੍ਰੈਸ਼ਰ ਦੇ ਵਧਣ ਦਾ ਡਰ।... ਮੌਤ ਤੋਂ ਇਲਾਵਾ ਹੋਰ ਵੀ ਕਈ ਡਰ ਲੱਗਦੇ ਨੇ। ਆਪਣੇ ਜਿਸਮ ਦੀ ਕਮਜ਼ੋਰੀ ਕਰ ਕੇ ਕਿਸੇ ਨਾਲ ਹੱਥੋਪਾਈ ਹੋਣ ਤੇ ਡਿੱਗਣ ਦਾ ਡਰ। ਹੁਣ ਸੋਹਣੀਆਂ ਜਨਾਨੀਆਂ ਦੇਖਣ ਲਈ ਓਮ ਪ੍ਰਕਾਸ਼ ਪਨਾਹਗੀਰ ਨਾਲ ਬਜ਼ਾਰਾਂ 'ਚ ਘੁੰਮਣ ਨਹੀਂ ਜਾਂਦਾ। ਮੇਰਾ ਮੋਪਡ ਬੇਮੁਹਾਰ ਹੋ ਕੇ ਕਿਸੇ ਦੇ ਘਰ ਵੱਲ ਆਪ ਨਹੀਂ ਮੁੜਦਾ, ਜਿਵੇਂ ਪਹਿਲਾਂ ਧੱਕੇ ਨਾਲ ਮੁੜ ਜਾਂਦਾ ਸੀ !

ਸ਼ - ਅੱਗੇ ਤਾਂ ਆਕੜ ਈ ਨਹੀਂ ਸੀ ਮਾਣ !

ਪ – ਹਾਂ, ਹੁਣ ਆਕੜ ਨਹੀਂ, ਮਾਣ ਜਿਹਾ ਤਾਂ ਹੈਗਾ ਮਨ 'ਚ। ਪਰ ਮੱਲੋਮੱਲੀ ਪੰਗੇ ਲੈਣ ਨੂੰ ਦਿਲ ਨਹੀਂ ਕਰਦਾ। ਕਈ ਅੰਗ ਰਹਿ ਚੱਲੇ। ਖੜ੍ਹ ਚੱਲੇ।... ਕਿਸੇ 'ਚ ਸਖਤੀ ਆ ਗਈ ਤੇ ਕਿਸੇ ਦੀ ਲਚਕ ਘਟ ਗਈ।... ਮੈਂ ਤੇਰਾ ਇਸ਼ਾਰਾ ਸਮਝਦਾ ਹਾਂ। ਮਨ ਪਹਿਲਾਂ ਵੀ ਮੇਰੇ ਵੱਸ 'ਚ ਨਹੀਂ ਸੀ ਤੇ ਹੁਣ ਤਾਂ ਬਹੁਤ ਕੁਝ ਨਹੀਂ ਰਿਹਾ। ... ਇਹ ਗੱਲ ਏਸ ਲਈ ਚੰਗੀ ਵੀ ਏ ਕਿ ਮਨ ਭਟਕਦਾ ਨਹੀਂ ਬਹੁਤਾ।

ਸ਼ - ਬੜਾ ਬਦਨਾਮ ਰਿਹਾ ਏਂ ਤੂੰ ਔਰਤਾਂ ਨਾਲ ਦੋਸਤੀਆਂ ਦੇ ਮਾਮਲੇ 'ਚ।... ਹੁਣ ਕਿਵੇਂ ਐਂ? ਨਹੀਂ ਮਨ ਭੱਜ-ਭੱਜ ਜਾਂਦਾ ਕਿਸੇ ਵੱਲ ?

ਪ – ਔਰਤਾਂ ਨਾਲ ਦੋਸਤੀਆਂ ਕਰ ਕੇ ਮੈਨੂੰ ਨਹੀਂ ਲੱਗਦਾ ਕਿ ਮੇਰੀ ਬਦਨਾਮੀ ਹੋਈ ਏ। ਇਹ ਨਵੇਂ

ਸਮੇਂ ਦਾ ਵਤੀਰਾ ਏ। ਜਿਹੜਾ ਬਹੁਤੇ ਲੇਖਕ ਅਪਣੀ ਪੇਂਡੂ ਮਾਨਸਿਕਤਾ ਕਰ ਕੇ ਅਪਣਾ ਨਹੀਂ ਸਕੇ।... ਮੈਨੂੰ ਪਤਾ ਸੀ ਕਿ ਤੂੰ ਮੁੜਘਿੜ 'ਉਹਦੇ' ਬਾਰੇ ਜ਼ਰੂਰ ਗੱਲ ਕਰਨੀ ਏ।... ਇਹ ਸਭ ਭਰਮ ਈ ਹੁੰਦਾ ਏ ਜਵਾਨੀ ਵੇਲੇ ਦਾ। ਇਹਨੂੰ ਮੈਂ 'ਆਪਣੇ ਲਹੂ ਦਾ ਸੁਆਦ' ਕਹਿੰਦਾ ਹਾਂ। ਜਿਹੜਾ ਕਿਸੇ ਦੇ ਜੀਵਨ 'ਚ ਸਾਲ ਦੋ ਸਾਲ ਰਹਿੰਦਾ ਏ ਪਰ ਮੇਰੇ ਨਾਲ 'ਠਾਈ ਸਾਲ ਰਿਹਾ। ... ਪਰ ਮੇਰੇ ਦੋਸਤ ਇਹਨੂੰ ਮਨ ਨੂੰ ਧੋਖਾ ਦੇਣਾ ਕਹਿੰਦੇ ਨੇ। ਮੇਰੇ ਦੋਸਤ ਪ੍ਰੀਤਮ ਨੇ ਮੇਰੇ ਸ਼ਬਦ ਚਿਤਰ 'ਚ ਲਿਖਿਆ ਏ," ਉਰਦੂ ਦੇ ਪ੍ਰਸਿੱਧ ਕਹਾਣੀਕਾਰ ਸਆਦਤ ਹਸਨ ਮੰਟੋ ਦੇ ਇੱਕ ਆਲੋਚਕ ਦੇ ਵਿਚਾਰ ਅਨੁਸਾਰ ਮੰਟੋ ਨਾਮਰਦ ਸੀ। ਆਪਣੀ ਦਲੀਲ ਦੀ ਪ੍ਰੌੜ੍ਹਤਾ ਵਿੱਚ ਉਹ ਮੰਟੋ ਦੀ ਹੀ ਇੱਕ ਕਹਾਣੀ ਦਾ ਹਵਾਲਾ ਦਿੰਦਾ ਏ, ਜਿਸ ਵਿੱਚ ਮੰਟੋ ਲਿਖਦਾ ਏ, 'ਮੈਨੂੰ ਉਹ ਔਰਤ ਪਸੰਦ ਏ ਜਿਸਦੀ ਪੀਲੇ ਰੰਗ ਦੀ ਚਮੜੀ ਵਿੱਚ ਹਰੇ ਰੰਗ ਦੀਆਂ ਨਾੜਾਂ ਨਜ਼ਰ ਆ ਰਹੀਆਂ ਹੋਣ।'...।" ਪ੍ਰੇਮ ਪ੍ਰਕਾਸ਼ ਦਾ ਵੀ ਇਹੋ ਹਾਲ ਏ। ਉਹਦੀਆਂ ਕਹਾਣੀਆਂ ਵਿੱਚ ਵੀ ਔਰਤ ਇੱਕ ਛਲਾਵਾ ਏ। ਜਦ ਇਹ ਔਰਤ ਪ੍ਰੇਮ ਪ੍ਰਕਾਸ਼ ਦੇ ਸਾਹਮਣੇ ਹੁੰਦੀ ਏ ਤਾਂ ਉਹਦੀ ਹਿੰਮਤ ਨਹੀਂ ਪੈਂਦੀ ਉਸਨੂੰ ਛੂਅ ਲੈਣ ਦੀ। ਘਰ ਆ ਕੇ ਉਹ ਉੱਸਲਵੱਟੇ ਭੰਨਦਾ ਏ। ਫਿਰ ਕੋਈ ਕਹਾਣੀ ਲਿਖ ਦਿੰਦਾ ਏ। ਆਪਣੀ ਮਜਬੂਰੀ ਤੇ ਲਾਚਾਰੀ ਉਹ ਕਈ ਵਾਰ ਔਰਤ ਦਾ ਰੂਪ ਧਾਰ ਕੇ ਜ਼ਾਹਿਰ ਕਰਦਾ ਏ।"

...ਪ੍ਰੀਤਮ ਦੀ ਗੱਲ ਕਿਸੇ ਹੱਦ ਤਕ ਠੀਕ ਏ। ਮੇਰਾ ਦੂਜਾ ਦੋਸਤ ਦਿਲਜੀਤ ਸਿੰਘ ਵੀ ਇਹੋ ਗੱਲ ਕਹਿੰਦਾ ਸੀ। ਉਹਦਾ ਖਿਆਲ ਸੀ ਕਿ ਇਹ ਮੇਰੀ ਅਤ੍ਰਿਪਤੀ ਏ, ਜਿਹੜੀ ਭਾਂਤ-ਭਾਂਤ ਦੇ ਇਸਤ੍ਰੀ ਪਾਤਰ ਆਪਣੀ ਕਲਪਨਾ ਦੇ ਜ਼ੋਰ ਨਾਲ ਪੈਦਾ ਕਰ ਕੇ ਕਹਾਣੀਆਂ ਲਿਖਵਾਈ ਜਾਂਦੀ ਏ। ਤ੍ਰਿਪਤੀ ਮੁੱਕਣ 'ਤੇ ਕਹਾਣੀਆਂ ਮੁੱਕ ਜਾਣੀਆਂ ਨੇ। ਪਤਾ ਨਹੀ ਸੱਚ ਕੀ ਏ? ਮਨੋਚਕਿਤਸਕ ਏਸ ਰੋਗ ਨੂੰ Compulsive Obsession Disorder ਕਹਿੰਦੇ ਨੇ। ਏਸ ਰੋਗ ਨਾਲ ਕਲਪਨਾ ਤੇ ਸਿਰਜਣਾ ਸ਼ਕਤੀ ਤਾਂ ਵੱਧ ਜਾਂਦੀ ਏ, ਪਰ ਮਨ ਤੇ ਸਰੀਰ ਦੇ ਹੋਰ ਬਹੁਤ ਸਾਰੇ ਰੋਗ ਪੈਦਾ ਹੋ ਜਾਂਦੇ ਨੇ। ਜਿਹੜੇ ਸਾਰੀ ਉਮਰ ਪਿੱਛਾ ਨਹੀਂ ਛੱਡਦੇ। .... ਉਹ ਕਲਪੀ ਜਾਂ ਵਜੂਦੀ ਔਰਤ ਮੇਰੇ ਲਈ ਦੁਨੀਆ ਦੀ ਸਭ ਤੋਂ ਵੱਧ ਖੂਬਸੂਰਤ ਲੱਗਦੀ। ਮੈਂ ਕੋਈ ਕਹਾਣੀ ਪੜ੍ਹਦਾ, ਕੋਈ ਫਿਲਮ ਦੇਖਦਾ ਜਾਂ ਉਂਜ ਵੀ ਕਿਸੇ ਇਸ਼ਤਿਹਾਰ 'ਚ ਕੋਈ ਸੋਹਣੀ ਔਰਤ ਦੇਖਦਾ..... ਮੈਨੂੰ ਓਸੇ ਦਾ ਪ੍ਰਤਿਰੂਪ ਦਿਸਦਾ ਰਹਿੰਦਾ। ਟੀ. ਵੀ. ਸੀਰੀਅਲ ਦੇਖਦਿਆਂ ਜਿਹੜੀ ਔਰਤ ਮੈਨੂੰ ਸਭ ਤੋਂ ਸੋਹਣੀ ਲੱਗਦੀ ਜਾਂ ਜੀਹਦੀ ਕੋਈ ਅਦਾ ਬਹੁਤ ਭਾਉਂਦੀ ਤਾਂ ਮੈਨੂੰ ਲੱਗਦਾ ਕਿ ਇਹ ਤਾਂ ਉਹਦੀ ਹੀ ਸੂਰਤ ਏ।.... ਪਰ ਹੁਣ ਉਹ ਭਰਮ ਜਾਂ ਲਹੂ ਦਾ ਸੁਆਦ ਮੁੱਕ ਗਿਆ ਏ।.... ਇਹੋ ਪੁੱਛਣਾ ਸੀ ਨਾ ਤੈਂ ?

ਸ਼ - ਸਮੇਂ ਨੇ ਖਾਹਿਸ਼ਾਂ ਦਾ ਤਾਂ ਲੱਕ ਤੋੜ ਦਿੱਤਾ ਲੱਗਦੈ ?

ਪ – ਨਹੀਂ, ਖਾਹਿਸ਼ਾਂ ਘਟ ਜਾਂਦੀਆਂ ਨੇ। ਪਰ ਤਮਾਂ ਪੂਰੀ ਨਹੀਂ ਮੁੱਕੀ। ਸ਼ਕਲ ਬਦਲ ਗਈ ਏ। ਹੁਣ ਵੀ ਮੈਨੂੰ ਗੁਪਤ ਧਨ, ਸ਼ੁਹਰਤ ਤੇ ਵਡਿਆਈ ਦੀ ਕਲਪਨਾ ਹੁੰਦੀ ਏ ਤੇ ਸੁਫਨੇ ਆਉਂਦੇ ਨੇ। ਕਹਿਣ ਨੂੰ ਮੈਂ ਸੰਤੁਸ਼ਟ ਹਾਂ, ਪਰ ਹੁੰਦਾ ਨਹੀਂ। ਕਿਸੇ ਪਲ ਸੰਤੁਸ਼ਟੀ ਦਾ ਅਹਿਸਾਸ ਹੁੰਦਾ ਏ। ਪਰ ਅਗਲੇ ਪਲ ਅਸੰਤੁਸ਼ਟ ਹੋ ਜਾਂਦਾ ਹਾਂ। ਝਾਕਣਾ ਕਿਸੇ ਵਿਸ਼ੇਸ਼ ਪ੍ਰਾਪਤੀ ਦੀ ਨਹੀਂ। ਬੱਸ ਇਹੀ ਚਾਹਣਾ ਹੁੰਦੀ ਏ ਕਿ ਕੋਈ ਸੁਖਾਵੀਂ ਜਿਹੀ ਖਬਰ ਆ ਜਾਵੇ। ... ਬੜੀਆਂ ਲੁਕੀਆਂ ਇੱਛਾਵਾਂ ਤੇ ਸਚਾਈਆਂ ਨੇ, ਜਿਹੜੀਆਂ ਮੈਂ ਮੰਨਦਾ ਨਹੀਂ, ਪਰ ਉਹ ਮੇਰੇ ਪਾਤਰਾਂ ਰਾਹੀਂ ਜ਼ਾਹਰ ਹੋਈ ਜਾਂਦੀਆਂ ਨੇ। ਸੂਝਵਾਨ ਪਾਠਕ ਲੱਭ ਲੈਂਦੇ ਨੇ।

ਸ਼ - ਕਹਾਣੀ ਲਿਖਣ ਵਾਲੇ ਦਾਣੇ ਮੁੱਕ ਗਏ ਲੱਗਦੇ ਨੇ। ... ਬੜੇ ਘਰ ਦੀਆਂ ਘਰੋੜੀਆਂ ਵੀ ਮੁੱਕ ਗਈਆਂ?

ਪ – ਲੱਗਦਾ ਇਵੇਂ ਏ ਕਿ ਲਿਖਣ ਲਈ ਮਸਾਲਾ ਮੁੱਕ ਗਿਆ ਏ। ਪਰ ਕਦੇ-ਕਦੇ ਅਵਚੇਤਨ ਦੇ ਜੰਕ ਬੌਕਸ ਵਿਚੋਂ ਕੁਝ ਪਾਤਰ ਤੇ ਘਟਨਾਵਾਂ ਬਣ-ਬਣ ਜ਼ਾਹਰ ਹੋਣ ਲੱਗ ਪੈਂਦੀਆਂ ਨੇ। ਮੈਨੂੰ ਲੱਗਦਾ ਏ ਕਿ ਮੇਰੇ ਅੰਦਰ ਬੜਾ ਕੁਝ ਲੁਕਿਆ ਪਿਆ ਏ। ਨਿੱਕਲਣਾ ਉਹਨੇ ਆਪਣੀ ਮਰਜ਼ੀ ਨਾਲ ਏ। ਤਿੰਨ ਕਹਾਣੀਆਂ ਮੈਂ ਮਨ ਈ ਮਨ 'ਚ ਲਿਖੀ ਜਾ ਰਿਹਾ ਹਾਂ। ਉਹਨਾਂ ਦੇ ਪਾਤਰ ਛੇਤੀ-ਛੇਤੀ ਰੂਪ ਬਦਲੀ ਜਾਂਦੇ ਨੇ। ਟਿਕਦੇ ਨਹੀਂ ਮੇਰੇ ਮਨ 'ਚ।... ਇਕ ਹੋਰ ਕਿਤਾਬ ਲਿਖਣ ਦਾ ਇਰਾਦਾ ਏ- ਇਕ ਔਰਤ ਦੀ ਆਤਮਕਥਾ। ਉਹਦੇ ਲਈ ਮਸਾਲਾ ਕੱਠਾ ਹੋਈ ਜਾ ਰਿਹਾ ਏ।

ਸ਼ - ਮਰਨਾ ਕਿਹੜੇ ਸ਼ਹਿਰ ਜਾਂ ਘਰ 'ਚ ਜਾ ਕੇ ਐ? ਕਿਹੜਾ ਸ਼ਹਿਰ ਚੁਣਿਆ ਏ, ਜਿੱਥੇ ਨੜੋਏ ਜਾਣ ਵਾਲੇ ਬਹੁਤੇ ਹੋਣਗੇ?

ਪ – ਮਰਨ ਦਾ ਕੀ ਏ? ਕਿਤੇ ਵੀ ਹੋਵੇ ! ਮੇਰੇ ਲਈ ਕਿਸੇ ਥਾਂ ਦੀ ਕੋਈ ਅਹਿਮੀਅਤ ਨਹੀਂ। ਖੰਨਾ ਹੋਵੇ ਜਾਂ ਜਲੰਧਰ ਜਾਂ ਬੱਸ ਜਾਂ ਟਰੇਨ। ਕੀ ਫਰਕ ਪੈਂਦਾ ਏ? ...ਮੈਨੂੰ ਕਈ ਵਾਰ ਹੈਰਾਨੀ ਹੁੰਦੀ ਏ ਇਸਮਤ ਚੁਗ਼ਤਾਈ ਦੀ ਇਹ ਵਸੀਅਤ ਯਾਦ ਕਰ ਕੇ ਕਿ ਉਹਨੂੰ ਦਫਨ ਕਰਨ ਦੀ ਥਾਂ ਫੂਕਿਆ ਜਾਵੇ। ਕਿਉਂਕਿ ਉਹਨੂੰ ਕਬਰ 'ਚ ਚੰਬੜਨ ਵਾਲੇ ਕੀੜਿਆਂ ਤੋਂ ਡਰ ਲੱਗਦਾ ਏ। ... ਜਾਂ ਮੇਰੇ ਸ਼ਰੀਰ ਦਾ ਇਹ ਕਰਨਾ ਜਾਂ ਉਹ ਕਰਨਾ। ਕੀ ਫਰਕ ਪੈਂਦਾ ਏ ਮਿੱਟੀ ਨੂੰ। ਸਾਂਭਣ ਵਾਲਿਆਂ ਦੀ ਮਰਜ਼ੀ ਚੱਲਣੀ ਚਾਹੀਦੀ ਏ। ਮਰਨ ਬਾਅਦ ਵੀ ਆਪਣੀ ਮਰਜ਼ੀ ਚਲਾਉਣਾ ਅਜੀਬ ਲੱਗਦਾ ਏ।.... ਉਂਜ ਮੈਂ ਏਸ ਵਿਸ਼ੇ 'ਤੇ ਕਹਾਣੀ 'ਮੋੜ੍ਹੀ' ਲਿਖੀ ਏ। ਉਹ ਮੈਨੂੰ ਆਪਣੇ ਦਾਦੇ ਤੇ ਹੋਰ ਬਜ਼ੁਰਗਾਂ ਦੀਆਂ ਗੱਲਾਂ ਸੁਣ ਕੇ ਸੁਝੀ ਸੀ।... ਪਰ ਉਹਦੇ ਅੰਤ ਵਾਲੀ ਇਹ ਗੱਲ ਹੁਣ ਵੀ ਮੇਰੇ ਮਨ 'ਚ ਏ ਕਿ ਨਾਇਕ ਦਾ ਖੰਨੇ ਵਾਲਾ ਸਾਂਝਾ ਖੋਲ਼ਾ ਵੇਚਣ ਨੂੰ ਦਿਲ ਨਹੀਂ ਕਰਦਾ। ਜਾਂ ਵੇਚਣ ਨੂੰ ਕਹਿ ਦੇਣ ਲਈ ਦਿਲ ਨਹੀਂ ਕਰਦਾ। ਹਾਲਾਂਕਿ ਖੰਨੇ ਮੇਰਾ ਕੋਈ ਖੋਲ਼ਾ ਨਹੀਂ।"

ਸ਼ - ਇਕ ਕਿਤਾਬ 'ਸੁਣਦੈਂ ਖਲੀਫਾ' ਤੂੰ 'ਜਲੰਧਰ ਸ਼ਹਿਰ ਦੇ ਨਾਂ' ਕੀਤੀ ਸੀ। ਪਾਤਰ ਤੇਰੇ ਜਲੰਧਰ ਦੇ ਹੁੰਦੇ ਨੇ, ਲਈਂ ਤੂੰ ਖੰਨੇ ਨਾਭੇ, ਪਟਿਆਲੇ ਤੇ ਲੁਧਿਆਣੇ ਫਿਰਦਾ ਰਹਿੰਦੈਂ। ਤੂੰ ਜਲੰਧਰ ਦਾ ਕਦੋਂ ਤੋਂ ਹੋ ਗਿਆ?

ਪ – ਜਲੰਧਰ ਸ਼ਹਿਰ ਹੁਣ ਮੈਨੂੰ ਸਭ ਤੋਂ ਪਿਆਰਾ ਲੱਗਦਾ ਏ। ਤਦੇ ਮੈਂ ਆਪਣੀ ਪੁਸਤਕ 'ਸੁਣਦੈਂ ਖਲੀਫਾ' ਜਲੰਧਰ ਸ਼ਹਿਰ ਨੂੰ ਸਮਰਪਨ ਕੀਤੀ ਸੀ।.... ਏਥੇ 'ਮੇਰਾ ਘਰ' ਏ। ਜਿੱਥੇ ਮੇਰੀ ਪਤਨੀ, ਮੁੰਡਾ, ਨੂੰਹ ਤੇ ਪੋਤੀ ਪੋਤਾ ਰਹਿੰਦੇ ਨੇ। ਉਹ ਸਾਰੇ ਦੁਆਬੀਏ ਹੋ ਗਏ ਨੇ। ਮੈਂ ਫੇਰ ਵੀ ਕਹਿ ਜਾਂਦਾ ਹਾਂ ਕਿ ਮੈਂ ਜੀ ਪਿੱਛੋਂ ਖੰਨੇ ਦਾ ਹਾਂ। ਸੁਨਣ ਵਾਲਾ ਪਤਾ ਨਹੀਂ ਇਹਦਾ ਮਤਲਬ ਕੀ ਕੱਢਦਾ ਹੋਵੇਗਾ। ... ਫੇਰ ਇਹ ਸ਼ਹਿਰ ਹੁਣ ਮੇਰੇ ਹੱਡਾਂ 'ਚ ਵੜਿਆ ਪਿਆ ਏ। ਪਿਛਲੇ 52 ਵਰ੍ਹਿਆਂ 'ਚ ਸਾਹਿਤਕਾਰਾਂ, ਕਲਾਕਾਰਾਂ ਤੇ ਹਮਪਿਆਲਾ ਦੋਸਤਾਂ ਦੀ ਸਾਂਝ ਮੇਰੀ ਆਤਮਾ 'ਚ ਰਸੀ ਪਈ ਏ। ਹੁਣ ਮੈਂ ਕਿਤੇ ਵੀ ਜਾਵਾਂ। ਓਥੇ ਕਿੰਨੇ ਈ ਜਸ਼ਨ ਹੋਣ। ਜਦ ਮੈਂ ਜਲੰਧਰ ਨੂੰ ਮੁੜਦਾ ਹਾਂ ਤਾਂ ਛਾਉਣੀ ਲੰਘਦਿਆਂ ਈ ਮਨ ਨੂੰ ਠੰਢ ਪੈਣ ਲੱਗ ਪੈਂਦੀ ਏ। ਫੇਰ ਬੀ. ਐਸ. ਐਫ. ਚੌਂਕ ਆਉਂਦੈ। ਫੇਰ ਖਾਲਸਾ ਕਾਲਜ। ਫੇਰ ਬੱਸ ਅੱਡਾ। ਫੇਰ ਮੋਤਾ ਸਿੰਘ ਨਗਰ। ਘਰ ਦਾ ਗੇਟ ਖੋਲ੍ਹਿਆ। ਆਪਣੇ ਕਮਰੇ ਦਾ ਬੂਹਾ ਖੋਲ੍ਹਿਆ। ਬੈੱਡ 'ਤੇ ਬਹਿੰਦਿਆਂ ਈ ਥਕੇਵਾਂ ਉੱਤਰਣ ਲੱਗ ਪੈਂਦਾ ਏ।... ਮੇਰਾ ਬੜਾ ਦਿਲ ਕਰਦਾ ਏ ਕਿ ਜਲੰਧਰ ਨਾਲ ਆਪਣੀ ਮੁਹੱਬਤ ਬਾਰੇ ਕੋਈ ਚੀਜ਼ ਲਿਖਾਂ, ਗੀਤ ਵਰਗੀ।"

ਸ਼ - ਹੁਣ ਵੀ ਕੋਈ ਪਿਆਰਾ ਲੱਗਦੈ ?

ਪ – ਹੁਣ ਨਾ ਕੋਈ ਬੇਹੱਦ ਪਿਆਰਾ ਲੱਗਦਾ ਏ ਤੇ ਨਾ ਈ ਬੇਹੱਦ ਭੈੜਾ। ਮਨ 'ਚ ਹੁਣ ਪਿਆਰ ਦੀ ਭਾਵਨਾ ਦਾ ਜ਼ੋਰ ਨਹੀਂ ਰਿਹਾ। ਕਿਸੇ ਵਾਸਤੇ ਵੀ ਲਹੂ ਨਹੀਂ ਉੱਛਲਦਾ। ਇਵੇਂ ਨਫਰਤ ਦੀ ਭਾਵਨਾ ਵੀ ਬਹੁਤ ਪਤਲੀ ਜਿਹੀ ਰਹਿ ਗਈ ਏ। ਮੈਂ ਦੋਸਤੀ ਤੇ ਦੁਸ਼ਮਣੀ ਦੇ ਕਾਂਡਾਂ ਨੂੰ ਭੁੱਲ ਜਾਣਾ ਚਾਹੁੰਦਾ ਹਾਂ ਜਾਂ ਯਾਦ ਨਹੀਂ ਕਰਨਾ ਚਾਹੁੰਦਾ। ਏਸੇ ਲਈ ਮੈਂ ਸਾਹਿਤਕਾਰਾਂ ਦੀਆਂ ਪਿਆਰ ਤੇ ਦੁੱਖ ਕਲੇਸ਼ਾਂ ਵਾਲੀਆਂ ਚਿੱਠੀਆਂ ਫੂਕ ਦਿੱਤੀਆਂ ਨੇ। ਮੈਂ ਹਰ ਛੇ ਕੁ ਮਹੀਨੇ ਬਾਅਦ ਯੱਗ ਕਰ ਕੇ ਹੋਮ ਕਰ ਦੇਂਦਾ ਹਾਂ ਨਫਰਤਾਂ ਦੀਆਂ ਲਿਖਤਾਂ ਨੂੰ। ਜਦ ਕੋਈ ਪੁਰਾਣਾ ਦੋਸਤ ਵੱਟ ਖਾ ਕੇ ਮੇਰੇ ਕੋਲ ਪਰੇ ਹੋ ਜਾਂਦਾ ਏ ਤਾਂ ਉਹ ਭਾਵੇਂ ਗੁੱਸਾ ਕਰਦਾ ਰਵ੍ਹੇ, ਮੈਂ ਦੋਸਤੀ ਦੇ ਪੁਰਾਣੇ ਪਲਾਂ ਨੂੰ ਯਾਦ ਕਰਦਾ ਉਹਨੂੰ ਦੋਸਤ ਸਮਝਣ ਦੇ ਜਤਨ ਕਰਦਾ ਰਹਿੰਦਾ ਹਾਂ।"

ਸ਼ - ਆਪਣੀ ਕਿਸੇ ਕਹਾਣੀ ਦੀ ਜੱਗ 'ਤੇ ਰਹਿਣ ਦੀ ਆਸ ਏ ?

ਪ – ਪੱਕਾ ਕਿਸੇ ਵੀ ਕਹਾਣੀ ਦੇ ਬਚੇ ਰਹਿਣ ਦਾ ਨਹੀਂ। ਹੋ ਸਕਦਾ ਏ ਕਿ ਵੱਖ-ਵੱਖ ਸਮੇਂ 'ਚ ਹੋਰ-ਹੋਰ ਕਹਾਣੀ ਜਿਉਂਦੀ ਮਰਦੀ ਰਹੇ।.... ਮੈਨੂੰ ਉਸ ਨੁਸਖੇ ਦੀ ਸਮਝ ਨਹੀਂ ਪਈ, ਜਿਹੜਾ ਕੋਈ ਸਦੀਵੀ ਕਦਰਾਂ ਵਾਲੀ ਰਚਨਾ ਕਰਵਾ ਦੇਂਦਾ ਏ।

ਸ਼ - ਕਿਸੇ ਕਹਾਣੀਕਾਰ ਦੇ ਉੱਭਰਣ 'ਤੇ ਈਰਖਾ ਤੇ ਤਕਲੀਫ ਵੀ ਪੈਦਾ ਹੋਈ? ਕਿਸੇ 'ਤੇ ਮਨ ਸੜਿਆ?

ਪ – ਹਾਂ ਹੋਇਆ। ਜਦ ਮੁਕਾਬਲੇ ਦੀ ਦੌੜ ਹੁੰਦੀ ਐ ਤਾਂ ਦੋਵੇਂ ਭਾਵਨਾਵਾਂ ਪੈਦਾ ਹੁੰਦੀਆਂ ਨੇ, ਈਰਖਾ ਤੇ ਰੀਸ ਕਰਨ ਦੀ ਭਾਵਨਾ। ਜਿਹੜੀ ਬਾਅਦ 'ਚ ਚੰਗੀ ਨਹੀਂ ਲੱਗਦੀ, ਓਸ 'ਤੇ ਮਨ ਦੁਖਦਾ ਏ। ਦੋਸਤ ਹੋਵੇ ਤਾਂ ਸਾਂਝਾ ਰਲ਼ੀ ਗੁੱਝੀ ਜਿਹੀ ਖੁਸ਼ੀ ਵੀ ਹੁੰਦੀ ਏ। .... ਇਹ ਅਹਿਸਾਸ ਸਭ ਤੋਂ ਪਹਿਲਾਂ ਦਿਲਜੀਤ ਸਿੰਘ ਦੀ ਕਹਾਣੀ ਪੜ੍ਹ ਕੇ ਹੋਇਆ ਸੀ। ਉਹ ਮੇਰੀ ਕਹਾਣੀ ਦੇ ਗੁਣ ਔਗਣ ਵੀ ਸਮਝਦਾ ਸੀ। ਸਾਡੀ ਬੁਨਿਆਦੀ ਸੋਚ ਤੇ ਸ਼ੈਲੀ 'ਚ ਫਰਕ ਸੀ।... ਵਰਿਆਮ ਸਿੰਘ ਸੰਧੂ ਦੀ ਕਹਾਣੀ ਪੜ੍ਹ ਕੇ ਏਨਾ ਸਾੜਾ ਨਹੀਂ ਸੀ ਹੁੰਦਾ, ਜਿੰਨਾ ਉਹਦੀ ਬੇਜਾ ਤਾਰੀਫ ਪੜ੍ਹ ਕੇ ਹੁੰਦਾ ਸੀ। ...ਮੈਨੂੰ ਸ਼ੁਰੂ ਤੋਂ ਈ ਅਹਿਸਾਸ ਸੀ ਕਿ ਸਾਡੇ ਵਿਚਕਾਰ ਨਾ ਸੋਚ ਦੀ ਸਾਂਝ ਏ ਤੇ ਨਾ ਈ ਸ਼ੈਲੀ ਦੀ। ਸਾਡੇ ਵਿਸ਼ੇ ਵੀ ਬਿਲਕੁਲ ਵੱਖਰੇ ਨੇ। ... ਉਹ ਹਮੇਸ਼ਾ ਗਰੁੱਪ ਬਣਾ ਕੇ ਚੱਲਦਾ ਰਿਹਾ। ਭਾਵੇਂ ਉਹ ਮਾਰਕਸਵਾਦੀਆਂ ਦਾ ਹੋਵੇ ਤੇ ਭਾਵੇਂ ਨਾਲ ਟੁਰਨ ਵਾਲੇ ਦੂਜਿਆਂ ਦਾ। ਮੈਂ ਗਰੁੱਪਾਂ ਤੋਂ ਪਰੇ ਹੋ ਕੇ ਕੱਲਾ ਤੁਰਦਾ ਰਿਹਾਂ। ਨਵੇਂ ਉੱਠਦੇ ਕਹਾਣੀਕਾਰਾਂ ਦੀਆਂ ਵਧੀਆ ਰਚਨਾਵਾਂ ਪੜ੍ਹ ਕੇ ਮਨ ਗਦ-ਗਦ ਹੋ ਜਾਂਦੈ। ਕਦੇ ਮੈਨੂੰ ਲੱਗਦੈ ਕਿ ਇਹ ਮੇਰੇ ਨਵੇਂ ਜਨਮ ਨੇ। ਮੇਰੀ ਉਹ ਵੇਲ਼ ਹਰੀ ਏ, ਜਿਹੜੀ ਮੈਂ ਪਿਛਲੇ ਲੇਖਕਾਂ ਤੋਂ ਲੈ ਕੇ ਤੋਰੀ ਸੀ।

ਸ਼ - ਤੂੰ ਮਾਰਕਸਵਾਦੀਆਂ ਦਾ ਏਨਾ ਭੰਡੀ ਪਰਚਾਰ ਕਿਉਂ ਕੀਤਾ?...... ਡਰ ਨਹੀਂ ਲੱਗਿਆ ਉਹਨਾਂ ਦੀ ਜਥੇਬੰਦ ਸੱਤਾ ਤੋਂ?

ਪ - ਹਾਂ, ਏਸੇ ਲਈ ਕਿ ਜ਼ਿੱਦੀ ਤੇ ਮੁਤੱਸਬੀ ਹਾਂ। ਮੈਨੂੰ ਆਪਣੀ ਕਿਸਮ ਦਾ ਸਾਹਿਤ ਰਚਣ ਤੇ ਜਿਊਣ ਦਾ ਇਹੋ ਰਾਹ ਦਿਸਿਆ ਸੀ। ਜਦ ਮੇਰੇ 'ਚ ਕੁਝ ਸ਼ਕਤੀ ਪੈਦਾ ਹੋ ਗਈ ਤਾਂ ਮੈਂ ਸਾਰਾ ਜ਼ੋਰ ਮੁਕਤ ਚਿੰਤਨ ਵਾਲੇ ਲੇਖਕਾਂ ਨੂੰ ਉਛਾਲਣ 'ਤੇ ਲਾ ਦਿੱਤਾ। ਹੌਲੀ-ਹੌਲੀ ਹਾਲਾਤ ਮੇਰੇ ਲਈ ਸੁਖਾਵੇਂ ਹੁੰਦੇ ਗਏ। ਹੁਣ ਬਹੁਤ ਸਾਰੇ ਮਾਰਕਸੀ ਦੋਸਤ ਵੀ ਮੇਰੇ ਨਾਲ ਸਹਿਮਤ ਨੇ। ਦੁਨੀਆ ਦੇ ਬਦਲਦੇ ਹਾਲਾਤ ਨੇ ਵੀ ਉਹਨਾਂ ਨੂੰ ਸਮਝਾਇਆ ਏ।

ਸ਼ - ਤੇਰਾ ਤਨ ਕਿਤੇ ਹੋਰ ਰਿਹੈ, ਮਨ ਕਿਤੇ ਹੋਰ। ਬੁਢਾਪੇ 'ਚ ਆ ਕੇ ਹੁਣ ਕਿਵੇਂ ਬੀਤਦੀ ਏ?

ਪ – ਮੈਂ ਆਪਣੇ ਟੱਬਰ 'ਚ ਰਹਿ ਕੇ ਬਹੁਤ ਸੌਖਾ ਹਾਂ। ਹੁਣ ਮੈਨੂੰ ਵਿਆਹ ਤੇ ਟੱਬਰ ਦਾ ਭਾਰਤੀ ਪ੍ਰਬੰਧ ਠੀਕ ਲੱਗਦਾ ਏ। ਜੀਹਨੂੰ ਪੁੱਗਦਾ ਹੋਵੇ, ਉਹ ਭਾਵੇਂ ਕੱਲਾ ਰਹੇ ਜਾਂ ਕੱਲੀ ਰਵ੍ਹੇ। ਸੁੱਖ ਤੇ ਦੁੱਖ ਦੋਹਾਂ ਸੂਰਤਾਂ 'ਚ ਭੋਗਣੇ ਪੈਂਦੇ ਨੇ। ਜੀਹਦੇ ਜਿਹੜੀ ਹਾਲਤ ਰਾਸ ਆ ਜਾਵੇ, ਉਹੀ ਚੰਗੀ। ਮੈਨੂੰ ਆਪਣਾ ਟੱਬਰ ਰਾਸ ਆਇਆ ਹੋਇਆ ਏ। ਉਹ ਮੇਰੇ 'ਚ ਫਿੱਟ ਹੋ ਗਏ ਨੇ ਤੇ ਮੈਂ ਉਹਨਾਂ ਵਿਚ।

ਸ਼ - ਇਹ ਆਤਮ ਕਥਾ ਲਿਖਦਿਆਂ ਡਰ ਨਹੀਂ ਲੱਗਿਆ ਕਿ ਘਰਦੇ ਪੜ੍ਹਨਗੇ ਤਾਂ ਕੀ ਕਹਿਣਗੇ?

ਪ – ਆਤਮਕਥਾ ਲਿਖਦਿਆਂ ਏਨਾ ਡਰ ਨਹੀਂ ਸੀ ਲੱਗਿਆ, ਜਿੰਨਾ ਹੁਣ ਇਹ ਸੋਚ ਕੇ ਲੱਗਦਾ ਏ ਕਿ ਇਹਨੂੰ ਮੇਰੇ ਕੁਝ ਲੱਗਦੇ ਵੀ ਪੜ੍ਹਨਗੇ। ਹੁਣ ਮੇਰਾ ਬੇਟਾ ਪੜ੍ਹਦਾ ਪਿਆ ਏ। ਉਹ ਜਦ ਵੀ ਮੈਨੂੰ ਮਿਲਦਾ ਏ, ਮੈਂ ਉਹਦੀ ਅੱਖ ਦੇਖਦਾ ਹਾਂ। ਉਹਦੇ ਸ਼ਬਦਾਂ ਦਾ ਲਹਿਜਾ ਮਹਿਸੂਸ ਕਰਦਾ ਹਾਂ। ਮੇਰੀ ਇਕ ਬੇਟੀ ਨੇ ਕਿਤਾਬ ਮੰਗੀ ਏ।... ਮੇਰੀਆਂ ਕਹਾਣੀਆਂ ਪੜ੍ਹਨ ਦੀ ਤਾਂ ਕਿਸੇ ਨੂੰ ਲੋੜ ਨਹੀਂ ਸੀ ਪਈ, ਹੁਣ 'ਸੱਚੀਆਂ' ਦਾ ਝੂਠ ਸੱਚ ਲੱਭਣ ਤੇ ਜੱਜ ਬਨਣ ਲਈ ਜ਼ਰੂਰ ਪੜ੍ਹਨਗੇ।

ਸ਼ - ਪੀੜ੍ਹੀਆਂ ਦੇ ਟਕਰਾਓ 'ਚ ਤਕਲੀਫ ਨਹੀਂ ਹੁੰਦੀ ਕਦੀ? ਮਨ ਨਹੀਂ ਖਿਝਦਾ?

ਪ – ਮੈਨੂੰ ਪੀੜ੍ਹੀਆਂ ਦਾ ਪਾੜਾ ਉਵੇਂ ਨਹੀਂ ਲੱਗਦਾ, ਜਿਵੇਂ ਮੈਥੋਂ ਪਹਿਲੀ ਪੀੜ੍ਹੀ ਵਾਲੇ ਜਾਂ ਨਵੀਂ ਪੀੜ੍ਹੀ ਵਾਲੇ ਕਹਿੰਦੇ ਨੇ। ...ਮੇਰੇ ਸਾਹਮਣੇ ਆਪਣੇ ਖਾਨਦਾਨ ਦਾ ਇਕ ਨਕਸ਼ਾ ਏ। ਮੇਰਾ ਦਾਦਾ ਸਨਾਤਨ ਧਰਮੀ ਤੇ ਸਿਆਸਤ ਤੋਂ ਬੇਖਬਰ ਸਨ। ਬਾਪ ਆਰੀਆ ਸਮਾਜੀ ਤੇ ਕਾਂਗਰਸੀ ਬਣ ਗਿਆ। ਮੈਂ ਨਾਸਤਕ ਤੇ ਮਾਰਕਸਵਾਦੀ ਹੋ ਗਿਆ।... ਪਰ ਮੇਰੇ ਹੋਰ ਚਾਰ ਭਾਈ ਮੇਰੇ ਵਰਗੇ ਨਹੀਂ ਹੋਏ। ਸਭ ਦੇ ਆਪਣੇ-ਆਪਣੇ ਰਾਹ ਨੇ। .... ਮੇਰਾ ਬੇਟਾ ਮੁੜ ਸਨਾਤਨ ਧਰਮੀ ਤੇ ਭਾਜਪਾ ਦਾ ਹਮਾਇਤੀ ਹੋ ਗਿਆ। ਪਰ ਉਹ ਇਸਤਰੀ ਤੇ ਨਵੀਂ ਦੁਨੀਆ ਦੇ ਰਵਾਜਾਂ ਪ੍ਰਤੀ ਉਦਾਰ ਏ। ਉਹਦੀ ਉਮਰ ਜਾਂ ਪੀੜ੍ਹੀ ਦੇ ਸਾਰੇ ਬੰਦੇ ਉਹਦੇ ਵਰਗੇ ਨਹੀਂ। .... ਇੱਕੀਵੀਂ ਸਦੀ ਵਿਚ ਬਹੁਤੇ ਬੰਦੇ ਪਿਛਲੀਆਂ ਸਦੀਆਂ ਦੇ ਵਿਚਾਰਾਂ ਵਾਲੇ ਵੀ ਹੁੰਦੇ ਨੇ।

ਉਮਰਾਂ ਤੇ ਪੀੜ੍ਹੀਆਂ ਨਾਲ ਵਿਚਾਰ ਨਹੀਂ ਮਿਣੇ ਜਾ ਸਕਦੇ।

ਸ਼ - ਲੇਖਕ ਆਪ ਆਦਰਸ਼ਕ ਪਾਤਰ ਸਿਰਜਦਾ ਏ। ਕੁਝ ਬੁਰਾਈਆਂ ਮੰਨ ਕੇ ਵਿਪਾਤਰ ਰਚਦਾ ਏ। ਪਰ ਆਪਣੀ ਨਿੱਜੀ ਜ਼ਿੰਦਗੀ 'ਚ ਆਪਣੇ ਆਪ ਨੂੰ ਦੁੱਧ-ਧੋਤਾ ਕਹਿੰਦਾ ਏ?... ਤੂੰ ਵੀ ਤਾਂ....?

ਪ - ਨਹੀਂ, ਮੈਂ ਉੱਕਾ ਦੁੱਧ ਧੋਤਾ ਨਹੀਂ। ਬੰਦੇ 'ਚ ਜਿੰਨੇ ਗੁਣ ਔਗੁਣ ਹੁੰਦੇ ਨੇ, ਉਹ ਸਾਰੇ ਮੇਰੇ ਅੰਦਰ ਮੌਜੂਦ ਹੋਣਗੇ। ਮੈਂ ਕਈ ਕਿਸਮ ਦੇ ਝੂਠ ਬੋਲਦਾ ਹਾਂ। ਪਰ ਬਹੁਤ ਬੇਵਸੀ ਨੂੰ। ਬਈਮਾਨੀ ਵੀ ਉਹਲੇ 'ਚ ਕਰ ਲੈਂਦਾ ਹਾਂ। ਸਰਕਾਰੀ ਕਰ ਦੀ ਚੋਰੀ ਕਰਦਾ ਹਾਂ। ਪਰਨਾਰੀ ਨੂੰ ਮੈਲੀ ਅੱਖ ਨਾਲ ਦੇਖਦਾ ਹਾਂ। ਪੈਸੇ ਦਾ ਲੋਭੀ ਹਾਂ। ਸ਼ੁਹਰਤ ਦਾ ਭੁੱਖਾ ਹਾਂ। ਦੂਜਿਆਂ ਦੀਆਂ ਮੱਕਾਰੀਆਂ ਉਘਾੜ ਕੇ ਖੁਸ਼ ਹੁੰਦਾ ਹਾਂ, ਪਰ ਆਪਣੀ ਲੁਕਾ ਕੇ ਰੱਖਦਾ ਹਾਂ।

ਸ਼ - ਤੂੰ ਆਪਣੀ ਸਾਰੀ ਅਨੈਤਿਕਤਾ ਬਾਰੇ ਲਿਖਿਆ ਏ ਆਤਮਕਥਾ 'ਚ?

ਪ - ਹਾਂ, ਮੈਂ ਆਪਣੀ ਆਤਮ ਕਥਾ ਵਿਚ ਆਪਣੀ ਅਨੈਤਿਕਤਾ ਦਾ ਜ਼ਿਕਰ 70 ਕੁ ਫੀਸਦੀ ਕੀਤਾ ਏ। ...ਅਸਲ 'ਚ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹੋਣਗੀਆਂ, ਜਿਨ੍ਹਾਂ ਨੂੰ ਮੈਂ ਨੈਤਿਕ ਸਮਝਦਾ ਹਾਂ ਤੇ ਪਾਠਕ ਅਨੈਤਿਕ ਸਮਝਦੇ ਹੋਣਗੇ। ਜਿਵੇਂ ਸਿਗਰਟ ਬੀੜੀ ਪੀਣਾ, ਸ਼ਰਾਬ ਪੀਣ, ਚੰਗੀਆਂ ਮਾੜੀਆਂ ਹਰ ਕਿਸਮ ਦੀਆਂ ਫਿਲਮਾਂ ਦੇਖਣਾ, ਕੋਠਿਆਂ 'ਤੇ ਜਾਣਾ, ਕਾਮੁਕ ਵਿਹਾਰ ਦੀਆਂ ਗੱਲਾਂ ਆਮ ਕਰਨਾ ਵਗੈਰਾ ਵਗੈਰਾ। ...... ਕਿਸੇ ਪੰਡਿਤ ਨੇ ਲੋਕਾਂ ਨੂੰ ਬੁਰੇ ਕੰਮ ਕਰਨ ਤੋਂ ਵਰਜਿਆ। ਇਕ ਬੰਦੇ ਨੇ ਪੁੱਛਿਆ ਕਿ ਬੁਰਾ ਕੰਮ ਕੀ ਹੁੰਦਾ ਏ? ਪੰਡਿਤ ਜੀ ਨੇ ਕਿਹਾ ਕਿ ਉਹ ਜਿਹੜਾ ਅਸੀਂ ਲੁਕ ਕੇ ਕਰਦੇ ਹਾਂ।...... ਬੰਦੇ ਨੇ ਪੁੱਛਿਆ ਕਿ ਅਸੀਂ ਪੇਸ਼ਾਬ ਕਰਦੇ ਹਾਂ?

ਸੋ ਨੈਤਿਕਤਾ ਤੇ ਅਨੈਤਿਕਤਾ ਦਾ ਦੁਨੀਆ ਭਰ 'ਚ ਕੋਈ ਇਕ ਪੈਮਾਨਾ ਨਹੀਂ ਏ।

ਸ਼ - ਜੇ ਤੇਰੀਆਂ ਕਹਾਣੀਆਂ ਕਲਪਨਾ ਦੀ ਸਿਰਜਣਾ ਨੇ ਤਾਂ ਤੇਰੇ ਨਾਲ ਬੀਤੀਆਂ ਘਟਨਾਵਾਂ ਦੇ ਸੱਚ ਕੱਚ ਦਾ ਵੀ ਕੁਝ ਪਤਾ ਨਹੀਂ । ਫੇਰ ਸੱਚ ਦਾ ਪਤਾ ਕੀਹਨੂੰ ਏ?

ਪ - ਕਿਸੇ ਨੂੰ ਵੀ ਨਹੀਂ। ਇਕ ਸੱਚ ਮੇਰਾ ਏ। ਇਕ ਮੈਂ ਰਚਿਆ ਏ। ਇਕ ਤੁਹਾਡੇ ਤਕ ਪਹੁੰਚਿਆ ਏ। ....ਹੁਣ ਇਕ ਸੱਚ ਹੋਰ ਹੋਵੇਗਾ, ਜਿਹੜਾ ਤੁਹਾਡੇ ਵਿਵੇਕ ਦਾ ਪੈਦਾ ਕੀਤਾ ਹੋਇਆ ਹੋਵੇਗਾ। ਸਭ ਦੇ ਆਪਣੇ-ਆਪਣੇ ਸੱਚ ਨੇ। ਸਾਰਿਆਂ 'ਚ ਕੁਝ ਸੱਚ ਏ ਤੇ ਕੁਝ ਕੱਚ ਤੇ ਕਲਪਨਾ।

ਸ਼ - ਕੀ ਪਰਮਾਤਮਾ ਤੇ ਇਹ ਪ੍ਰਕਿਰਤੀ ਸੱਚ ਨਹੀਂ? ਕੀ ਤੈਨੂੰ ਤੇ ਸੰਸਾਰ ਨੂੰ ਕਿਸੇ ਵੱਡੀ ਸ਼ਕਤੀ ਨੇ ਪੈਦਾ ਨਹੀ ਕੀਤਾ'?... ਕੀ ਮੌਤ ਅੰਤਮ ਸੱਚ ਨਹੀਂ?

ਪ - ਨਹੀਂ। ਮੈਂ ਇਹ ਨਹੀਂ ਮੰਨਦਾ ਕਿ ਏਸ ਸੰਸਾਰ ਦਾ ਰਚਣਹਾਰਾ ਕੋਈ ਜ਼ਰੂਰ ਏ। .... ਮੈਂ ਏਸ ਸੰਸਾਰ ਨੂੰ ਸੁਅੰਭੂ ਸਮਝਦਾ ਹਾਂ। ਇਹ ਆਪੇ ਪੈਦਾ ਹੋਇਆ ਏ ਤੇ ਇਹਦਾ ਵਿਨਾਸ਼ ਵੀ ਇਹਦੀ ਆਪਣੀ ਪ੍ਰਕਿਰਤੀ ਕਰ ਕੇ ਹੋ ਜਾਣਾ ਏ।.... ਕਿਸੇ ਪਰਮਾਤਮਾ ਨੇ ਬੰਦੇ ਨੂੰ ਨਹੀਂ ਬਣਾਇਆ ਬਲਕਿ ਬੰਦੇ ਨੇ ਪਰਮਾਤਮਾ ਨੂੰ ਬਣਾਇਆ ਏ। ਫੇਰ ਹੋਰ ਏਨੇ ਦੇਵੀ ਦੇਵਤੇ ਘੜੇ ਬੰਦੇ ਨੇ। ਉਹਨਾਂ ਨੂੰ ਚੇਤਨਾ ਦਿੱਤੀ। ਸ਼ਕਤੀਆਂ ਪ੍ਰਦਾਨ ਕੀਤੀਆਂ। ਉਹਨਾਂ ਦੀਆਂ ਕਹਾਣੀਆਂ ਰਚੀਆਂ। ਤੇ ਫੇਰ ਬੰਦਾ ਆਪ ਈ ਉਹਨਾਂ ਦੀਆਂ ਸ਼ਕਤੀਆਂ ਤੋਂ ਡਰਨ ਲੱਗ ਪਿਆ। ਸ਼ਕਤੀ ਦਾ ਇਹ ਰਹੱਸ ਬੰਦੇ ਨੇ ਆਪ ਪੈਦਾ ਕੀਤਾ, ਪਰ ਉਹ ਆਪ ਈ ਵਿਚ ਫਸ ਕੇ ਰਹਿ ਗਿਆ।....

ਇਹ ਮੌਤ ਵੀ ਅੰਤਮ ਸੱਚ ਨਹੀਂ। ਹਿੰਦੂ ਦਰਸ਼ਨ ਮੌਤ ਨੂੰ ਅੰਤ ਨਹੀਂ ਮੰਨਦਾ, ਮੁੱਢ ਮੰਨਦਾ ਏ। ਇਹ ਤਾਂ ਰੁਕਣਾ ਏ ਕੁਝ ਪਲ। ਏਸ ਚੋਲੇ ਰੂਪੀ ਸਰੀਰ ਵਿਚੋਂ ਮਨ ਤੇ ਆਤਮਾ ਦਾ ਤੁਰ ਜਾਣਾ ਏ ਕਿਸੇ ਨਵੇਂ ਚੋਲੇ ਨੂੰ ਧਾਰਨ ਕਰਨ ਲਈ। ... ਮੌਤ ਨੂੰ ਸੱਚ ਤੇ ਜੀਵਨ ਨੂੰ ਝੂਠ ਕਹਿਣ ਵਾਲੇ ਨਿਰਾਸ਼ਾਵਾਦੀ ਲੋਕ ਨੇ। ਜਿਹੜੇ ਜੀਵਨ ਨੂੰ ਮੌਤ ਸਮਾਨ ਹੀ ਸਮਝਦੇ ਨੇ।

ਸ਼ - ਹੁਣੇ ਤੂੰ ਗੱਲਾਂ ਕੀਹਦੇ ਨਾਲ ਕਰਦਾ ਸੀ?

ਪ - ਆਪਣੇ ਆਪ ਨਾਲ। ਬਹੁਤਾ ਸਮਾਂ ਏਸੇ ਤਰ੍ਹਾਂ ਲੰਘਦਾ ਏ। ਪਰ ਸ਼ਵੇਤ ਵਸਤਧਾਰੀ ਸੰਤ ਜੀ, ਤੁਹਾਡੇ ਕੋਲੋਂ ਕਿਹੜਾ ਰਹਿ ਹੁੰਦਾ ਏ ਮੈਨੂੰ ਮਿਲੇ ਬਿਨਾਂ। ...ਆ ਕੇ ਖੜ੍ਹ ਜਾਂਦਾ ਏਂ ਗੰਜਾ ਜਿਹਾ ਸਿਰ ਕੱਢ ਕੇ!... ਤੂੰ ਆਪਣੀ ਹਾਲਤ ਵੇਖੀ ?... ਹੱਸੀ ਕੀ ਜਾਂਦੈਂ? ਹੁਣ ਗੱਲ ਕਰ।

ਸ਼ - ਬੱਸ, ਬੁਖਲਾ ਗਿਆ ਨਾ ਮੈਨੂੰ ਹਿੰਦੂ ਦਰਸ਼ਨ ਸਿਖਾਉਣ ਵਾਲਾ ! ਉਂ ਸੱਚ ਬੋਲਣ ਦਾ ਦਾਅਵਾ ਕਰਦਾ ਏਂ, ਪਰ ਸੱਚ ਸੁਨਣ ਦਾ ਹੌਸਲਾ ਵੀ ਨਹੀਂ ਰਿਹਾ ਲੱਗਦਾ?

ਪ - ਇਹ ਸੱਚ ਤਾਂ ਨਾ ਸੰਪੂਰਨ ਰੂਪ 'ਚ ਦੱਸਿਆ ਜਾ ਸਕਦਾ ਏ ਤੇ ਨਾ ਈ ਸੁਣਿਆ। ....ਮੈਂ ਵੀ ਹੋਰ ਬੰਦਿਆਂ ਵਾਂਗ ਭਰਮ ਪਾਲ ਕੇ ਈ ਜਿਉਣਾ ਏ। ਹੁਣ ਜਾਹ , ਮੈਨੂੰ ਕਿਸੇ ਤੀਵੀਂ ਨੇ ਮਿਲਣ ਆਉਣਾ ਏ। ਨਾਲੇ ਮੇਰੀ ਪਤਨੀ ਰੋਟੀ ਲੈ ਕੇ ਆ ਰਹੀ ਹੋਵੇਗੀ। .... ਭੁੱਖ ਹੋਵੇ ਨਾ ਹੋਵੇ, ਖਾਣੀ ਪੈਣੀ ਏ। ਭਾਵੇਂ ਥੋੜ੍ਹੀ ਸਹੀ। ....

ਸ਼ - ਕੀ ਲੋੜ ਪਈ ਸੀ ਆਤਮ ਕਥਾ 'ਚ ਉਹ ਗੱਲਾਂ ਦੱਸਣ ਦੀ, ਜਿਹੜੀਆਂ ਏਨੇ ਚਿਰ ਦੀਆਂ ਲੁਕੀਆਂ ਪਈਆਂ ਸਨ?

ਪ - ਸੱਚੀ ਗੱਲ ਦੱਸਾਂ, ਇਕ ਆਦਰਸ਼ ਜਿਹਾ ਸੀ ਮੇਰੇ ਸਾਹਮਣੇ ਆਤਮ ਕਥਾ ਲਿਖਣ ਲਈ। ਲਿਖਣ ਵੇਲੇ ਜੋਸ਼ ਵੀ ਵੱਧ ਸੀ। ਇਹ ਰਚਣ ਦਾ ਜਨੂੰਨ ਈ ਹੁੰਦੈ, ਜਿਹੜਾ ਇਹ ਕੰਮ ਕਰਾ ਗਿਆ ਨਹੀਂ ਤਾਂ ਮੈਂ ਡਰਾਕਲ ਬੜਾ ਹਾਂ।

ਸ਼ - ਕਿਹੜੀਆਂ ਚਾਰ ਥਾਵਾਂ ਪੀੜ ਕਰਦੀਆਂ ਨੇ ਉਮਰ ਦੀਆਂ ?

ਪ - ਇਹ ਮੈਂ ਲਿਖ ਤਾਂ ਦਿੱਤਾ। ਸੰਖੇਪ 'ਚ ਇਹ ਕਿ... (1) ਜਬਰ ਸਹਿੰਦਾ ਕੁੱਠਿਆ ਅਬੋਧ ਬਾਲਪਨ। (2) ਹਿੰਦੂ ਧਰਮ ਦੇ ਮੇਰੇ 'ਤੇ ਲੱਦੇ ਚੜ੍ਹਦੀ ਜਵਾਨੀ ਦੇ ਦਸ ਸਾਲ। (3) ਬੇਰੁਜ਼ਗਾਰੀ ਦੇ ਕੁਝ ਉਹ ਸਾਲ, ਜਦੋਂ ਬਾਪ ਨੇ ਘਰੋਂ ਕੱਢਿਆ ਸੀ ਤੇ (4) ਅਖਬਾਰ ਦੀ ਗੰਦੀ ਨੌਕਰੀ ਦਾ ਸਮਾਂ।.... ਬੱਸ ਉਮਰ ਏ ਇਹੋ ਦੁਖੀ ਚਾਰ ਪੜਾਅ ਨੇ, ਜਿਨ੍ਹਾਂ ਜਿਊਣ ਲਈ ਬੜੀ ਊਰਜਾ ਤੇ ਸਿਰਜਣ ਸ਼ਕਤੀ ਪੈਦਾ ਕੀਤੀ ।

ਸ਼ - ਬੱਸ ਆਹੀ ਚਲਾਕੀਆਂ ਨੇ ਲੇਖਕਾਂ ਦੀਆਂ। ਨਾਲੇ ਆਪ ਤੂੰ ਜਾਣਦੈਂ ਕਿ ਬੰਦੇ ਦੁੱਖ ਦੱਸ ਕੇ ਸੁਆਦ ਲੈਂਦੇ ਨੇ, ਸੁੱਖਾਂ ਨੂੰ ਭੁੱਲਾ ਈ ਦੇਂਦੇ ਨੇ ਸਾਰੇ। ... ਇਹ ਤਰਸ ਭਾਵਨਾ ਮੰਗਣ ਵਰਗੀ ਕਮੀਨਗੀ ਨਹੀਂ?

ਪ - ਕੁਝ-ਕੁਝ ਮੈਨੂੰ ਵੀ ਲੱਗਦਾ ਏ। ਪਰ ਮੈਨੂੰ ਤਰਸ ਭਾਵਨਾ ਨਾਲ ਸ਼ਬਦ 'ਮੰਗਣਾ' ਚੰਗਾ ਨਹੀਂ ਲੱਗਦਾ। ਚਲਾਕੀ ਵਾਲਾ ਸ਼ਬਦਾਂ ਦਾ ਅਰਥ ਦੂਜੇ 'ਚ ਭਾਵਨਾ ਉਕਸਾਨਾ ਹੁੰਦਾ ਏ। ... ਇਹ ਕੰਮ ਮੈਂ ਮਰਦਾਂ ਕੋਲ ਨਹੀਂ ਕਰਦਾ। ਮੇਰੀ ਮਰਦਾਨਗੀ ਨੂੰ ਸੱਟ ਵੱਜਦੀ ਏ। ਪਰ ਔਰਤਾਂ ਕੋਲ ਕਰ ਲੈਂਦਾ ਹਾਂ। ਓਹਲਾ ਹੁੰਦਾ ਏ ਨਾ? ਨਾ ਕੋਈ ਵੇਖਦਾ ਹੁੰਦਾ ਏ ਤੇ ਨਾ ਈ ਅਗਲੀ ਨੇ ਕਿਸੇ ਨੂੰ ਦੱਸਣਾ ਹੁੰਦਾ ਏ। .... ਇਕ ਹੋਰ ਸੱਚ ਦੱਸਾਂ। ਇਹ ਕੰਮ ਕਰਨ 'ਚ ਵੀ ਬੜਾ ਸੁਆਦ ਏ। ਕਿਸੇ ਦਾ ਗੁਲਾਮ ਹੋ ਜਾਣਾ। ਕਿਸੇ ਨੂੰ ਸਮਰਪਿਤ ਹੋ ਜਾਣਾ। ਜਿਵੇਂ ਸੂਫੀ ਆਪਣੇ ਮੁਰਸ਼ਦ ਅੱਗੇ ਹੁੰਦੇ ਨੇ, ਭਗਤ ਆਪਣੇ ਸ਼ਹੁ ਜਾਂ ਸੁਆਮੀ ਅੱਗੇ.... ਤੇ ਰਾਧਾ ਆਪਣੇ ਕ੍ਰਿਸ਼ਣ ਅੱਗੇ।

ਸ਼ .ਇਕ ਪਾਸੇ ਤੇਰਾ ਬਾਪ ਖੜ੍ਹੈਂ, ਵਿਚਕਾਰ ਤੂੰ, ਤੇ ਇਕ ਪਾਸੇ ਤੇਰਾ ਬੇਟਾ। ਹੁਣ ਤੇਰੀ ਕੀ ਗਤ ਬਣਦੀ ਏ?

ਪ - ਚੰਗੀ ਨਹੀਂ। ਫਸਿਆ-ਫਸਿਆ ਜਿਹਾ ਮਹਿਸੂਸ ਕਰਦਾ ਹਾਂ। .. ਅਸਲ 'ਚ ਇਹ ਹਾਲਤ ਹਮੇਸ਼ਾ ਇੱਕੋ ਜਿਹੀ ਨਹੀਂ ਰਹੀ। ... ਜੇ ਮੈਨੂੰ ਮੇਰੇ ਬਾਪ ਨੇ ਚੰਗਾ ਪੁੱਤ ਨਹੀਂ ਸੀ ਸਮਝਿਆ ਤਾਂ ਮੈਂ ਵੀ ਚੰਗਾ ਬੇਟਾ ਨਹੀਂ ਸੀ ਬਣ ਸਕਿਆ। ਮੈਂ ਆਪਣੇ ਮਾਂ ਬਾਪ ਦੀ ਸੇਵਾ ਨਹੀਂ ਕੀਤੀ। ਹੁਣ ਮੈਨੂੰ ਇਹਦਾ ਦੁੱਖ ਏ। ... ਬਾਪ ਵਜੋਂ ਮੈਂ ਸ਼ਾਇਦ ਚੰਗਾ ਹਾਂ ਜਾਂ ਨਹੀਂ, ਇਹਦਾ ਫੈਸਲਾ ਮੈਂ ਨਹੀਂ ਕਰ ਸਕਦਾ। ਇਹ ਹੱਕ ਮੇਰੀ ਔਲਾਦ ਦਾ ਏ।

ਸ਼ - ਤੂੰ ਹਿੰਦੂ ਧਰਮ ਤੇ ਦਰਸ਼ਨ ਦੇ ਹਵਾਲੇ ਦੇਂਦਾ ਏਂ। ਸੰਸਕਾਰਾਂ ਦੀ ਦੁਹਾਈ ਦੇਂਦਾ ਏਂ। ਪਰ ਤੇਰੀ ਲਿਖਤ 'ਚ ਅਧਿਆਤਮਕਤਾ ਕਿਉਂ ਨਹੀਂ ਲੱਭਦੀ?

ਪ - ਮੈਨੂੰ ਏਸ ਅਧਿਆਤਮਕਤਾ ਦੇ ਠੀਕ ਅਰਥ ਸਮਝ 'ਚ ਨਹੀਂ ਆਏ। .... ਮੈਂ ਆਪਣੀ ਗੱਲ ਇੰਜ ਦੱਸ ਸਕਦਾ ਹਾਂ ਕਿ ਮੈਂ ਨਾਸਤਕ ਹਾਂ। ਮੇਰਾ ਵਿਸ਼ਵਾਸ ਏ ਕਿ ਇਹ ਸ੍ਰਿਸ਼ਟੀ ਦਾ ਪਸਾਰਾ ਸੁਅੰਭੂ ਏ। ਇਹ ਆਪੇ ਜਨਮਦਾ ਤੇ ਆਪੇ ਬਿਨਸ ਜਾਂਦਾ ਏ। ... ਪਾਪ ਪੁੰਨ ਕੋਈ ਨਹੀਂ। ਕੋਈ ਵੀ ਕੰਮ ਨੈਤਿਕ ਤੇ ਅਨੈਤਿਕ ਸਾਡੀ ਸੋਚ ਤੇ ਸਮਾਜ ਦੇ ਫੈਸਲੇ ਨਾਲ ਬਣਦਾ ਏ।... ਜਦ ਚੰਗਾ ਮਾੜਾ ਕਰਮ ਨਹੀਂ ਤਾਂ ਫੈਸਲਾ

ਕਿਸੇ ਧਰਮਰਾਜ ਨੇ ਨਹੀਂ ਕਰਨਾ। ਕੋਈ ਨਰਕ ਸੁਰਗ ਨਹੀਂ। ਕੋਈ ਹੋਰ ਜਨਮ ਨਹੀਂ। .... ਜੋ ਕੁਝ ਬੰਦੇ ਕਰਦੇ ਨੇ, ਸਭ ਆਪਣੇ ਮਨ, ਚਿੱਤ, ਅੰਤਹਿਕਰਣ ਦੇ ਆਖੇ ਜਾਂ ਰੋਕੇ ਕਰਦੇ ਹਨ। ਇਹ ਚਿੱਤ ਸਾਡੀ ਤੇ ਸਮਾਜ ਦੀ ਸਿਖਿਆ ਨਾਲ ਸਮਝਾਇਆ ਪੜ੍ਹਾਇਆ ਤੋਤਾ ਏ।..... ਹੋਰ ਅਧਿਆਤਮਕਤਾ ਕਿਹੜੀ ਹੋਈ?... ਮੈਂ ਹਿੰਦੂ ਘਰ 'ਚ ਜਨਮਿਆ ਹਾਂ। ਪਰ ਮੈਂ ਹਿੰਦੂਆਂ ਵਾਲੇ ਕਰਮ ਕਾਂਡ ਨਹੀਂ ਕਰਦਾ। ਕੁਝ ਸੰਸਕਾਰ ਨੇ, ਜਿਹੜੇ ਮੈਥੋਂ ਕਰਾਈ ਜਾਂਦੇ ਨੇ।

ਸ - ਬੀਤੇ ਜੀਵਨ ਨੂੰ ਵੇਖ ਕੇ ਕਿਸੇ ਪਛਤਾਵੇ ਜਾਂ ਪਸ਼ਚਾਤਾਪ ਦਾ ਅਹਿਸਾਸ ਨਹੀਂ ਹੁੰਦਾ? ...ਹੁੰਦਾ ਤਾਂ ਹੋਣਾ ਏ, ਪਰ ਤੈਂ ਮੰਨਣਾ ਥੋੜ੍ਹੋ ਐ?

ਪ – ਪਛਤਾਵੇ ਹੁੰਦੇ ਨੇ ਬਥੇਰੇ। ਬੰਦੇ ਕੋਲੋਂ ਬਹੁਤ ਸਾਰੇ ਕੰਮ ਕਦੇ ਜਾਣਦਿਆਂ ਤੇ ਕਦੇ ਅਣਜਾਣਪੁਣੇ 'ਚ ਹੋ ਜਾਂਦੇ ਨੇ। ਤੂੰ 'ਆਤਮ ਮਾਯਾ' ਪੜ੍ਹੀ ਏ ਤਾਂ ਰਾਮ ਕਲੀ ਵਾਲੀ ਘਟਨਾ ਇਹੋ ਜਿਹੀ ਹੀ ਏ। ਕਈ ਬਹੁਤ ਛੋਟੀਆਂ ਘਟਨਾਵਾਂ ਹੁੰਦੀਆਂ ਨੇ, ਪਰ ਤੰਗ ਵੱਧ ਕਰਦੀਆਂ ਨੇ। ਮੈਨੂੰ ਇਕ ਘੁੱਗੀ ਨਹੀਂ ਭੁੱਲਦੀ ਜਿਹੜੀ ਮੈਂ ਚੁਬਾਰੇ 'ਚ ਤਾੜ ਲਈ ਸੀ। ਫੇਰ ਮੈਂ ਉਹਨੂੰ ਉਡਾ-ਉਡਾ ਹਬਕਾ ਲਿਆ ਸੀ। ਡੇਗ ਲਿਆ ਸੀ, ਫਰਸ਼ 'ਤੇ। ਫੜਦਿਆਂ ਮੇਰੇ ਹੱਥਾਂ 'ਚ ਈ ਮਰ ਗਈ ਸੀ।...... ਪਿੰਡ ਖੇਤੀ ਕਰਦਿਆਂ ਬਲਦਾਂ ਤੇ ਹੋਰ ਡੰਗਰਾਂ 'ਤੇ ਕੱਢੇ ਗੁੱਸੇ ਦਾ ਪਛਤਾਵਾ ਹੁੰਦਾ ਏ। ...ਆਪਣੇ ਬੱਚਿਆਂ ਅਤੇ ਸਕੂਲ 'ਚ ਪੜ੍ਹਾਂਦਿਆਂ ਇਕ ਵਿਦਿਆਰਥੀ ਨੂੰ ਮਾਰਨ ਦੀ ਯਾਦ ਤੰਗ ਕਰਦੀ ਏ।.... ਇਕ ਪੁੱਠਾ ਜਿਹਾ ਪਛਤਾਵਾ ਏ, ਜਿਹੜਾ ਮੇਰੇ ਵੱਸ 'ਚ ਨਹੀਂ ਸੀ। ਉਹ ਇਹ ਕਿ ਮੈਂ ਏਸ ਅਰਧ-ਸੱਭਿਅ ਦੇਸ 'ਚ ਕਿਉਂ ਜੰਮਿਆ? ਜਿੱਥੇ ਪੈਰ-ਪੈਰ 'ਤੇ ਬਈਮਾਨੀ ਤੇ ਸਮਾਜਕ ਅਨਿਆਂ ਏ। ਜਿੱਥੇ ਲੱਖਾਂ ਦੀ ਗਿਣਤੀ 'ਚ ਉਹ ਲੋਕ ਨੇ, ਜਿਹੜੇ ਆਪ ਕੰਮ ਨਾ ਕਰ ਕੇ ਸਮਾਜ 'ਤੇ ਬੋਝ ਬਣੇ ਬੈਠੇ ਨੇ। ਉਹਨਾਂ ਦਾ ਬੋਝ ਢੋਣ ਵਾਲੇ ਇਹ ਕੰਮ ਖੁਸ਼ੀ ਨਾਲ ਕਰਦੇ ਨੇ। ਜਿੱਥੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤੀ ਬੰਦੇ ਦਾ ਗਲ਼ ਘੁੱਟੀ ਬੈਠੀ ਏ।... ਏਸ ਸੰਸਕ੍ਰਿਤੀ ਨੂੰ ਵੇਖਣ ਤੇ ਗਲ਼ ਨਾਲ ਲਾਓਣ ਜਿਹੜੇ ਪੱਛਮੀ ਦੇਸਾਂ ਦੇ ਲੋਕ ਆਉਂਦੇ ਨੇ, ਉਹ ਆਪਣੀ ਸੰਸਕ੍ਰਿਤੀ ਤੋਂ ਭਗੌੜੇ ਹੋ ਕੇ ਭਾਰਤੀ ਸੰਸਕ੍ਰਿਤੀ ਦੇ ਭੁਲੇਖਿਆਂ 'ਚ ਪਨਾਹ ਲੱਭਦੇ ਨੇ।...... ਮੇਰੇ ਵੱਸ 'ਚ ਹੁੰਦਾ ਤਾਂ ਕਿਸੇ ਨਵੀਂ ਸੱਭਿਆਤਾ ਵਾਲੇ ਦੇਸ 'ਚ ਜੰਮਦਾ। ਫੇਰ ਏਸ ਪੁਰਾਣੀ ਸੱਭਿਅਤਾ ਵਾਲੇ ਦੇਸ ਨੂੰ ਦੇਖਣ ਆਉਂਦਾ।

ਸ਼ - ਜੀਵਨ ਦਾ ਉਹ ਦੁੱਖ ਕਿਹੜਾ ਏ, ਜੀਹਨੇ ਸਭ ਤੋਂ ਵੱਧ ਤੜਫਾਇਆ ਹੋਵੇ? ... ਏਸ ਤਰ੍ਹਾਂ ਕੋਈ ਸੁਖ ਤੇ ਸੁਆਦ ਵੀ ਹੋਵੇਗਾ, ਜਿਹੜਾ ਸ਼ਾਇਦ ਤੂੰ ਦੱਸਣਾ ਨਾ ਚਾਹੇਂ?

ਪ – ਮੈਨੂੰ ਦੁੱਖ ਬਹੁਤੇ ਯਾਦ ਰਹਿੰਦੇ ਨੇ। ਜਿਵੇਂ ਕਹਿੰਦੇ ਨੇ ਕਿ ਹਸਾਏ ਦਾ ਮੁੱਲ ਨਹੀਂ, ਰੁਆਏ ਦਾ ਹੁੰਦੈ। ਮੈਂ ਸੁਆਰਥੀ ਹਾਂ। ਸੁਖ ਭੁਲਾ ਦੇਂਦਾ ਹਾਂ ਤੇ ਮਿਲੇ ਦੁੱਖ ਯਾਦ ਰੱਖਦਾ ਹਾਂ। ...'ਆਤਮ ਮਾਯਾ' 'ਚ ਬਚਪਨ ਤੇ ਲੜਕਪਣ ਦੇ ਬਥੇਰੇ ਦੁੱਖ ਲਿਖੇ ਨੇ। ਵਾਰ-ਵਾਰ ਸੋਚਣ ਨੂੰ ਦਿਲ ਨਹੀਂ ਕਰਦਾ।... ਤੇਰੀ ਦੂਜੀ ਗੱਲ ਠੀਕ ਏ ਕਿ ਵੱਡੇ ਸੁਖ ਵੀ ਦੱਸ ਨਹੀਂ ਹੁੰਦੇ। ਸੱਚੀ ਗੱਲ ਤਾਂ ਇਹ ਵੇ ਕਿ ਜਦ ਮੈਨੂੰ ਕੋਈ ਪ੍ਰਾਪਤੀ ਹੁੰਦੀ ਏ ਤਾਂ ਮੈਨੂੰ ਅੰਦਰ ਖੁਸ਼ੀ ਮਹਿਸੂਸ ਹੁੰਦੀ ਏ। ਪਰ ਉਹ ਭਾਵਨਾ ਬੜੀ ਛੇਤੀ ਘਟ ਜਾਂਦੀ ਏ। ਇਹੋ ਹਾਲ ਦੁੱਖ ਮਿਲਣ ਦਾ ਹੁੰਦਾ ਏ। ਪਰ ਉਹਨੂੰ ਘਟਣ ਨੂੰ ਦੇਰ ਲੱਗਦੀ ਏ।... ਘਰ 'ਚ ਮਿਲੇ ਦੁੱਖਾਂ ਦਾ ਮੈਨੂੰ ਇਕ ਫਾਇਦਾ ਇਹ ਹੋਇਆ ਕਿ ਮੈਂ ਪਿੰਡ, ਖੰਨਾ, ਆਪਣੇ ਘਰ, ਆਪਣੇ ਇਲਾਕੇ ਵੱਲ ਪਿੱਠ ਕਰ ਲਈ ਏ। ਮੈਨੂੰ ਉਹਨਾਂ ਦਾ ਮੋਹ ਨਾ ਰਿਹਾ। ਇਹ ਨਿਰਮੋਹੀ ਹੋਣਾ ਦੂਜਿਆਂ ਨੂੰ ਸ਼ਾਇਦ ਚੰਗਾ ਨਾ ਲੱਗਦਾ ਹੋਵੇ, ਪਰ ਮੈਨੂੰ ਚੰਗਾ ਲੱਗਦਾ ਏ। ਦੁੱਖ ਰਾਹੀਂ ਸੁੱਖ ਦੇਂਦਾ ਏ।

ਸ਼ - ਮੌਤ ਬਾਰੇ ਬਥੇਰਾ ਸੋਚਿਆ ਹੋਵੇਗਾ। ਇਹ ਕਿਵੇਂ ਲੱਗਦੀ ਰਹੀ?

ਪ – ਹਿੰਦੂ ਦਰਸ਼ਨ ਕਹਿੰਦਾ ਏ ਕਿ ਜੀਵਨ ਮੌਤ ਤੋਂ ਸ਼ੁਰੂ ਹੁੰਦਾ ਏ। ਜਨਮ ਤੇ ਮਰਨ ਇਕ ਚੱਕਰ ਏ ਹੋਂਦ ਤੇ ਅਣਹੋਂਦ ਦਾ। ਜਿਹੜਾ ਨਿਰੰਤਰ ਚੱਲਦਾ ਰਹਿੰਦਾ ਏ। .... ਜਦ ਮੈਨੂੰ ਪੰਜਾਹ ਕੁ ਸਾਲ ਦੇ ਗੇੜ 'ਚ ਪਹਿਲੀ ਵਾਰ ਮੌਤ ਦਾ ਡਰ ਲੱਗਿਆ ਸੀ ਤਾਂ ਬਹੁਤ ਡਰ ਗਿਆ ਸੀ। ਮੈਂ ਕੱਲਾ ਸਫਰ ਕਰਨ ਤੋਂ ਵੀ ਡਰਦਾ ਰਿਹਾ ਸੀ। ਜਦ ਸਮਾਂ ਪੈਣ ਨਾਲ ਇਹ ਹਮਲੇ ਕਈ ਵਾਰ ਹੋ ਚੁੱਕੇ ਤੇ ਸੱਤਰਾਂ ਨੂੰ ਢੁੱਕ ਗਿਆ ਤਾਂ ਮੌਤ ਦਾ ਡਰ ਬਹੁਤ ਘਟ ਗਿਆ ਏ। ...... ਮੈਨੂੰ ਲੱਗਦਾ ਏ ਕਿ ਵੱਡੀ ਉਮਰ 'ਚ ਬੰਦਾ ਏਨੇ ਰੋਗਾਂ 'ਚ ਗ੍ਰਸਿਆ ਹੋ ਕੇ ਹੌਲੀ-ਹੌਲੀ ਮੌਤ ਦੀ ਕਾਮਨਾ ਕਰਨ ਲੱਗ ਪੈਂਦਾ ਏ।...... ਮੈਂ ਹਾਲੇ ਅੱਧਵਿਚਕਾਰ ਹਾਂ।

ਕੰਮ ਕਰਨ ਜੋਗਾ ਹਾਂ। ਸੋਹਣੀਆਂ ਤੀਵੀਆਂ ਖਿੱਚ ਪਾਉਂਦੀਆਂ ਨੇ। ਸ਼ਰਾਰਤਾਂ ਵੀ ਸੁੱਝਦੀਆਂ ਨੇ। ਕਰ ਵੀ ਲੈਂਦਾ ਹਾਂ। ਅੱਗੇ ਦੇਖੋ, ਕੀ ਪਤਾ ਕਿਸ ਵੇਲੇ ਕੀ ਹੋ ਜਾਣਾ ਏ।

ਸ਼ - ਆਤਮ ਕਥਾ ਲਿਖ ਕੇ ਬਥੇਰੇ ਕਾਗਜ਼ ਕਾਲੇ ਕੀਤੇ ਨੇ। ਹੁਣ ਕੀ ਲਿਖਣ ਦਾ ਅਰਮਾਨ ਰਹਿ ਗਿਆ?

ਪ – ਕਹਾਣੀਆਂ ਵੀ ਸੁੱਝੀ ਜਾਂਦੀਆਂ ਨੇ। ਪਰ ਉਹ ਨਹੀਂ ਸੁੱਝੀ, ਜੀਹਨੂੰ ਲਿਖੇ ਬਿਨਾਂ ਰਿਹਾ ਨਾ ਜਾਵੇ। ਅੱਗ ਲੱਗ ਜਾਵੇ ਅੰਦਰ ਨੂੰ!.... ਹੁਣ ਇਕ ਨਾਵਲਿਟ ਵਰਗੀ ਕਹਾਣੀ ਲਿਖਣ ਨੂੰ ਦਿਲ ਕਰਦਾ ਏ। ਜੀਹਦੇ ਵਿਚ ਇਕ ਪੜ੍ਹੀ ਲਿਖੀ ਡਾਕਟਰ ਜਨਾਨੀ ਆਪਣੇ ਉਹਨਾਂ ਦਸਾਂ ਬਾਰਾਂ ਦੋਸਤਾਂ ਦੀਆਂ ਕਹਾਣੀਆਂ ਦੱਸਦੀ ਏ, ਜਿਨ੍ਹਾਂ ਨਾਲ ਉਹਨੇ ਡੁੱਬ ਕੇ ਪਿਆਰ ਕੀਤਾ। ਕਿਤੇ ਕੋਈ ਸੀਮਾ ਰਹਿਣ ਈ ਨਹੀਂ ਦਿੱਤੀ। ਇਕ ਗਿਆ ਤੇ ਦੂਜਾ ਆ ਗਿਆ। ਪਰ ਉਹਨੇ ਇੱਕੋ ਵੇਲੇ ਕਈਆਂ ਨਾਲ ਪਿਆਰ ਨਿਭਾਇਆ। ਜਿਵੇਂ ਕੋਈ ਮਾਂ ਆਪਣੇ ਕਿੰਨੇ ਈ ਬੱਚਿਆਂ ਨੂੰ ਪਿਆਰ ਕਰਦੀ ਏ।..... ਉਹ ਇਸਤਰੀ ਸਾਰੇ ਪਾਤਰਾਂ ਦੀਆਂ ਪਰਤਾਂ ਫਰੋਲਦੀ ਆਤਮਾ ਤੇ ਸਰੀਰ ਦੇ ਬਰੀਕ ਅੰਤਰ ਦੱਸਦੀ ਏ।

ਦੂਜੇ ਮੈਂ ਮਹਾਭਾਰਤ ਮੁੜ ਕੇ ਲਿਖਣਾ ਚਾਹੁੰਦਾ ਹਾਂ। ਹੁਣ 'ਹਾਂ' ਦਾ 'ਸੀ' ਹੋ ਗਿਆ ਲੱਗਦਾ ਏ। ਜੀਹਦੇ ਵਿਚ ਸਾਰੇ ਪ੍ਰਵਾਣਿਤ ਪਾਤਰ ਹੀ ਹੋਣਗੇ, ਪਰ ਮੈਂ ਉਹਨਾਂ ਦੇ ਬਾਹਰਲੇ ਰੂਪ ਤੇ ਅਮਲਾਂ ਦੇ ਨਾਲ ਉਹਨਾਂ ਦੇ ਮਨਾਂ 'ਚ ਬੀਤਦੀਆਂ ਕਹਾਣੀਆਂ ਲਿਖਣਾ ਚਾਹੁੰਦਾ ਹਾਂ। ...... ਇਹ ਰੂਪ ਉਹ ਹੋਣਗੇ, ਜਿਹੜੇ ਵੇਦ ਵਿਆਸ ਕੋਲੋਂ ਦੱਸਣੇ ਰਹਿ ਗਏ। ਸ਼ਾਇਦ ਕਿਸੇ ਮਰਯਾਦਾ ਕਰ ਕੇ।

ਸ਼ - ਤੂੰ ਇਕ ਪਾਸੇ ਆਪਣੇ ਆਪ ਨੂੰ ਨਾਸਤਿਕ ਕਹਿੰਦਾ ਏਂ ਤੇ ਦੂਜੇ ਪਾਸੇ ਹਿੰਦੂ ਧਰਮ ਤੇ ਹੋਰ ਸੰਪ੍ਰਦਾਇਆਂ ਦੇ ਗ੍ਰੰਥਾਂ ਅਤੇ ਧਾਰਮਕ ਸੰਸਕਾਰ ਤੇਰਾ ਖਹਿੜਾ ਨਹੀਂ ਛੱਡਦੇ। ਇਹ ਉਲਝਣ ਤੂੰ ਆਪ ਪਾਲੀ ਏ ਕਿ ਇਹਦੇ ਵਿਚ ਫਸਿਆ ਪਿਆ ਏਂ?

ਪ – ਨਾ ਇਹ ਮੈਂ ਆਪ ਪਾਲੀ ਏ ਤੇ ਨਾ ਮੈਂ ਇਹਦੇ ਵਿਚ ਮੈਂ ਉਲਝਿਆ ਪਿਆ ਹਾਂ। ਇਹ ਅਵਸਥਾ ਤਾਂ ਧਰਤੀ 'ਤੇ ਜੰਮੇ ਹਰੇਕ ਬੰਦੇ ਦੀ ਹੁੰਦੀ ਏ। ਭਾਵੇਂ ਉਹ ਚਿੰਤਨਸ਼ੀਲ ਹੋਵੇ ਤੇ ਭਾਵੇਂ ਨਾ। ਇਹ ਰਸਤਾ ਏ ਬੰਦੇ ਦਾ ਆਪਣੀ ਧਰਤੀ ਦੇ ਧਾਰਮਕ ਤੇ ਸੱਭਿਆਚਾਰਕ ਵਿਧਾਨਾਂ ਦੇ ਵਿਚ ਰਹਿ ਕੇ ਜਾਂ ਉਰੇ ਪਰੇ ਹੋ ਕੇ ਤੁਰਨ ਦਾ। ਬੰਦਾ ਬਾਗ਼ੀ ਹੋ ਕੇ ਭਾਵੇਂ ਪੁੱਠਾ ਚੱਲਣਾ ਚਾਹੇ ਤਾਂ ਵੀ ਉਹ ਤੁਰੂਗਾ ਓਸੇ ਦਿਸ਼ਾ ਵੱਲ। ਉਹਦੇ ਸੰਸਕਾਰ ਉਹਨੂੰ ਕਿਸੇ ਹੋਰ ਰਾਹ ਚੱਲਣ ਤੋਂ ਰੋਕਦੇ ਰਹਿੰਦੇ ਨੇ।.... ਮੈਂ ਵੀ ਆਪਣੇ ਧਰਮ, ਧਰਮ ਗ੍ਰੰਥਾਂ, ਸੱਭਿਆਚਾਰਕ ਸੰਸਕਾਰਾਂ ਨਾਲ ਕਿਤੇ ਰਲ਼ਦਾ ਤੇ ਕਿਤੇ ਲੜਦਾ ਘੁਲਦਾ ਜੀਵੀ ਜਾ ਰਿਹਾ ਹਾਂ। ਮੈਂ ਇਹਨਾਂ ਤੋਂ ਖਹਿੜਾ ਨਹੀਂ ਛੁਡਾ ਸਕਦਾ। ਪਰ ਉਰੇ ਪਰੇ ਹੋਣ ਲਈ ਮੈਂ 'ਮਹਾਭਾਰਤ' ਨਵੀਂ ਵਿਆਖਿਆ ਨਾਲ ਰਚਣਾ ਚਾਹੁੰਦਾ ਹਾਂ।

ਕਹਾਣੀ ਧਾਰਾ ਦੇ ਪ੍ਰਾਪਤੀ ਸਥਾਨ

ਲੁਧਿਆਣਾ	1. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ
ਪਟਿਆਲਾ	2. ਮਦਾਨ ਬੁੱਕ ਹਾਊਨ, ਯਨੀਵਰਸਿਟੀ ਕੈਂਪਸ
	3. ਜੇ ਕੇ ਬੁੱਕ ਸੈਂਟਰ, ਬਸ ਸਟੈਂਡ ਤੋਂ ਬਾਹਰ
ਚੰਡੀਗੜ੍ਹ	4. ਪੰਜਾਬ ਬੁੱਕ ਸੈਂਟਰ, ਐਸ. ਸੀ. ਓ. 1126-27, ਸੈਕਟਰ 22-ਬੀ
ਬਠਿੰਡਾ	5. ਵੋਹਰਾ ਨਿਊਜ ਏਜੰਸੀ, ਬਸ ਸਟੈਂਡ
ਅੰਮ੍ਰਿਤਸਰ	6. ਰਵੀ ਸਹਿਤ ਪ੍ਰਕਾਸ਼ਨ, ਗੁਰੂ ਨਾਨਕ ਦੇਵ ਯੂਨੀਵਰਸਿਟੀ
ਜਲੰਧਰ	7. ਕੁਕਨਸ ਪ੍ਰਕਾਸ਼ਨ, ਬੱਸ ਸਟੈਂਡ, ਜਲੰਧਰ
	8. ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ
	9. ਅਰੁਨ ਬੁੱਕ ਸਟਾਲ, ਬੱਸ ਸਟੈਂਡ
	10. ਪ੍ਰਕਾਸ਼ ਨਾਵਲ ਸਟੋਰ, ਬੱਸ ਸਟੈਂਡ ਦੇ ਬਾਹਰਵਾਰ

ਹੱਢ ਬੀਤੀ / ਸੰਤਾਲੀ ਦੇ ਉਜਾੜ ਦੀ ਦਾਸਤਾਨ

ਮਾਤਾ ਪ੍ਰਸਿਨ ਕੌਰ ਕੋਟ ਸੋਧਾ (ਕਾਮਰੇਡ ਮੁਹੱਬਤ ਸਿੰਘ ਦੀ ਭੈਣ)

(ਸੰਤਾਲੀ ਦੇ ਉਜਾੜੇ ਬਾਰੇ ਮਾਤਾ ਪ੍ਰਸਿਨ ਕੌਰ ਨੇ ਬੜੀ ਸਾਦਗੀ ਨਾਲ ਆਪਣੇ ਹੱਢੀ ਹੰਢਾਏ ਬਿਰਤਾਂਤ ਨੂੰ 'ਕਹਾਣੀ ਧਾਰਾ' ਰਾਹੀ ਪਹਿਲੀ ਵਾਰ ਪੇਸ਼ ਕੀਤਾ ਹੈ। ਉਸ ਦੀ ਆਪ ਬੀਤੀ ਰੌਂਗਟੇ ਖੜੇ ਕਰ ਦੇਣ ਵਾਲੀ ਹੈ। ਸੰਤਾਲੀ ਦੇ ਉਜਾੜੇ ਬਾਰੇ ਅੱਜ ਤੱਕ ਜਿਨ੍ਹਾਂ ਵੀ ਲਿਖਿਆ ਗਿਆ ਹੈ ਉਸ ਵਿਚ ਇਹ ਗੱਲ ਪਹਿਲੀ ਵਾਰ ਉਭਰ ਕੇ ਆਈ ਹੈ ਕਿ ਮੁਸਲਮਾਨ ਤੇ ਸਿੱਖਾਂ ਨੂੰ ਬਚਾਉਣ ਵਿਚ ਦਲਿਤਾਂ, ਛੋਟੀਆਂ ਜਾਤਾਂ ਦੇ ਲੋਕਾਂ ਨੇ ਬਹੁਤ ਵੱਡਾ ਰੋਲ ਨਿਭਾਇਆ ਹੈ। ਇਹ ਲਿਖਤ ਇਸ ਗੱਲ ਦੀ ਗਵਾਹੀ ਭਰਦੀ ਹੈ। ਇਸ ਲਿਖਤ ਦੀ ਇਕ ਹੋਰ ਖ਼ੂਬੀ ਹੈ ਕਿ ਇਸ ਵਿਚ ਕਰੁਣਾ ਰਸ ਭਰਨ ਲਈ ਮਾਤਾ ਨੇ ਨਗੀਨੇ ਨਹੀਂ ਜੜੇ। ਸਾਨੂੰ ਪਾਠਕਾਂ ਦੇ ਪ੍ਰਤੀਕਰਮ ਦੀ ਉਡੀਕ ਰਹੇਗੀ। –ਸੰਪਾਦਕ)

ਸਾਨੂੰ ਦੋ ਸਾਲ ਪਹਿਲਾਂ ਹੀ ਇਹ ਅਸਾਰ ਨਜ਼ਰ ਆ ਰਹੇ ਸਨ ਕਿ ਭਾਰਤ–ਪਾਕਿਸਤਾਨ ਦਾ ਬਟਵਾਰਾ ਹੋ ਕੇ ਰਹੇਗਾ। ਕਿਉਂਕਿ ਸਾਡਾ ਘਰ ਰਾਜਨੀਤੀ ਦਾ ਅਖਾੜਾ ਸੀ। ਮੇਰੇ ਪੇਕੇ ਘਰ ਕੋਟ ਸੋਧਾ ਵਿਖੇ ਇਹੋ ਜਿਹਾ ਮਹੌਲ ਸੀ। ਇਸ ਵਾਸਤੇ ਸਾਨੂੰ ਸਾਰੀ ਵਾਕਫ਼ੀਅਤ ਹੋ ਗਈ ਸੀ। ਮੇਰੀ ਵੱਡੀ ਭੈਣ ਬੀਬੀ ਮਾਨ ਕੌਰ ਪਹਿਲਾਂ ਹੀ ਆਖਦੀ ਸੀ ਕਿ ਅਸੀਂ ਹਿੰਦੋਸਤਾਨ ਟੁਰ ਚੱਲੀਏ ਪਰ ਮੇਰਾ ਭਰਾ ਕਾ. ਮੁਹੱਬਤ ਸਿੰਘ ਪਾਰਟੀ ਮੈਂਬਰ ਹੁੰਦਿਆਂ ਹੋਇਆ ਵੀ ਇਸ ਚੀਜ਼ ਨੂੰ ਨਹੀਂ ਸਨ ਮੰਨਦੇ। ਫਿਰ ਅਸੀਂ ਆਪਣੇ ਚਾਚੇ ਦੇ ਲੜਕਿਆਂ ਨੂੰ ਬੁਲਾ ਕੇ ਆਖਿਆ ਤੇ ਉਹ ਵੀ ਆਖਣ ਲੱਗੇ ਕਿ ਸਾਨੂੰ ਕੁਝ ਨਹੀਂ ਹੁੰਦਾ ਇਨ੍ਹਾਂ ਮੁਸਲਮਾਨਾਂ ਦੀ ਕੀ ਮਜ਼ਾਲ ਕਿ ਸਾਨੂੰ ਹੱਥ ਲਾ ਸਕਣ। ਅਸੀਂ ਆਪਣੇ ਸਾਰੇ ਸ਼ਰੀਕੇ ਨੂੰ ਛੱਡ ਕੇ ਕਿੱਥੇ ਚਲੇ ਜਾਈਏ। ਅਸੀਂ ਆਪਣੀ ਬਰਾਦਰੀ ਨੂੰ ਕਿਵੇਂ ਛੱਡ ਕੇ ਟੁਰ ਚਲੀਏ। ਅਸੀਂ ਉਨ੍ਹਾਂ ਤੋਂ ਬੇਮੁਖ ਨਹੀਂ ਹੋ ਸਕਦੇ।

ਇਹ ਸਾਰੇ ਹਲਾਤ ਸੁਣ ਕੇ ਮੈਂ ਆਪਣੇ ਪੇਕੇ ਘਰ ਜਾਣ ਦੀ ਵਿਉਂਤ ਬਣਾਈ। ਮੈਂ ਇਹ ਸੋਚਿਆ ਕਿ ਉਨ੍ਹਾਂ ਦੇ ਨਾਲ ਚਲ ਕੇ ਸਲਾਹ ਕਰ ਲਵਾਂ ਕਿ ਹੁਣ ਔਖਾ ਵੇਲਾ ਆ ਗਿਆ ਏ ਸਾਰੇ ਪਾਸੇ ਹਨੇਰੀ ਝੁਲ ਗਈ ਏ। ਜੇ ਪਹਿਲਾਂ ਹੀ ਇਹਦਾ ਬੰਨਣ ਬੰਨ ਲਿਆ ਜਾਵੇ ਤੇ ਠੀਕ ਹੈ। ਇਨ੍ਹਾਂ ਦਿਨ੍ਹਾਂ ਵਿਚ ਮੇਰੇ ਲੜਕੇ ਦੇ ਛੇਵੀਂ ਜਮਾਤ ਦੇ ਇਮਤਿਹਾਨ ਚੱਲ ਰਹੇ ਸੀ ਅਤੇ ਇਸ ਵੇਲੇ ਚਾਰ–ਚੁਫੇਰੇ ਸਿਆਸੀ ਹਾਲਾਤ ਬੜਾ ਭੈੜਾ ਰੂਪ ਧਾਰ ਗਏ ਸੀ। ਲਾਹੌਰ ਤੇ ਹੋਰ ਵੱਡੇ ਵੱਡੇ ਸ਼ਹਿਰਾ ਵਿਚ ਛੁਰੇ–ਬਾਜ਼ੀ ਚਲ ਰਹੀ ਸੀ। ਉਨ੍ਹਾਂ ਦਿਨ੍ਹਾਂ ਵਿਚ ਮੈਂ ਆਪਣੇ ਕੋਲ ਚਾਕੂ ਰੱਖਦੀ ਸੀ। ਖ਼ਾਲਕ ਪਾਰਟੀ ਵਾਲਿਆਂ ਨੇ ਬੜੇ ਲੋਕਾਂ ਨੂੰ ਮਾਰ ਮੁਕਾਇਆ ਸੀ। ਦੁਨੀਆਂ ਬੜੇ ਖ਼ਤਰੇ ਵਿਚ ਪੈ ਗਈ ਸੀ। ਸਾਥੋਂ ਤਿੰਨ ਮੀਲ ਦੂਰ ਸਕੂਲ ਸੀ ਬੁੱਚੇ ਕੀ। ਸਾਡੇ ਨੌਕਰ ਮੁਸਲਮਾਨ ਸਨ। ਉਹ ਲੋਕ ਨਮਕ ਹਰਾਮ ਨਹੀਂ ਸਨ ਪਰ ਫਿਰ ਵੀ ਮੇਰਾ ਵਿਸ਼ਵਾਸ ਉਨ੍ਹਾਂ ਤੋਂ ਉਠਦਾ ਜਾ ਰਿਹਾ ਸੀ। ਮੈਂ ਇਨ੍ਹਾਂ ਦਿਨਾਂ ਵਿਚੋਂ ਆਪਣੇ ਲੜਕੇ ਨੂੰ ਖ਼ੁਦ ਸਕੂਲ ਛਡਣ ਜਾਇਆ ਕਰਦੀ ਸੀ। ਮੈਂ ਘੋੜੀ 'ਤੇ ਅੱਗੇ ਆਪਣੇ ਕਾਕੇ ਨੂੰ ਬਿਠਾ ਲੈਣਾ ਪਿਛੇ ਆਪ ਤੇ ਨਾਲ ਮੁਸਲਮਾਨ ਨੌਕਰ ਸ਼ਮੀਰ ਨੂੰ ਲੈ ਲੈਣਾ। ਪਹਿਲਾਂ ਤੇ ਕਾਕੇ ਨੂੰ ਇਹ 'ਕੱਲਾ ਛਡ ਕੇ ਆਉਂਦਾ ਸੀ। ਇਹ ਸਾਡੀ ਘੋੜੀ ਨੂੰ ਅੱਗੋਂ ਫੜ ਕੇ ਟੁਰਦਾ ਸੀ। ਜਦੋਂ ਮੈਂ ਆਪਣੇ ਪਿੰਡੋਂ ਘੋੜੀ ਲੈ ਕੇ ਟੁਰਦੀ ਸੀ ਤੇ ਮੇਰੇ ਮਨ ਵਿਚ ਖੌਫ਼ ਜਿਹਾ ਪੈਦਾ ਹੋ ਜਾਂਦਾ ਸੀ ਕਿ ਮੈਂ ਇਸ ਮੁਸਲਮਾਨ ਨੂੰ ਨਾਲ ਲੈ ਕੇ ਟੁਰ ਤਾਂ ਪੈਂਦੀ ਹਾਂ ਕਿਧਰੇ ਇਹ ਅੱਗੇ ਜਾ ਕੇ ਕਿਸੇ ਨਾਲ ਮਿਲ ਕੇ ਸਾਨੂੰ ਰਸਤੇ ਵਿਚ ਹੀ ਨਾ ਕਤਲ ਕਰ ਦੇਵੇ। ਆਪਣੇ ਪਿੰਡੋਂ ਨਿਕਲ ਕੇ ਜਦੋਂ ਆਪਣੇ ਪਿੰਡ ਦੀ ਹੱਦ ਨਿਕਲ ਜਾਣੀ ਤਾਂ ਮੈਂ ਉਸ ਨੌਕਰ ਨੂੰ ਚਕਮਾਂ ਦੇਣ ਦੀ ਕੋਸ਼ਿਸ਼ ਕਰਨੀ। ਉਸਨੂੰ ਮੈਂ ਇਹ ਗੱਲ ਆਖਣੀ, "ਸ਼ਮੀਰ ਮੇਰੇ ਅਜੀਤ ਨੂੰ ਪੇਪਰ ਦੇਣ ਤੋਂ ਦੇਰ ਹੋ ਰਹੀ ਹੈ ਜੇ ਆਪਾਂ ਘੋੜੀ ਹੌਲੀ ਲੈ ਜਾਂਦੇ ਰਹੇ ਤੇ ਇਸਦਾ ਪੇਪਰ ਛੁਟ ਜਾਏਗਾ। ਤੂੰ ਹੌਲੀ ਹੌਲੀ 'ਬੁੱਚੇ ਕੀ' ਪਹੁੰਚ ਜਾ ਮੈਂ ਘੋੜੀ ਆਪੇ ਤੇਜ਼ ਕਰਕੇ ਟਾਇਮ ਸਿਰ ਪੁਜ ਜਾਂਦੀ ਹਾਂ ਤੂੰ ਉੱਥੇ ਸੇਵਾ ਸਿੰਘ ਗ੍ਰੰਥੀ ਦੇ ਘਰ ਵੇਲੇ ਨਾਲ ਅੱਪੜ ਜਾਵੀਂ। ਉਸਨੇ ਇਹ ਗੱਲ ਸੱਚਮੁਚ ਸਹੀ ਸਮਝ ਲੈਣੀ ਅਤੇ ਇਸੇ ਤਰ੍ਹਾਂ ਕਰਨਾ। ਅਸਾਂ ਸੇਵਾ ਸਿੰਘ ਦੇ ਘਰ ਆਉਣ ਤੋਂ ਪਹਿਲਾਂ ਇਕੱਠਿਆ ਹੋ ਜਾਣਾ। ਉਧਰੋਂ ਵੀ ਮੈਂ ਉਸਨੂੰ ਸ਼ਹਿਰੋਂ ਨਿਕਲਣ ਤੇ ਨਾਲ ਨਾਲ ਘੋੜੀ ਦੇ ਅੱਗੇ ਲਾ ਲੈਣਾ। ਉਸ ਵੇਲੇ 12 ਕੁ ਵਜੇ

ਦਾ ਵਕਤ ਹੁੰਦਾ ਸੀ। ਮੈਂ ਇਹ ਗੱਲ ਆਖਣੀ ਲੈ ਬਈ ਮੈਨੂੰ ਹੁਣ ਘਰ ਦੇ ਕੰਮ ਨੂੰ ਕਵੇਲਾ ਹੋ ਰਿਹਾ ਹੈ ਤੂੰ ਹੌਲੀ ਹੌਲੀ ਪੈਰ ਪੁਟਦਾ ਆ ਤੇ ਮੈਂ ਅਜੀਤ ਨੂੰ ਲੈ ਕੇ ਪਹੁੰਚ ਜਾਂਦੀ ਹਾਂ। ਉਸ ਵਕਤ ਅੱਜ ਵਰਗਾ ਸਮਾਂ ਨਹੀਂ ਸੀ ਹੁੰਦਾ। ਲੋਕੀ ਪਿੰਡਾਂ ਥਾਂਣੀ ਕੱਲੀ–ਦੁਕੱਲੀ ਔਰਤ ਨੂੰ ਨਹੀਂ ਸਨ ਭੇਜਦੇ। ਨਾਲ ਕੋਈ ਲਾਗੀ ਮਰਾਸੀ ਹੋਣਾ ਲਾਜ਼ਮੀ ਹੁੰਦਾ ਸੀ। ਜਦੋਂ ਮੈਂ 'ਕੱਲੀ ਨੇ ਘੋੜੀ 'ਤੇ ਬੈਠਿਆ ਹੋਣਾ ਤੇ ਚਾਰ ਚੁਫੇਰੇ ਲੋਕਾਂ ਨੇ ਉਠ ਉੱਠ ਕੇ ਵੇਖਣਾ ਜਿਵੇਂ ਮੈਂ ਕੋਈ ਵੱਡਾ ਗੁਨਾਹ ਕਰਕੇ ਜਾ ਰਹੀ ਹਾਂ ਪਰ ਮੈਂ ਇਸ ਮਮਲੇ ਤੇ ਕਿਸੇ ਦੀ ਪਰਵਾਹ ਨਾ ਕਰਨੀ। ਸਹੁਰੇ ਘਰ ਵੀ ਇਹ ਗੱਲ ਨਾ ਦੱਸਣੀ ਕਿ ਮੈਂ ਰਾਹ ਵਿਚ ਇੰਝ ਕਰਦੀ ਹਾਂ। ਇਨ੍ਹਾਂ ਦੇ ਪਿਤਾ ਨੇ ਇਹ ਕਹਿਣਾ ਕਿ ਹੋਰ ਲੋਕਾਂ ਦੇ ਬੱਚੇ ਵੀ ਤਾਂ ਇਕੱਲੇ ਜਾਂਦੇ ਹਨ। ਮੈਨੂੰ ਨਾਲ ਜਾਏ ਬਗੈਰ ਸਬਰ ਨਾ ਆਉਣਾ।

ਇਮਤਿਹਾਨਾਂ ਤੋਂ ਬਾਅਦ ਛੁੱਟੀਆਂ ਹੋ ਗਈਆਂ। ਮੈਂ ਬੱਚਿਆਂ ਨੂੰ ਲੈ ਕੇ ਕੋਟ ਸੋਂਹਦੇ (ਕੋਟ ਸੋਧਾ) ਆ ਗਈ। ਮੈਨੂੰ ਉਥੇ ਗਈ ਨੂੰ ਹਾਲੇ 15–20 ਦਿਨ ਹੀ ਹੋਏ ਸੀ ਕਿ ਬੱਚਿਆਂ ਦੇ ਪਿਤਾ ਸਾਡੇ ਪਿੱਛੇ ਸਾਨੂੰ ਲੈਣ ਵਾਸਤੇ ਆ ਗਏ। ਆ ਕੇ ਕਹਿਣ ਲੱਗੇ ਕਿ ਮੈਂ ਤਾਂ ਤੁਹਾਨੂੰ ਵਾਪਸ ਪਿੰਡ ਲੈ ਜਾਣਾ ਹੈ ਕਿਉਂਕਿ ਮੈਨੂੰ ਮੇਰੇ ਭਰਾ ਇਹ ਗੱਲ ਆਖਦੇ ਹਨ ਕਿ ਤੂੰ ਬੜਾ ਡਰਪੋਕ ਹੈਂ ਮੁਸਲਮਾਨਾਂ ਤੋਂ ਡਰਦਿਆਂ ਹੋਇਆ ਤੂੰ ਉਨ੍ਹਾਂ ਨੂੰ ਉਥੇ ਭੇਜ ਛੱਡਿਆ ਹੈ ਅਤੇ ਰੋਟੀ ਸਾਡੇ ਘਰੋਂ ਖਾਂਦੇ ਹੈਂ ਜਦ ਕਿ ਰੋਟੀ ਭੈਣ ਪਕਾਉਂਦੀ ਸੀ। ਉਨ੍ਹਾਂ ਦਾ ਇਹ ਖਿਆਲ ਸੀ ਕਿ ਮੁਸਲਮਾਨ ਸਾਨੂੰ ਕੁਝ ਨਹੀਂ ਸਨ ਆਖ ਸਕਦੇ। ਇਹ ਮੇਰੇ ਨਾਲ ਝਗੜਾ ਕਰਿਆ ਕਰਨ ਕਿ ਆਪਾਂ ਪਿੰਡ ਚਲੀਏ? ਇਸ ਦੌਰਾਨ ਮੈਂ ਇਨ੍ਹਾਂ ਨੂੰ 12 ਕੁ ਦਿਨ ਉਥੇ ਰੋਕੀ ਰੱਖਿਆ। ਇਨ੍ਹਾਂ ਦਿਨ੍ਹਾਂ ਵਿਚ ਸਾਡੇ ਪਿੰਡਾਂ ਵਿਚ ਇਹ ਗੱਲ ਸੁਣਾ ਦਿੱਤੀ ਗਈ ਕਿ ਹਰ ਪਿੰਡ ਵਿੱਚੋਂ 100–100 ਦਾ ਸ਼ਹੀਦੀ ਜਥਾ ਨਨਕਾਣੇ ਸਾਹਿਬ ਪੁਜ ਜਾਵੇ ਤਾਂ ਕਿ ਅਸੀਂ ਮੁਸਲਮਾਨਾਂ ਨਾਲ ਮੁਕਾਬਲਾ ਕਰ ਸਕੀਏ ਅਤੇ ਆਪਣੇ ਵਤਨ ਨੂੰ ਨਾ ਛੱਡੀਏ। ਮੇਰੇ ਚਾਚੇ ਦੇ ਪੁੱਤਰਾਂ ਠਾਕਰ ਸਿੰਘ, ਪ੍ਰੀਤਮ ਸਿੰਘ. ਕੁੰਦਨ ਸਿੰਘ, ਅਨੂਪ ਸਿੰਘ, ਸੁੰਦਰ ਸਿੰਘ ਅਤੇ ਸ਼ਰੀਕੇ ਦੇ ਭਰਾ ਤਖ਼ਤ ਸਿੰਘ, ਹਜ਼ਾਮ ਸਿੰਘ ਨੇ ਵੀ ਆਪਣੇ ਨਾਓਂ ਦੇ ਦਿਤੇ।

ਨਾਨਕਾਣੇ ਸਾਹਿਬ ਦੇ ਇਲਾਕੇ ਵਿੱਚ ਵੱਡੇ ਵੱਡੇ ਮੁਸਲਮਾਨ 5–5 ਸੌ ਮੁਰੱਬੇ ਦੇ ਮਾਲਕ ਸਨ ਉਨ੍ਹਾਂ ਤੋਂ ਲੋਕਾਂ ਨੂੰ ਡਰ ਸੀ। ਸਾਡੇ ਲੋਕਾਂ ਉਨ੍ਹਾਂ ਨੂੰ ਹੀ ਪਹਿਲਾਂ ਦਬੋਚਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਸਨ। ਮੇਰੇ ਚਾਚੇ ਦੇ ਪੁੱਤਰ ਪ੍ਰੀਤਮ ਸਿੰਘ ਨੇ ਇਹ ਆਖਣਾ ਕਿ ਭੈਣ ਭੱਟੀ ਬਾਂਦਰ ਕੇ ਨੂੰ ਢਹਿ ਢੇਰੀ ਕਰਕੇ ਆਵਾਂਗੇ। ਇਨ੍ਹਾਂ ਵੱਡੇ ਵੱਡੇ ਪਿੰਡਾਂ ਨੂੰ ਅਸੀਂ ਰਲ–ਮਿਲ ਫੂਕ ਦੇਣਾ ਏ। ਤੁਹਾਨੂੰ ਲਾਟਾਂ ਘਰ ਬੈਠਿਆਂ ਦਿਸਣਗੀਆਂ। ਸਾਡੀ ਤਾਬ ਕਿਸੇ ਨੇ ਨਹੀਂ ਝਲਣੀ। ਇਹ ਗਲ਼ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਤਕ ਪਹੁੰਚ ਗਈ ਕਿ ਅਕਾਲੀ ਪਾਰਟੀ ਨੇ ਇਹ ਵਿਉਂਤ ਬਣਾਈ ਹੈ। ਫਿਰ ਨੇਤਾਵਾਂ ਨੇ ਇਹ ਗੱਲ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਕਿ ਆਪਾ ਇਸ ਤਰ੍ਹਾਂ ਨਾ ਕਰੀਏ। ਆਪਾ ਅਮਨ–ਅਮਾਨ ਨਾਲ ਇਸ ਮਸਲੇ ਨੂੰ ਨਜਿੱਠ ਲਈਏ। ਇਹ ਸੋਚਿਆ ਗਿਆ ਕਿ ਅਮਨ ਕਮੇਟੀਆਂ ਬਣਾ ਤੀਆਂ ਜਾਣ ਤੇ ਕੋਈ ਵੀ ਇਸ ਤਰ੍ਹਾਂ ਦੀ ਆਪਸ ਵਿੱਚ ਛੇੜ ਖਾਨੀ ਕਰਨ ਦੀ ਲੋੜ ਨਹੀਂ। ਲੋਕਾਂ ਦੇ ਮਨ੍ਹਾਂ ਵਿੱਚ ਸਹਿਜਤਾ ਆ ਗਈ ਕਿ ਹੁਣ ਸ਼ਇਦ ਖ਼ਤਰਾ ਟਲ ਜਾਏ। ਲੋਕੀ ਫਿਰ ਢਿਲੇ ਪੈ ਗਏ। ਫਿਰ ਮੇਰੇ ਵੱਡੇ ਭੈਣ ਜੀ ਤੇ ਭਾਜੀ ਨੇ ਇਹ ਗੱਲ ਆਖੀ ਕਿ ਹੁਣ ਕੋਈ ਖ਼ਤਰਾ ਨਹੀਂ ਜਾਪ ਰਿਹਾ ਤੂੰ ਬੱਚਿਆਂ ਨੂੰ ਲੈ ਕੇ ਘਰ ਟੁਰ ਜਾ ਜੇ ਜਿਆਦਾ ਖ਼ਤਰਾ ਹੋ ਗਿਆ ਤੇ ਅਸੀਂ ਤੁਹਾਨੂੰ ਮੱਖਣ ਵਿਚੋਂ ਵਾਲ਼ ਦੀ ਤਰ੍ਹਾਂ ਕੱਢ ਲਿਆਂਵਾਂਗੇ। ਮੈਨੂੰ ਵੀ ਇਸ ਹਾਲਤ ਵਿਚ ਕੁਝ ਨਾ ਅਹੁੜਿਆ। ਮੈਂ ਕਾਕੇ ਨੂੰ ਨਾਨਕੇ ਛੱਡਿਆਂ ਤੇ ਬੱਚੀਆਂ ਨੂੰ ਲੈ ਕੇ ਉਨ੍ਹਾਂ ਦੇ ਪਿਤਾ ਨਾਲ ਵਾਪਸ ਪਿੰਡ ਜਾਣ ਲਈ ਟੁਰ ਪਈ। ਭਾਦਰੋਂ ਦੇ ਦਿਨ ਸਨ। ਅਸਾਂ ਘਰ ਲਿਖਿਆ ਹੋਇਆ ਸੀ ਕਿ ਸਾਨੂੰ ਨਨਕਾਣੇ ਸਾਹਿਬ ਸਟੇਸ਼ਨ ਤੇ ਲਿਖੇ ਟਾਇਮ ਮੁਤਾਬਿਕ ਆ ਕੇ ਲੈ ਜਾਣ।

ਨਨਕਾਣੇ ਸਾਹਿਬ ਘੋੜੀਆਂ ਸਾਨੂੰ ਲੈਣ ਵਾਸਤੇ ਆ ਗਈਆਂ। ਪਰ ਹੁਣ ਅਸੀਂ ਪਿੰਡ ਨਾ ਗਏ। ਬੱਚਿਆਂ ਦੇ ਪਿਤਾ ਆਖਣ ਲੱਗੇ ਕਿ ਅੱਜ ਰਾਤ ਆਪਾਂ ਖ਼ੈਰਪੁਰ ਮੁਹੰਮਦ ਲੁਹਾਰ ਦੇ ਘਰ ਰਹਾਂਗੇ ਜਿਹੜਾ ਕਿ ਇਨ੍ਹਾਂ ਦਾ ਪਿਆਰਾ ਮਿੱਤਰ ਸੀ। ਉਹ ਦੋਵੇਂ ਜੀਅ ਬੜਾ ਅਦਬ ਕਰਦੇ ਸੀ। ਅਸੀਂ ਨਨਕਾਣਾ ਸਾਹਿਬ ਤੋਂ ਸ਼ਾਮ ਵੇਲੇ ਖ਼ੈਰ ਪੁਰ ਪੁਜ ਗਏ। ਉਹ ਸਾਨੂੰ ਵੇਖ ਕੇ ਖੁਸ਼ ਵੀ ਬਹੁਤ ਹੋਇਆ। ਪਰ ਨਾਲ ਹੀ ਉਸਦੇ ਚਿਹਰੇ ਤੇ ਉਦਾਸੀ ਜਿਹੀ ਫਿਰ ਗਈ ਜਿਵੇਂ ਕਣਕਾਂ ਤੇ ਕੁਤੜੀ ਫਿਰ ਗਈ ਹੋਵੇ। ਉਸ ਨੇ ਸਾਨੂੰ ਪਾਣੀ ਧਾਣੀ

ਪਿਆਇਆ। ਸਾਡੀ ਸੁੱਖ-ਸਾਂਦ ਪੁੱਛੀ। ਬੈਠਣ ਵਾਸਤੇ ਸਫੈਦ ਪੋਸ ਬਿਸਤਰੇ ਵਿਛਵਾ ਦਿੱਤੇ, ਪਾਣੀ ਸਾਨੂੰ ਦੁਕਾਨਦਾਰ ਖੱਤਰੀ ਨੂੰ ਬੁਲਾ ਕੇ ਪਿਆਇਆ। ਐਨੀ ਗਹਿਰੀ ਦੋਸਤੀ ਹੁੰਦਿਆਂ ਹੋਇਆ ਵੀ ਸਾਡੇ ਲੋਕ ਮੁਸਲਮਾਨ ਦੇ ਘਰੋਂ ਖਾਂਦੇ-ਪੀਂਦੇ ਕੁਝ ਨਹੀਂ ਸਨ। ਇਸ ਵਾਸਤੇ ਹਰ ਮੁਸਲਮਾਨ ਪਿੰਡ ਵਿੱਚ ਇਸ ਤਰ੍ਹਾਂ ਦੇ ਖੱਤਰੀ ਬਿਠਾਏ ਹੁੰਦੇ ਸੀ ਜਿਹੜੇ ਕਿ ਹਿੰਦੂ ਸਿੱਖ ਪਰਾਹੁਣਿਆਂ ਦੀ ਖਾਤਰ ਕਰਦੇ ਸੀ। ਇਨ੍ਹਾਂ ਦਾ ਖਰਚ ਮੁਸਲਮਾਨ ਮੇਜ਼ਬਾਨ ਹੀ ਅਦਾ ਕਰਦੇ ਸੀ। ਇਸ ਤਰ੍ਹਾਂ ਜਦੋਂ ਅਸੀਂ ਬੈਠ ਗਏ ਤੇ ਇਨ੍ਹਾਂ ਦੇ ਪਿਤਾ ਨੇ ਆਖਿਆ ਕਿ ਮੁਹੰਮਦਾ ਅੱਜ ਅਸੀਂ ਤੇਰੇ ਘਰ ਹੀ ਰਾਤ ਟਿਕਾਗੇ ਤੇਰੇ ਸਾਰੇ ਪਿਛਲੇ ਉਲਾਂਭੇ ਲਾਹ ਦਿਆਂਗੇ। ਹਮੇਸ਼ਾ ਤੂੰ ਇਹ ਗੱਲ ਆਖਦਾ ਹੁੰਦਾ ਹੈ ਕਿ ਸਾਡੇ ਘਰ ਬੱਚਿਆਂ ਨਾਲ ਰਾਤ ਨਹੀਂ ਰਹਿੰਦੇ। ਬਾਹਰ ਜਾ ਕੇ ਸਾਡੀਆਂ ਘੋੜੀਆਂ ਤੋਂ ਕਾਠੀਆਂ ਲੁਹਾ ਦੇ ਤੇ ਉਨ੍ਹਾਂ ਨੂੰ ਦਾਲ ਪਾਣੀ ਦੇ। ਉਹ ਇਹ ਗੱਲ ਸੁਣ ਕੇ ਪਰੇਸ਼ਾਨ ਜਿਹਾ ਹੋ ਗਿਆ। ਕਿ ਅੱਜ ਘਰ ਆਏ ਸੱਜਣਾ ਨੂੰ ਕਿਵੇਂ ਮੋੜਾਂ। ਉਹਦੇ ਮਨ ਦੇ ਪਲੜਿਆਂ ਦੇ ਇਕ ਪਾਸੇ ਮੁਸਲਮਾਨ ਹਕੂਮਤ ਤੇ ਦੂਜੇ ਪਾਸੇ ਨਿੱਘੀ ਦੋਸਤੀ ਸੀ। ਜੇ ਉਹ ਦੋਸਤੀ ਨੂੰ ਅੱਗੇ ਰੱਖਦਾ ਤੇ ਉਹ ਆਪਣੇ ਸਾਰੇ ਖਾਨਦਾਨ ਤੋਂ ਹੱਥ ਧੋ ਬੈਠਦਾ ਸੀ। ਉਹ ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਆਖਰ ਉਨ੍ਹਾਂ ਦੋਸਤੀ ਦੇ ਪਲੜੇ ਨੂੰ ਉੱਚਾ ਕਰ ਦਿੱਤਾ ਅਤੇ ਨਿਮੋਝੂਣਾ ਹੋ ਕੇ ਆਖਣ ਲੱਗਾ "ਭਰਾ ਮੈਂ ਬੜਾ ਸ਼ਰਮਸ਼ਾਰ ਹਾਂ। ਤੂੰ ਮੇਰੇ ਉਸ ਮੂੰਹ ਤੇ ਜੁੱਤੀਆਂ ਮਾਰ ਜਿਸ ਮੂੰਹ ਨਾਲ ਮੈਂ ਤੈਨੂੰ ਘਰ ਆਉਣ ਵਾਸਤੇ ਆਖਿਆ ਕਰਦਾ ਸੀ। ਤੇ ਅੱਜ ਉਸੇ ਮੂੰਹ ਨਾਲ ਤੈਨੂੰ ਮੋੜਦਾ ਪਿਆ ਹਾਂ, ਮੈਂ ਬੜਾ ਮਜ਼ਬੂਰ ਹੋ ਗਿਆ ਹਾਂ। ਜੇ ਮੈਂ ਤੈਨੂੰ ਘਰ ਰੱਖਾਂ ਤੇ ਮੈਨੂੰ ਮੁਸਲਮਾਨ ਭਰਾ ਨਹੀਂ ਛਡਣਗੇ। ਅੱਜ ਸਾਡੇ ਪਿੰਡ ਦੇ ਹਾਲਾਤ ਬੜੇ ਹੀ ਖਰਾਬ ਹੋ ਗਏ ਹਨ। ਮਜਹੱਬੀ ਕੱਟੜਤਾ ਬਹੁਤ ਫੈਲ ਗਈ ਹੈ ਇਸ ਵਾਸਤੇ ਤੁਸੀਂ ਘੋੜੀਆਂ ਤੋਂ ਕਾਠੀਆਂ ਨਾ ਲਹਾਓ। ਇਹ ਸੁਣ ਕੇ ਸਾਡਾ ਮਨ ਵੀ ਕੰਬ ਗਿਆ। ਉਤੋਂ ਰਾਤ ਪੈ ਗਈ ਸੀ। ਖ਼ੈਰ ਪੁਰ ਤੋਂ ਸਾਡਾ ਪਿੰਡ ਤਿੰਨ ਕੁ ਮੀਲ ਦੇ ਫਾਸਲੇ ਤੇ ਸੀ। ਅਸੀਂ ਵੀ ਸੋਚਿਆ ਇਸ ਤਰ੍ਹਾਂ ਦੇ ਮਾਹੌਲ ਵਿਚ ਇਕ ਪਲ ਵੀ ਰੁਕਣਾ ਠੀਕ ਨਹੀਂ। ਅਸੀਂ ਉਸਨੂੰ ਆਖਿਆ ਬਈ ਸਾਡੀਆਂ ਘੋੜੀਆਂ ਖੋਲ ਤੇ ਸਾਨੂੰ ਆਪਣੇ ਰਾਹ ਪਾ। ਉਥੋਂ ਅਸੀਂ ਟੁਰ ਪਏ ਇਕ ਘੋੜੀ ਮਾਛੀ ਨੇ ਫੜ੍ਹ ਲਈ ਤੇ ਦੂਜੀ ਮੁਹੰਮਦੇ ਨੇ। ਮੁਹੰਮਦੇ ਨੇ ਹੱਥ ਵਿੱਚ ਡਗੋਰੀ ਫੜ ਲਈ ਤੇ ਸਾਨੂੰ ਵਿਦਾ ਕਰਨ ਵਾਸਤੇ ਚਲ ਪਿਆ। ਅਸੀਂ ਸਾਰੇ ਪਿੰਡੋਂ ਬਾਹਰ ਤਕ ਪੈਦਲ ਹੀ ਨਾਲ ਨਾਲ ਘੋੜੀਆਂ ਦੇ ਗੱਲੀ ਬਾਤੀ ਕਰਦੇ ਚਲਦੇ ਗਏ। ਮੁਹਮੰਦ ਸਾਡੇ ਨਾਲ ਮੀਲ ਕੁ ਪੈਂਡੇ ਤਕ ਗਿਆ। ਅਸੀਂ ਉਸਨੂੰ ਆਖਿਆ ਕਿ ਤੂੰ ਹੁਣ ਵਾਪਸ ਮੁੜ ਜਾ ਸਾਡੇ ਨਾਲ ਜੋ ਭਾਣਾ ਬੀਤੇਗਾ ਵੇਖੀ ਜਾਏਗੀ। ਉਨ੍ਹਾਂ ਸਾਨੂੰ ਆਪਣੇ ਪਿੰਡ ਵਾਪਸ ਜਾਣ ਲੱਗਿਆ ਇਨ੍ਹਾਂ ਦੇ ਪਿਤਾ ਨਾਲ ਦੋਸਤਾਨਾਂ ਭਰਿਆ ਹੱਥ ਮਿਲਾਇਆ ਉਤੋਂ ਦੋਹਾਂ ਦੀਆਂ ਅੱਖਾਂ ਭਰ ਆਈਆਂ ਤੇ ਆਖਣ ਲੱਗਾ ਅੱਜ ਕਿੱਡਾ ਵਧੀਆਂ ਦਿਹਾੜਾ ਸੀ। ਪਰ ਕਿਹੋ ਜਿਹਾ ਕਹਿਰ ਵਰਤ ਗਿਆ ਏ ਕਿ ਮੈਂ ਤੁਹਾਡੇ ਨਾਲ ਚੰਗਾ ਸਲੂਕ ਨਾ ਕਰ ਸਕਿਆ ਅਮਨ-ਅਮਾਨ ਰਿਹਾ ਤੇ ਮਿਲ ਪਵਾਂਗੇ। ਫਿਰ ਉਹ ਮੈਨੂੰ ਆਖਣ ਲੱਗਾ, "ਬੇਬੇ ਸਲਾਮ!! ... ਤੇਰੀ ਦਰਾਣੀ ਤੈਨੂੰ ਕਿਨ੍ਹਾ ਯਾਦ ਕਰਦੀ ਹੁੰਦੀ ਸੀ। ਮੈਨੂੰ ਇਹੀ ਗੱਲ੍ਹ ਆਖਿਆ ਕਰਦੀ ਸੀ, ਬੰਦੇ ਕਿਆਂ ਵਾਲੀ ਭੈਣ ਕਿੰਨੀ ਨੇਕ ਔਰਤ ਏ। ਜਦੋਂ ਮੈਂ ਉਸਦੇ ਘਰ ਜਾਂਦੀ ਹਾਂ ਤੇ ਮੇਰਾ ਬੜਾ ਮਾਣ ਕਰਦੀ ਏ। ਮੇਰੇ ਵੀ ਜੀਅ ਕਰਦਾ ਏ ਮੈਂ ਉਸਨੂੰ ਆਪਣੇ ਘਰ ਰਾਤ ਰੱਖਾਂ ਤੇ ਜਿਨੀ ਮੇਰੀ ਉਹ ਸੇਵਾ ਕਰਦੀ ਹੈ ਉਸਤੋਂ ਦੂਣੀ ਮੈਂ ਉਸਦੀ ਸੇਵਾ ਕਰਾਂ ਤਾਂ ਮੇਰਾ ਮਨ ਭਰੇਗਾ। ਪਰ ਅੱਜ ਇਸ ਮੌਕੇ ਤੇ ਉਹ ਕੀ ਸੋਚਦੀ ਹੋਵੇਗੀ ਕਿ ਸੱਜਣਾਂ ਨੂੰ ਮੈਂ ਰਾਤ ਵੀ ਨਹੀਂ ਰੱਖ ਸਕੀ। ਉਧਰੋਂ ਤੁਸੀਂ ਵੀ ਕੀ ਆਖਦੇ ਹੋਵੋਗੇ।" ਉਹ ਸਾਨੂੰ ਜਾਣ ਲੱਗਿਆ ਇਹ ਆਖਣ ਲੱਗਾ, 'ਲੋ ਭਾਈ ਸਲਾਮ! ਤੁਹਾਡਾ ਖ਼ੁਦਾ ਰਾਖਾ। ਅਸਾਂ ਵੀ ਵਾਲੇਕਮ ਸਲਾਮ ਕੀਤੀ ਤੇ ਆਪਣੇ ਰਾਹੇ ਘੋੜੀਆਂ ਤੇ ਚੜ੍ਹ ਕੇ ਟੁਰ ਪਏ। ਦੂਰ ਤਾਈ ਉਹ ਭੌਂ-ਭੌਂ ਕੇ ਸਾਨੂੰ ਵੇਖੀ ਜਾ ਰਿਹਾ ਸੀ ਫਿਰ ਉਹ ਗੂੜ੍ਹੇ ਹਨੇਰੇ ਵਿੱਚ ਸਦਾ ਲਈ ਸਾਨੂੰ ਵਿਦਾ ਕਰ ਗਿਆ।

ਅਸੀਂ ਅਜੇ ਪਿੰਡੋਂ ਦੋ ਕੁ ਮੀਲ ਪੈਂਡਾ ਕੀਤਾ ਏ ਤੇ ਸਾਡੇ ਮਗਰੇ-ਮਗਰ ਦੋ ਘੁਮਿਆਰ ਖੋਤਿਆਂ ਨੂੰ ਅੱਗੇ ਲਾ ਕੇ ਨਨਕਾਣੇ ਸਾਹਿਬ ਤੋਂ ਵਾਪਸ ਆ ਰਹੇ ਸਨ। ਉਨ੍ਹਾਂ ਮੋਢਿਆ ਤੇ ਚਵਾੜੀਆਂ ਰੱਖੀਆਂ ਹੋਈਆਂ ਸਨ। ਇਹ ਪਤਾ ਨਹੀਂ ਸੀ ਕਿ ਉਨ੍ਹਾਂ ਨੇ ਫਾਜਲਕੇ ਜਾਣਾ ਸੀ ਕਿ ਅਟਾਰੀ ਜਾਂ ਲਗਾਹਾ ਕੇ ਠੱਠੇ ਜਾਣਾ ਸੀ। ਉਹ ਸਾਰੇ ਪਿੱਛੇ ਪਿੱਛੇ ਆ ਰਹੇ ਸਨ। ਉਹ ਗੱਲਾਂ ਕਰ ਰਹੇ ਸਨ ਕਿ ...'ਹੂੰ ਹੂੰ ਹੁਣ ਪਤਾ ਲਗਸੀ

ਸਿਖੜਿਆ ਨੂੰ ਅੱਗੇ ਤਾਂ ਹਕੂਮਤਾ ਕਰਦੇ ਆ ਸਾਡੇ 'ਤੇ ਹੁਣ ਅਸਾਂ ਵੀ ਹੱਥਾਂ ਦੀਆਂ ਲੈਣੀਆਂ ਨੇ... ਹਿੱਕ-ਹਿੱਕੜੀ ਕਰ ਕੇ ਰਹਿਸਾਂ ਹਾਂ'... ਨੂਰਿਆ ਮੈਨੂੰ ਵੀ ਉਹ ਦਿੰਹ ਯਾਦ ਨੇ ਜਦੋਂ ਮੈਨੂੰ ਬੜੀ ਤੈਸ਼ 'ਚ ਆ ਕੇ ਇਕਬਾਲ ਸਿੰਘ ਨੇ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢੀਆਂ ਆਣ ਨੇ ਤੇ ਛਿੱਤਰ ਭੱਜ ਕੇ ਮਾਰਨ ਨੂੰ ਪਿਆ ਜੇ ਮੇਰਾ ਪਿਓ ਬੁੱਢਾ ਉਥੇ ਨਾ ਹੁੰਦਾ ਤੇ ਮੈਨੂੰ ਉਸ ਮਾਰ ਮਾਰ ਵੰਜਾ ਛੁਡਣਾ ਸੀ। ਇਨ੍ਹਾਂ ਸਿਖੜਿਆ ਦੀ ਭੂਤਰ ਕਡਸਾਂ ਅਸੀਂ। ਹਾਂ ਭਾਈਆ ਅਸੀਂ ਘਟ ਤੇ ਨਹੀਂ ਕਰਨੀ।' ਉਹ ਸਾਡੇ ਕੋਲ ਪੰਧ ਮੁਕਾ ਕੇ ਆ ਗਏ ਤੇ ਆਖਣ ਲੱਗੇ, 'ਸਿੱਖਾ ਤੂੰ ਐਇਸ ਵੇਰੇ ਕਿਵੇਂ ਜਾਂਦਾ ਪਿਆ ਏ ਤੈਂ ਕਿਥੋਂ ਦਾ ਰਹਿਣ ਵਾਲਾ ਏ?'

'ਅਸੀਂ ਬਾਈ ਬੰਦੇ ਕਿਆਂ ਦੇ ਹਾਂ।'

'ਤੈਨੂੰ ਕਾਈ ਪਤਾ ਨਹੀਂ ਉਤੋਂ ਹਨੇਰੀ ਘੁਲੀ ਪਈਏ ਤੇ ਤੂੰ ਜੀਆਂ ਨੂੰ ਲੈ ਕੇ ਰਾਤ-ਬਰਾਤੇ ਟੁਰ ਪਿਆ ਏਂ। ਅਸੀਂ ਤੇਰਾ ਭਲਾ ਕਰਨੇ ਆ। ਅਸੀਂ ਤੈਨੂੰ ਆਂਹਦੇ ਕੁਝ ਨਹੀਂ ਤੂੰ ਜਾ ਹੁਣ ਖ਼ੈਰੀ ਸੁੱਖੀ ਘਰ ਆਪਣੇ ਤੇ ਆਪਣਾ ਘਰ ਸੰਭਾਲੋ ਜਾ ਕੇ। ਤੇ ਆਪਣਾ ਉਥੋਂ ਬਿਲਾ ਕਰੋ। ਇਹ ਸੁਣ ਕੇ ਅਸਾਂ ਤਾਏ ਸਮੰਦੇ ਨੂੰ ਆਖਿਆ ਤੂੰ ਪੈਰ ਪੁੱਟੀ ਆ ਅਸੀਂ ਘੋੜੀਆਂ 'ਪੋਈਏ' ਪਾ ਲਈਆਂ (ਤੇਜ਼ ਕਰ ਲਈਆ) ਤੇ ਸ਼ੁਕਰ ਸ਼ੁਕਰ ਕਰਕੇ ਘਰ ਪਹੁੰਚ ਗਏ।

ਇਸੇ ਦੌਰਾਨ ਸ਼ਹਾਦਤ ਖ਼ਾਂ ਮੁਸਲਮ ਲੀਗ ਦੀ ਸੀਟ ਤੇ ਖਲੋਤਾ ਸੀ ਅਤੇ ਜਿਹੜਾ ਇਸਦੇ ਮੁਕਾਬਲੇ ਤੇ ਸੀ ਉਹ ਵੀ ਮੁਸਲਮਾਨ ਸੀ। ਦੋਵਾਂ ਦੀ ਆਪਸ ਵਿਚ ਟੱਕਰ ਸੀ। ਸਾਡੇ ਪਿੰਡੋਂ ਵੀ ਇਨ੍ਹਾਂ ਨੂੰ ਵੋਟ ਪੈਣੀ ਸੀ। ਉਸ ਵੇਲੇ ਇਨ੍ਹਾਂ ਦੇ ਪਿਤਾ ਨੇ ਕਿਹਾ ਕਿ ਤੁਸੀਂ ਮੈਨੂੰ ਵੋਟ ਵੰਡ ਕੇ ਦਿਓ। ਸੋ ਵੋਟਾ ਵੰਡ ਕੇ ਪਾ ਦਿੱਤੀਆਂ ਗਈਆਂ। ਅਸੀਂ ਸ਼ਹਾਦਤ ਨੂੰ ਵੋਟ ਪਾ ਦਿੱਤੀ ਤੇ ਦੂਸਰੇ ਭਰਾਵਾਂ ਨੇ ਸਯਦੂ ਨੂੰ। ਮੇਰੇ ਭਰਾ ਸ਼ਹਾਦਤ ਨੂੰ ਮਿਲ ਕੇ ਆਖਣ ਲੱਗੇ ਕਿ ਸ਼ਹਾਦਤ ਸਾਡੇ ਬੰਦੇ ਵੋਟਾਂ ਵੰਡਣ ਨੂੰ ਕਹਿੰਦੇ ਹਨ ਵੇਖੀ ਕਿਤੇ ਉਨ੍ਹਾਂ ਨਾਲ ਕੋਈ ਬੁਰਾ ਨਾ ਹੋ ਜਾਏ।"

ਸ਼ਹਾਦਤ ਸਿੰਘ ਨੇ ਭਾਜੀ ਨੂੰ ਕਿਹਾ ਇੰਸ਼ਾਅੱਲਾ ਮੁਹੱਬਤ ਸਿਂਆਂ ਜੇ ਪ੍ਰਸਿਨ ਕੌਰ ਤੇਰੀ ਭੈਣ ਏ ਤੇ ਸਾਡੀ ਵੀ ਉਹ ਭੈਣ ਏ ਅਸੀਂ ਉਸਨੂੰ ਕੁਝ ਨਹੀਂ ਹੋਣ ਦਿਆਂਗੇ।" ਇੰਝ ਸਾਰਿਆਂ ਨੂੰ ਤਸੱਲੀ ਹੋ ਗਈ।

ਪਰ ਜਦੋਂ ਮਾੜੀਆਂ ਖ਼ਬਰਾਂ ਮਿਲਦੀਆਂ ਤਾਂ ਮਨ ਸ਼ਾਹਦੀ ਨਹੀਂ ਸੀ ਭਰਦਾ ਕਿ ਇਥੇ ਰਿਹਾ ਜਾਵੇ। ਮੇਰੇ ਸਹੁਰੇ ਘਰ ਸਾਰੇ ਭਰਾਵਾਂ ਦੀ ਇਕ ਜਗਾਹ ਹੀ ਰੋਟੀ ਪੱਕਦੀ ਸੀ ਪਰ ਅਸੀਂ ਪੈਲ਼ੀ ਵਿਚ ਪਿੰਡੋਂ ਦੂਰ ਕੋਠੀ ਬਨਾਈ ਸੀ। ਉਥੇ ਮੈਂ ਬਾਗ਼ ਵੀ ਲੁਆਇਆ ਸੀ। ਇਸ ਦੀ ਵੀ ਮੇਰੇ ਸ਼ਰੀਕਾਂ ਬੜੀ ਬਰਖ਼ਲਾਫ਼ੀ ਕੀਤੀ ਸੀ। ਉਹ ਚਾਹੁੰਦੇ ਸਨ ਕਿ ਇਹ ਮਕਾਨ ਸਾਨੂੰ ਮਿਲ ਜਾਵੇ। ਸਾਡੇ ਘਰ ਦੇ ਸਾਹਮਣੇ ਖੂਹ ਸੀ ਤੇ ਉਸ ਉਤੇ ਬੇਰੀ ਸੀ। ਮੇਰੇ ਇਸ ਸ਼ਰੀਕ ਨੇ ਕਿਸੇ ਨੂੰ ਇਹ ਕਿਹਾ ਕਿ ਪ੍ਰਸ਼ੰਨ ਕੌਰ ਨੂੰ ਆਖੋ ਕਿ ਇਹ ਮਕਾਨ ਸਾਨੂੰ ਪ੍ਰਾਹੁਣਿਆ ਵਾਸਤੇ ਦੇ ਦੇਵੇ ਨਹੀਂ ਤੇ ਅਸੀਂ ਇਥੇ ਖੂਹ 'ਤੇ ਨੰਗੇ ਹੋ ਕੇ ਨਹਾਵਾਂਗੇ। ਮੈਂ ਉਸਨੂੰ ਸੁਨੇਹਾ ਦਿੱਤਾ ਕਿ ਮੈਨੂੰ ਕੋਈ ਫ਼ਰਕ ਨਹੀਂ ਪੈਣ ਲੱਗਾ। ਸਾਰੀ ਦੁਨੀਆਂ ਦੇ ਕੁੱਤੇ ਨੰਗੇ ਹੀ ਫਿਰਦੇ ਹਨ। ਉਨ੍ਹਾਂ ਨੂੰ ਕਿਸੇ ਕੱਛੇ ਨਹੀਂ ਪਾਏ ਹੋਏ। ਸੋ ਇਹ ਘਰ ਸਾਡੇ ਕੋਲ ਹੀ ਰਿਹਾ। ਸਾਨੂੰ ਮੇਰੇ ਸਹੁਰੇ ਘਰ ਦਿਆਂ ਨੇ ਕਿਹਾ ਕਿ ਤੁਸੀਂ ਪਿੰਡੋਂ ਬਾਹਰ ਰਹਿੰਦੇ ਹੋ ਇਕੱਲੇ ਹੋ ਇਸ ਵਾਸਤੇ ਸਮਾਨ ਲੈ ਕੇ ਥੋੜੇ ਦਿਨ ਇਥੇ ਆ ਜਾਓ। ਪਰ ਮੈਂ 'ਵੇਖੀ ਜਾਏਗੀ, ਸਾਇਦ ਅਸੀਂ ਨਨਕਾਣੇ ਸਾਹਿਬ ਹੀ ਚਲੇ ਜਾਈਏ।' ਹਲਾਤ ਦਿਨੋ-ਦਿਨ ਖਰਾਬ ਹੁੰਦੇ ਗਏ। ਮੈਨੂੰ ਚੈਨ ਨਹੀਂ ਸੀ ਆਉਂਦੀ। ਮੈਂ ਹਰ ਵੇਲੇ ਆਸ-ਪਾਸ ਦੀ ਸੂਹ ਰੱਖਦੀ ਸੀ। ਜੇ ਮੈਂ ਆਪਣੇ ਪਤੀ ਨੂੰ ਕੋਈ ਗੱਲ ਦੱਸਣੀ ਤਾਂ ਮੇਰੀ ਗੱਲ ਦਾ ਯਕੀਨ ਨਾ ਕਰਨਾ। ਇਹ ਹੀ ਆਖਣਾ ਕਿ ਅਸੀਂ ਸਯਦੂ ਨੂੰ ਵੋਟ ਦਿੱਤੇ ਹਨ। ਉਹ ਸਾਡੇ ਮਾਂ-ਬਾਪ ਜਾਇਆ ਵਰਗਾ ਹੈ। ਸਾਨੂੰ ਉਸ ਤੇ ਭਰੋਸਾ ਹੈ।

ਸਾਡੇ ਪਿੰਡ ਇਕ ਮੁਸਲਮਾਨ ਰਹਿੰਦਾ ਸੀ ਉਹ ਸਾਡੇ ਘਰ ਦੀਆਂ ਸਾਰੀਆਂ ਖ਼ਬਰਾਂ ਮੁਸਲਮਾਨਾਂ ਨੂੰ ਦਿਆ ਕਰਦਾ ਸੀ। ਉਸ ਨੂੰ ਘਰ ਬਾਰੇ ਇਕ ਇਕ ਗੱਲ ਦਾ ਪਤਾ ਸੀ। ਸਾਰੇ ਜੀਆਂ ਨੂੰ ਉਸਨੇ ਆਪਣੇ ਵਿਸ਼ਵਾਸ ਵਿਚ ਲਿਆ ਹੋਇਆ ਸੀ। ਜਿਸ ਵੇਲੇ ਇਕ-ਦਮ ਹਲਾਤ ਵਿਗੜ ਗਏ ਤਾਂ ਸਾਰੇ ਜੀਆਂ ਨੇ ਤਿਆਰੀਆਂ ਕਰ ਲਈਆਂ ਕਿ ਅੱਜ ਰਾਤੋ-ਰਾਤ ਪਿੰਡ ਛੱਡ ਕੇ ਟੁਰ ਚਲੀਏ। ਇਸ ਦੌਰਾਨ ਜਿੰਨੀਆਂ ਵੀ ਸਾਡੇ ਘਰ ਬੰਦੂਕਾਂ ਅਤੇ ਹੋਰ ਹਥਿਆਰ ਸੀ ਉਹ ਨਾਲ ਦੇ ਪਿੰਡ ਵਾਲੇ ਲੈ ਕੇ ਗਏ ਸਨ। ਜਦੋਂ ਇਸ ਸਾਰੀ ਤਿਆਰੀ ਦਾ ਇਰਾਈਂ ਨੂੰ ਪਤਾ ਲੱਗਿਆ ਤਾਂ ਉਸਨੇ ਜਾ ਕੇ ਵਿਰੋਧੀ ਧੜੇ ਨੂੰ ਦੱਸ ਦਿੱਤਾ ਕਿ ਬੰਦੇ ਕਿਆਂ

ਵਾਲੇ ਰਾਤੋ ਰਾਤ ਚੂੜ੍ਹਕਾਣੇ ਜਾਣ ਲੱਗੇ ਹਨ ਅਤੇ ਉਨ੍ਹਾਂ ਕੋਲ ਅੱਜ ਕਿਸੇ ਵੀ ਕਿਸਮ ਦੇ ਹਥਿਆਰ ਵੀ ਨਹੀਂ ਹਨ। ਉਹ ਸਾਨੂੰ ਉਪਰੋਂ ਉਪਰੋਂ ਸਾਡੇ ਨਾਲ ਰਹਿਮਦਿਲੀ ਵਿਖਾਉਂਦਾ ਸੀ। ਉਨ੍ਹਾਂ ਦੋਵਾਂ ਜੀਆਂ ਨੇ ਸਮਾਨ ਬੰਨਣ ਵਿਚ ਸਾਡੀ ਮੱਦਦ ਕੀਤੀ ਅਤੇ ਉਧਰ ਜਾ ਕੇ ਸੂਹ ਦੇ ਦਿੱਤੀ ਕਿ ਬੰਦੇਕਿਆਂ ਨੂੰ ਘੇਰਾ ਪਾਉਣ ਦਾ ਵਧੀਆ ਵੇਲਾ ਹੈ। ਨਾਲ ਦੇ ਪਿੰਡ 'ਬਾਵੀ ਵਾਲੇ' ਵਿੱਚ ਮੁਸਲਮਾਨਾਂ ਨੇ ਰੌਲਾ ਪਾ ਦਿੱਤਾ ਤਾਂ ਕਿ ਬੰਦੇਕਿਆਂ ਵਾਲੇ ਸਾਰੇ ਇਧਰ ਪਹੁੰਚ ਜਾਣਗੇ ਉਹੀ ਗੱਲ ਹੋਈ। ਜਿੰਨੇ ਵੀ ਸਾਡੇ ਘਰ ਆਦਮੀ ਸਨ ਉਹ ਭੱਜੇ ਭੱਜੇ ਬਾਵੀ ਵਾਲਿਆਂ ਦੀ ਮਦਦ ਵਾਸਤੇ ਗਏ। ਇਸ ਸਮੇਂ ਸਯਦੂ ਇਰਾਈ ਵੀ ਨਾਲ ਹੀ ਗਿਆ। ਉਹ ਉਪਰੋ ਪੂਰੀ ਹਮਦਰਦੀ ਵਿਖਾ ਰਿਹਾ ਸੀ। ਇਨ੍ਹਾਂ ਦੇ ਜਾਂਦਿਆਂ ਨੂੰ ਉਥੇ ਕੁਝ ਵੀ ਨਹੀਂ ਸੀ। ਸਾਰੇ ਸੁੱਤੇ ਪਏ ਸਨ। ਰੌਲਾ ਸੁਣ ਕੇ ਸਾਰੇ ਭੱਜੇ ਫਿਰਨ ਚਾਰ-ਚੁਫੇਰੇ ਹਾਹਾਕਾਰ ਮੱਚ ਗਈ। ਕਿਸੇ ਨੂੰ ਕੋਈ ਵੀ ਰਾਹ ਨਹੀਂ ਸੀ ਲੱਭ ਰਿਹਾ ਕਿ ਉਹ ਕਿਸ ਪਾਸੇ ਜਾਣ।

ਜਿਸ ਵੇਲੇ ਬਾਵੀ ਵਾਲੇ ਰੌਲਾ ਪਿਆ ਤੇ ਮੇਰੇ ਜੇਠ ਦਾ ਪੁੱਤਰ ਗੁਰਦਿਆਲ ਬਾਹਰ ਵਾਰ ਰਾਤ ਦੇ 10 ਕੁ ਵੇਲੇ ਕੰਧੋਂ ਅਵਾਜ਼ਾਂ ਮਾਰਨ ਲੱਗਾ , "ਚਾਚਾ ਜੀ ਚਾਚਾ ਜੀ, ਬਾਵੀ ਵਾਲੇ ਧਾੜ ਪੈ ਗਈ ਏ। ਚਾਚਾ ਮਾਹਣਾ ਆਖਦਾ ਹੈ ਕਿ ਚਾਚੇ ਸ਼ੰਗਾਰੇ ਨੂੰ ਆਖ ਜਿਹੜਾ ਵੀ ਕੋਈ ਹਥਿਆਰ ਕੋਲ ਹੈਸੂ ਲੈ ਕੇ ਛੇਤੀ ਛੇਤੀ ਆ ਜਾਏ। ਜਦੋਂ ਮੈਂ ਇਹ ਗੱਲ ਸੁਣੀ ਤਾਂ ਮੈਂ ਗੁਰਦਿਆਲ ਨੂੰ ਆਖਿਆ ਜਿਸ ਵੇਲੇ ਦੀ ਉਡੀਕ ਸੀ ਉਹ ਹੁਣ ਆ ਗਿਆ ਜੇ। ਇਹ ਬੰਦੇ ਬਾਵੀ ਕਿਆ ਨੂੰ ਨਹੀਂ ਪਏ ਇਹ ਬੰਦੇਕਿਆਂ ਨੂੰ ਪਏ ਨੇ ਉਨ੍ਹਾਂ ਨੂੰ ਆਖ ਘਰ ਪਰਤ ਆਉਣ ਤੇ ਆਪਣੇ ਜੀਆਂ ਦੀ ਸੰਭਾਲ ਕਰ ਲੈਣ। ਮੈਂ ਇਨ੍ਹਾਂ ਦੇ ਪਿਤਾ ਨੂੰ ਨਹੀਂ ਜਾਣ ਦਿੱਤਾ। ਨੇਜ਼ਾ ਮੈਂ ਕੰਧੋਂ ਬਾਹਰ ਉਸਨੂੰ ਫੜਾ ਦਿੱਤਾ। ਆਸਮਾਨ ਤੇ ਬੱਦਲ ਕਾੜ ਕਾੜ ਗਰਜ ਰਹੇ ਸਨ। ਬਿਜਲੀ ਦੇ ਕੜਕਣ ਵਿਚ ਹੀ ਗੁਰਦਿਆਲ ਵਾਪਸ ਮੁੜ ਗਿਆ। ਅਜੇ ਉਹ ਗਿਆ ਹੀ ਸੀ ਕਿ ਸਾਨੂੰ ਉੱਚੀ ਉੱਚੀ ਰੌਲੇ ਦੀ ਆਵਾਜ਼ ਸੁਣਨ ਲੱਗ ਪਈ। ਸਾਡੇ ਰੋਮ ਤੇ ਕੰਨ ਖੜੇ ਹੋ ਗਏ। ਉੱਚੀ ਉੱਚੀ ਆਵਾਜ਼ਾਂ ਆ ਰਹੀਆਂ ਸਨ। ਯਾ ਅੱਲਾ-ਯਾ ਅੱਲਾ ! ਧਾੜ ਦੀ ਧਾੜ ਸਾਡੀ ਡਿਊੜੀ ਵਿੱਚ ਆ ਕੇ ਪੈ ਗਈ। ਰਾਹ ਵਿੱਚ ਗੁਰਦਿਆਲ ਨੂੰ ਉਸਦਾ ਚਾਚਾ ਮਿਲਿਆ ਉਸਨੇ ਆਖਿਆ ਤੂੰ ਕਿਧਰੇ ਸੁਹ ਲੈ ਕੇ ਆ ਗਿਆ ਅਸੀਂ ਤੇ ਇਥੇ ਘੇਰੇ ਵਿਚ ਆਏ ਪਏ ਹਾਂ। ਗੁਰਦਿਆਲ ਦਾ ਜਵਾਬ ਸੀ, 'ਚਾਚਾ ਜੇ ਸਾਡੀਆਂ ਭੈਣਾਂ ਉਹ ਲੈ ਗਏ ਜਾਂ ਖਤਮ ਕਰ ਦਿੱਤੀਆਂ ਤੇ ਸਾਡੇ ਜਿਉਣ ਦਾ ਕੀ ਹੱਜ ਹੈ। ਅਸੀਂ ਆਪਣੀ ਜਾਨ ਬਚਾ ਕੇ ਕੀ ਕਰਨੀ ਹੈ। '

ਘਰ ਅੱਗੇ ਦੁਸ਼ਮਣ ਖਲੋਤੇ ਹੋਏ ਸੀ ਉਨ੍ਹਾਂ ਉਸ ਨੂੰ ਘਰੋਂ ਵੜਨ ਤੋਂ ਪਹਿਲਾਂ ਹੀ ਨੇਜ਼ੇ ਮਾਰ ਮਾਰ ਕੇ ਵਿੰਨ ਦਿੱਤਾ। ਅੱਗੇ ਮੇਰਾ ਪਤਿਓਰਾ ਘੋੜੀ ਤੇ ਚੜ੍ਹ ਕੇ ਘਰ ਵੱਲ ਭੱਜਾ ਆ ਰਿਹਾ ਸੀ ਉਸਨੂੰ ਵੀ ਦੁਸ਼ਮਣਾ ਨੇ ਘੋੜੀ ਤੇ ਹੀ ਟੁੰਬ ਲਿਆ। ਇਸ ਤੋਂ ਬਾਅਦ ਉਸਦਾ ਭਤੀਜਾ ਵੀ ਉਨ੍ਹਾਂ ਨੇ ਇਕ ਦਮ ਜ਼ਮੀਨ ਤੇ ਲਿਟਾ ਦਿੱਤਾ। ਉਸਤੋਂ ਛੋਟਾ ਵੀ ਆਪਣੇ ਘਰ ਜਾ ਰਿਹਾ ਸੀ ਅਤੇ ਨਾਲ ਹੀ ਮੇਰੀ ਦਰਾਣੀ ਦਾ ਭਤੀਜਾ ਸੀ ਉਹ ਵੀ ਮੁਸਲਮਾਨਾਂ ਮਾਰ ਮੁਕਾਏ। ਉਹ ਆਪਣੀ ਭੂਆ ਨੂੰ ਅਤੇ ਉਸਦੇ ਗਹਿਣੇ ਲੈ ਕੇ ਕੰਧ ਟੱਪ ਚੱਲਿਆ ਸੀ ਉਹ ਵੀ ਉਥੇ ਮਾਰ ਮੁਕਾਏ। ਸਾਡੀਆਂ ਅੱਖਾਂ ਸਾਹਮਣੇ ਸਾਡੇ ਘਰ ਦੇ ਕਤਲ ਹੋ ਰਹੇ ਸਨ। ਇਹ ਦ੍ਰਿਸ਼ ਵੇਖ ਕੇ ਭਿੰਡਰ ਗਸ਼ ਖਾ ਗਈ।

ਸਾਡੀ ਡਿਉੜੀ ਦਾ ਬੜਾ ਵੱਡਾ ਗੇਟ ਸੀ। ਉਸਨੂੰ ਬਹੁਤ ਵੱਡਾ ਤਾਲਾ ਲੱਗਾ ਹੋਇਆ ਸੀ। ਉਹ ਤਾਂ ਦੁਸ਼ਮਣਾਂ ਕੋਲੋਂ ਟੁਟ ਨਾ ਸਕਿਆ। ਉਨ੍ਹਾਂ ਨੇ ਬਾਰੀ ਤੋੜ ਲਈ ਤੇ ਅੰਦਰ ਆ ਵੜੇ। ਸਾਰੀ ਹਵੇਲੀ ਇਕ ਕਿਲ਼ੇ ਦੀ ਤਰ੍ਹਾਂ ਸੀ। ਬਹੁਤ ਹੀ ਉੱਚੀਆਂ ਕੰਧਾਂ ਸਨ। ਉਹ ਸਾਰੇ ਅੰਦਰ ਆ ਵੜੇ ਸਨ। ਅੱਗੇ ਮੇਰੇ ਸਹੁਰਾ ਜੀ ਬਾਪੂ ਜੀ ਸੁੱਤੇ ਪਏ ਸਨ। ਸਭ ਤੋਂ ਪਹਿਲਾਂ ਉਨ੍ਹਾਂ ਬਾਪੂ ਦੇ ਢਿੱਡ ਵਿਚ ਨੇਜਾ ਮਾਰ ਕੇ ਉਸ ਨੂੰ ਮਾਰ ਮੁਕਾਇਆ। ਇਸ ਸਾਰੇ ਹਸ਼ਰ ਨੂੰ ਵੇਖ ਕੇ ਮੇਰੇ ਦਿਓਰ ਨੇ ਉਦੋਂ ਹੀ ਇਕ ਮੁੰਡੇ (ਪਾਲੇ) ਨੂੰ ਘੱਲਿਆ ਕਿ ਜਾ ਕੇ ਤਾਏ ਨੂੰ ਆਖ ਕਿ ਇਥੇ ਤਾਂ ਸਾਰੇ ਜੀਅ ਖ਼ਤਮ ਹੋ ਗਏ ਨੇ। ਕੁਝ ਪਤਾ ਨਹੀਂ ਚੱਲ ਰਿਹਾ ਕਿ ਕਿੰਨੇ ਕੁ ਬਚੇ ਹਨ ਕਿ ਨਹੀਂ। ਜਦੋਂ ਪਾਲੇ ਨੂੰ ਮੇਰੇ ਜੇਠ ਦੇ ਮੁੰਡੇ ਨੂੰ ਕੰਧੋਂ ਹਨੇਰੇ ਵਿਚ ਰਾਤ ਵੇਲੇ ਛਾਲ ਮਾਰੀ ਤਾਂ ਅਸੀਂ ਡਰ ਗਏ ਕਿ ਦੁਸ਼ਮਨਾਂ ਨੇ ਹਮਲਾ ਕਰ ਦਿੱਤਾ ਏ। ਉਹ ਡਰਿਆ ਡਰਿਆ ਤੇ ਹਫ਼ਦਾ ਹਫ਼ਦਾ ਅੰਦਰ ਆਇਆ, 'ਬਾਪੂ ਜੀ ਜੀਆਂ ਨੂੰ ਲੈ ਕੇ ਛੇਤੀ ਨਾਲ ਨਿਕਲ ਜਾਈਏ ਜਿਧਰ ਵੀ ਸੂਤ ਲੱਗਦਾ ਏ।

ਮੁਸਲਿਆਂ ਨੇ ਪਿੰਡ ਵੱਢ-ਟੁੱਕ ਕਰ ਦਿੱਤੀ ਏ। ਉਹ ਇਧਰ ਵੀ ਆਉਣ ਵਾਲੇ ਨੇ। ਇਸ ਵੇਲੇ ਦੀ ਹਾਹਾਕਾਰ ਤੋਂ ਮੈਂ ਦੋ ਕੰਨਸਤਰ ਮਿੱਟੀ ਦੇ ਤੇਲ ਦੇ ਲਿਆ ਰੱਖੇ ਸੀ ਕਿ ਜੇ ਦੁਸ਼ਮਨ ਵਾਰ ਕਰਨਗੇ ਤਾਂ ਮਿੱਟੀ ਦਾ ਤੇਲ ਪਾ ਮੁਕ ਜਾਵਾਂਗੇ। ਅਤੇ ਹਮੇਸ਼ਾ ਹੀ ਮਾਚਿਸ ਆਪਣੇ ਕੋਲ ਰੱਖਦੀ ਕਿ ਪਤਾ ਨਹੀਂ ਕਿਸ ਤਰ੍ਹਾਂ ਦਾ ਵਕਤ ਆਵੇਗਾ? ਇਨ੍ਹਾਂ ਦੇ ਪਿਤਾ ਜੀ ਆਖਣ ਲੱਗੇ ਕਿ ਛੇਤੀ ਕਰੋ ਘਰੋਂ ਨਕਲ ਚਲੀਏ। ਮੈਂ ਸੋਚਣ ਲਗ ਪਈ ਚਾਰ-ਚੁਫੇਰੇ ਅੱਗ ਲਗ ਗਈ ਏ। ਥਾਂ ਥਾਂ ਦੁਸ਼ਮਣਾਂ ਦੇ ਅੱਡੇ ਬਣ ਗਏ ਨੇ ਅਸੀਂ ਕਿਸ ਪਾਸੇ ਨੂੰ ਮੂੰਹ ਕਰਾਂਗੇ। ਚੰਗਾ ਏ ਆਪਣੀ ਇੱਜਤ ਬਚਾ ਲਈਏ ਅਤੇ ਇਥੇ ਹੀ ਆਪਣੇ 'ਤੇ ਅਤੇ ਬੱਚੀਆਂ 'ਤੇ ਤੇਲ ਪਾ ਕੇ ਏਥੇ ਹੀ ਸੜ ਜਾਈਏ। ਮੈਂ ਦੋਵੇਂ ਪੀਪੇ ਤੇਲ ਦੇ ਖੋਲ੍ਹ ਲਏ ਅਤੇ ਤਸਲਿਆਂ ਵਿਚ ਤੇਲ ਪਾ ਲਿਆ ਕਿ ਜੇ ਮੁਸਲਮਾਨ ਆ ਵੜੇ ਤੇ ਤੇਲ ਛਿੜਕ ਕੇ ਖ਼ਤਮ ਹੋ ਜਾਵਾਂਗੀ। ਪਰ ਇਨ੍ਹਾਂ ਦੇ ਪਿਤਾ ਨੂੰ ਇਹ ਮੰਨਜੂਰ ਨਹੀਂ ਸੀ ਉਹ ਆਖਣ ਲੱਗੇ ਬਾਹਰ ਨਿਕਲ, ਮੈਂ ਆਖਾਂ ਮੁਸਲਮਾਨਾਂ ਵੈਰੀਆਂ ਦੇ ਹੱਥੋਂ ਬਚਣ ਦਾ ਇਹੀ ਠੀਕ ਤਰੀਕਾ ਹੈ। ਤੁਸੀਂ ਟੁਰ ਜਾਓ, ਮੈਨੂੰ ਇਹ ਕੰਮ ਕਰ ਲੈਣ ਦਿਓ। ਇਨ੍ਹਾਂ ਦੇ ਪਿਤਾ ਦੇ ਪਾਲੇ ਨੂੰ ਆਖਿਆ ਚਲ ਪਾਲਿਆ ਭੈਣਾਂ ਨੂੰ ਚੁੱਕ ਤੇ ਆਪਾਂ ਚਲੀਏ ਜੇ ਇਹ ਨਹੀਂ ਆਉਂਦੀ ਤੇ ਆਪਾਂ ਕਿਸੇ ਪਾਸੇ ਮੂੰਹ ਕਰ ਲਈਏ। ਜਿਸ ਵੇਲੇ ਇਨ੍ਹਾਂ ਨੇ ਬੱਚੀਆਂ ਨੂੰ ਚੁੱਕ ਲਿਆ ਤੇ ਭਲਾ ਮੈਂ ਕਿਸ ਤਰ੍ਹਾਂ ਪਿੱਛੇ ਰਹਿ ਸਕਦੀ ਸੀ। ਢਿੱਡ ਦੀ ਆਂਦਰ ਨੇ ਮੈਨੂੰ ਵੀ ਇਨ੍ਹਾਂ ਦੇ ਮਗਰ ਲਾ ਲਿਆ। ਟੁਰਨ ਲੱਗਿਆ ਕਾਹਲ ਵਿਚ ਸਾਨੂੰ ਵੀ ਕੁਝ ਨਾ ਸੁਝਿਆ ਬਸ ਮੈਂ 50 ਰੁਪਏ ਹੀ ਘਰੋਂ ਫੜ ਸਕੀ ਅਤੇ ਅਤੇ ਇਕ ਸਾਡੀ ਵੱਡੀ ਬੱਚੀ ਅੰਮ੍ਰਿਤ ਦੀਆਂ ਚਾਂਦੀ ਦੀ ਚੈਨ ਸੀ ਜਿਹੜੀਆਂ ਕਿ ਰਾਤ ਨੂੰ ਉਸ ਨੇ ਪੈਰੋਂ ਉਤਾਰ ਕੇ ਸਿਰਹਾਣੇ ਰੱਖੀਆਂ ਹੋਈਆਂ ਸਨ ਉਹ ਵੀ ਅਸੀਂ ਲੈ ਲਈ। ਅਸੀਂ ਦਰਵਾਜ਼ਾ ਨਾ ਖੋਲਿਆ। ਘਰ ਦੇ ਪਿਛਲੇ ਪਾਸਿਓ ਕੰਧ ਟੱਪ ਕੇ ਬਾਹਰ ਆ ਗਏ। ਮੈਂ ਵੀ ਹੱਥ ਫੜ ਕੇ ਟੱਪ ਗਈ। ਉਸ ਵੇਲੇ ਮੀਂਹ ਜੋਰਾ ਤੇ ਸੀ ਪੁਰੇ ਦੀ ਸੀਤ ਹਵਾ ਹੱਢਾ ਵਿਚ ਵੜ ਰਹੀ ਸੀ। ਉਸ ਕਾਲੀ ਰਾਤ ਵਿਚ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕੀਤਾ ਕੀ ਜਾਵੇ। ਸਾਡੇ ਕੋਲ ਜਗਦੀ ਹੋਈ ਲਾਲਟੈਣ ਸੀ ਉਹ ਅਸੀਂ ਘਰੋਂ ਬਾਹਰ ਨਿਕਲ ਕੇ ਕਮਾਦ ਦੇ ਵਿੱਚ ਸੁੱਟ ਦਿੱਤੀ। ਨਾਲ ਇਸ ਵਾਸਤੇ ਨਾ ਰੱਖੀ ਕਿ ਸਾਡਾ ਪਤਾ ਨਾ ਚੱਲ ਜਾਏ। ਸਾਡੇ ਘਰ ਜੋੜਾ ਕੁੱਤਿਆਂ ਦਾ ਸੀ ਉਹ ਵੀ ਸਾਡੇ ਨਾਲ ਨਿਕਲ ਆਏ। ਅਸੀਂ ਘਰੋਂ ਨਿਕਲ ਕੇ ਕਮਾਦ ਵਿਚ ਬੈਠੇ ਰਹੇ। ਮੈਂ ਕਿਹਾ ਮੈਥੋਂ ਹੁਣ ਟੁਰਿਆ ਨਹੀਂ ਜਾਂਦਾ ਤੇ ਕਹਿਣ ਲੱਗੇ ਰਾਤ ਆਪਾਂ ਇਥੇ ਹੀ ਕਟੀਏ ਹੋ ਸਕਦਾ ਏ ਦਿਨ ਤਕ ਹਲਾਤ ਠੀਕ ਹੋ ਜਾਣਗੇ ਅਤੇ ਆਪਾਂ ਡੋਮੂ ਕੇ ਤੋਂ ਘੋੜੀ ਲੈ ਆਵਾਂਗੇ। ਡੋਮੂਕੇ ਮੇਰੀ ਵੱਡੀ ਭੈਣ ਵਿਆਹੀ ਹੋਈ ਸੀ। ਜਦੋਂ ਅਸੀਂ ਕਮਾਦ ਵਿੱਚ ਬੈਠੇ ਹੋਏ ਸੀ ਉਸ ਵੇਲੇ ਸਾਡੇ ਕੁੱਤਿਆਂ ਨੇ ਚਾਰ ਚੁਫ਼ੇਰੇ ਰੌਲਾ ਪਾਣਾ ਸ਼ੁਰੂ ਕਰ ਦਿੱਤਾ। ਉਹ ਡਰ ਦੇ ਮਾਰੇ ਇਧਰ-ਉਧਰ ਭੱਜਣ ਲੱਗ ਪਏ। ਅਸੀਂ ਸੋਚਿਆ ਸਾਡਾ ਇਥੇ ਬੈਠਣਾਂ ਵੀ ਠੀਕ ਨਹੀਂ ਜੇ ਕੁੱਤੇ ਇਸੇ ਤਰ੍ਹਾਂ ਰੋਲਾ ਪਾਂਦੇ ਰਹੇ ਤਾਂ ਦੁਸ਼ਮਨਾਂ ਨੂੰ ਸਾਡੀ ਭਾਲ ਹੋ ਜਾਏਗੀ ਅਤੇ ਅਸੀਂ ਫੜੇ ਜਾਵਾਂਗੇ। ਫਿਰ ਅਸੀਂ ਉਥੋਂ ਵੀ ਅਗਾਂ ਵਾਸਤੇ ਟੁਰ ਪਏ। ਦਲਦਲ ਤੇ ਚਿੱਕੜ ਵਿਚ ਰਾਤ ਦੇ ਸਮੇਂ ਮੇਰੇ ਪੈਰ ਖੁਭੀ ਜਾਣ ਇਸ ਹਾਲਤ ਵਿਚ ਮੈਂ ਕਿੰਨੀ ਵਾਰੀ ਡਿੱਗੀ। ਕਮਾਦ ਵਿਚ ਬੈਠ ਕੇ ਮੈਂ ਬੱਚੀਆਂ ਤੇ ਰਜਾਈ ਦੇ ਦਿੱਤੀ। ਜਦੋਂ ਕਮਾਦ ਵਿਚੋਂ ਨਿਕਲੇ ਤਾਂ ਸਾਨੂੰ ਸਾਡਾ ਮੁਜਾਰਾ ਇਰਾਈ ਮਿਲ ਪਿਆ। ਸਾਨੂੰ ਆਖਣ ਲੱਗਾ 'ਕੌਣ ਹੋ ਕਿਹੜੇ ਜਾਂਦੇ ਹੋ ਅਸੀਂ ਆਖਿਆ, 'ਬਈ ਤੂੰ ਕੌਣ ਏ?', 'ਜੀ ਮੈਂ ਰਮਜ਼ਾਨ।' ਅਸੀਂ ਆਖਿਆ, 'ਰਮਜ਼ਾਨ ਸਾਡਾ ਹਾਲ ਤੇ ਵੇਖਦਾ ਪਿਆ ਏ ਅਸੀਂ ਕਿਹੜੀ ਮੁਸੀਬਤ ਵਿੱਚ ਫਸੇ ਹੋਏ ਹਾਂ। ਤੇਰੀ ਸਰਦਾਰਨੀ ਕੋਲੋਂ ਤਾਂ ਟੁਰਿਆ ਵੀ ਨਹੀਂ ਜਾ ਰਿਹਾ। ਇਸ ਮੌਕੇ ਤੇ ਸਾਡੀ ਕੁਝ ਮਦਦ ਕਰ। ਜੇ ਹੋ ਸਕੇ ਤਾਂ ਤੂੰ ਸਾਨੂੰ ਡੋਮੂਕੇ ਤੋਂ ਘੋੜੀ ਲਿਆ ਦੇ।' ਉਸ ਆਖਿਆ , 'ਸਰਦਾਰ ਜੀ ਘੋੜੀ ਤੇ ਮੈਂ ਲਿਆ ਦਿਆਂਗਾ, ਪਰ ਮੈਨੂੰ ਘੋੜੀ ਕਿਸੇ ਲਿਆਉਣ ਨਹੀਂ ਦੇਣੀ ਅੱਗੇ ਤੇ ਸਾਰੀ ਮੁਸਲਕੀ ਹੀ ਮੁਸਲਕੀ ਖਲੋਤੀ ਏ। ਉਨ੍ਹਾਂ ਆਖਣਾ ਏ ਸਿੱਖੜਿਆਂ ਦੀ ਘੋੜੀ ਤੂੰ ਕਿਧਰ ਲਿਜਾ ਰਿਹਾ ਏ।' ਮੈਂ ਆਖਿਆ, 'ਰਮਜ਼ਾਨ ! ਅੱਜ ਦੀ ਰਾਤ ਤੂੰ ਸਾਨੂੰ ਆਪਣੇ ਕੋਲ ਨਹੀਂ ਰੱਖ ਸਕਦਾ? ਕੱਲ੍ਹ ਨੂੰ ਸ਼ਾਇਦ ਕੋਈ ਫ਼ੈਸਲਾ ਹੋ ਜਾਏ। ' ਉਸ ਆਖਿਆ 'ਬੇਬੇ ਜੇ ਤੁਹਾਡਾ ਮਨ ਜੰਮਦਾ ਏ ਤੇ ਤੁਸੀਂ ਜੀ ਸਦਕੇ ਰਹਿ ਸਕਦੇ ਹੋ। ਅਸੀਂ ਤੁਹਾਡੇ ਹੱਡਾ ਦੇ ਕੀੜੇ ਹਾਂ ਅਸੀਂ ਤੁਹਾਡਾ ਨਮਕ ਖਾਧਾ ਏ ਅਸੀਂ ਨਮਕ ਹਲਾਲ ਬਣਸਾਂ ਗੇ। ਆਪਣੇ ਚਿੱਤ ਦੀ ਤਸੱਲੀ ਕਰ ਲੋ। ਜੇ ਕੁਝ ਹੋਇਆ ਤਾਂ ਅਸੀਂ ਵੀ ਤੁਹਾਡੇ ਨਾਲ ਹੀ ਮਰਸਾਂ।'

ਇਸ ਤਰ੍ਹਾਂ ਸਾਨੂੰ ਰਾਤ ਵੇਲੇ ਕਿਧਰੇ ਵੀ ਜਾਣ ਨੂੰ ਥਾਂ ਨਾ ਲੱਭੀ ਤੇ ਆਖਰ ਅਸੀਂ ਰਮਜ਼ਾਨ ਦੇ ਘਰ ਹੀ ਟਿਕਣ ਦਾ ਫ਼ੈਸਲਾ ਕਰ ਲਿਆ। ਉਹ ਸਾਨੂੰ ਆਪਣੇ ਨਾਲ ਘਰ ਲੈ ਗਿਆ ਤੇ ਆਪਣੇ ਪਰਿਵਾਰ ਦੇ ਜੀਆਂ ਨੂੰ ਸਮਝਾਉਣ ਲੱਗਾ ਕਿ ਇਹ ਲੰਬਰਦਾਰ ਦੀ ਨੂਹੂੰ ਤੇ ਪੁੱਤਰ ਨੇ, ਨਾਲ ਉਨ੍ਹਾਂ ਦੇ ਬੱਚੇ ਹਨ, ਇਨ੍ਹਾਂ ਨੂੰ ਆਪਾਂ ਰਾਤ ਰੱਖਣੀ ਹੈ, ਕਿਸੇ ਨੂੰ ਇਨ੍ਹਾਂ ਦਾ ਪਤਾ ਨਹੀਂ ਲਗਣਾ ਚਾਹੀਦਾ।' ਫਿਰ ਸਾਨੂੰ ਉਨ੍ਹਾਂ ਮੰਜੇ ਬਿਸਤਰੇ ਦਿੱਤੇ ਤੇ ਉਹ ਰੋਣ ਲੱਗ ਪਏ ਕਿ ਤੁਹਾਨੂੰ ਖ਼ੁਦਾ ਨੇ ਕਿਹੜੀ ਮੁਸੀਬਤ ਵਿੱਚ ਪਾ ਦਿੱਤਾ ਏ। ਸਾਡੀ ਇਸ ਤਰ੍ਹਾਂ ਦੀ ਤਰਸਯੋਗ ਹਾਲਤ ਵੇਖ ਕੇ ਉਹ ਸਾਡੇ ਨਾਲ ਹਰ ਤਰ੍ਹਾਂ ਦੀ ਹਮਦਰਦੀ ਕਰਨ ਲੱਗ ਪਏ। ਇਹ ਢਾਰੀ ਨੂਰੇ ਮਾਹਾਰ (ਇਰਾਈ) ਦੀ ਸੀ ਤੇ ਇਹ ਸਾਡੇ ਪਿੰਡ ਦੇ ਬਿਲਕੁਲ ਨਾਲ ਹੀ ਸੀ। ਮੈਨੂੰ ਉਥੇ ਬੈਠਿਆਂ ਹੋਇਆ ਪਿੰਡ ਦਾ ਚੀਕ-ਚਿਹਾੜਾ ਸੁਣਾਈ ਦੇ ਰਿਹਾ ਸੀ। ਮੈਨੂੰ ਉਥੇ ਬੈਠ ਕੇ ਬਿਲਕੁਲ ਵੀ ਚੈਨ ਨਹੀਂ ਸੀ ਆ ਰਿਹਾ, ਧਿਆਨ ਮੇਰਾ ਪਿੱਛੇ ਹੀ ਸੀ। ਮੇਰਾ ਹਲ਼ਕ ਸੁਕਦਾ ਜਾਏ ਤੇ ਮੈਂ ਪਾਣੀ ਪੀਤੀ ਜਾਵਾਂ, ਪੇਸ਼ ਨਾ ਜਾਏ ਕਿ ਕੀਤਾ ਕੀ ਜਾਏ। ਮੈਂ ਉਨ੍ਹਾਂ ਦੇ ਘਰ ਦੇ ਜੀਆਂ ਤੋਂ ਪੁੱਛਿਆ ਕਿ ਬਾਬੇ ਸ਼ਾਬਲ ਨੂੰ ਜ਼ਰਾ ਬੁਲਾ ਦਿਓ। ਜਦੋਂ ਉਹ ਆ ਗਿਆ ਤੇ ਮੈਂ ਆਖਿਆ, "ਬਾਬਾ ਜੀ ਇਹ ਵਕਤ ਜਿਹੜਾ ਬਣ ਗਿਆ ਏ ਇਸ ਦੇ ਲਈ ਤੁਹਾਨੂੰ ਪਤਾ ਸੀ ਤਾਂ ਤੁਸੀਂ ਸਾਨੂੰ ਦੱਸਿਆ ਕਿਓਂ ਨਹੀਂ। ਮੈਂ ਤੁਹਾਨੂੰ ਆਖਦੀ ਹੁੰਦੀ ਸੀ ਕਿ ਬਾਬਾ ਜੀ ਜੇ ਕੋਈ ਇਸ ਤਰ੍ਹਾਂ ਦੀ ਗਲ਼ ਹੋਣੀ ਹੈ ਤੇ ਸਾਨੂੰ ਪਹਿਲਾਂ ਹੀ ਇਤਲਾਹ ਦੇ ਦੇਣੀ।'

ਉਹ ਆਖਣ ਲੱਗਾ ਤੇ "ਇਮਾਨ ਤੇ ਅੱਲਾ ਦਾ ਯਕੀਨ ਕਰ ਮੈਂ ਸੱਚ ਆਖਦਾ ਹਾਂ ਕਿ ਸਾਨੂੰ ਕੋਈ ਪਤਾ ਨਹੀਂ ਲੱਗਾ ਕਿ ਇਹ ਗੱਲ ਬਣ ਜਾਣੀ ਏ। ਇਹ ਦੂਜੇ ਧੜੇ ਦੀ ਸ਼ਰਾਰਤ ਏ। ਇਹ ਸਭੋ ਕੁਝ ਕਰਵਾਉਣ ਵਾਲਾ ਸਯਦੂ ਹੀ ਹੈ। ਸਾਡੀ ਕੋਈ ਮਨਸ਼ਾ ਨਹੀਂ ਸੀ ਕਿ ਸਰਦਾਰ ਖੁਸ਼ਹਾਲ ਸਿੰਘ ਦੇ ਜੀਆਂ ਨਾਲ ਇਹ ਕਹਿਰ ਵਰਤ ਜਾਏ। ਮੈਂ ਫਿਰ ਆਖਿਆ ਬਾਬਾ ਜੀ ਹੁਣ ਕੀ ਕੀਤਾ ਜਾਏ ਹੁਣ ਕੋਈ ਚਾਰਾ ਲਾਓ ਤੇ ਸਾਨੂੰ ਕਿਸੇ ਤਰ੍ਹਾਂ ਇਥੋਂ ਕੱਢੋ।' ਜਦੋਂ ਬਾਬਾ ਸਾਡੇ ਘਰ ਆਉਂਦਾ ਸੀ ਤਾਂ ਮੈਂ ਘੁੰਡ ਨਹੀਂ ਸੀ ਕੱਢਦੀ। ਮੈਂ ਪਹਿਲਾਂ ਹੀ ਘੁੰਡ ਲਾਹ ਛੱਡਿਆ ਸੀ ਮੈਂ ਆਖਿਆ 'ਪਤਾ ਨਹੀਂ ਕਿਸ ਤਰ੍ਹਾਂ ਦਾ ਵਕਤ ਆਉਣ ਏ ਕਿਸ ਵੇਲੇ ਕਿਹਦੀ ਲੋੜ ਪੈ ਜਾਣੀ ਏ। ਆਖਦੀ ਹੁੰਦੀ ਸੀ ਕੀ ਪਤਾ ਬਾਬਾ ਸਾਨੂੰ ਤੁਹਾਡੀ ਲੋੜ ਪੈ ਜਏ।' ਉਸ ਆਖਿਆ, 'ਬੱਚਿਆ ਸਾਡੇ ਦੋ ਠੱਠੀਆਂ (ਮੁਹੱਲੇ) ਨੇ ਉਸ ਵਿਚ ਡੇਢ ਸੋ ਬੰਦਾ ਮੇਰੇ ਆਪਣੇ ਘਰ ਦਾ ਹੈ ਤੁਹਾਡੇ ਦੁਆਲੇ ਐਣ ਵਾੜ ਵਾਂਗੂੰ ਖਲੋਸਾ ਜੇ ਕੋਈ ਵੇਲਾ ਆ ਵੀ ਗਿਆ ਤਾਂ ਪਹਿਲਾ ਇਹ ਡੇਢ ਸੋ ਖ਼ਤਮ ਹੋਸੀ ਫੇਰ ਤੁਹਾਨੂੰ ਕੋਈ ਹੱਥ ਪਾਏਗਾ।' ਉਸਨੇ ਮੇਰੇ ਸਿਰ ਤੇ ਪਿਆਰ ਦਿੱਤਾ, ਤੇ ਆਖਿਆ 'ਬੱਚਿਆ ਤੂੰ ਤਸੱਲੀ ਰੱਖ।' ਬਾਬੇ ਨੇ ਆਪਣੀਆਂ ਸਾਰੀਆਂ ਠੱਠੀਆਂ (ਮੁਹੱਲੇ) ਦੇ ਆਦਮੀਆਂ ਨੂੰ ਅਧਿਕਾਰ ਦੇ ਕੇ ਖਲਾਰ ਦਿੱਤਾ ਤਾਂ ਕਿ ਕੋਈ ਐਸੀ ਗਲ ਨਾ ਹੋ ਜਾਏ।

ਠੱਠੇ ਢਾਰੀ ਦੇ ਵਿੱਚ ਹੀ ਸਾਡੇ ਪਿੰਡ ਦੇ ਕਈ ਕੰਮੀ ਕਮੀਨ ਆ ਗਏ। ਉਨ੍ਹਾਂ ਨੂੰ ਕਿਸੇ ਤਰ੍ਹਾਂ ਪਤਾ ਚਲ ਗਿਆ ਕਿ ਬੰਦੇਕਿਆ ਦੇ ਜੀਅ ਇਥੇ ਵੀ ਹੈਣ। ਮੇਰੇ ਬਾਗ਼ ਦਾ ਮਾਲੀ ਹਦੈਤੂ ਨੇ ਮੈਨੂੰ ਉਥੇ ਵੇਖ ਲਿਆ ਤੇ ਉੱਚੀ ਉੱਚੀ ਰੋਣ ਲਗ ਪਿਆ ਆਖਣ ਲੱਗਾ, 'ਚਾਚੀ ਜੀ ਘਰ ਵਿੱਚ ਤੇ ਬਹੁਤ ਬੁਰੀ ਹੋ ਗਈ ਏ' (ਬੱਚਿਆਂ ਦੀ ਰੀਸ ਨਾਲ ਮੈਨੂੰ ਚਾਚੀ ਸਦਦਾ ਹੁੰਦਾ ਸੀ) ਮੈਂ ਆਖਿਆ, "ਹਦੈਤੂ ਜੋ ਕੁਝ ਹੋ ਗਿਆ ਠੀਕ ਏ ਤੁਸੀਂ ਸਾਥੋਂ ਪਾਸੇ ਟੁਰ ਜਾਓ ਤੇ ਕਿਸੇ ਨੂੰ ਦੱਸਿਆ ਨਾ ਜੇ ਕਿ ਅਸੀਂ ਏਥੇ ਪਨਾਹ ਲੈ ਰੱਖੀ ਹੈ ਕਿਉਂ ਜੋ ਉਸ ਸਾਨੂੰ ਖ਼ਤਮ ਹੀ ਨਾ ਕਰ ਦੇਣ।' ਆਖਣ ਲੱਗਾ, 'ਬੇਬੇ ਅੱਲ੍ਹਾਂ ਨੂੰ ਜਾਮਣ ਰੱਖ ਪਾਹਲੂ ਅਸੀਂ ਖ਼ਤਮ ਹੋਮਾਂਗੇ ਫਿਰ ਤੁਹਾਨੂੰ ਕੋਈ ਛੇੜੇਗਾ। ਅਸੀਂ ਤਾਂ ਤੁਹਾਡੀ ਹਮੈਇਤ ਕਰਦੇ ਹਾਂ ਇਸ ਕਾਰਨ ਦੂਜੇ ਧੜੇ ਵਾਲੇ ਸਾਡੇ ਬਰ-ਖ਼ਿਲਾਫ਼ ਹੋ ਗਏ ਹਨ। ਸਾਨੂੰ ਇਸ ਗੱਲ ਨਾਲ ਵਿਸ਼ਵਾਸ ਹੋ ਗਿਆ। ਹਦੈਤੂ ਨੇ ਇਹ ਗੱਲ ਦੱਸੀ ਕਿ ਬਾਪੂ ਜੀ ਨੂੰ ਕਾਫ਼ਰਾਂ ਨੇ ਡਿਉੜੀ ਵਿੱਚ ਹੀ ਬਲਮਾਂ ਮਾਰ ਮਾਰ ਕੇ ਖ਼ਤਮ ਕਰ ਦਿੱਤਾ ਹੈ।

ਜਦੋਂ ਇਸ ਰੌਲ਼ੇ ਦਾ ਡਰ ਹੋ ਰਿਹਾ ਸੀ ਉਨ੍ਹੀਂ ਦਿਨੀਂ ਮੇਰੇ ਜੇਠ ਦੀ ਲੜਕੀ (ਤੇਜ਼ੋ) ਆਪਣੇ ਕੋਲ ਹਮੇਸ਼ਾ ਹੀ ਚਾਕੂ ਰੱਖਦੀ ਸੀ। ਤੇ ਤਦੋਂ ਉਸਨੂੰ ਬੈਠਕ ਵਿੱਚ ਮੁਸਲਮਾਨ ਮਾਰਨ ਲੱਗੇ ਅਤੇ ਬਾਹਰ ਕੱਢਣ ਲੱਗੇ ਤੇ ਉਸਨੇ ਇਕ ਮੁਸਲਮਾਨ ਨੂੰ ਉਹ ਚਾਕੂ ਵੱਖੀ ਵਿੱਚ ਮਾਰ ਦਿੱਤਾ। ਉਹ ਆਦਮੀ ਹਾਲ ਦੁਹਾਈ ਪਾਣ ਲੱਗ ਪਿਆ। 'ਮੈਇਨੂੰ ਲੈ ਗਈ ਜੇ ਬਲਾਂ' ਦੂਜਾ ਆਖਣ ਲੱਗਾ ਛੇਤੀ ਕਰਕੇ ਤੀਲੀ ਬਾਲ ਕੇ ਇਸ ਬਲਾਂ ਦੀ ਸਿਆਣ ਕਰ ਲੈ ਇਥੋਂ ਬਾਹਰ ਕੱਢ ਕੇ ਅਸੀਂ ਇਸਨੂੰ ਪੁਛਾਂਗੇ।

ਜਿਵੇਂ ਜਿਵੇਂ ਭੈਣਾਂ ਖੂਹ ਵਿੱਚ ਡਿੱਗਣ ਜਾਂਦੀਆਂ ਸੀ ਇਹਨਾਂ ਨੇ ਉਵੇਂ ਉਵੇਂ ਉਨ੍ਹਾਂ ਨੂੰ ਮਾਰ ਮਾਰ ਕੇ ਪਿੱਛੇ ਭਜਾ ਦਿੱਤਾ ਅਤੇ ਸਾਰੇ ਖੂਹ ਦੇ ਚੁਫੇਰੇ ਘੇਰਾ ਪਾ ਲਿਆ ਹੈ ਤਾਂ ਕਿ ਕੋਈ ਵੀ ਵਿੱਚ ਡਿੱਗ ਨ ਪਵੇ। ਫਿਰ ਉਹ ਸਾਰੀਆਂ ਨੇ ਬੈਠਕ ਵਿੱਚ ਵੜ ਕੇ ਉਤੋਂ ਕੁੰਡਾ ਲਾ ਲਿਆ ਉਨ੍ਹਾਂ ਦੇ ਨਾਲ ਇਕ ਤੁਹਾਡਾ ਦਿਓਰ ਵੀ ਹੈ। ਮਾਂ ਜੀ ਕੋਠੇ ਦੀਆਂ ਪਉੜੀਆਂ ਵਾਲੀ ਜਗਾਹ ਥੱਲੇ ਚੂਨੇ ਵਾਲੀਆਂ ਬੋਰੀਆਂ ਦੇ ਓਹਲੇ ਲੁਕ ਗਏ ਅਤੇ ਨਾਲ 4-5 ਬੱਚਿਆਂ ਨੂੰ ਲੈ ਲਿਆ। ਦੁਸ਼ਮਨਾਂ ਨੇ ਉਨ੍ਹਾਂ ਨੂੰ ਨਹੀਂ ਸੀ ਵੇਖਿਆ। ਮਾਂ ਜੀ ਉੱਚੀ ਉੱਚੀ ਬੋਲਣ ਲਗ ਪਏ " ... ਵੇ ਪੁੱਤਰੋਂ ... ਵੇ ਬੱਚਿਓ ... ਵੇ ਲਿਆਓ ਬੰਦੂਕਾਂ ਵੇ ਮਾਰੋ ਇਨ੍ਹਾਂ ਪਾਪੀਆਂ ਨੂੰ ... ਵੇ ਲੁੱਟ ਗਏ ਸਾਨੂੰ। ਵੇ ਸਾਡੀਆਂ ਇੱਜ਼ਤਾਂ ਲੁੱਟ ਕੇ ਲੈ ਗਏ। ਇਹ ਮੁਸਲੇ ਨਮਕ ਹਰਾਮ।' ਜਦੋਂ ਉਨ੍ਹਾਂ ਮਾਂ ਨੂੰ ਰੌਲਾ ਪਾਉਂਦਿਆਂ ਵੇਖਿਆ ਉਨ੍ਹਾਂ ਬੱਚਿਆਂ ਨੂੰ ਅਤੇ ਮਾਂ ਨੂੰ ਬਲਮਾਂ ਮਾਰ ਮਾਰ ਕੇ ਵਿੰਨ ਛਡਿਆ ਲਹੂ ਦੇ ਛੱਪੜ ਵਿਚ ਉਹ ਅਧਮੋਏ ਜਿਹੇ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਕੁੜੀਆਂ ਵਾਲਾ ਬੈਠਕ ਦਾ ਦਰਵਾਜ਼ਾ ਭੰਨ ਦਿੱਤਾ ਅਤੇ ਮੇਰੇ ਦਿਓਰ (ਕੰਧਾਰੇ ਨੂੰ) ਦੇ ਸੀਨੇ ਵਿਚ ਪਹਿਲੀ ਬਲਮ ਮਾਰੀ ਅਤੇ ਉਹ ਆਪਣੀ ਭੈਣ ਦੀ ਝੋਲੀ ਵਿੱਚ ਲੁੜਕ ਕੇ ਡਿੱਗ ਪਿਆ ਅਤੇ ਉਥੇ ਹੀ ਮਰ ਗਿਆ।

ਸਾਡੇ ਘਰ ਦੀ ਸੇਪਣ ਜਿਹੜੀ ਸਾਰੇ ਘਰ ਦਾ ਗੋਹਾ ਕੂੜਾ ਕਰਦੀ ਸੀ ਉਹ ਰੋਂਦੀ ਹੋਈ ਆ ਗਈ ਤੇ ਆਖਣ ਲੱਗੀ, "ਬੇਬੇ ਵਿਰਕੇ ਪਿੰਡ ਤੇ ਸਾਰੀਆਂ ਸੁਆਣੀਆਂ ਨੂੰ ਅੱਗੇ ਲਾ ਕੇ ਸੈਯਦੂ ਖਾਂ ਦੇ ਢੇਰੇ ਲੈ ਗਏ ਹਨ। ਫਿਰ ਉਹ ਆਖਣ ਲੱਗੀ ਕਿ ਇਨ੍ਹਾਂ ਵਿੱਚ ਇੱਕ ਨੌਜਵਾਨ ਲੜਕੀ (ਬਾਲਾਂ) ਆਪਣੇ ਛੋਟੇ ਭਰਾ ਨੂੰ ਕੁਛੜ ਚੁੱਕ ਕੇ ਖਰਾਸ ਦੀ ਚੱਕਲੀ ਦੇ ਥਲੜੇ ਹਿੱਸੇ ਵਿਚ ਵੜ੍ਹ ਗਈ। ਮੁਸਲਿਆ ਨੇ ਉਹਨੂੰ ਵੀ ਬਾਹਰ ਕੱਢ ਲਿਆ। ਜਿਸ ਭਰਾ ਨੂੰ ਉਸ ਨੇ ਗੋਦੀ ਲਿਆ ਹੋਇਆ ਸੀ ਉਸਨੇ ਬੁਸ਼ਰਟ ਨਿੱਕਰ ਪਾਈ ਹੋਈ ਸੀ। ਬੁਸ਼ਰਟ ਦੇ ਬਟਨ ਸੋਨੇ ਵਰਗੇ ਸੀ। ਉਨ੍ਹਾਂ ਸਮਝਿਆ ਇਹ ਸੋਨੇ ਦੇ ਹਨ। ਉਨ੍ਹਾਂ ਬੱਚੇ ਨੂੰ ਬਲਮਾਂ ਮਾਰੀਆਂ ਅਤੇ ਲੜਕੀ ਨੂੰ ਵੀ ਨਾਲ਼ ਡੇਗ ਲਿਆ। ਉਸ ਨੇ ਆਪਣੇ ਭਰਾ ਨੂੰ ਬਚਾਉਣ ਵਾਸਤੇ ਉਸ ਉੱਤੇ ਆਪ ਡਿੱਗ ਪਈ ਸੀ ਉਨ੍ਹਾਂ ਨੇ ਬਲਮਾਂ ਨਾਲ ਲੜਕੀ ਨੂੰ ਵੀ ਵਿੰਨ ਦਿੱਤਾ। ਆਖਰ ਉਨ੍ਹਾਂ ਬੁਸ਼ਰਟ ਪਾੜ ਕੇ ਲਾਹ ਲਈ। ਉਹ ਤਿੰਨ ਆਦਮੀ ਉਸ ਨੂੰ ਮਾਰਨ ਲੱਗੇ ਹੋਏ ਸੀ, ਦੋ ਜਣੇ ਮੁੰਡੇ ਦੀ ਬੁਸ਼ਰਟ ਵਾਸਤੇ ਲੜਦੇ ਰਹੇ ਤੀਸਰਾ ਆਦਮੀ ਉਸਨੂੰ ਡੇਰੇ ਲੈ ਗਿਆ।"

ਸਾਡੀ ਕਾਮੀ ਮੋਚਨ ਨੇ ਇਹ ਵੀ ਦੱਸਿਆ ਕਿ ਬੀਬੀ ਕਰਤਾਰ ਕੌਰ ਆਪਣੀ ਬੱਚੀਆਂ ਸਮੇਤ ਇਕ ਨੁਕਰੇ ਲਗ ਕੇ ਖਲੋਤੀ ਹੋਈ ਸੀ ਉਸਨੂੰ ਦੁਸ਼ਮਣਾਂ ਨੇ ਨਾ ਵੇਖਿਆ। ਜਦੋਂ ਸਾਰਾ ਸਮਾਨ ਲੁੱਟਣ ਲਗ ਪਏ ਤੇ ਜਦੋਂ ਧੋਤੇ ਹੋਏ ਕੱਪੜਿਆਂ ਨੂੰ ਹੱਥ ਪਾਉਣ ਲਗੇ ਤਾਂ ਉਹ ਬੋਲ ਪਈ, ' ਵੇ ਵੀਰਾਂ ਇਨ੍ਹਾਂ ਕਪੜਿਆਂ ਨੂੰ ਤੇ ਨਾ ਲੈ ਕੇ ਜਾਓ, ਇਹ ਮੇਰੀਆਂ ਛੋਟੀਆਂ ਛੋਟੀਆਂ ਬੱਚੀਆਂ ਦੇ ਨੇ ਉਹ ਕੀ ਪਾਉਣਗੀਆਂ? ' ਉਨ੍ਹਾਂ ਆਖਿਆ ਚੱਲ ਤੂੰ ਵੀ ਅੱਗੇ ਲਗ ਤੂੰ ਕਿਉਂ ਇਥੇ ਰਹੇ, ਉਹ ਸ਼ੋਹਦੀ ਤਰਲੇ ਕਢੇ ਵੇ ਵੀਰਾਂ ਮੈਨੂੰ ਨਾ ਛੇੜੋ ਸਾਡੇ ਦੂਜੇ ਜੀਅ ਕਿਥੇ ਨੇ ਮੈਨੂੰ ਉਨ੍ਹਾਂ ਨਾਲ ਰਲਾ ਦਿਓ। ਇਸ ਤਰ੍ਹਾਂ ਉਸਨੂੰ ਕੁੱਟਦੇ ਮਾਰਦੇ ਉਹ ਪਾਪੀ ਇਕ ਨਾਲੇ ਤਕ ਲੈ ਆਏ। ਭੁਖ ਤੇ ਦੁਖ ਦੀ ਮਾਰੀ ਉਹ ਹਫ਼ ਗਈ ਅਤੇ ਉਥੇ ਡਿੱਗ ਪਈ, ਆਖਣ ਲੱਗੀ ਜਾਂ ਮੈਨੂੰ ਮੋਚਣ ਨਾਲ ਟੋਰ ਦਿਓ ਜਾਂ ਜਿਥੇ ਮੇਰੇ ਸਾਰੇ ਜੀ ਨੇ ਮੈਂ ਉਥੇ ਜਾਣਾ ਏ। ਉਹ ਉਥੇ ਬੈਠ ਗਈ ਕਿ ਮੈਨੂੰ ਇਥੇ ਮਾਰ ਦਿਓ ਮੈਂ ਇਕੱਲੀ ਨੇ ਨਹੀਂ ਜਾਣਾ, ਮੁਸਲਿਆਂ ਨੇ ਉਸਦੇ ਪਿੱਠ ਵਿਚ ਡਾਂਗਾ ਮਾਰ ਮਾਰ ਕੇ ਲੰਮੀ ਪਾ ਦਿੱਤਾ। ਪਰ ਉਹ ਕਿਧਰੇ ਵੀ ਇਕੱਲੀ ਜਾਣ ਲਈ ਤਿਆਰ ਨਾ ਹੋਈ। ਆਖਰ ਉਸਨੂੰ ਵੀ ਚੱਠੇ ਲੈ ਗਏ। ਉਥੇ ਸਾਰੀਆਂ ਜਣੀਆਂ ਸੈਦ ਖਾਂ ਦੇ ਢੇਰੇ ਤੇ ਰਲ਼ ਗਈਆਂ।

ਇਨ੍ਹਾਂ ਵਿਚੋਂ ਹੀ ਕਿਸੇ ਨੇ ਦੱਸਿਆਂ ਕਿ ਪਹਿਲਾਂ ਤੇ ਤੁਹਾਡੇ ਪਤਿਓਰੇ ਦੇ ਘਰ ਦੇ 4 ਬੰਦੇ ਬੰਦੇ ਕਿਆ ਤੋਂ ਆਉਂਦੇ ਹੋਏ ਮਾਰੇ ਗਏ ਸੀ। ਉਨ੍ਹਾਂ ਦੇ ਘਰ ਹੁਣ ਵੱਡਾ ਆਦਮੀ ਕੋਈ ਵੀ ਨਹੀਂ ਸੀ ਬਚਿਆ। ਸਿਰਫ 6-7 ਔਰਤਾਂ ਤੇ ਲੜਕੀਆਂ ਅਤੇ 5-4 ਛੋਟੇ ਛੋਟੇ ਲੜਕੇ ਹੀ ਬਚੇ ਸਨ। ਜਿਹੜੇ ਸਾਡੇ ਘਰ ਦੇ ਕੰਮੀ ਸਨ ਉਨ੍ਹਾਂ ਸਾਰੇ ਰੌਲੇ ਤੋਂ ਬਾਅਦ ਘਰਾਂ ਵਿੱਚ ਫੇਰਾ ਮਾਰਿਆ ਤੇ ਵੇਖਿਆ ਕਿ ਇਹ ਬੱਚੇ ਔਰਤਾਂ ਸਾਰੇ ਭੁਖੇ ਭਾਣੇ ਘਬਰਾਏ ਹੋਏ ਪਏ ਨੇ। ਇਨ੍ਹਾਂ ਕੰਮੀ-ਕਮੀਨਾ ਨੇ ਉਨ੍ਹਾਂ ਨੂੰ ਆਖਿਆ ਕਿ ਅਸੀਂ ਤੁਹਾਡੇ ਖ਼ੈਰ-ਖ਼ਾਹ ਹਾਂ ਤੁਹਾਡੇ ਕੋਲ ਜੋ ਵੀ ਸਮਾਨ ਹੈ ਉਹ ਤੁਸੀਂ ਆਪਣੇ ਘਰੋਂ ਕੱਢ ਲੋ। ਉਨ੍ਹਾਂ ਨੇ ਆਪਣੇ ਗਹਿਣੇ ਪੈਸੇ ਤੇ ਚੰਗੇ ਚੰਗੇ ਕਪੜੇ ਕੱਢ ਲਏ। ਫਿਰ ਉਨ੍ਹਾਂ ਨੂੰ ਛੇਤੀ ਛੇਤੀ ਆਪਣੇ ਘਰੀਂ ਖੁਰਲੀਆਂ ਤੇ ਚੜ੍ਹ ਚੜ੍ਹ ਕੇ ਕੰਧਾਂ ਟਪਾ

ਕੇ ਲੈ ਗਏ। ਘਰ ਲਿਜਾ ਕੇ ਉਨ੍ਹਾਂ ਨੂੰ ਆਪਣੀਆਂ ਜਨਾਨੀਆਂ ਦੇ ਮੁਸਲਕੀ ਕੱਪੜੇ ਪਵਾ ਦਿੱਤੇ, ਤੇ ਸਾਰੇ ਹੁਲੀਏ ਮੁਸਲਮਾਨਾਂ ਵਾਲੇ ਕਰ ਦਿੱਤੇ ਤਾਂ ਕਿ ਦੁਸ਼ਮਨਾਂ ਨੂੰ ਸ਼ੱਕ ਨਾ ਹੋ ਜਾਏ। ਫਿਰ ਉਨ੍ਹਾਂ ਨੇ ਹੱਥਾਂ ਵਿਚ ਡਾਗਾਂ ਲੈ ਗਈਆਂ ਤੇ ਉਹਨਾ ਨੂੰ ਆਖਿਆ ਕਿ ਅਸੀਂ ਤੁਹਾਨੂੰ ਤੁਹਾਡੇ ਰਿਸ਼ਤੇਦਾਰਾਂ ਕੋਲ ਪਹੁੰਚਾ ਦਿੰਦੇ ਹਾਂ ਪਹਿਲਾ ਪਤਾ ਨਹੀਂ ਸੀ ਕਿ ਉਹ ਕਿਸ ਪਾਸੇ ਗਏ ਹਨ। ਇਸ ਗੱਲ ਦਾ ਬਾਅਦ ਵਿੱਚ ਹੀ ਪਤਾ ਚੱਲਿਆ ਸੀ ਕਿ ਉਹ ਆਪਣੇ ਰਿਸ਼ਤੇਦਾਰਾਂ ਪਾਸ ਹੀ ਹਨ। ਇਹ ਸਭ ਖ਼ਬਰਾਂ ਸਾਨੂੰ ਉਥੇ ਬੈਠਿਆਂ ਹੋਇਆ ਮਿਲ ਗਈਆਂ।

ਦਿਨ ਚੜ੍ਹਨ ਤੇ ਆਇਆ ਤੇ ਜਿੰਨੇ ਵੀ ਸਾਡੇ ਘਰਾਂ ਦੇ ਮੋਚੀ ਕੰਮੀ ਕਮੀਨ ਸਨ। ਉਨ੍ਹਾਂ ਸਾਡੇ ਘਰਾਂ ਨੂੰ ਆ ਕੇ ਵੇਖਿਆ ਤੇ ਸਾਡੀ ਮਾਂ ਜੀ (ਸੱਸ) ਦੇ ਨਾਲ ਦੋ ਪੋਤਰੇ ਫਟੱੜ ਹੋਏ ਲਹੂ-ਲੁਹਾਨ ਹੋਏ ਘਰ ਵਿਚ ਸਹਿਕ ਰਹੇ ਸੀ। ਉਨ੍ਹਾਂ ਨੇ ਉਨ੍ਹਾਂ ਤਿੰਨਾਂ ਜਣਿਆਂ ਨੂੰ ਚੁੱਕ ਲਿਆ ਅਤੇ ਉਸੇ ਹਾਲਤ ਵਿਚ ਆਪਣੇ ਘਰ ਲੈ ਗਏ। ਉਨ੍ਹਾਂ ਨੂੰ ਚੰਗੀ ਤਰ੍ਹਾਂ ਸੰਭਾਲਿਆ ਕੁਝ ਖਾਣ ਪੀਣ ਨੂੰ ਦਿੱਤਾ। ਐਨੀ ਦੇਰ ਵਿਚ ਮੇਰਾ ਦਿਓਰ ਵੀ ਉਥੇ ਆ ਗਿਆ ਤੇ ਉਸਨੇ ਆਖਿਆ ਫਟਾ ਫਟ ਕਰੋ ਆਪਾਂ ਇਥੋਂ ਜਿਨੀ ਛੇਤੀ ਹੋ ਸਕੇ ਨਿਕਲ ਚਲੀਏ ਅਤੇ ਅਟਾਰੀ ਸਾਨੂੰ ਪਹੁੰਚਾ ਦਿਓ ਕਿਓ ਜੋ ਉਹ ਅੱਗੋਂ ਜਾਂਦਿਆਂ ਨੂੰ ਨਿਕਲ ਨਾ ਜਾਣ। ਮੋਚੀ ਮਾਂ ਜੀ ਨੂੰ ਆਪਣੇ ਪਾਸ ਰੱਖਣ ਵਾਸਤੇ ਆਖਣ ਲਗ ਪਏ। ਉਨ੍ਹਾਂ ਆਖਿਆ ਮਾਹਣਾ ਸਿੰਘ ਮਾਂ ਨੂੰ ਸਾਡੇ ਕੋਲ ਰਹਿਣ ਦੇ। ਇਹ ਤੁਹਾਡੀ ਵੀ ਤੇ ਮਾਂ ਹੈ ਪਰ ਅਸੀਂ ਵੀ ਤੁਹਾਡੇ ਘਰ ਦਾ ਨਮਕ ਖਾਇਆ ਹੋਇਆ ਹੈ। ਅਸੀਂ ਇਸਦੀ ਸੇਵਾ ਕਰਾਂਗੇ। ਮਾਂ ਦਾ ਦਿਲ ਮਮਤਾ ਦਾ ਸੋਮਾ ਹੁੰਦਾ ਏ।' ਮਾਂ ਨੇ ਆਖਿਆ ਬੱਚਿਆ ਤੁਹਾਡੇ ਸ਼ਾਬਾਸ਼! ਪਰ ਮੈਨੂੰ ਤੁਸੀਂ ਇਥੇ ਨਾ ਰੱਖੋ। ਮੈਂ ਆਪਣੇ ਬੱਚਿਆਂ ਬਗ਼ੈਰ ਕਿਸ ਤਰ੍ਹਾਂ ਰਹਿ ਸਕਦੀ ਹਾਂ। ਮੈਂ ਇਸ ਹਾਲਤ ਵਿੱਚ ਮਰਾਂ-ਜੀਵਾਂ ਆਪਣੇ ਜੀਆਂ ਵਿਚ ਤੇ ਹੋਵਾਂਗੀ ਜੇ ਕਿਸਮਤ ਨਾਲ ਕਦੀ ਮਿਲ ਗਏ ਤੇ।' ਆਖਰ ਉਹ ਵੀ ਮਨ ਗਏ। ਮਾਂ ਨੂੰ ਮੋਡਿਆਂ ਤੇ ਚੁੱਕ ਕੇ ਉਨ੍ਹਾਂ ਬੱਚਿਆਂ ਸਮੇਤ ਅਟਾਰੀ ਪਹੁੰਚਾ ਦਿੱਤਾ। ਇਹ ਸਾਰਾ ਵਾਕਿਆਤ ਸਾਨੂੰ ਮੇਰੇ ਦਿਉਰ ਦੇ ਨੌਕਰ ਜਲਾਲੀ ਨੇ ਦੱਸਿਆ ਸੀ ਕਿ ਮਾਂ ਹੁਣਾਂ ਨਾਲ ਵੀ ਇਹ ਇਹ ਗੱਲ੍ਹ ਹੋ ਚੁੱਕੀ ਹੈ ਅਤੇ ਉਹ ਅਟਾਰੀ ਪੁਜ ਗਏ ਹਨ।

ਮੈਂ ਘਰ ਦੀ ਸਾਰੀ ਹਾਲਤ ਸੁਣ ਲਈ ਤੇ ਸਵੇਰ ਹੁੰਦਿਆਂ ਹੀ ਬਾਬੇ ਸ਼ਾਹਬਲ ਨੂੰ ਸਣਾਇਆ ਕਿ ਬਾਬਾ ਜੀ ਸਾਡੇ ਘਰ ਨਾਲ ਤੇ ਬਹੁਤ ਬੁਰੀ ਹੋ ਗਈ ਏ ਕੁਝ ਜੀਅ ਮਾਰੇ ਗਏ ਨੇ ਕੁਝ ਦਾ ਪਤਾ ਹੀ ਨਹੀਂ ਕਿ ਉਹ ਕਿਹੜੇ ਪਾਸੇ ਮੂੰਹ ਕਰ ਗਏ ਹਨ। ਹੁਣ ਸਾਨੂੰ ਇਥੋਂ ਕੱਢਣ ਦੀ ਵਿਉਂਤ ਬਣਾਓ। ਅਸਾਂ ਵਿਚਾਰ ਕਰਕੇ ਬਾਬੇ ਨੂੰ ਇਹ ਗੱਲ ਆਖੀ ਕਿ ਤੁਸੀਂ ਸਾਨੂੰ ਸ਼ਹਾਦਦ ਵੱਲ ਬੰਦਾ ਘੱਲ ਕੇ ਪਤਾ ਕਰਵਾ ਦਿਓ ਕਿ ਉਹ ਸਾਨੂੰ ਪਨਾਹ ਦੇ ਸਕਦਾ ਹੈ ਜਾਂ ਨਹੀਂ। ਸ਼ਿਹਾਦਤ ਇਸ ਵੇਲੇ ਐਮ. ਐਲ. ਏ. ਸੀ ਅਤੇ ਮੇਰੇ ਭਾਜੀ ਦਾ ਨਿੱਘਾ ਦੋਸਤ ਸੀ। ਬਾਬੇ ਨੇ ਸ਼ਹਾਦਤ ਵੱਲ ਬੰਦਾ ਘੱਲ ਦਿੱਤਾ ਤੇ ਇਧਰ ਮੈਂ ਆਪਣੇ ਦਿਓਰ ਦੇ ਨੌਕਰ ਜਲਾਲੀ ਨੂੰ ਆਖਿਆ ਕਿ ਤੂੰ ਸਾਡੇ ਘਰ ਜਾ ਤੇ ਪਤਾ ਲਿਆ ਕਿਤੇ ਕੋਈ ਚੀਜ਼ ਘਰ ਹੈ ਤੇ ਤੂੰ ਸਭ ਤੋਂ ਪਹਿਲਾਂ ਬੱਚਿਆਂ ਦੇ ਬੂਟ ਤੇ ਮੇਰੀਆਂ ਦਵਾਈਆਂ ਵਾਲਾ ਬੈਗ ਲੈ ਆ। ਜਿਹੜਾ ਕਿ ਸਾਹਮਣੇ ਸਿਗੜੀ ਤੇ ਪਿਆ ਹੋਇਆ ਏ। ਉਹ ਗਿਆ ਤੇ ਇਹ ਸਾਰਾ ਸਮਾਨ ਲੈ ਆਇਆ। ਇਸ ਤੋਂ ਬਾਦ ਮੈਂ ਰਮਜਾਨ ਦੇ ਛੋਟੇ ਭਰਾ ਰਹਿਮਾਨ ਨੂੰ ਆਖਿਆ, "ਰਹਿਮਾਨ ਤੂੰ ਸਾਡੇ ਘਰ ਜਾ ਤੇ ਜਾ ਕੇ ਵੇਖ ਕਿ ਜੇ ਸਾਡੀ ਘੋੜੀ ਹੈ ਤਾਂ ਤੂੰ ਅੰਦਰ ਰਸੋਈ ਵਿੱਚ ਜਾਈਂ ਜਿਹੜੀ ਚੜਦੀ ਅਲਮਾਰੀ ਏ ਉਸਦੇ ਥੱਲੇ ਵਾਲੇ ਖਾਨੇ ਵਿੱਚ ਘੋੜੀ ਦੇ ਸੰਗਲ ਦੀ ਕੁੰਜੀ ਹੋਵੇਗੀ ਅਤੇ ਅੰਦਰ ਕਣਕ ਵਾਲੇ ਬੋਰੇ ਤੇ ਕਾਠੀ ਹੋਵੇਗੀ ਉਹ ਸੰਗਲ ਲਾਹ ਕੇ ਘੋੜੀ ਦਾ ਤੇ ਕਾਠੀ ਉੱਤੇ ਉਥੋਂ ਲੈ ਕੇ ਘੋੜੀ ਛੇਤੀ ਤੋਂ ਛੇਤੀ ਲੈ ਆ।"

ਰਹਿਮਾਨ ਘੋੜੀ ਲੈ ਕੇ ਵਾਪਸ ਆ ਗਿਆ। ਉਸਨੇ ਆ ਕੇ ਆਖਿਆ "ਬੇਬੇ ਤੁਹਾਡੇ ਘਰ ਨੂੰ ਕਿਸੇ ਨੇ ਵੀ ਛੇੜਿਆ ਨਹੀਂ, ਸਾਰੇ ਦਾ ਸਾਰਾ ਉਸੇ ਤਰ੍ਹਾਂ ਨਾਲ ਭਰਿਆ ਪਿਆ ਏ। ਸਾਰੇ ਆਖਣ ਲੱਗੇ ਕਿ ਤੁਸੀਂ ਸਰਦਾਰ ਨੂੰ ਸਾਡੇ ਨਾਲ ਘੱਲੋ ਤੇ ਅਸੀਂ ਜਾ ਕੇ ਜ਼ਰੂਰੀ ਜ਼ਰੂਰੀ ਸਮਾਨ ਲੈ ਆਈਏ। ਮੈਂ ਆਖਿਆ ਨਾ ਭਾਈ ਮੈਂ ਸਰਦਾਰ ਨੂੰ ਸਮਾਨ ਲੈ ਆਉਣ ਵਾਸਤੇ ਨਹੀਂ ਘੱਲਣਾ। ਜੋ ਕੁਦਰਤ ਨੇ ਸਾਡੇ ਨਾਲ ਕੀਤਾ ਏ ਠੀਕ ਹੋ ਗਿਆ ਏ ਹੁਣ ਮੈਂ ਕਿਸੇ ਲਾਲਚ ਵਿੱਚ ਨਹੀਂ ਆਉਣਾ। ਹਾਂ ਤੁਸੀਂ ਮੇਰੇ ਘਰ ਦਾ ਸਾਰਾ ਸਮਾਨ ਮੇਰੇ ਸਾਹਮਣੇ ਆਪਣੇ ਘਰਾਂ ਨੂੰ ਲੈ ਜਾਓ ਉਹ ਮੇਰੇ ਵਾਸਤੇ ਹਰਾਮ ਤੇ ਤੁਹਾਡੇ ਵਾਸਤੇ ਹਲਾਲ ਹੋਵੇਗਾ। ਸਾਡੀ ਮਾਂ

ਆਖਦੀ ਹੁੰਦੀ ਸੀ ਕਿ ਸਾਡੇ ਗੁਰੂ ਜੀ ਦਾ ਹੁਕਮ ਹੈ ਕਿ ਜਦੋਂ ਭਾਂਝ ਪਏ ਤੇ ਜੇ ਤੇਰੀ ਚਾਦਰ ਖੇਤ ਦੇ ਬੰਨੇ 'ਤੇ ਪਈ ਏ ਤਾਂ ਪਿੱਛੇ ਮੁੜ ਕੇ ਉਸਨੂੰ ਲੈਣ ਵਾਸਤੇ ਨਾ ਜਾ ਅੱਗੇ ਹੀ ਟੁਰ।" ਇਸ ਵਾਸਤੇ ਮੈਂ ਸਰਦਾਰ ਨੂੰ ਨਹੀਂ ਘੱਲ ਸਕਦੀ। ਪਤਾ ਨਹੀਂ ਰਾਹ ਵਿਚ ਕਿਸ ਤਰ੍ਹਾਂ ਦੀ ਮੁਸੀਬਤ ਆ ਜਾਏ।"

ਜਿਸ ਵੇਲੇ ਅਸੀਂ ਅਟਾਰੀ ਜਾਣ ਵਾਸਤੇ ਤਿਆਰ ਹੋਏ ਤਾਂ ਸਾਰੇ ਕੰਮੀ-ਕਮੀਣ ਜੱਫ਼ੀ ਵਿਚ ਲੈ ਕੇ ਰੋਣ ਲੱਗ ਪਏ ਅਤੇ ਮੈਂ ਆਖਿਆ ਕਿ ਤੁਸੀਂ ਰੋਵੋ ਨਾ ਸਾਨੂੰ ਤੁਸੀਂ ਚੰਗੀ ਤਰ੍ਹਾਂ ਵਿਦਾ ਕਰੋ। ਸਾਨੂੰ ਇਸ ਇਲਾਕੇ ਵਿਚ ਕੋਈ ਡਰ ਨਹੀਂ। ਜੇ ਤੁਸੀਂ ਦਿਲ ਹੌਲਾ ਕਰੋਗੇ ਤਾਂ ਸਾਡਾ ਸਫ਼ਰ ਵੀ ਨਹੀਂ ਮੁਕੇਗਾ।

ਅਟਾਰੀ ਮੇਰੇ ਦਿਓਰ ਮਾਹਣਾਂ ਸਿੰਘ ਨੂੰ ਕਿਧਰੋਂ ਸੂਹ ਮਿਲੀ ਕਿ ਅਸੀਂ ਨੂਰੇ ਦੀ ਠੱਠੀ ਤੇ ਬੈਠੇ ਹਾਂ। ਉਸਨੇ ਸਾਡੇ ਕੋਲ ਬੰਦਾ ਘੱਲਿਆ ਕਿ ਤੁਸੀਂ ਅਟਾਰੀ ਆ ਜਾਓ ਅਸੀਂ ਚਾਰ ਜੀਅ ਇਥੇ ਹਾਂ। ਐਨੀ ਦੇਰ ਨੂੰ ਸਾਡੀ ਘੋੜੀ ਵੀ ਰਹਿਮਾਨ ਘਰੋਂ ਲੈ ਆਇਆ ਸੀ ਤੇ ਇਕ ਘੋੜੀ ਸਾਨੂੰ ਇਰਾਈਆਂ ਨੇ ਆਪਣੀ ਦੇ ਦਿੱਤੀ ਕਿ ਇਕ ਘੋੜੀ ਤੁਹਾਨੂੰ ਥੋੜੀ ਹੋਵੇਗੀ ਦੋ ਤੇ ਸੌਖੇ ਅਪੜ ਜਾਓਗੇ। ਉਨ੍ਹਾਂ ਵਿਚੋਂ ਦੋ ਆਦਮੀਆਂ ਨੇ ਹੱਥਾਂ ਵਿੱਚ ਬਰਛੇ ਫੜ੍ਹ ਲਏ ਸਾਡੀਆਂ ਘੋੜੀਆਂ ਦੇ ਅੱਗੇ ਲੱਗ ਟੁਰੇ। ਜਿਸ ਵੇਲੇ ਅਸੀਂ ਸਹੀ ਸਲਾਮਤ ਅਟਾਰੀ ਪੁਜ ਗਏ ਤੇ ਅਸੀਂ ਉਨ੍ਹਾਂ ਨੂੰ ਆਖਿਆ ਕਿ ਸਾਨੂੰ ਤੁਸੀਂ ਆਪਣੇ ਵਾਲੀ ਘੋੜੀ ਵੀ ਦੇ ਦਿਓ, ਉਨ੍ਹਾਂ ਨੇ ਸਾਡੀ ਇਹ ਗੱਲ ਮਨ ਕੇ ਸਾਨੂੰ ਘੋੜੀ ਦੇ ਦਿੱਤੀ। ਇਸ ਤਰ੍ਹਾਂ ਅਟਾਰੀ ਅਸੀਂ ਦਿਨ ਦੇ 7 ਕੁ ਵਜੇ ਪੁਜ ਗਏ। ਅਟਾਰੀ ਵੜਦਿਆਂ ਹੀ ਪਤਾ ਚਲਿਆ ਕਿ ਸਾਰੇ ਲੋਕ ਇਥੋਂ ਚਲੇ ਗਏ ਹਨ। ਸਿਰਫ ਇਕ ਔਰਤ ਇਕ ਉਸਦਾ ਮੁੰਡਾ ਦੋ ਖਤਰੀਆਂ ਦੇ ਮੁੰਡੇ ਹਨ। ਇਸ ਤਰ੍ਹਾਂ ਤਿੰਨ ਘੋੜੀਆਂ ਵਾਲੇ ਸਾਨੂੰ ਅਟਾਰੀ ਤੋਂ ਨਾਲ ਰਲ਼ ਗਏ। ਅਸੀਂ ਪੰਜ ਘੋੜੀਆਂ ਵਾਲੇ ਇਕੱਠੇ ਹੋ ਗਏ। ਅਸੀਂ ਸਾਰਿਆਂ ਨੇ ਘੋੜੀਆਂ ਦਾ ਰੁੱਖ ਡੇਮੂਵਾਲ ਨੂੰ ਕਰ ਲਿਆ ਰਾਹ ਵਿੱਚ ਬੁਚੇਕੀ ਆਉਂਦਾ ਸੀ ਵੇਖਿਆ ਕਿ ਸਾਰਾ ਹੀ ਟਰੈਫਿਕ ਜਾਮ ਹੋਇਆ ਪਿਆ ਤੇ ਅਸੀਂ ਕਿਸੇ ਪਾਸੋਂ ਪੁੱਛਿਆ, ਭਾਈ ਅਸੀਂ ਡੈਮੂਵਾਲੇ ਜਾਣਾ ਏ ਉਨ੍ਹਾਂ ਦੋ ਜ਼ਵਾਨਾ ਨੇ ਆਖਿਆ, ਭਾਈ ਉਹ ਤੇ ਰਾਤ ਦੇ ਇਥੋਂ ਨਿਕਲ ਗਏ ਹਨ ਤੇ ਹੁਣ ਉਹ ਮੀਆਂ ਕੀ ਜਾ ਕੇ ਇਕੱਠੇ ਹੋਣਗੇ। ਜੇ ਤੁਹਾਡਾ ਕੋਈ ਚਾਰਾ ਲਗਦਾ ਹੈ ਤੇ ਤੁਸੀਂ ਉਥੇ ਕਿਸੇ ਤਰੀਕੇ ਨਾਲ ਪੁਜ ਜਾਓ। ਐਨੀ ਦੇਰ ਨੂੰ ਮੇਰਾ ਦਿਓਰ ਘੋੜੀ ਤੇ ਚੜ ਕੇ ਹੱਥ ਵਿੱਚ ਬੰਦੂਕ ਲੈ ਅਤੇ ਇਲਾਕੇ ਦੇ ਇਕ ਸਿਰਕੱਢ ਆਦਮੀ ਨੂੰ ਲੈ ਕੇ ਆ ਗਿਆ। ਅਸੀਂ ਉਨ੍ਹਾਂ ਨੂੰ ਦੱਸਿਆ ਕਿ ਘਰ ਦਾ ਤੇ ਬੁਰਾ ਹਾਲ ਹੋ ਗਿਆ ਏ। ਆਪਾਂ ਹੁਣ ਕਿਸੇ ਪਾਸੇ ਜਾਣ ਦੀ ਸੋਚੀਏ। ਇਹ ਸਾਰੇ ਆਖਣ ਲਗ ਪਏ ਕਿ ਆਪਾਂ ਬੁਢੇ ਚਲੀਏ ਤੇ ਮੈਂ ਇਹ ਗੱਲ ਆਖੀ ਕਿ ਆਪਾਂ ਫਾਜ਼ਲ ਸ਼ਹਾਦਤ ਖਾਂ ਕੋਲ ਚਲੀਏ ਉਹ ਸਾਨੂੰ ਪਨਾਹ ਦੇ ਸਕਦਾ ਏ। ਪਰ ਇਨ੍ਹਾਂ ਵਿਚੋਂ ਕਿਸੇ ਨੇ ਵੀ ਮੇਰੀ ਗੱਲ ਨਾ ਮੰਨੀ। ਆਖਣ ਲੱਗੇ ਆਪਾਂ ਕਾਫ਼ਲੇ ਦੇ ਪਿੱਛੇ ਮੀਂਏਕੀ ਚਲੀਏ। ਆਖਰ ਅਸੀਂ ਟੁਰ ਪਏ। ਸਾਡੇ ਅੱਗੇ-ਅੱਗੇ ਸੁਦਾਗਰ ਸਿੰਘ (ਬੱਢੇ) ਨੇ ਘੋੜਾ ਲਾ ਲਿਆ ਤੇ ਅਸੀਂ ਉਸਦੇ ਪਿੱਛੇ ਪਿੱਛੇ ਘੋੜੀਆਂ ਲਾ ਲਈਆਂ ਸਾਰੇ ਪਾਸੇ ਚਿਕੜ ਹੀ ਚਿਕੜ ਹੋਇਆ ਸੀ ਸੁਦਾਗਰ ਸਿੰਘ ਦਾ ਘੋੜਾ ਇਕ ਟੋਏ ਵਿੱਚ ਡਿਗ ਪਿਆ। ਉਸਨੂੰ ਬੜੀ ਮੁਸ਼ਕਿਲ ਨਾਲ ਉਥੋਂ ਕੱਢਿਆ। ਅਸੀਂ ਅਜੇ ਉਨ੍ਹਾਂ ਪੈਰਾਂ ਤੇ ਖੜੇ ਸਾਂ ਕਿ ਸਾਨੂੰ ਬੰਦੂਕਾਂ ਚਲਣ ਦੀ ਆਵਾਜ਼ ਸੁਣਾਈ ਦਿੱਤੀ ਜੇ ਵੇਖਿਆ ਕਈ ਸੈਂਕੜਿਆ ਦੀ ਤਦਾਤ ਵਚ ਮਰਦ-ਔਰਤਾਂ ਬੱਚੇ ਭੱਜੇ ਆਉਂਦੇ ਨੇ ਕਿਸੇ ਦੇ ਸਿਰ ਤੇ ਟਰੰਕ ਕਿਸੇ ਨੇ ਗੱਠੜੀ ਕਿਸੇ ਨੇ ਬਿਸਤਰਾ ਚੁੱਕਿਆ ਹੋਇਆ ਏ ਅਤੇ ਵਾਹੋਦਾਹੀ ਲੱਗੇ ਆਉਣ ਪਿਛੇ ਬੰਦੂਕਾਂ ਦੀ ਠਾਹ-ਠਾਹ ਹੋ ਰਹੀ ਸੀ। ਉਹ ਸਾਰੇ ਲੋਕ ਇੰਜ ਡਰ ਕੇ ਭੱਜ ਰਹੇ ਸੀ ਜਿਵੇਂ ਬਹੁਤ ਸਾਰੇ ਜਾਨਵਾਰਾਂ ਦੀ ਜਾਨ ਲੈਣ ਨੂੰ ਸ਼ਿਕਾਰੀ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੋਵੇ ਤੇ ਉਹ ਆਪਣੀ ਜਾਣ ਬਚਾਉਣ ਵਾਸਤੇ ਅੱਗੇ ਅੱਗੇ ਭੱਜ ਰਹੇ ਹੋਣ। ਇਹ ਸਾਰੇ ਬੱਸਾਂ ਤੇ ਚੜਨ ਵਾਸਤੇ ਬੁਚੇਕੀ ਆ ਰਹੇ ਸੀ ਅਗੋਂ ਬੱਸਾਂ ਜਾਮ ਹੋਈਆਂ ਸਨ। ਇਹ ਇਕ ਦਰਦ ਭਿੱਜਾ ਸੀਨ ਬਣ ਗਿਆ ਸੀ। ਕਿਸੇ ਦੀ ਕੋਈ ਵੀ ਪੇਸ਼ ਨਹੀਂ ਸੀ ਚਲ ਰਹੀ ਕਿ ਹੁਣ ਇਸ ਵਕਤ ਕੀ ਕੀਤਾ ਜਾਏ। ਪਿੱਛੋਂ ਬੰਦੂਕਾਂ ਦੀ ਠਾਹ-ਠਾਹ ਤੇ ਅੱਗੋਂ ਬੱਸਾ ਬੰਦ।

ਜਿਸ ਵੇਲੇ ਅਸੀਂ ਇਹ ਸਾਰਾ ਹਸ਼ਰ ਵੇਖਿਆ ਤੇ ਅਸੀਂ ਆਪਣੀ ਆਪਣੀ ਘੋੜੀਆਂ ਦੇ ਮੂੰਹ ਨਨਕਾਣੇ ਸਾਹਿਬ ਵਲ ਕਰ ਲੈ। ਇਥੋਂ ਸੁਦਾਗਰ ਸਿੰਘ ਵੀ ਸਾਡੇ ਨਾਲੋਂ ਨਿੱਖੜ ਗਿਆ ਤੇ ਆਖਣ ਲੱਗਾ ਕਿ ਤੁਸੀਂ ਜਾਓ ਤੇ ਮੈਂ ਕਿਸੇ ਨਾ ਕਿਸੇ ਤਰ੍ਹਾਂ ਲੁਕ ਛੁਪ ਕੇ ਮੀਆਂ ਵਾਲੇ ਆਪਣੇ ਜੀਆਂ ਕੋਲ ਜਾਵਾਂਗਾ

ਜੇ ਉਹ ਕਿਧਰੇ ਬਚੇ ਹੋਣ ਕਿ ਨਹੀਂ। ਇਸ ਤਰ੍ਹਾਂ ਸਾਨੂੰ ਕੁਝ ਪਤਾ ਨਹੀਂ ਪਿਛੇ ਕੀ ਕੀ ਵਰਤ ਗਿਆ ਏ। ਅਸੀਂ ਨਨਕਾਣਾ ਸਾਹਿਬ ਜਾਣ ਲੱਗੀਆਂ ਘੋੜੀਆਂ ਨਹਿਰੇ ਨਹਿਰ ਲਾ ਲਈਆਂ। ਅੱਗੋਂ ਸਾਨੂੰ ਕੋਈ ਵੀ ਦੁਸ਼ਮਣ ਨਹੀਂ ਮਿਲਿਆ। ਅਸੀਂ ਸੋਚਿਆ ਹੁਣ ਅਸੀਂ ਸੁੱਖੀ ਸਾਂਦੀ ਨਨਕਾਣੇ ਸਾਹਿਬ ਪੁਜ ਜਾਵਾਂਗੇ। ਅਚਾਨਕ ਹੀ ਅਗੋਂ ਸਾਨੂੰ ਹੁਸੈਨ ਭੱਟੀ ਦਾ ਪੁੱਤਰ ਪਿਸਤੌਲ ਪਾਈ ਵਾਹੋ ਦਾਹੀ ਘੋੜਾ ਭਜਾਈ ਆ ਰਿਹਾ ਸੀ ਮਿਲ ਪਿਆ। ਇਸਨੇ ਸਾਨੂੰ ਕੁਝ ਵੀ ਪੁੱਛਿਆ ਦੱਸਿਆ ਨਾ। (ਇਹ ਲੁਟੇਰਾ ਸੀ) ਇਸ ਤੋਂ ਬਾਅਦ ਸਾਨੂੰ ਅੱਗੋਂ ਮੁਸਲਮਾਨ ਫ਼ਕੀਰ ਮਿਲ ਪਿਆ ਉਹ ਆਖਣ ਲੱਗਾ ਭਾਈ ਬੱਚਿਓ ਤੁਸੀਂ ਕਿਥੇ ਜਾਣਾ ਏ। ਅਸੀਂ ਆਖਿਆ ਸਾਂਈ ਬਾਬਾ ਅਸੀਂ ਨਨਕਾਣੇ ਸਾਹਿਬ ਜਾਣਾ ਏ। ਉਸ ਆਖਿਆ ਮੈਂ ਤੁਹਾਨੂੰ ਅੱਗੇ ਜਾਣ ਦੀ ਸਲਾਹ ਨਹੀਂ ਦਿੰਦਾ ਤੁਸੀਂ ਪਿਛੇ ਹੀ ਕਿਧਰੇ ਟੁਰ ਜਾਓ ਅੱਗੇ ਤੇ ਬੱਚੜਿਓ ਪੋਟਾ ਪੋਟਾ ਤੇ ਧਾੜਾ ਦੀਆਂ ਧਾੜਾ ਬੈਠੀਆਂ ਹੋਈਆਂ ਨੇ। ਸਾਰੇ ਪਾਸੇ ਕਮਾਦਾ ਵਿੱਚ ਰਾਹਾਂ ਵਿਚ ਉਹ ਸੁਕ ਕੇ ਲੁਟਣ ਵਾਸਤੇ ਤਿਆਰ ਨੇ। ਪਰ ਆਦਮੀਆਂ ਨੇ ਉਸ ਦੀ ਗਲ ਨਾ ਮੰਨ੍ਹੀ ਤੇ ਕਹਿਣ ਲੱਗੇ ਹੁਣ ਅਸੀਂ ਨਨਕਾਣੇ ਸਾਹਿਬ ਦੇ ਅੱਧ ਵਿਚ ਆ ਗਏ ਹਾਂ, ਹੁਣ ਛੇਤੀ ਹੀ ਪੁਜ ਜਾਵਾਂਗੇ।

ਅਸੀਂ ਅਜੇ ਅੱਧਾ ਕੁ ਮੀਲ ਹੋਰ ਅੱਗੇ ਚਲੇ ਤੇ ਵੇਖਿਆ ਕਿ ਅਨੈਤ (ਇਨਾਇਤ) ਸ਼ਾਹ ਦੇ ਪਿੰਡੋਂ ਅਤੇ ਨਾਲ ਦੀਆਂ ਗਲੀਆਂ ਵਿੱਚੋਂ ਆਦਮੀ ਹੀ ਆਦਮੀ ਬਾਹਰ ਨਿਕਲ ਪਏ ਉਨ੍ਹਾਂ ਦੇ ਪਿਛੇ (ਅਨਾਇਤ ਸ਼ਾਹ) ਚਲਿਆ ਆ ਰਿਹਾ ਏ। ਜਿਸ ਵੇਲੇ ਅਨਾਇਤ ਨੇ ਸਾਨੂੰ ਵੇਖਿਆ ਤੇ ਉਹ ਘੋੜੇ ਤੇ ਚੜਵੀ ਪਲੂ ਫੇਰਦਾ ਫੇਰਦਾ ਆਖੀ ਜਾਏ ਮੁਲਖਾ ਖਲੋ ਜਾਈਂ, ਮੁਲਖਾਂ ਖਲੋ ਜਾਈਂ। ਸਾਨੂੰ ਵੀ ਉਸਨੇ ਰੁਕ ਜਾਣ ਵਾਸਤੇ ਇਸ਼ਾਰਾ ਕੀਤਾ। ਇਸ ਤਰ੍ਹਾਂ ਉਹ ਲੋਕ ਸਾਰੇ ਸਾਡੇ ਤੋਂ ਪਿੱਛੇ ਹਟ ਕੇ ਖਲੋ ਗਏ ਆਖਣ ਲੱਗਾ ਨੇੜੇ ਨਾ ਆਇਓ ਜੇ। ਉਹ ਸਾਡੇ ਨੇੜੇ ਆਇਆ ਤੇ ਸਾਨੂੰ ਪੁਛਣ ਲੱਗਾ ਕਿ ਤੁਸੀਂ ਕਿਥੋਂ ਦੇ ਹੋ ਤੇ ਕਿਥੇ ਜਾ ਰਹੇ ਹੋ। ਇਨ੍ਹਾਂ ਦੇ ਪਿਤਾ ਨੇ ਆਖਿਆ ਬਈ ਮੈਂ ਬੰਦੇ ਕਿਆਂ ਤੋਂ ਹਾਂ ਤੇ ਲੰਬਰਦਾਰ ਦਾ ਪੁੱਤਰ ਹਾਂ। ਸਾਡੇ ਨਾਲ ਬੁਰੀ ਹੋ ਗਈ ਏ ਸਾਡੇ ਬੜੇ ਸਾਰੇ ਜੀਅ ਮਾਰੇ ਗਏ ਹਨ। ਘਰ ਲੁਟ ਲਏ ਨੇ। ਆਹ ਹੁਣ ਦੋ ਚਾਰ ਜੀਅ ਇਹੀ ਬਚੇ ਹਨ ਤੁਹਾਡੇ ਸਾਹਮਣੇ ਹਾਂ ਤੇ ਅਸੀਂ ਵੀ ਡਾਵਾਂ ਡੋਲ ਫਿਰ ਰਹੇ ਹਾਂ। ਉਸਨੇ ਆਖਿਆ, 'ਬੱਚਿਓ ਇਹ ਤੇ ਅਸੀਂ ਰਾਤ ਦਾ ਸੁਣ ਲਿਆ ਹੈ ਅਤੇ ਸਾਨੂੰ ਬੜਾ ਦੁਖ ਹੋਇਆ ਹੈ ਤੇ ਮੇਰੀ ਤੇ ਰੋਟੀ ਵੀ ਹਰਾਮ ਹੋਈ ਪਈ ਏ, ਹੁਣ ਬੱਚਿਓ ਤੁਸੀਂ ਅੱਗੇ ਨਾ ਜਾਓ ਜੇ ਪਿਛੇ ਕਿਸੇ ਪਾਸੇ ਕੋਈ ਠਾਹਰ ਹੈ ਤੇ ਮੁੜ ਜਾਓ। ਅਨਾਇਤ ਸ਼ਾਹ ਨੇ ਉਨ੍ਹਾਂ ਸਾਰੇ ਬੰਦਿਆਂ ਨੂੰ ਆਖਿਆ ਕਿ ਇਨ੍ਹਾਂ ਨੂੰ ਨਹੀਂ ਜੇ ਛੱਡਣਾਂ।'

ਮੈਂ ਆਖਿਆ, 'ਬਾਬਾ ਜੀ ! ਤੁਸੀਂ ਆਪਣੇ ਘਰ ਵਿਚੋਂ ਹੀ ਸਾਨੂੰ ਪਨਾਹ ਦੇ ਦਿਓ। ਉਸ ਆਖਿਆ ਬੱਚਿਆ ਮੈਂ ਰੋਂਦਾ ਈ ਕਿਓ ਹਾਂ। ਜੇ ਤੁਹਾਨੂੰ ਪਨਾਹ ਦੇ ਸਕਦਾ ਤੇ ਘਾਟਾ ਹੀ ਕਿਹੜਾ ਸੀ। ਸਾਨੂੰ ਤੇ ਸ਼ਰਾਹ ਦਾ ਫ਼ਤਵਾ ਲਗ ਗਿਆ ਹੈ ਕਿ ਕਿਸੇ ਵੀ ਸਿੱਖ ਦੇ ਬਚੜੇ ਨੂੰ ਘਰ ਨਹੀਂ ਰੱਖ ਸਕਦੇ। ਤੁਸੀਂ ਹੁਣ ਪਿੱਛੇ ਹਟ ਜਾਓ ਤੇ ਪ੍ਰੇਮ ਕੀ ਠੱਠੀ ਤੋਂ ਪਤਾ ਕਰੋ ਜੇ ਓਥੇ ਕੋਈ ਆਦਮੀ ਹੈ ਤੇ ਤੁਸੀਂ ਵੀ ਉਨ੍ਹਾਂ ਨਾਲ ਰਲ਼ ਜਾਓ। ਅਜੇ ਅਸੀਂ ਥੋੜਾ ਕੁ ਹੀ ਪਿੱਛੇ ਮੁੜੇ ਤੇ ਉਹੀ ਹੁਸੈਨ ਦਾ ਪੁੱਤਰ ਕਾਲਾ ਸਾਨੂੰ ਅੱਗੋਂ ਮਿਲ ਪਿਆ। ਸਾਡੇ ਕੋਲੋਂ ਲੰਘਣ ਲੱਗਾ ਤਾਂ ਅਸੀਂ ਆਖਿਆ ਸ਼ੁਕਰ ਏ ਅਸੀਂ ਵਾਲ਼-ਵਾਲ਼ ਬਚ ਗਏ ਹਾਂ। ਉਹ ਅਗੇ ਜਾ ਕੇ ਉਸੇ ਵੇਲੇ 10-12 ਆਦਮੀਆਂ ਨੂੰ ਆਪਣੇ ਨਾਲ ਲੈ ਕੇ ਸਾਡੇ ਕੋਲ ਆ ਗਿਆ। ਉਨ੍ਹਾਂ ਆਦਮੀਆਂ ਨੂੰ ਆਖਣ ਲੱਗਾ ਇਹ ਤੁਹਾਡੇ ਭਾਣਜੇ ਲਗਦੇ ਸੀ ਜਿਨ੍ਹਾਂ ਨੂੰ ਛੱਡ ਗਏ ਸਾਓ। ਉਨ੍ਹਾਂ ਆਖਿਆ ਰਾਏ ਜੀ ਸਾਨੂੰ ਵੱਡੇ ਰਾਏ ਜੀ ਅਨਾਇਤ ਸ਼ਾਹ ਨੇ ਰੋਕਿਆ ਹੈ ਇਨ੍ਹਾਂ ਨੂੰ ਕੁਝ ਨਹੀਂ ਆਖਣਾ। ਆਖਣ ਲੱਗਾ ਜੇ ਇਨ੍ਹਾਂ ਨੂੰ ਕੁਝ ਨਹੀਂ ਆਖਣਾ ਤੇ ਮੁੜ ਜੋ ਕੁਝ ਵੀ ਇਹਨਾਂ ਕੋਲ ਵਸਤ-ਵਲੇਵਾ ਹੈ ਉਹ ਇਨ੍ਹਾਂ ਕੋਲੋਂ ਲੈ ਲਓ। ਸਾਡੇ ਕੋਲ ਤੇ ਕੁਝ ਵੀ ਨਹੀਂ ਸਾਡੇ ਨਾਲ ਜਿਹੜੇ ਅਟਾਰੀ ਦੇ ਆਦਮੀ ਸਨ ਉਨ੍ਹਾਂ ਕੋਲੋਂ ਗਹਿਣੇ ਗੱਟੇ ਲੈ ਲਏ ਤੇ ਫਿਰ ਮੇਰੇ ਦਿਉਰ ਨੂੰ ਆਖਣ ਲੱਗੇ ਸਿੱਖਾ ਜੇ ਜਾਣ ਲੋੜੀਂਦੀ ਆ ਤੇ ਆਪਣਾ ਸਭੋ ਕੁਝ ਦੇ ਦੇ। ਬਾਗਾ ਸਿੰਘ ਕੋਲ ਇਕ ਘੋੜੀ ਤੇ ਬੰਦੂਕ ਸੀ ਉਹ ਕੋਲੋਂ ਖੋ ਲਈ। ਬੱਚੀਆਂ ਦੇ ਪਿਤਾ ਜੀ ਦੀ ਜੇਬ ਵਿੱਚ ਚਾਂਦੀ ਦੀ ਸਕੁੰਤਲੀ ਚੇਨ ਸੀ ਅਤੇ 12 ਰੁਪਏ ਸੀ। ਉਨ੍ਹਾਂ 12 ਰੁਪਏ ਲੈ ਲਏ ਅਤੇ ਜੇਬ ਵਿੱਚ ਹੱਥ ਮਾਰਿਆਂ ਤੇ ਬਾਰਸ਼ ਦੀ ਵਜ਼ਾ ਨਾਲ ਜੇਬ ਗਿੱਲੀ ਸੀ। ਉਨ੍ਹਾਂ ਨੂੰ ਚੇਨ ਦਾ ਪਤਾ ਨਾ ਚੱਲਿਆ।

ਨਾਲ ਦੇ ਜਿਹੜੇ ਆਦਮੀ ਸਨ, ਉਨ੍ਹਾਂ ਕੋਲ ਚਾਰ ਕ੍ਰਿਪਾਨਾ ਸਨ। ਸਾਡੇ ਆਦਮੀ ਆਖਣ ਲੱਗੇ

ਆਪਾਂ ਇਨ੍ਹਾਂ ਨਾਲ ਦੋ ਹੱਥ ਕਰ ਨਾ ਲਈਏ? ਮੈਂ ਆਖਿਆ ਇਹ ਵੇਲਾ ਦੋ ਹੱਥ ਕਰਨ ਦਾ ਨਹੀਂ। ਉਨ੍ਹਾਂ ਵਿਚੋਂ ਇਕ ਨੇ ਮੇਰੀ ਘੋੜੀ ਫੜ੍ਹ ਲਈ ਤੇ ਮੈਂ ਆਖਿਆ ਵੇਖ ਭਾਈ ਮੈਨੂੰ ਹੱਥ ਨਾ ਲਾਈ ਮੈਂ ਆਪੇ ਉੱਤਰ ਜਾਵਾਂਗੀ। ਆਖਣ ਲੱਗਾ ਬੇਬੇ ਸਾਡਾ ਕਿਤੇ ਜੀਅ ਕਰ ਰਿਹਾ ਏ ਕਿ ਤੁਹਾਨੂੰ ਦੁੱਖੀ ਕਰੀਏ ਅਸੀਂ ਤੇ ਉਸ ਸੁਅਰ ਤੋਂ ਡਰਦੇ ਕੁਝ ਕਰਦੇ ਪਏ ਹਾਂ। ਮੇਰੇ ਦਿਓਰ ਨੇ ਆਖਿਆ ਜੇ ਇਕ ਘੋੜੀ ਸਾਡੇ ਕੋਲੋਂ ਨਾ ਲਓਗੇ ਤਾਂ ਕੀ ਘੱਟ ਜਾਏਗਾ? ਸਾਡੇ ਬਾਲ ਬੱਚੇ ਚੰਗੀ ਤਰ੍ਹਾਂ ਪਹੁੰਚ ਜਾਣਗੇ। ਉਨ੍ਹਾਂ ਆਖਿਆ ਇਹ ਬੇਬੇ ਵਾਲੀ ਘੋੜੀ ਤੁਸੀਂ ਆਪਣੇ ਕੋਲ ਰੱਖੋ ਤੇ ਜਿਸ ਪਾਸੇ ਜਾਣਾ ਜੇ ਛੇਤੀ ਕਰ ਲੋ, ਜੇ ਉਹ ਬੰਦਾ ਆ ਗਿਆ ਤੇ ਫੇਰ ਤੁਹਾਡੇ ਕੋਲੋਂ ਖੋਹ ਲਏਗਾ। ਉਨ੍ਹਾਂ ਸਾਡੇ ਤੇ ਰਹਿਮ ਕੀਤਾ ਤੇ ਸਾਨੂੰ ਘੋੜੀ ਦੇ ਦਿੱਤੀ। ਮੈਂ ਉਸ ਘੋੜੀ ਤੇ ਚੜ੍ਹ ਬੈਠੀ ਅੱਗੇ ਇਕ ਬੱਚੀ ਨੂੰ ਬਿਠਾ ਲਿਆ ਤੇ ਇਕ ਨੇ ਪਿੱਛੋਂ ਮੈਨੂੰ ਜੱਫੀ ਪਾ ਲਈ। ਆਦਮੀ ਸਾਰੇ ਸਾਡੇ ਨਾਲ ਪੈਦਲ ਟੁਰ ਪਏ। ਅਸੀਂ ਸੋਚਿਆ ਹੁਣ ਪ੍ਰੇਮੇ ਦੇ ਬੋੜੇ ਖੂਹ ਤੇ ਚੱਲੀਏ ਇਹ ਸਾਡਾ ਆਪਣਾ ਨਜ਼ਦੀਕੀ ਸੱਜਣ ਸੀ। ਭੁੱਖੇ-ਭਾਣੇ ਵਾਹੋਦਾਹੀ ਤੇ ਮਾਰੋ ਮਾਰ ਕਰਦੇ ਚਾਰ ਕੁ ਵਜੇ ਉਥੇ ਪੁਜ ਗਏ। ਸਾਡੇ ਨਾਈ ਵੀ ਬੋੜ੍ਹੇ ਖੂਹ ਤੇ ਹੁੰਦੇ ਸਨ। ਅਸੀਂ ਜਿਸ ਵੇਲੇ ਪਿੰਡ ਪਹੁੰਚ ਗਏ ਤਾਂ ਸਾਰੇ ਲੋਕ ਸਾਨੂੰ ਇਸ ਹਾਲਤ ਵਿਚ ਵੇਖ ਕੇ ਹੈਰਾਨ ਪਰੇਸ਼ਾਨ ਹੋ ਗਏ। ਇਕ ਦਮ ਅੰਦਰੋਂ ਹੁਕਮਾਂ ਨੈਣ ਆ ਨਿਕਲੀ ਤੇ ਇਕ ਦਮ ਰੋਣ-ਪਿੱਟਣ ਲੱਗ ਪਈ 'ਹੈ… ਹੈ… ਵਿਰਕੇ ਤੁਹਾਡਾ ਕੀ ਬਣ ਗਿਆ। ਤੁਸੀਂ ਕਿਵੇਂ ਏਥੇ ਆ ਗਏ। ਅਸਾਂ ਆਖਿਆ ਹੌਸਲਾ ਕਰ ਅਸੀਂ ਤੈਨੂੰ ਸਭ ਕੁਝ ਦਸਦੇ ਹਾਂ। ਉਸਨੇ ਸਾਨੂੰ ਫਟਾ-ਫਟ ਆਪਣੇ ਘਰੋਂ ਰੋਟੀਆਂ, ਗੁੜ, ਪਰੋਠੇ ਤੇ ਭੁੱਜੇ ਹੋਏ ਦਾਣੇ ਲਿਆ ਦਿੱਤੇ। ਅਸੀਂ ਉਥੇ ਖਲਿਆਂ-ਖਲੋਤਿਆਂ ਨੇ ਖਾ ਲਏ। ਸਾਨੂੰ ਆਖਣ ਲੱਗੀ, "ਤੂੰ ਬੇਬੇ ਘੋੜੀ ਤੋਂ ਥੱਲੇ ਉੱਤਰ ਜਾ।" ਮੈਂ ਆਖਿਆ "ਵੇਲਾ ਬੜਾ ਚੰਦਰਾ ਏ, ਤੂੰ ਛੇਤੀ ਕਰ ਤੇ ਪਿੰਡ ਵਿੱਚ ਖ਼ਬਰ ਕਰਦੇ ਕਿ ਬੰਦੇਕਿਆ ਨਾਲ ਆਹ ਕਾਰਾ ਹੋ ਗਿਆ ਏ ਤੇ ਉਨ੍ਹਾਂ ਦੇ ਘਰ ਦੇ ਬੜੇ ਥੋੜੇ ਜੀਅ ਬਚੇ ਹਨ। ਨਾਲ ਹੀ ਦਿੱਲੀ-ਪਠਾਣ ਲੋਕਾਂ ਨਾਲ ਬੁਰੀ ਕਰ ਰਿਹਾ ਏ… ਤੇ ਰਾਤੋ ਰਾਤ ਉਸਨੇ ਇਧਰ ਵੀ ਆ ਜਾਣਾ। ਜਿਵੇਂ ਹੋ ਸਕਦਾ ਏ ਸਾਰਿਆਂ ਨੂੰ ਆਖ ਦੇ ਹੁਣੇ ਕਿਸੇ ਪਾਸੇ ਨਿਕਲ ਜਾਣ।"

ਇਹ ਗੱਲ ਸੁਣ ਕੇ ਸਾਰੇ ਪਿੰਡ ਦੇ ਲੋਕ ਸਾਡੇ ਕੋਲ ਆ ਗਏ ਤੇ ਪ੍ਰੇਮ ਸਿੰਘ ਆਖਣ ਲੱਗਾ ਕਿ "ਤੁਸੀਂ ਹੁਣ ਹੌਂਸਲਾ ਕਰੋ ਅਜੇ ਸਾਰੇ ਮੁੰਡੇ ਬਾਹਰ ਗਏ ਹੋਏ ਹਨ ਉਹ ਵੀ ਆ ਜਾਂਦੇ ਨੇ ਤੇ ਅਸੀਂ ਕਿਸੇ ਪਾਸੇ ਮੂੰਹ ਕਰ ਲਈਏ। ਤੁਸੀਂ ਆਓ ਅੰਦਰ ਬਹਿ ਜਾਓ ਟੁੱਕਰ ਸ਼ੁੱਕਰ ਖਾਓ।" ਇਸ ਤਰ੍ਹਾਂ ਉਨ੍ਹਾਂ ਸਾਡੀ ਘੋੜੀ ਫੜ ਲਈ ਤੇ ਸਾਨੂੰ ਅੰਦਰ ਆਪਣੇ ਘਰ ਲੈ ਗਿਆ। ਮੈਂ ਘੋੜੀ ਤੋਂ ਉੱਤਰ ਗਈ ਮੰਜੀ ਤੇ ਬੈਠਦਿਆਂ ਸਾਰ ਹਾਲ ਚਾਲ ਦੱਸਿਆ। ਫਿਰ ਉਨ੍ਹਾਂ ਸਾਡੀ ਘੋੜੀ ਨੂੰ ਦਾਲ਼ ਪਾਈ ਤੇ ਪਾਣੀ-ਧਾਣੀ ਪਿਆਇਆ। ਤੇ ਉਸ ਉਤੋਂ ਕਾਠੀ ਨਾ ਲਾਹੀ। ਘੋੜੀ ਦਾ ਵਛੇਰਾ ਵੀ ਨਾਲ ਹੀ ਸੀ। ਪ੍ਰੇਮੇ ਦੀ ਵਹੁਟੀ ਨੇ ਸਾਡੇ ਸਾਹਮਣੇ ਪਰੋਠੇ ਤੇ ਅੰਬ ਦਾ ਅਚਾਰ ਰੱਖ ਦਿੱਤਾ। ਮੈਂ ਆਖਿਆ ਸਾਡੇ ਕੋਲ ਨੈਣ ਦੇ ਪਰੋਂਠੇ ਹਨ। ਉਸਨੇ ਆਖਿਆ, 'ਵਿਰਕੇ ਇਨ੍ਹਾਂ ਨੂੰ ਪੱਲੇ ਬੰਨ੍ਹ ਲਓ ਤੇ ਅੱਗੇ ਕੰਮ ਆਉਣਗੇ।' ਮੈਂ ਨੈਣ ਵਾਲੇ ਪਰੋਂਠੇ ਪੱਲੇ ਬੰਨ੍ਹ ਲਏ ਤੇ ਉਥੋਂ ਰੋਟੀ ਖਾ ਲਈ। ਐਨੀ ਦੇਰ ਵਿਚ ਉਨ੍ਹਾਂ ਦੇ ਸਾਰੇ ਆਦਮੀ ਇਕੱਠੇ ਹੋ ਗਏ। ਉਨ੍ਹਾਂ ਦਾ ਜਿਹੜਾ ਪੈਸਾ-ਪਾਈ ਦੱਬਿਆ ਪਿਆ ਸੀ ਉਹ ਕੱਢ ਲਿਆ। ਹੋਰ ਜਿਹੜਾ ਉਨ੍ਹਾਂ ਦਾ ਸਮਾਨ ਜ਼ਰੂਰੀ ਜ਼ਰੂਰੀ ਸੀ, ਉਹ ਤਿਆਰ ਕਰ ਲਿਆ। ਜਦੋਂ ਪਿੰਡ ਛੱਡਣ ਦੀ ਤਿਆਰੀ ਕਰ ਲਈ ਤਾਂ ਸਾਰੇ ਪਿੰਡ ਦੇ ਕੰਮੀ-ਕਮੀਣ ਤੇ ਹੋਰ ਨਡੂ ਬੰਦੇ ਜਨਾਨੀਆਂ ਇਕੱਠੇ ਹੋ ਗਏ ਤੇ ਸਾਰੇ ਉੱਚੀ ਉੱਚੀ ਰੋਣ ਲੱਗ ਪਏ ਕੀ ਆਹ ਕੀ ਕਹਿਰ ਵਰਤ ਰਿਹਾ ਏ। ਅੱਲ੍ਹਾ ਨੇ ਇਹ ਕੀ ਹਨੇਰੀ ਘੋਲ ਦਿੱਤੀ ਏ? ਉਹ ਸਾਰੇ ਇਸ ਵਕਤ ਨਿਮੋਝੂਣੇ ਹੋ ਗਏ। ਉਨ੍ਹਾਂ ਸਾਰਿਆਂ ਆਖਿਆ ਅਸੀਂ ਹੁਣ ਤੁਹਾਨੂੰ ਢੇਕ ਤੇ ਛੱਡ ਕੇ ਆਵਾਂਗੇ। ਇਹ ਗੱਲ ਸੁਣ ਕੇ ਸਾਡੇ ਆਦਮੀਆਂ ਨੇ ਆਖਿਆ 'ਭਰਾਵੋਂ ਗੱਲ ਸੁਣੋ ਸਾਨੂੰ ਇਥੇ ਹੀ ਦੱਸ ਦਿਓ ਜੇ ਤੁਹਾਡੇ ਮਨ ਵਿਚ ਕੋਈ ਬੇਈਮਾਨੀ ਹੈ ਤੇ ਅਸੀਂ ਐਥੇ ਹੀ ਤੁਹਾਡੇ ਨਾਲ ਦੋ ਹੱਥ ਕਰ ਲਈਏ। ਤੁਹਾਡੇ ਵਿੱਚ ਮਜ਼ਬੀ ਪੱਖ ਨਾ ਭਰ ਜਾਵੇ। ਉਹ ਵਿਚਾਰੇ ਪੈਰਾਂ ਤੇ ਡਿੱਗਣ ਤੇ ਹੱਥ ਜੋੜਨ ਲੱਗ ਪਏ ਕਿ 'ਤੁਹਾਡੇ ਤੋਂ ਚੰਗੇਰਾ ਸਾਨੂੰ ਕੌਣ ਏ।' ਅੱਲਾ ਤੇ ਡੋਰੀ ਰੱਖੋ ਅਸੀਂ ਤੁਹਾਨੂੰ ਸਹੀ ਸਲਾਮਤ ਅਪੜਾ ਕੇ ਆਵਾਂਗੇ। ਜਿਸ ਵੇਲੇ ਟੁਰਨ ਲੱਗੇ ਸਾਰੀਆਂ ਔਰਤਾਂ-ਮਰਦ ਇਕ ਦੂਜੇ ਦੇ ਗਲ਼ ਲਗ ਲਗ ਕੇ ਮਿਲੇ ਅਤੇ ਉੱਚੀ ਉੱਚੀ ਰੋਣ ਲੱਗ ਪਏ। ਔਰਤਾਂ ਨੇ ਗਲ੍ਹ ਵਿੱਚ ਪੱਲੂ ਪਾ ਕੇ ਦਿਲ ਟੁੰਬਵੇਂ ਵੈਣ ਪਾਏ। ਇਸ ਤਰ੍ਹਾਂ ਕਿਸੇ ਨੇ ਸਿਰ ਤੇ ਗੱਠੜੀ ਚੁੱਕ ਲਈ ਕਿਸੇ ਨੇ ਟਰੰਕ ਕਿਸੇ ਨੇ ਬਿਸਤਰੇ। ਔਰਤਾਂ ਨੂੰ ਉਨ੍ਹਾਂ ਪਿਛੇ ਮੋੜ

ਦਿੱਤਾ। ਟੁਰਨ ਲੱਗਿਆ ਸਾਡੇ ਆਦਮੀਆਂ ਨੇ ਆਖਿਆ ਲਓ ਭਾਈ ਜਿਹੜੇ ਪਿੱਛੇ ਹੈਨ ਸਾਡੇ ਘਰਾਂ ਦਾ ਧਿਆਨ ਰੱਖਿਓ ਜੇ। ਜੇ ਠੰਡ-ਠੰਡੋਰ ਹੋ ਗਈ ਤੇ ਸ਼ਾਇਦ ਅਸੀਂ ਵਾਪਿਸ ਆ ਜਾਵਾਂਗੇ। ਉਹ ਸਾਡੇ ਨਾਲ ਢੇਕ ਵੱਲ ਟੁਰ ਪਏ। ਮੈਂ ਫਿਰ ਘੋੜੀ ਉੱਤੇ ਬਚੀਆਂ ਸਮੇਤ ਬਹਿ ਗਈ।

ਜਦੋਂ ਅਸੀਂ ਸ਼ਾਮ ਵੇਲੇ ਢੇਕ ਪਹੁੰਚ ਗਏ ਤੇ ਢੇਕ ਤੁਰ ਪਈ, ਬਾਹਰ ਪਟਰੀਆਂ ਤੇ ਪਾਣੀ ਵਹਿੰਦਾ ਪਿਆ ਸੀ। ਇੰਜ ਜਾਪਦਾ ਸੀ ਢੇਕ ਇਹ ਆਖ ਰਹੀ ਹੋਵੇ ਕਿ ਮੈਂ ਵੀ ਅੱਜ ਭਰ ਜੋਬਨ ਵਿਚ ਹਾਂ ਤੁਸੀਂ ਵੀ ਮੈਨੂੰ ਠਿੱਲ੍ਹ ਕੇ ਵਖਾਓ। ਢੇਕ ਨੂੰ ਐਨੀ ਉਛਲਦੀ ਵੇਖ ਕੇ ਇਕ ਆਦਮੀ ਪਿੰਡ ਭੱਜਾ ਗਿਆ ਉਨ੍ਹਾਂ ਉਥੋਂ ਮੋਟੇ ਰੱਸੇ ਤੇ ਕਿਲੇ ਲੈ ਆਂਦੇ। ਜਿਹੜੇ ਵੀ ਲੋਕ ਪੱਤਣਾਂ ਦੇ ਰਹਿੰਦੇ ਸੀ ਉਨ੍ਹਾਂ ਕੋਲ ਰੱਸੇ ਤੇ ਕਿਲੇ ਹਮੇਸ਼ਾ ਤਿਆਰ ਰਹਿੰਦੇ ਸੀ ਕਿਉਂਕਿ ਉਨ੍ਹਾਂ ਨੂੰ ਵੇਲੇ ਕਵੇਲੇ ਦਰਿਆ ਪਾਰ ਕਰਨੇ ਪੈਂਦੇ ਸੀ। ਜਿਸ ਵੇਲੇ ਆਦਮੀਆਂ ਨੇ ਢੇਕ ਦੇ ਕੰਢੇ ਕਿਲੇ ਠੋਕ ਕੇ ਰੱਸੇ ਬੰਨ੍ਹ ਦਿੱਤੇ ਤੇ ਢੇਕ ਦੇ ਪਰਲੇ ਕੰਢਿਓਂ ਕਮਾਦਾਂ ਵਿਚੋਂ ਬੰਦਿਆਂ ਦੇ ਜੱਥਿਆਂ ਦੇ ਜੱਥੇ ਨਿਕਲੀ ਆਉਣ। ਸਾਡਿਆਂ ਬੰਦਿਆਂ ਨੇ ਛੇਤੀ ਨਾਲ ਰੱਸਾ ਪਿਛਾਂਹ ਨੂੰ ਖਿੱਚ ਲਿਆ ਕਿ ਹੁਣ ਇਹ ਸਾਨੂੰ ਅੱਗੇ ਨਹੀਂ ਜਾਣ ਦੇਣਗੇ। ਜਿਸ ਵੇਲੇ ਇਸ ਰੱਸਾ ਬੰਨ੍ਹਣ ਲੱਗਾ ਪੈਂਦੇ ਸਾਨੂੰ ਸਾਰੀਆਂ ਔਰਤਾਂ ਨੂੰ ਉਸ ਹਵੇਲੀ ਵਿੱਚ ਵਾੜ ਕੇ ਉਤੋਂ ਕੁੰਡੀ ਲਾ ਦਿੰਦੇ ਸੀ। ਸਾਰੇ ਬੱਚੇ ਔਰਤਾਂ ਦੌੜਦੇ ਦੌੜਦੇ ਉਥੇ ਵੜ ਜਾਂਦੇ ਸੀ। ਉਸ ਤਰ੍ਹਾਂ ਜਿਨੀ ਵਾਰੀ ਰੱਸਾ ਬੰਨਣ ਦੂਜੇ ਕੰਢਿਓਂ ਮੁਸਲਮਾਨਾਂ ਦੀਆਂ ਧਾੜਾ ਸਾਹਮਣੇ ਆ ਖਲੋਣ। ਇਹ ਹਸ਼ਰ ਵੇਖ ਕੇ ਮੈਂ ਔਰਤਾਂ ਨੂੰ ਆਖਿਆ ਕਿ ਮੈਂ ਜਾ ਕੇ ਪ੍ਰੇਮ ਸਿੰਘ ਨਾਲ ਇਕ ਸਲਾਹ ਕਰ ਆਵਾਂ। ਮੈਂ ਉਨ੍ਹਾਂ ਪਾਸ ਆਈ ਤੇ ਉਸ ਆਖਿਆ ਦੱਸ ਭੈਣ ! ਤੁਸੀਂ ਸਾਨੂੰ ਔਰਤਾਂ ਨੂੰ ਅੰਦਰ ਹਵੇਲੀ ਵਿੱਚ ਡੱਕ ਆਉਂਦੇ ਹੋ ਤੇ ਇਧਰ ਜੇ ਤੁਹਾਡੇ ਨਾਲ ਕੋਈ ਨੇਕੀ ਬਦੀ ਹੋ ਜਾਏ ਤੇ ਅਸੀਂ ਕਿਸ ਪਾਸੇ ਮੂੰਹ ਕਰਾਂਗੀਆਂ? ਅਸੀਂ ਅੰਦਰ ਬੰਦ ਹੁੰਦੀਆਂ ਹਾਂ ਤੇ ਤੁਸੀਂ ਬਾਹਰ ਹੀ ਮਾਰੇ ਜਾਓ ਸਾਡਾ ਵਾਲੀ ਵਾਰਸ ਕੌਣ ਬਣੇਗਾ? ਇੰਜ ਕਰੋ ਸਾਨੂੰ ਵੀ ਆਪਣੇ ਕੋਲ ਲੈ ਆਉ ਤੇ ਡੇਕ (ਨਦੀ) ਕੰਢੇ ਸਾਨੂੰ ਬਿਠਾ ਲਓ। ਜੇ ਤੁਹਾਡੇ ਨਾਲ ਕੋਈ ਭਾਣਾਂ ਵਰਤ ਜਾਏ ਤੇ ਅਸੀਂ ਪਿਛੇ ਰਹਿ ਕੇ ਕੀ ਕਰਨਾਂ ਏ ਅਸੀਂ ਵੀ ਤੁਹਾਡੇ ਨਾਲ ਛਾਲਾਂ ਮਾਰ ਜਾਵਾਂਗੀਆਂ। ਮੇਰੀ ਇਸ ਗੱਲ ਨੂੰ ਉਹ ਸਾਰੇ ਮਨ ਗਏ ਤੇ ਮੈਂ ਜਾ ਕੇ ਸਾਰੀਆਂ ਔਰਤਾਂ ਨੂੰ ਆਖਿਆ ਭੈਣੋ ਇਹ ਫੈਸਲਾ ਹੋਇਆ ਜੇ , ਜੇ ਤੁਹਾਨੂੰ ਵੀ ਮੰਜੂਰ ਏ ਤੇ ਚਲੋ ਉਥੇ ਬੰਦਿਆਂ ਕੋਲ ਡੇਕ ਦੇ ਕੰਢੇ ਅਸੀਂ ਵੀ ਬੈਠ ਜਾਈਏ ਜੋ ਕੁਝ ਹੋਵੇਗਾ ਮਰਦਾ ਦੇ ਨਾਲ ਤੇ ਹੋਵਾਂਗੀਆਂ। ਉਹ ਸਾਰੀਆਂ ਤਿਆਰ ਹੋ ਗਈਆਂ ਕਿ ਸਾਨੂੰ ਹੋਰ ਕੀ ਚਾਹੀਦਾ ਏ। ਮਰਦਾ ਬਿਨਾਂ ਸਾਡਾ ਕੀ ਜੀਓਣਾ ਏ। ਇਸ ਤਰ੍ਹਾਂ ਅਸੀਂ ਦਰਿਆ ਦੇ ਕੰਢੇ ਜਾ ਕੇ ਲਾਈਨਾ ਵਿੱਚ ਬੈਠ ਗਈਆਂ। ਕਿ ਜੇ ਦੁਸ਼ਮਣ ਆ ਵੀ ਗਏ ਤੇ ਅਸੀਂ ਦਰਿਆ ਵਿੱਚ ਬੱਚਿਆਂ ਸਮੇਤ ਛਾਲਾਂ ਮਾਰ ਜਾਵਾਂਗੀਆਂ। ਦੂਜੇ ਪਾਸਿਓ ਉਹ ਸਾਨੂੰ ਵੇਖ ਵੇਖ ਕੇ ਮੱਛਰਨ ਤੇ ਲਾਲਾ ਲਾਲਾ ਕਰਨ ਲਗ ਪੈਣ।

ਇਹ ਹਸ਼ਰ ਵੇਖ ਕੇ ਅਸੀਂ ਸਾਰੇ ਪਰੇਸ਼ਾਨ ਹੋ ਗਏ ਕਿ ਉਤੋਂ ਰਾਤ ਪੈ ਗਈ ਏ। ਸਾਡੇ ਸਾਰੇ ਆਦਮੀ ਭੁਖੇ-ਭਾਣੇ ਮੁਸੀਬਤ ਦੇ ਮਾਰੇ ਹੋਏ ਨੇ ਜੇ ਇਥੋਂ ਕਿਧਰੇ ਨਾ ਜਾ ਸਕੇ ਤੇ ਇਥੇ ਹੀ ਖ਼ਤਮ ਹੋ ਜਾਵਾਂਗੇ। ਫਿਰ ਪ੍ਰੇਮ ਸਿੰਘ ਨੇ ਸਲਾਹ ਬਣਾਈ ਕਿ ਹੁਣ ਅਸੀਂ ਇਕ ਕੰਮ ਕਰੀਏ, ਕਿਸੇ ਮੁਸਲਮਾਨ ਖ਼ੈਰ ਖਾਹ ਆਦਮੀ ਨੂੰ ਸ਼ਹਾਦਤ ਖਾਂ ਕੋਲ ਘੱਲੀਏ। ਇਸ ਤਰ੍ਹਾਂ ਉਸਨੇ ਆਪਣੇ ਪਿੰਡ ਦੇ ਕੰਮੀ-ਕਮੀਂਣ ਨੂੰ ਉਥੇ ਭੇਜਣ ਵਾਸਤੇ ਤਿਆਰ ਕਰ ਲਿਆ। ਇਹ ਸੋਚਿਆ ਕਿ ਇਹ ਥੋੜੀ ਵਿੱਥ ਪਾ ਕੇ ਢੇਕ (ਨਦੀ) ਠਿੱਲ ਕੇ ਦੂਜੇ ਕੰਢੇ ਅਪੜ ਜਾਏ। ਜੇ ਕਿਧਰੇ ਉਨ੍ਹਾਂ ਮੁਸਲਮਾਨਾਂ ਨੇ ਵੇਖ ਲਿਆ ਤੇ ਹੋ ਸਕਦਾ ਏ ਇਸਨੂੰ ਅੱਗੇ ਨਾ ਜਾਣ ਦੇਣ। ਆਖ਼ਰ ਉਸਨੂੰ ਇਹ ਸੁਨੇਹਾ ਸ਼ਹਾਦਤ ਵੱਲ ਦੇ ਕੇ ਭੇਜ ਦਿੱਤਾ, 'ਪ੍ਰੇਮ ਸਿੰਘ ਨੇ ਆਖਿਆ ਲੈ ਦੀਨੂੰ ਉਸਨੂੰ ਆਖੀ ਪ੍ਰੇਮ ਸਿੰਘ ਦੇ ਪਿੰਡ ਦੇ ਬੰਦੇ ਤੇ ਬਾਬੇ ਕਿਆਂ ਦੇ ਖੁਸ਼ਹਾਲ ਸਿੰਘ ਦੇ ਐਨੇ ਜੀਅ ਢੇਕ (ਦਰਿਆ) ਪਾਰ ਕਰਨਾ ਚਾਹੁੰਦੇ ਹਨ ਪਰ ਅੱਗੋਂ ਮੁਸਲਮਾਨ ਉਨ੍ਹਾਂ ਨੂੰ ਰਾਹ ਨਹੀਂ ਦਿੰਦੇ ਪਏ। ਜੇ ਤੇ ਸਾਡੇ ਨਾਲ ਹਮਦਰਦੀ ਹੈਸੂ ਤੇ ਪੁਰਾਣੀ ਮੁਹੱਬਤ ਨੂੰ ਨਹੀਂ ਭੁਲਿਆ ਤੇ ਸਾਨੂੰ ਇਸ ਮੁਸੀਬਤ ਤੋਂ ਜਿਸ ਤਰ੍ਹਾਂ ਹੋ ਸਕਦਾ ਏ ਬਚਾ ਲਵੇ। ਆਖੀ ਸੂ 'ਕੰਮੀ ਪਈ ਪਛਾਣੀਏ ਕੌਣ ਭੌਰ ਕੌਣ ਭੂੰਡ। ' ਹੁਣ ਮੇਰੀ ਅਜਮਾਇਸ਼ ਦਾ ਵੇਲਾ ਵੇ ਤੂੰ ਸਾਡੇ ਨਾਲ ਕੀ ਸਲੂਕ ਕਰਦਾ ਏਂ।

ਉਸਨੂੰ ਭੇਜ ਕੇ ਸਾਰੇ ਜਣੇ ਉਸਦੀ ਉਡੀਕ ਕਰਨ ਲੱਗ ਪਏ। ਬੈਠਿਆਂ ਬੈਠਿਆਂ ਮਨ ਵਿੱਚ ਕਈ

ਵਿਚਾਰ ਆਉਣ ਲਗ ਪਏ ਕਿ ਸ਼ਾਇਦ ਉਹ ਖ਼ੈਹਿਰੀ ਮਿਹਰੀ ਅਪੜਿਆ ਹੈ ਵੀ ਜਾਂ ਨਹੀਂ? ਆਖਰ ਦੋ ਕੁ ਘੰਟਿਆ ਪਿਛੋਂ 5-7 ਆਦਮੀ ਅਸਲੇ ਨਾਲ ਉਹ ਆ ਗਏ। ਸ਼ੁਕਰ ਕੀਤਾ। ਉਨ੍ਹਾਂ ਨੂੰ ਵੇਖ ਕੇ ਸਾਡੇ ਆਦਮੀਆਂ ਨੇ ਫੇਰ ਰੱਸਾ ਬੰਨ੍ਹ ਦਿੱਤਾ ਤੇ ਫਟਾ-ਫਟ ਪਾਰ ਹੋਣ ਦੀਆਂ ਤਿਆਰੀਆਂ ਕਰਨ ਲਗ ਪਏ। ਕਈ ਲੋਕ ਇਨ੍ਹਾਂ ਵਿਚੋਂ ਢੇਕ (ਨਦੀ) ਦੇ ਤਾਰੂ ਸਨ। ਕਈਆਂ ਇਸ ਤਰ੍ਹਾਂ ਰੱਸੇ ਨਾਲ ਢੇਕ ਪਾਰ ਕੀਤੀ ਹੋਈ ਸੀ। ਪਰ ਮੇਰੀ ਜ਼ਿੰਦਗੀ ਦਾ ਇਹ ਪਹਿਲਾ ਚਾਨਸ ਸੀ। ਮੈਂ ਇਸ ਸਮੇਂ ਕੁਝ ਬਿਮਾਰ ਵੀ ਸੀ। ਪਰ ਮੈਂ ਵੀ ਹਿੰਮਤ ਕਰਕੇ ਦਰਿਆ ਵਿਚ ਠੱਲ੍ਹ ਪਈ। ਬੱਚੀਆਂ ਨੂੰ ਦੋ ਆਦਮੀਆਂ ਨੇ ਪਿੱਛੇ ਬੰਨ੍ਹ ਲਿਆ। ਮੈਂ ਇਸ ਤਰ੍ਹਾਂ ਢੇਕ (ਨਦੀ) ਪਾਰ ਕਦੀ ਵੀ ਨਹੀਂ ਕੀਤੀ ਮੈਨੂੰ ਆਦਮੀਆਂ ਨੇ ਸਮਝਾਇਆ ਕਿ ਰੱਸੇ ਨੂੰ ਇਕ ਹੱਥ ਪਾ ਲੈਣਾ ਏ ਫਿਰ ਉਹ ਦੂਜਾ ਪਾ ਕੇ ਪਹਿਲਾ ਛੱਡ ਦੇਣ ਏ। ਡੇਕ ਦਾ ਪਾਣੀ ਐਨਾ ਰੋੜ੍ਹ ਸੀ ਕਿ ਦਰਿਆ ਦਾ ਵੱਡੇ ਤੋਂ ਵੱਡਾ ਤਾਰੂ ਵੀ ਉਥੇ ਮਾਤ ਖਾ ਜਾਂਦਾ ਸੀ। ਬੰਦੇ ਨੂੰ ਡੋਬੂ ਪਾਣੀ ਵਹਾ ਰਿਹਾ ਸੀ। ਐਨੇ ਜ਼ਬਰਦਸਤ ਪਾਣੀ ਵਿੱਚ ਮੈਥੋਂ ਚਲਣਾ ਮੁਸ਼ਕਿਲ ਹੋ ਗਿਆ। ਜਦੋਂ ਮੈਂ ਢੇਕ (ਨਦੀ) ਦੇ ਅੱਧ ਵਿੱਚ ਗਈ ਤਾਂ ਮੇਰਾ ਹੌਸਲਾ ਟੁੱਟ ਗਿਆ। ਮੇਰੇ ਦੋਵੇਂ ਹੱਥ ਛੁੱਟਣ ਲੱਗ ਪਏ। ਫਿਰ ਮੇਰੇ ਇਕ ਪਾਸੇ ਬੱਚੀਆਂ ਦੇ ਪਿਤਾ ਤੇ ਦੂਜੇ ਪਾਸੇ ਇਕ ਹੋਰ ਆਦਮੀ ਹੋ ਗਏ ਉਨ੍ਹਾਂ ਮੈਨੂੰ ਸਹਾਰਾ ਦਿੱਤਾ ਤੇ ਬੜੀ ਔਖਿਆਈ ਦੇ ਨਾਲ ਮੈਂ ਡੇਕ ਪਾਰ ਕੀਤੀ। ਜਿੰਨ੍ਹੇ ਵੀ ਮਰਦ ਔਰਤਾਂ ਸਨ ਸਾਰੇ ਸਹੀ ਸਲਾਮਤ ਪਰਲੇ ਕੰਢੇ ਤੇ ਅਪੜ ਗਏ। ਹੁਣ ਘੋੜੀ ਵੀ ਮੁਸੀਬਤ ਬਣ ਗਈ ਕਿ ਇਸਨੂੰ ਢੇਕ ਵਿਚੋਂ ਕਿਸ ਤਰ੍ਹਾਂ ਕੱਢਿਆ ਜਾਏ। ਸਾਰੇ ਕਹਿਣ ਲੱਗੇ ਕਿ ਇਹ ਜੇ ਰਾਹ ਵਿਚ ਰੁੜ੍ਹ ਗਏ ਤਾਂ। ਪਰ ਮੈਂ ਕਿਹਾ ਕਿ ਤੁਸੀਂ ਘੋੜੀ ਨੂੰ ਢੇਕ ਵਿੱਚ ਠੇਲ੍ਹ ਦਿਓ। ਮਰੇਗੀ ਜੀਵੇਗੀ ਵੇਖੀ ਜਾਏਗੀ। ਮੈਂ ਇਥੇ ਘੋੜੀ ਬਿਨ੍ਹਾਂ ਇਕ ਕਦਮ ਵੀ ਨਹੀਂ ਪੁੱਟਿਆ ਜਾਣਾ ਕਿਉਂਕਿ ਮੇਰੀ ਸਿਹਤ ਉਸ ਵੇਲੇ ਬੜੀ ਕਮਜ਼ੋਰ ਹੋ ਗਈ ਸੀ। ਇਸ ਤਰ੍ਹਾਂ ਇਕ ਆਦਮੀ ਨੇ ਘੋੜੀ ਦੇ ਕੜਿਆਲੇ ਤੋਂ ਫੜ ਲਿਆ ਅਤੇ ਉਹ ਢੇਕ ਦੇ ਵਿੱਚ ਅੱਗੇ ਅੱਗੇ ਆਪ ਤੁਰਨ ਲਗ ਪਿਆ ਤੇ ਪਿੱਛੇ ਪਿੱਛੇ ਘੋੜੀ ਅਤੇ ਉਸਦਾ ਵਛੇਰਾ ਵੀ ਤੁਰਨ ਲਗ ਪਿਆ। ਸਾਰਿਆਂ ਨੂੰ ਖੁਸ਼ੀ ਹੋਈ ਕਿ ਇਹ ਸਹੀ ਸਲਾਮਤ ਵਾਪਸ ਆ ਗਈ ਹੈ।

ਕੰਢੇ ਤੇ ਪੁਜ ਕੇ ਸਾਰਿਆਂ ਜਣਿਆਂ ਨੇ ਆਪਣੇ ਗਿੱਲੇ ਕੱਪੜੇ ਨਚੋੜੇ ਜਿਨ੍ਹਾਂ ਕੋਲ ਦੂਜੀ ਥਾਂ ਪਾਣ ਨੂੰ ਸੀ ਉਨ੍ਹਾਂ ਉਥੇ ਬੈਠ ਕੇ ਬਦਲ ਲਏ। ਸਾਡੇ ਕੋਲ ਕੋਈ ਵੀ ਕੱਪੜਾ ਨਹੀਂ ਸੀ। ਮੈਂ ਵੀ ਆਪਣੇ ਕੱਪੜੇ ਨਚੋੜੇ। ਹੁਕਮਾਂ ਨੈਣ ਨੇ ਮੈਨੂੰ ਆਪਣੇ ਕੋਲੋਂ ਛੀਟ ਦੀ ਸਲਵਾਰ ਦਿੱਤੀ। ਉਹ ਮੈਂ ਪਾ ਲਈ ਤੇ ਗਿੱਲੇ ਕੱਪੜੇ ਲਾਹ ਦਿੱਤੇ। ਇਸ ਵੇਲੇ ਮੇਰਾ ਮਨ ਭਰ ਗਿਆ। ਮੈਨੂੰ ਆਪਣੇ ਬਜ਼ੁਰਗ (ਸਹੁਰਾ ਜੀ) ਯਾਦ ਆ ਗਏ ਤੇ ਸੋਚਣ ਪਈ। ਜਦੋਂ ਸਾਰਿਆਂ ਨੇ ਕੱਪੜੇ ਪਾ ਲਏ ਤੇ ਸ਼ਾਮ ਦੇ ਵਕਤ ਅਜੇ ਦਿਨ ਚਮਕ ਰਿਹਾ ਸੀ ਅਸੀਂ ਉਥੋਂ ਫ਼ਾਜ਼ਲ ਕੇ ਵਾਸਤੇ ਟੁਰ ਪਏ। ਨਾਲ ਹੀ ਸਾਡੇ ਸ਼ਹਾਦਤ ਖ਼ਾ ਦਾ ਆਦਮੀ ਵੀ ਚਲ ਪਏ।

ਟੁਰਦੇ ਟੁਰਦੇ ਸਾਰੇ ਮਰਦ-ਔਰਤਾਂ 6-7 ਵਜੇ ਫਾਜ਼ਲ ਕੇ ਪਹੁੰਚ ਗਏ। ਉਥੇ ਸ਼ਹਾਦਤ ਖਾਂ ਦੇ ਘਰ ਜਾ ਕੇ ਪਨਾਹ ਲਈ। ਔਰਤਾਂ ਤੇ ਬੱਚਿਆਂ ਨੂੰ ਉਸਨੇ ਘਰ ਭੇਜ ਦਿੱਤਾ ਤੇ ਆਦਮੀਆਂ ਦਾ ਸਾਰਾ ਪ੍ਰਬੰਧ ਉਸਨੇ ਬਾਹਰ ਆਪਣੇ ਕੋਲ ਡੇਰੇ ਵਿਚ ਕਰ ਲਿਆ। ਸ਼ਹਾਦਤ ਦੀ ਅੰਮਾ ਨੇ ਔਰਤਾਂ ਨੂੰ ਆਖਿਆ ਕਿ ਸਾਡੇ ਘਰ ਸਭ ਤਰ੍ਹਾਂ ਦੇ ਲੋਕਾਂ ਦੀ ਆਵਾਜਾਈ ਹੈ। ਇਸ ਵਾਸਤੇ ਤੁਹਾਡੇ ਪ੍ਰਬੰਧ ਅਸੀਂ ਤੇਲੀਆਂ ਦੇ ਘਰ ਕਰ ਦਿੰਦੇ ਹਾਂ ਉਸਨੇ ਆਪਣੀਆਂ ਨੌਕਰਾਣੀਆਂ ਨੂੰ ਇਹ ਇੰਤਜ਼ਾਮਾਤ ਕਰਨ ਵਾਸਤੇ ਲਾ ਦਿੱਤਾ ਅਤੇ ਪਿੰਡ ਵਿੱਚ ਲਡਿ ਕੇ ਖੱਤਰੀ ਵੱਲ ਸੁਨੇਹਾਂ ਭਿਜਵਾ ਦਿੱਤਾ ਕਿ ਉਹ ਇਨ੍ਹਾਂ ਦੀਆਂ ਰੋਟੀਆਂ ਦਾ ਇੰਤਜ਼ਾਮ ਕਰ ਦੇਵੇ ਕਿਉਂਕਿ ਸਾਡੇ ਲੋਕੀ ਇਸ ਹਾਲਤ ਵਿੱਚ ਵੀ ਮੁਸਲਮਾਨਾਂ ਦੇ ਘਰੋਂ ਨਹੀਂ ਸਨ ਖਾਂਦੇ। ਸ਼ਹਾਦਤ ਦੇ ਘਰ, ਉਨ੍ਹਾਂ ਸਾਡੇ ਵਾਸਤੇ ਕਾਫੀ ਸਾਰੇ ਦਾਣੇ ਭੁਨਵਾ ਦਿੱਤੇ ਅਤੇ ਸਭ ਨੂੰ ਖਾਣ ਵਾਸਤੇ ਕਿਹਾ। ਦਾਣਿਆਂ ਦੀ ਕੋਈ ਛੂਤ ਨਹੀਂ ਸੀ ਮੰਨ੍ਹੀ ਜਾਂਦੀ। ਤੇਲਣਾ ਸਾਨੂੰ ਉਪਰ ਕੋਠਿਆ ਤੇ ਸਾਫ਼ ਸੁਥਰੇ ਮੰਜਿਆਂ ਤੇ ਬਿਸਤਰੇ ਵਿਛਾ ਦਿੱਤੇ ਅਤੇ ਸਾਡੇ ਕੋਲ ਬੈਠ ਕੇ ਸਾਡੇ ਦੁਖ ਵਿੱਚ ਸਾਥ ਦੇਣ ਲੱਗ ਪਈਆਂ। ਸਫ਼ਰ ਦੀ ਥਕਾਵਟ ਨਾਲ ਚੂਰ ਚੂਰ ਹੋਈਆਂ ਔਰਤਾਂ ਅਰਾਮ ਕਰਨ ਲੱਗ ਪਈਆਂ। ਮੇਰੇ ਮਨ ਨੂੰ ਕਿਸੇ ਤਰ੍ਹਾਂ ਵੀ ਚੈਨ ਨਹੀਂ ਸੀ ਆ ਰਿਹਾ। ਕਿਉਂਕਿ ਉਨ੍ਹਾਂ ਵਿਚੋਂ ਕੁਝ ਆਦਮੀ ਸਾਡੇ ਵਿਰੋਧੀ ਵੀ ਸਨ। ਆਪਣੇ ਪਿੰਡੋਂ ਸਾਡੇ ਪਰਿਵਾਰ ਦੇ ਆਦਮੀਆਂ ਨੇ ਕਿਸੇ ਗਲ ਤੋਂ ਉਨ੍ਹਾਂ ਨੂੰ ਮਾਰ ਕੁੱਟ ਕੇ ਕੱਢਿਆ ਹੋਇਆ ਸੀ। ਮੈਂ ਸੋਚਿਆ ਇਨ੍ਹਾਂ 'ਤੇ ਕੀ ਭਰੋਸਾ? ਕੀ ਪਤਾ ਸਾਡੇ ਜੀਆਂ ਤੋਂ ਇਹ ਪੁਰਾਣਾ ਬਦਲਾ ਲੈ ਲੈਣ। ਕਿਉਂਕਿ ਹੁਣ ਅਸੀਂ ਪੂਰੀ ਤਰ੍ਹਾਂ ਉਨ੍ਹਾਂ

ਦੇ ਰਹਿਮ-ਓ-ਕਰਮ ਤੇ ਹਾਂ।ਉਹ ਜੋ ਜੀਅ ਆਵੇ ਕਰ ਸਕਦੇ ਹਨ। ਇਹ ਮੇਰੇ ਮਨ ਦਾ ਡਰ ਹੀ ਸੀ। ਮੈਂ ਉਥੇ ਕਿਸੇ ਤੇਲਣ ਨੂੰ ਆਖਿਆ ਕਿ ਤੂੰ ਮੈਨੂੰ ਵਾਪਿਸ ਸ਼ਹਾਦਤ ਖ਼ਾਂ ਦੀ ਮਾਂ ਕੋਲ ਛੱਡ ਆ। ਜਦੋਂ ਮੈਂ ਘਰ ਆ ਗਈ ਤੇ ਮੈਂ ਅੰਮਾਂ ਨੂੰ ਆਖਿਆ , 'ਅੰਮਾ ਮੈਂ ਉਸ ਘਰ ਨਹੀਂ ਸੋਣਾ। ਉਸ ਆਖਿਆ ਕਿਉਂ ਬਚੜੀ, ਉਹ ਤੇ ਸਾਡੇ ਘਰ ਦੇ ਬੰਦੇ ਹਨ। ਸਾਡੇ ਆਪਣੇ ਕੰਮੀ ਹਨ ਬੜੇ ਹੀ ਖ਼ੈਰ ਖਵਾਹ ਹਨ।' ਮੈਂ ਆਖਿਆ ਇਹ ਬੱਚੀਆਂ ਉਥੇ ਆਪਣੇ ਪਿਤਾ ਬਿਨਾ ਮਨ ਨਹੀਂ ਲਾ ਰਹੀਆਂ। ਮੈਨੂੰ ਬੜਾ ਪਰੇਸਾਨ ਕਰ ਰਹੀਆਂ। ਹੋ ਸਕਦਾ ਹੈ ਇਥੇ ਤੁਹਾਡੇ ਬੱਚਿਆਂ ਵਿੱਚ ਮਨ ਲਗਾ ਲੈਣ (ਇਹ ਮੈਂ ਐਵੇਂ ਹੀ ਗੱਲ ਬਣਾਈ ਸੀ) ਉਸ ਆਖਿਆ, 'ਹੁਣ ਦੱਸ ਫਿਰ ਇਥੇ ਸਾਉਣਾ ਹੀ ਜਾਂ ਕਿ ਹੋਰ ਕਿਸੇ ਦੇ ਘਰ' ਮੈਂ ਆਖਿਆ, 'ਜਿਥੇ ਤੁਹਾਡੀ ਮਰਜ਼ੀ' ਉਸਨੇ ਨੇ ਆਪਣੀ ਕੰਮੀਣ ਔਰਤ ਦਿੱਤੀ ਤੇ ਉਸਨੂੰ ਆਖਿਆ ਕਿ 'ਪ੍ਰਸੰਨ ਕੌਰ ਨੂੰ ਬੀਲੇ ਤਰਖਾਣ ਦੇ ਘਰ ਛੱਡ ਆ। ਹਨੇਰਾਂ ਹੋਇਆ ਏ ਇਨ੍ਹਾਂ ਬੱਚੀਆਂ ਨੂੰ ਚੁਕ ਲੈ ਤੇ ਉਥੇ ਛੱਡ ਦੇ। ਜਾ ਕੇ ਆਖੀ ਕਿ ਇਨ੍ਹਾਂ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਰੱਖੇ ਅਤੇ ਆਪਣੇ ਕੋਲ ਰਾਤ ਸੁਆਵੇਂ। ਆਪਣੇ ਪੁੱਤਰਾਂ ਨਾਲ ਅਜੇ ਉਹ ਆਪਣੇ ਬੂਹੇ ਦੇ ਅੱਗੇ ਮੰਜੀ ਡਾਹ ਕੇ ਬੈਠੀ ਸੀ ਕਿ ਕੋਈ ਬਾਹਰ ਨਾ ਜਾਵੇ। ਮੈਂ ਜਦੋਂ ਉਨ੍ਹਾਂ ਦੇ ਘਰ ਪਹੁੰਚ ਗਈ ਜਾ ਕੇ ਵੇਖਿਆ ਕਿ ਉਨ੍ਹਾਂ ਦੇ ਘਰ ਬੜੇ ਸਾਰੇ ਲੁਟੇਰੇ ਆਦਮੀ ਬੈਠੇ ਹੋਏ ਕਿਸੇ ਪਾਸੇ ਲੁੱਟਣ ਦੀਆਂ ਵਿਉਂਤਾ ਬਣਾ ਰਹੇ ਸੀ। ਮੈਂ ਮਨ ਵਿੱਚ ਸੋਚਿਆ ਮੈਂ ਤਾਂ ਆਪੇ ਹੀ ਬੁਧੂ ਆਲੇ ਆਵੇ 'ਤੇ ਪਹੁੰਚ ਗਈ ਹਾਂ। (ਖ਼ਤਰੇ ਵਾਲੀ ਜਗਾਹ 'ਤੇ) ਮੈਂ ਉਥੇ ਮੰਜੀ 'ਤੇ ਬੈਠ ਤੇ ਗਈ ਪਰ ਮੇਰੇ ਮਨ ਨੂੰ ਚੈਨ ਨਾ ਆਇਆ। ਮੈਂ ਸੋਚਾਂ ਵਿਚ ਪੈ ਗਈ ਇਹ ਬਾਹਰ ਪਤਾ ਨਹੀਂ ਕਿਨ੍ਹੇ ਕੁ ਲੁਟੇਰੇ ਹਨ।

ਇਨ੍ਹਾਂ ਦੇ ਘਰ ਵੀ ਮੈਂ ਜਿਆਦਾ ਦੇਰ ਟਿਕ ਨਾ ਸਕੀ। ਮੈਂ ਝੂਠ ਮੂਠ ਸਭਰਾਈ ਨੂੰ ਆਖਿਆ ਕਿ ਮੇਰੀ ਕੋਈ ਚੀਜ਼ ਸ਼ਰਾਦਤ ਖ਼ਾਂ ਦੇ ਘਰ ਰਹਿ ਗਈ ਏ। ਮੇਰੇ ਨਾਲ ਕਿਸੇ ਔਰਤ ਨੂੰ ਭੇਜ ਤਾਂ ਕਿ ਮੈਂ ਉਥੇ ਰਾਤ ਦੇ ਵੇਲੇ ਬੱਚੀਆਂ ਸਮੇਤ ਪਹੁੰਚ ਜਾਵਾਂ। ਉਨ੍ਹਾਂ ਆਖਿਆ ਜਾਓ ਫਿਰ ਆ ਜਾਵੀਂ। ਮੰਜੀ ਤੇਰੀ ਵਿਛੀ ਹੋਵੇਗੀ। ਇਨ੍ਹਾਂ ਦੇ ਘਰੋਂ ਟੁਰਨ ਲੱਗਿਆ ਮੈਨੂੰ ਸੋਹਣੀ ਦਾ ਸ਼ੇਅਰ ਯਾਦ ਆ ਗਿਆ।

ਮੂਸੇ ਵਾਂਗ ਆਈ ਯਾਰਾ ਰਾਤ ਕਾਲੀ
ਧੁੰਧੂਕਾਰ ਤੇ ਅੰਬਰ ਗੁਬਾਰ ਮੈਨੂੰ
ਉਤੋਂ ਗੜ੍ਹਾ ਲੱਧਾ ਕਿਸੇ ਕਹਿਰ ਦਾ ਈ
ਖਾਵੇ ਬਿਚਲੀਆਂ ਦਾ ਚਮਕਾਰ ਮੈਨੂੰ

ਮੈਂ ਉਨ੍ਹਾਂ ਦੇ ਪਿਛੇ ਪਿਛੇ ਲਗ ਕੇ ਸਹਾਦਤ ਖਾਂ ਦੇ ਘਰ ਫਿਰ ਮੁੜ ਆਈ। ਸ਼ਰਮਿੰਦਾ ਜਿਹਾ ਮੂੰਹ ਕਰਕੇ ਮੈਂ ਅੰਮਾ ਨੂੰ ਆਖਿਆ, 'ਅੰਮਾ ਉਥੇ ਤੇ ਬਹੁਤ ਗੜਬੜ ਏ। ਉਨ੍ਹਾਂ ਦੇ ਘਰ ਕਈ ਤਰ੍ਹਾਂ ਦੇ ਆਦਮੀ ਆਏ ਹੋਏ ਨੇ। ਹਥਿਆਰਾਂ ਵਾਲੇ, ਮੇਰਾ ਦਿਲ ਉਥੇ ਨਹੀਂ ਜੰਮਿਆ।' ਅੰਮਾ ਆਖਿਆ, 'ਤੂੰ ਬਚੜੀਏ ਹੁਣ ਇਮਾਨ ਦੀ ਸਲਾਮਤੀ ਕਰ ਤੇ ਇਥੇ ਹੀ ਪੈ ਰਹੋ। ਤੇਰਾ ਆਪਣਾ ਹੀ ਘਰ ਹੈ।' ਮੈਂ ਆਖਿਆ ਅੰਮਾ ਮੈਂ ਸੋਵਾਂਗੀ ਤਾਂ ਇਥੇ ਪਰ ਇਕ ਗੱਲ ਮੇਰੀ ਜ਼ਰੂਰੀ ਮਨੋਂ, ਤੁਸੀਂ ਭਾਜੀ ਸ਼ਹਾਦਤ ਨੂੰ ਇਕ ਵਾਰੀ ਜ਼ਰੂਰ ਬੁਲਾਓ।' ਉਸ ਨੇ ਬਾਹਰ ਡੇਰੇ ਵਿਚੋਂ ਆਦਮੀ ਘੱਲਿਆ ਤੇ ਸ਼ਹਾਦਤ ਨੂੰ ਬੁਲਾ ਲਿਆ। ਜਦੋਂ ਸ਼ਹਾਦਤ ਆ ਗਿਆ ਤੇ ਆਖਣ ਲੱਗਾ, 'ਬੇਬੇ ਸਲਾਮ, ਦਸੋਂ ਕੀ ਗੱਲ ਹੈ। ਮੈਂ ਆਖਿਆ 'ਜੀਂਦਾ ਰਹੋ। ' ਉਸ ਨੇ ਕਿਹਾ, 'ਬੇਬੇ ਕੀ ਹੁਕਮ ਏ?' 'ਹੁਕਮ ਤਾਂ ਰੱਬ ਦਾ ਹੈ ਪਰ ਮੇਰਾ ਅੱਜ ਕਿਤੇ ਵੀ ਮਨ ਟਿਕਾਣੇ ਨਹੀਂ ਆ ਰਿਹਾ। ਮੈਨੂੰ ਐਂ ਦੱਸ ਬਈ ਜਦੋਂ ਤੂੰ ਮੇਰੇ ਭਾਜੀ ਨੂੰ ਸ਼ੇਖੂਪੁਰੇ ਮਿਲਿਆ ਸਾਏ ਤੇ ਉਨ੍ਹਾਂ ਤੈਨੂੰ ਕੀ ਆਖਿਆ ਸੀ ਕਿ ਸ਼ਹਾਦਤ ਖ਼ਾਂ ਮੇਰੀ ਭੈਣ ਮੁਸਲਮਾਨਾ ਵਾਲੇ ਪਾਸੇ ਹੈ ਜੇ ਕੋਈ ਐਸੀ ਵੈਸੀ ਗੱਲ ਹੋਈ ਤੇ ਤੂੰ ਬਚਾਓ ਕਰਨਾ ਏ। ਤੂੰ ਆਖਿਆ , 'ਭਰਾ ਮੁਹੱਬਤ ਸਿੰਆਂ, ਜੇ ਤੇਰੀਆਂ ਭੈਣਾਂ ਨੇ ਤੇ ਉਹ ਮੇਰੀਆਂ ਵੀ ਭੈਣਾਂ ਨੇ। ਤੂੰ ਅੱਲ੍ਹਾਂ ਤੇ ਡੋਰੀਆਂ ਸੁੱਟ ਤੇ ਉਸੇ ਨੂੰ ਹਾਜ਼ਰ-ਨਾਜ਼ਰ ਕਰ। ਮੈਂ ਇਨ੍ਹਾਂ ਦੀ ਪੂਰੀ ਹਿਫਾਜ਼ਤ ਕਰਾਂਗਾ।" ਮੈਂ ਆਖਿਆ ਹੁਣ ਇਹ ਕੀ ਬਣਿਆ।' ਉਹ ਬੜੇ ਦਰਦ ਭਰੇ ਲਫ਼ਜ਼ਾ ਵਿਚ ਆਖਣ ਲੱਗਾ, 'ਇਮਾਨ ਦੇ ਨਾਲ ਸਾਨੂੰ ਕੁਝ ਵੀ ਪਤਾ ਨਹੀਂ ਚੱਲਿਆ ਕਿ ਇਨ੍ਹਾਂ ਹਰਾਮਦਿਆਂ ਨੇ ਸਾਡੇ ਬਾਬੇ ਕੇ ਟੱਬਰ ਨਾਲ ਇਹ ਕਾਰ ਕਰ ਛੱਡੀ ਏ।'

ਮੈਂ ਆਖਿਆ ਕਿ ਸ਼ਹਾਦਤ ਖ਼ਾਂ ਮੈਂ ਹੁਣ ਹੋਰ ਕਿਸੇ ਪਾਸੇ ਨਹੀਂ ਜਾਣਾ। ਉਹ ਆਖਣ ਲੱਗਾ, 'ਇਹ ਤੇਰੀ ਮਾਂ ਏ ਇਹ ਭੈਣਾਂ ਭਰਜਾਈਆਂ ਬੱਚੇ ਸਾਰੇ ਤੇਰੇ ਆਪਣੇ ਨੇ ਇਹ ਤੇਰੀ ਖ਼ਿਦਮਤ ਜ਼ਰੂਰ ਕਰਨਗੇ। ਤੂੰ

ਇਤਮਿਨਾਨ ਨਾਲ ਦਿਨ ਕੱਢ। ਇਨ੍ਹਾਂ ਦੇ ਘਰ ਮੈਨੂੰ ਵੱਡਾ ਸਾਰਾ ਪਲੰਘ ਵਿਛਾ ਦਿਤਾ ਪਰ ਬੱਚੀਆਂ ਆਪਣੇ ਪਿਤਾ ਬਿਨ੍ਹਾਂ ਵਰਲਾਪ ਕਰਨ ਲੱਗ ਪਈਆਂ, 'ਅਸੀਂ ਆਪਣੇ ਭਾਈਆਂ ਜੀ ਕੋਲ ਜਾਣਾ ਏ।' ਮੈਂ ਉਸਨੂੰ ਆਖਿਆ 'ਭਾ ਸ਼ਹਾਦਤ ਖ਼ਾਂ ਇਕ ਵਾਰੀ ਗੁੱਡੀਆਂ ਦੇ ਪਿਤਾ ਨੂੰ ਬਾਹਰੋਂ ਭੇਜ, ਜਦੋਂ ਇਹ ਇਕ ਵਾਰੀ ਵੇਖ ਲੈਣਗੀਆਂ ਤੇ ਅਰਾਮ ਨਾਲ ਸੌਂ ਜਾਣਗੀਆਂ।' ਉਨ੍ਹਾਂ ਨੂੰ ਬਾਹਰ ਡਿਊਡੀ ਵਿੱਚ ਬਿਠਾ ਦਿੱਤਾ ਤੇ ਅਸੀਂ ਉਥੇ ਚਲੀਆਂ ਗਈਆਂ। ਪਿਤਾ ਨੂੰ ਬੱਚੀਆਂ ਮਿਲੀਆਂ। ਪਿਤਾ ਨੇ ਆਖਿਆ, 'ਹੁਣ ਤੁਸੀਂ ਸੌਂ ਜਾਓ, ਸਵੇਰੇ ਫਿਰ ਮੈਂ ਤੁਹਾਨੂੰ ਮਿਲ ਜਾਵਾਂਗਾ।'

ਰਾਤ ਨਿਕਲ ਗਈ ਤੇ ਸਵੇਰ ਹੋਈ, ਪਰ ਹਾਲਾਤ ਅਜੇ ਬੜੇ ਡਾਵਾਂ ਡੋਲ ਸੀ, ਕਈ ਵਾਰੀ ਇਹ ਸੁਨਣ ਅੰਦਰ ਆਇਆ ਕਿ ਇਥੇ ਸਿੱਖ ਹਮਲਾ ਕਰ ਰਹੇ ਹਨ। ਇਸ ਖਤਰੇ ਤੋਂ ਬਚਣ ਲਈ ਸ਼ਹਾਦਤ ਖ਼ਾਂ ਦੇ ਮਕਾਨ ਉਤੇ ਮਸ਼ੀਨਗਨ ਲਗਾ ਰੱਖੀ ਸੀ। ਝਟ ਆਦਮੀ ਉਸਨੂੰ ਚਲਾਣ ਵਾਸਤੇ ਤਿਆਰ ਹੋ ਜਾਂਦੇ। ਸਾਰਾ ਦਿਨ ਇਸ ਤਰ੍ਹਾਂ ਹੀ ਨਿਕਲਦਾ। ਪਲ ਪਲ ਅੰਦਰ ਇਹੋ ਜਿਹੀਆਂ ਖਬਰਾਂ ਹੀ ਸੁਣਨ ਨੂੰ ਮਿਲਦੀਆਂ, 'ਮੁਸਲਮਾਨ ਆ ਗਏ... ਹੁਣ ਸਿੱਖ ਆ ਗਏ।'

ਦੂਸਰੀ ਰਾਤ ਫਿਰ ਸਾਨੂੰ ਉਥੇ ਹੀ ਕਟਣੀ ਪੈ ਗਈ ਤੇ ਅਜੇ ਖਤਰ੍ਹਾ ਬਿਲਕੁਲ ਵੀ ਨਹੀਂ ਸੀ ਟਲਿਆ। ਮੈਂ ਸੋਚਿਆ ਜੇ ਬਾਹਰ ਕਿਧਰੇ ਸਾਡੇ ਆਦਮੀਆਂ ਨੂੰ ਕਿਸੇ ਮਾਰ ਵੀ ਦਿੱਤਾ ਤੇ ਅਸੀਂ ਕਿਸ ਪਾਸੇ ਜਾਵਾਂਗੀਆਂ। ਅਸੀਂ ਤੇ ਫਿਰ ਇਨ੍ਹਾਂ ਲੋਕਾਂ ਦੀ ਰਹਿਮ ਤੇ ਰਹਿਣ ਜੋਗੀਆਂ ਰਹਾਂਗੀਆਂ। ਇਸ ਵਾਸਤੇ ਮੈਂ ਸੋਚਿਆ ਹੋਵੇ ਨਾ ਹੋਵੇ ਕਿਧਰੋਂ ਰੱਸੀ ਦਾ ਇੰਤਜ਼ਾਮ ਹੋ ਜਾਵੇ। ਇਸ ਵਾਸਤੇ ਮੈਂ ਉਨ੍ਹਾਂ ਦੇ ਘਰ ਇਕ ਮੰਜੀ ਦੀ ਦੌਣ ਕਸਣ ਲਗ ਪਈ। ਜਿਸ ਵੇਲੇ ਮੈਨੂੰ ਸ਼ਹਾਦਤ ਖਾਂ ਦੀ ਭੈਣ ਰੋਸ਼ਨਾਈ ਨੇ ਦੌਣ ਕਸਦਿਆਂ ਵੇਖਿਆ ਉਹ ਆਖਣ ਲੱਗੀ। ਹਾਏ ਮੈਂ ਮਰ ਜਾਵਾਂ ਤੂੰ ਕਿਉਂ ਪਈ ਇਕ ਕੰਮ ਕਰਦੀ ਹੈ। ਤੁਸਾਂ ਕਦੀ ਇਸ ਤਰ੍ਹਾਂ ਦੇ ਕੰਮ ਘਰਾਂ ਵਿੱਚ ਕੀਤੇ ਹਨ।' ਉਸ ਨਾਲੋਂ ਮੈਨੂੰ ਕਾਫ਼ੀ ਸਾਰੀ ਫਾਲਤੂ ਰੱਸੀ ਮਿਲ ਗਈ। ਮੈਂ ਝਟ ਪਟ ਚਾਕੂ ਨਾਲ ਕੱਟ ਲਈ ਅਤੇ ਅੰਦਰਵਾਰ ਆਪਣੇ ਲੱਕ ਦੁਆਲੇ ਬੰਨ੍ਹ ਲਈ।

ਮੈਂ ਸੋਚਿਆ ਜੇ ਕੋਈ ਭੀੜ ਆਣ ਪਈ ਤੇ ਅਸੀਂ ਬੱਚੀਆਂ ਸਮੇਤ ਗਲ੍ਹ ਵਿੱਚ ਰੱਸੀ ਪਾ ਕੇ ਖ਼ਤਮ ਹੋ ਜਾਵਾਂਗੀਆਂ। ਪਰ ਵਹਿਮ ਮੇਰੇ ਦਿਲ ਦਾ ਸੀ। ਆਪਣੇ ਵਲੋਂ ਉਨ੍ਹਾਂ ਸਾਡੇ ਨਾਲ ਬੜਾ ਚੰਗਾ ਸਲੂਕ ਕੀਤਾ। ਸ਼ਹਾਦਤ ਖ਼ਾਂ ਨੇ ਸਾਡੀਆਂ ਦੂਸਰੀਆਂ ਔਰਤਾਂ ਦਾ ਇੰਤਜਾਮ ਆਪਣੇ ਚਾਚੇ ਰਾਜੇ ਖਾਂ ਦੇ ਘਰ ਕਰ ਰੱਖਿਆ ਸੀ। ਇਨ੍ਹਾਂ ਵਾਸਤੇ ਬਾਹਰੋਂ ਵੱਡੇ ਵੱਡੇ ਦੋਹਨੇ ਦੁੱਧ ਦੇ ਆ ਜਾਂਦੇ ਸੀ। ਰਾਜੇ ਦੀ ਵਹੁਟੀ ਨੇ ਆਖਣਾ ਆਓ ਨੀ ਭੈਣੋਂ ਪੀ ਲਵੋ। ਸ਼ਹਾਦਤ ਖ਼ਾਂ ਦੇ ਘਰ ਰਹਿੰਦਿਆਂ ਹੋਇਆ ਮੈਂ ਉਨ੍ਹਾਂ ਦੇ ਘਰੋਂ ਪਤੀਲੀ ਲੈ ਲੈਂਦੀ ਸੀ ਅਤੇ ਆਪੇ ਮਾਂਜ ਕੇ ਬੱਚੀਆਂ ਵਾਸਤੇ ਦੁੱਧ ਗਰਮ ਕਰ ਲੈਂਦੀ ਅਤੇ ਉਨ੍ਹਾਂ ਨੂੰ ਪਿਲਾ ਦਿੰਦੀ। ਦੁਪਹਿਰ ਨੂੰ ਲਡਿ ਕੇ ਖੱਤਰਾਣੀ ਨੇ ਰੋਟੀ ਪਕਾ ਕੇ ਸਾਰਿਆਂ ਨੂੰ ਦੇ ਦੇਣੀ। ਰਾਤ ਦੇ ਵਕਤ ਵੀ ਇਸ ਤਰ੍ਹਾਂ ਰੋਟੀ ਪਾਣੀ ਦਾ ਚੰਗਾ ਪ੍ਰਬੰਧ ਹੋ ਜਾਂਦਾ ਸੀ। ਪਰ ਡਰ, ਖ਼ਤਰਾ ਟਲਿਆ ਨਹੀਂ ਸੀ। ਇਹ ਸੁਣਨ ਨੂੰ ਮਿਲਦਾ ਕਿ ਦੂਸਰੀ ਪਾਰਟੀ ਦੇ ਸਿੱਖਾਂ ਹੱਲਾ ਬੋਲ ਦਿੱਤਾ ਏ, ਫਿਰ ਸੁਣਨ ਨੂੰ ਆਉਂਦਾ ਕਿ ਮੁਸਲਮਾਨਾਂ ਦੀ ਧਾੜ ਪੈ ਗਈ ਹੈ। ਮੁਸਲਮਾਨਾਂ ਨੇ ਸ਼ਹਾਦਤ ਖ਼ਾਂ ਨੂੰ ਸੁਨੇਹੇ ਭੇਜਣੇ ਕਿ ਅਸੀਂ ਤੇਰਾ ਘਰ ਕੋਹਲੂ 'ਚ ਪੀੜ ਦਿਆਂਗੇ ਕਿਉਂ ਜੋ ਤੂੰ ਸਿੱਖ ਪਨਾਹਗੀਰ ਰੱਖੇ ਹੋਏ ਹਨ।

ਇਧਰ ਹਿੰਦੋਸਤਾਨ ਵਿੱਚ ਵੀ ਉਸ ਵਕਤ ਕਤਲ-ਏ-ਆਮ ਚਲ ਰਿਹਾ ਸੀ। ਆਪਣਾ ਬਦਲਾ ਹਿੰਦੂ ਸਿੱਖ ਵੀ ਪੂਰੀ ਤਰ੍ਹਾਂ ਲੈ ਰਹੇ ਸੀ। ਇਧਰ ਰਹਿ ਰਹੇ ਮੁਸਲਮਾਨਾਂ ਤੇ ਵੀ ਬਹੁਤ ਜ਼ੁਲਮ ਕੀਤੇ ਗਏ ਸੀ। ਉਨ੍ਹਾਂ ਦੇ ਘਰ-ਬਾਰ, ਬੱਚੇ ਵੀ ਉਜੜ ਗਏ। ਉਸ ਵੇਲੇ ਇਧਰ ਵੱਸਣ ਵਾਲੇ ਮੁਸਲਮਾਨ ਪਾਕਿਸਤਾਨ ਕਾਫ਼ਲਿਆਂ ਵਿੱਚ ਜਾ ਰਹੇ ਸੀ। ਦੂਸਰੇ ਪਾਸੇ ਸਾਡੇ ਹਿੰਦੂ-ਸਿੱਖ ਪਰਿਵਾਰ ਹਿੰਦੁਸਤਾਨ ਆ ਰਹੇ ਸੀ। ਇਸ ਤਰ੍ਹਾਂ ਅਗਲੀ ਸ਼ਾਮ ਨੂੰ ਸ਼ਹਾਦਤ ਖਾਂ ਦੇ ਘਰ ਹਿੰਦੁਸਤਾਨ ਵਲੋਂ ਇਕ ਬਹੁ ਗਿਣਤੀ ਵਿੱਚ ਕਾਫ਼ਲਾ ਆ ਗਿਆ। ਜਿਨ੍ਹਾਂ ਲੋਕਾਂ ਦੀ ਹਾਲਤ ਸਾਡੇ ਜਿਨੀ ਬੁਰੀ ਸੀ। ਔਰਤਾਂ ਦੀਆਂ ਜ਼ੁਲਫ਼ਾ ਗਲ਼ ਵਿਚ ਪਈਆਂ ਹੋਈਆਂ ਸਨ। ਛਾਤੀਆਂ ਕੱਟੀਆਂ ਹੋਈਆਂ, ਕੋਈ ਫਟੜ, ਕੋਈ ਕਿਸੇ ਹਾਲਤ ਵਿੱਚ ਮੁਸੀਬਤ ਦੇ ਮਾਰੇ ਆ ਗਏ। ਸ਼ਹਾਦਤ ਖ਼ਾਂ ਬੜਾ ਨੇਕ ਆਦਮੀ ਸੀ ਉਸਨੇ ਉਨ੍ਹਾਂ ਨੂੰ ਵੀ ਚੰਗੀ ਤਰ੍ਹਾਂ ਪਨਾਹ ਦਿੱਤੀ ਅਤੇ ਇਧਰ ਉਹ ਸਾਡੇ ਲੋਕਾਂ ਨੂੰ ਦੇ ਰਿਹਾ ਸੀ।

ਹਿੰਦੁਸਤਾਨ ਤੋਂ ਆਏ ਹੋਏ ਮੁਸਲਮਾਨ ਕਾਫ਼ਲਿਆਂ ਨੂੰ ਸ਼ਹਾਦਤ ਖ਼ਾਂ ਰਾਤ ਰੱਖਦਾ ਅਤੇ ਰੋਟੀ-ਪਾਣੀ ਦਿੰਦਾ ਤੇ ਦਿਨ ਚੜ੍ਹਦੇ ਵਕਤ ਉਨ੍ਹਾਂ ਨੂੰ ਅੱਗੇ ਪੰਜ ਪੰਜ ਰੁਪਏ ਦੇ ਕੇ ਭੇਜ ਦਿੰਦਾ। ਸਾਡੇ ਕਾਫ਼ਲੇ ਨੂੰ ਅੱਗੇ ਕਿਸੇ ਹੋਰ ਅੱਡੇ ਤੇ ਭੇਜਣ ਵਾਸਤੇ ਉਹ ਕਈ ਆਦਮੀਆਂ ਨੂੰ ਬੁਚੇ ਕੀ ਜੜ੍ਹਾਂ ਵਾਲੇ ਭੇਜਦਾ। ਸ਼ਹਾਦਤ ਦਾ ਇਕ ਲੜਕਾ ਤੇ ਇਕ ਭਨੇਵਾਂ ਮੈਨੂੰ ਬਾਹਰ ਦੀ ਸਾਰੀ ਖ਼ਬਰ ਦੇ ਦਿੰਦੇ ਸਨ। ਉਨ੍ਹਾਂ ਬਾਹਰੋ ਦੌੜੇ ਦੌੜੇ ਆਉਣਾ ਤੇ ਆਖਣਾ, 'ਫੂਫੀ ਜਾਨ ਅੱਜ ਇਥੇ ਆਹ ਹੋ ਗਿਆ ਅੱਜ ਆਹ ਕਤਲ ਹੋ ਗਿਆ। ਇਸ ਲਈ ਮੈਂ ਆਪਣਾ ਇੰਤਜ਼ਾਮ ਪੂਰੀ ਤਰ੍ਹਾਂ ਕਰ ਰੱਖਦੀ ਸੀ। ਚਾਰ ਦਿਨ ਇਸੇ ਹੀ ਰੌਲੇ ਵਿੱਚ ਰਹੇ। ਕਿਸੇ ਵੀ ਪਾਸਿਓਂ, ਕੋਈ ਜਾਣਕਾਰੀ ਨਹੀਂ ਸੀ ਮਿਲ ਰਹੀ। ਸ਼ਹਾਦਤ ਦੀ ਮਾਂ ਨੇ ਸ਼ਹਾਦਤ ਨੂੰ ਆਖਣਾ, 'ਵੇ ਸ਼ਹਾਦਤ ਜੇ ਇਸਨੂੰ ਭੈਣ ਸੱਦਿਆ ਹੋਇਆ ਏ ਤਾਂ ਇਸ ਨੂੰ ਕਿਸੇ ਪਾਸੇ ਪਹੁੰਚਾ। ਭੈਣ ਰੋਸ਼ਨਾਈ ਨੇ ਸਾਡੀ ਬਹੁਤ ਦੀਦ ਕੀਤੀ। ਇਕ ਮਰਾਸੀ ਮਹਾਂਬਲੀ, ਉਹ ਵੀ ਮੈਨੂੰ ਹਰ ਤਰ੍ਹਾਂ ਦੀਆਂ ਖ਼ਬਰਾਂ ਲਿਆ ਕੇ ਦਿੰਦਾ ਸੀ।

ਜਿਸ ਵੇਲੇ ਪੰਜਵੀਂ ਰਾਤ ਸਾਨੂੰ ਉਥੇ ਰਹਿੰਦਿਆ ਹੋ ਗਈ, ਉਸ ਵੇਲੇ ਸ਼ਹਾਦਤ ਦੇ ਭਨੇਵੇ ਨੇ ਕਿਹਾ, ਕਿ ਦੂਸਰੀ ਪਾਰਟੀ ਵਾਲੇ ਅਕਬਰ ਨੇ ਸ਼ਹਾਦਤ ਨੂੰ ਸੁਨੇਹਾ ਘੱਲਿਆ ਹੈ ਕਿ ਜੇ ਤੂੰ ਸਿੱਖਾਂ ਨੂੰ ਸ਼ਾਮ ਤੱਕ ਇਥੋਂ ਕੱਢ ਦੇਵੇ ਤੇ ਠੀਕ ਹੈ, ਨਹੀਂ ਤੇ ਤੈਨੂੰ ਜਿੰਦਾ ਨਹੀਂ ਛੱਡਾਂਗੇ। ਸ਼ਹਾਦਤ ਨੇ ਫਿਰ ਇਹ ਸੰਦੇਸ਼ਾ ਭੇਜਿਆ ਕਿ ਅੱਜ ਦੀ ਰਾਤ ਮੈਨੂੰ ਦਿਓ ਕਲ ਤੋਂ ਮੈਂ ਇਨ੍ਹਾਂ ਨੂੰ ਘੱਲ ਦਿਆਂਗਾ।'

ਜਿਸ ਵੇਲੇ ਇਸ ਖ਼ਤਰੇ ਦਾ ਪਤਾ ਬਾਹਰ ਸਾਡੇ ਕਾਫ਼ਲੇ ਵਾਲੇ ਆਦਮੀਆਂ ਨੂੰ ਚੱਲਿਆ ਤੇ ਉਨ੍ਹਾਂ ਨੇ ਇਹ ਸਲਾਹ ਬਣਾਈ ਕਿ ਬੜੀ ਮੁਸ਼ਕਲ ਵਿੱਚ ਫਸ ਗਏ ਹਾਂ। ਇਸ ਮੁਸੀਬਤ ਤੋਂ ਬਚਣ ਲਈ ਆਪਾਂ ਸਾਰੇ ਮੁਸਲਮਾਨ ਬਣ ਜਾਈਏ। ਜਦੋਂ ਇਸ ਗੱਲ ਦਾ ਸਾਡੀਆਂ ਔਰਤਾਂ ਨੂੰ ਪਤਾ ਚੱਲਿਆਂ ਕਿ ਹੁਣ ਤੁਸੀਂ ਇਸ ਹਰਕਤ ਤੇ ਤੁਲ ਗਏ ਹੋ। ਚੂੜੀਆਂ ਪਾ ਲਵੋ, ਅਸੀਂ ਸਿਰ ਤੇ ਪੱਗਾਂ ਬੰਨ੍ਹ ਲੈਂਦੀਆਂ ਹਾਂ ਤੇ ਦੁਸ਼ਮਣਾਂ ਕੋਲੋਂ ਮਾਤ ਨਹੀਂ ਖਾਣ ਲੱਗੀਆਂ।' ਇਸ ਸਾਰੀ ਹਾਲਤ ਨੂੰ ਸੁਣ ਕੇ ਸ਼ਹਾਦਤ ਦੀ ਮਾਂ ਆਖਣ ਲੱਗੀ, 'ਰੰਨ੍ਹਾਂ ਵੇਖੋ ਮਰਦਾਂ ਨੂੰ ਮੁਸਲਮਾਨ ਨਹੀਂ ਹੋਣ ਦਿੰਦੀਆਂ, ਕਲਮਾਂ ਪੜ੍ਹ ਲਵੋ ਤੇ ਤੁਹਾਡੀਆਂ ਜਗੀਰਾਂ ਤੁਹਾਨੂੰ ਵਾਪਸ ਮਿਲ ਜਾਣਗੀਆਂ, ਤੁਸੀਂ ਇਥੇ ਹੀ ਫਿਰ ਵੱਸਣ ਲਗ ਪਵੋਗੇ।

ਸਵੇਰ ਸਾਰ ਹੀ ਸ਼ਹਾਦਤ ਨੇ ਸਾਰਿਆਂ ਨੂੰ ਨਾਸ਼ਤਾ ਵਗੈਰਾ ਕਰਵਾ ਦਿੱਤਾ ਤੇ ਫਿਰ ਬਾਹਰ ਆਦਮੀਆਂ ਨੂੰ ਇਹ ਗੱਲ ਆਖੀ ਕਿ ਹੁਣ ਮੇਰਾ ਕੋਈ ਚਾਰਾ ਨਹੀਂ ਲੱਗ ਰਿਹਾ ਤੁਸੀਂ ਸਾਰੇ ਬੁਚੇਕਿਆਂ ਦੀ ਸੜਕ ਤੇ ਚਲ ਪਵੋ ਤੇ ਜੇ ਉਥੋਂ ਕੋਈ ਟਰੱਕ-ਲਾਰੀ ਮਿਲ ਗਈ ਤਾਂ ਤੁਹਾਨੂੰ ਚੜ੍ਹਾ ਦਿਆਂਗੇ। ਮੈਂ ਮਹਾਂਬਲੀ ਨੂੰ ਆਖਿਆ ਬਈ ਮੇਰੇ ਕੋਲੋਂ ਤੇ ਚੱਲਿਆ ਨਹੀਂ ਜਾਣਾ। ਉਸ ਆਖਿਆ ਬੇਬੇ ਘੋੜੀ ਤੇ ਟਾਂਗਾ ਕਿਸ ਵਾਸਤੇ ਹੈ। ਅਜੇ ਉਹ ਜੋੜਨ ਹੀ ਲੱਗਾ ਸੀ ਕਿ ਉਤੋਂ ਉਹੀ ਮੁਸਲਮਾਨ ਘੋੜੀਆਂ ਤੇ ਚੜ੍ਹ ਕੇ ਆ ਗਏ। ਜਿਹੜੇ ਸਾਡੇ ਪਿੰਡ ਹਮਲੇ ਸਮੇਂ ਪਏ ਸਨ। ਉਨ੍ਹਾਂ ਨੇ ਆ ਕੇ ਆਖਿਆ, 'ਅਸੀਂ ਇਨ੍ਹਾਂ ਨੂੰ ਬਾਹਰ ਨਹੀਂ ਨਿਕਲਣ ਦੇਣਾ।' ਜਿਸ ਵੇਲੇ ਅਸੀਂ ਸੜਕ ਤੇ ਪਹੁੰਚ ਗਏ ਤੇ ਬੋੜ੍ਹੇ ਖੂਹ ਦੇ ਸਾਰੇ ਕੰਮੀ ਕੰਮੀਣ ਫਿਰ ਪਿੰਡ ਵਾਲਿਆਂ ਨੂੰ ਮਿਲਣ ਆ ਗਏ ਤੇ ਜਾਰੋ ਜਾਰ ਰੋਣ ਲੱਗ ਪਏ। ਇਨੇ ਚਿਰ ਵਿਚ ਅਕਬਰ ਖ਼ਾਂ ਬੰਦੂਕ ਭਰ ਕੇ ਆਦਮੀਆਂ ਨੂੰ ਨਾਲ ਲੈ ਕੇ ਆ ਗਿਆ ਤੇ ਸ਼ਹਾਦਤ ਨੂੰ ਆਖਣ ਲੱਗਾ ਕਿ ਇਹ ਬੰਦੇਕਿਆਂ ਦੇ ਜੀਆਂ ਨੂੰ ਤੇ ਅਸੀਂ ਮੁਢੋਂ ਹੀ ਨਹੀਂ ਜਾਣ ਦੇਣਾਂ ਤੇ ਦੂਜਿਆਂ ਨੂੰ ਤੂੰ ਚਾਹੇ ਕਿਧਰੇ ਘੱਲ ਦੇ ਚਾਹੇ ਮੁਸਲਮਾਨ ਬਣਾ ਦੇ। ਸ਼ਹਾਦਤ ਨੇ ਆਖਿਆ ਚਾਚਾ ਅਕਬਰ ਖਾਂ ਮੈਂ ਇਨ੍ਹਾਂ ਜੀਆਂ ਦਾ ਬੁਰਾ ਨਹੀਂ ਵੇਖ ਸਕਦਾ। ਮੈਂ ਇਨ੍ਹਾਂ ਨੂੰ ਪਨਾਹ ਦਿੱਤੀ ਹੈ। ਪਰ ਉਹ ਇਕ ਵੀ ਨਹੀਂ ਸੀ ਮੰਨ ਰਹੇ।

ਇਹੀ ਝਗੜਾ ਚਲ ਰਿਹਾ ਸੀ ਕਿ ਐਨੀ ਦੇਰ ਇਕ ਰਿਟਾਇਰਾਡ ਫੌਜੀ ਟਰੱਕ ਸਾਡੇ ਕੋਲੇ ਦੀ ਲੰਘਣ ਲੱਗਾ। ਤੇ ਉਸਨੂੰ ਸਾਡੇ ਆਦਮੀਆਂ ਨੇ ਹੱਥ ਦੇ ਕੇ ਰੋਕ ਲਿਆ। ਅਸੀਂ ਆਪਣੀ ਸਾਰੀ ਹਾਲਤ ਉਨ੍ਹਾਂ ਨੂੰ ਦੱਸੀ ਅਤੇ ਉਸਨੇ ਸਾਡੇ ਸਾਰੇ ਆਦਮੀਆਂ ਨੂੰ ਕਿਹਾ ਕਿ ਮੈਂ ਤੁਹਾਨੂੰ ਲਾਇਲਪੁਰ ਛੱਡ ਸਕਦਾ ਹਾਂ। ਇਨ੍ਹਾਂ ਨੂੰ ਆਖਿਆ ਕਿ ਉਥੇ ਹੀ ਠੀਕ ਹੈ। ਸਾਨੂੰ ਸਾਰੇ ਮੁਸਲਮਾਨ ਰੋਕਣ ਲਗ ਪਏ ਤੁਹਾਨੂੰ ਇਹ ਨਹੀਂ ਛੱਡਣਗੇ ਇਹ ਤੇ ਤੁਹਾਡੇ ਦੁਸ਼ਮਣ ਨੇ। ਪਰ ਸਾਡੇ ਲੋਕਾਂ ਨੇ ਸ਼ੁਕਰ ਕੀਤਾ ਕਿ ਸਾਨੂੰ ਕਿਸੇ ਪਾਸੇ ਦਾ ਰਾਹ ਮਿਲਿਆ ਹੈ। ਅਸੀਂ ਉਨ੍ਹਾਂ ਟਰੱਕਾਂ ਤੇ 4 ਕੁ ਵਜੇ ਲਾਇਲਪੁਰ ਪਹੁੰਚ ਗਏ। ਲਾਇਲਪੁਰ ਅਜੇ ਸਾਰਿਆਂ ਬਾਜ਼ਾਰਾਂ

ਵਿੱਚ ਸਾਰਾ ਕਾਰੋਬਾਰ ਉਸੇ ਤਰ੍ਹਾਂ ਚਲ ਰਿਹਾ ਸੀ। ਪਰ ਲੋਕਾਂ ਦੇ ਮਨਾਂ ਵਿਚ ਸਹਿਮ ਜਿਹਾ ਵਸਿਆ ਹੋਇਆ ਸੀ। ਇਕ ਦਮ ਲੋਕਾਂ ਵਿਚ ਜਿਆਦਾ ਡਰ ਤੇ ਖ਼ਤਰਾਂ ਪੈਦਾ ਹੋ ਗਿਆ ਅਤੇ ਲੋਕੀ ਆਪਣੇ ਬਚਾਅ ਲਈ ਹਰ ਤਰ੍ਹਾਂ ਦਾ ਉਪਰਾਲਾ ਕਰਨ ਲੱਗ ਪਏ। ਉਸ ਟਰੱਕ ਵਾਲੇ ਫੌਜ਼ੀ ਨੇ ਦੁਹਾਈ ਪਾ ਦਿੱਤੀ ਕਿ ਲੋਕੋ ਆਪਣਾ-ਆਪਣਾ ਇੰਤਜ਼ਾਮ ਕਰ ਲਵੋ ਪਿਛਲੇ ਇਲਾਕੇ ਵਿਚ ਸਾਡੇ ਲੋਕਾਂ ਨਾਲ ਬਹੁਤ ਬੁਰੀ ਹੋਈ ਹੈ। ਸਾਰੇ ਸ਼ਹਿਰ ਵਿਚ ਭਗਦੜ ਤੇ ਕਤਲ-ਅੱਗਾਂ ਦਾ ਸ਼ੋਰ ਮਚ ਗਿਆ ਹੈ।

ਸਰਦਾਰ ਫੌਜ਼ੀ ਨੇ ਫਿਰ ਉਥੋਂ ਦੇ ਆਦਮੀਆਂ ਨੂੰ ਪੁੱਛਿਆ ਕਿ ਏਥੇ ਕਿਧਰੇ ਰਫਿਊਜੀਆਂ ਦਾ ਇੰਤਜ਼ਾਮ ਹੋ ਸਕਦਾ ਹੈ? ਲੋਕਾਂ ਨੇ ਆਖਿਆ ਕਿ ਇਥੋਂ ਦੇ ਗੁਰਦਵਾਰੇ ਵਿੱਚ ਇਹ ਪ੍ਰਬੰਧ ਹੋ ਸਕਦਾ ਹੈ। ਜਦੋਂ ਸਾਡੇ ਆਦਮੀ ਬੂਟਾ ਸਿੰਘ ਲਾਇਲਪੁਰ ਗੁਰਦੁਵਾਰੇ ਵਿਚ ਗਏ ਤੇ ਉਥੋਂ ਦੇ ਮੈਨਜ਼ਰ ਨੂੰ ਮਿਲੇ ਉਹ ਮੈਨੇਜ਼ਰ ਬੱਚੀਆਂ ਦੇ ਦਾਦਾ ਜੀ ਦਾ ਬਹੁਤ ਨਿੱਘਾ ਦੋਸਤ ਸੀ। ਉਸਨੂੰ ਜਦੋਂ ਸਾਰੀ ਹਾਲਤ ਦਾ ਪਤਾ ਚੱਲਿਆ ਤੇ ਉਸਨੇ ਆਖਿਆ ਕਿ ਗੁਰਦਵਾਰੇ ਵਿੱਚ ਤੇ ਇੰਤਜ਼ਾਮ ਨਹੀਂ ਹੋ ਸਕੇਗਾ ਕਿਉਂਕਿ ਆਦਮੀ ਜ਼ਿਆਦਾ ਹਨ, ਮੈਂ ਤੁਹਾਨੂੰ ਲਾਇਲਪੁਰ ਦੇ ਖਾਲਸਾ ਕਾਲਜ ਦੇ ਹੋਸਟਲ ਵਿੱਚ ਰਖਵਾ ਸਕਦਾ ਹਾਂ ਕਿਉਂ ਜੋ ਅੱਜ -ਕੱਲ ਉਹ ਖਾਲੀ ਪਿਆ ਹੈ। ਇਥੋਂ ਮੈਂ ਤੁਹਾਨੂੰ ਆਟਾ-ਦਾਲ, ਘਿਓ ਅਤੇ ਹੋਰ ਰਾਸ਼ਨ ਦਿੰਦਾ ਹਾਂ ਅਤੇ ਪਕਾਉਣ ਦਾ ਇੰਤਜ਼ਾਮ ਵੀ ਉਥੇ ਕਰਵਾ ਦਿਆਂਗਾ। ਖਾਲਸਾ ਕਾਲਜ ਤੋਂ ਪਤਾ ਚੱਲਿਆ ਕਿ ਉਥੋਂ ਦੇ ਪ੍ਰਿੰਸੀਪਲ ਸੰਪੂਰਨ ਸਿੰਘ ਲਾਹੌਰ ਕੈਂਪ ਦੀ ਪੱਕੀ ਮੰਨਜੂਰੀ ਲੈਣ ਵਾਸਤੇ ਗਏ ਹੋਏ ਹਨ। ਤੁਸੀਂ ਸਾਰੇ ਇਥੇ ਰੁਕੋ।

ਜਿਸ ਵੇਲੇ ਸਾਡੇ ਆਦਮੀ ਗੁਰਦਵਾਰੇ ਤੋਂ ਤਾਂਗੇ 'ਤੇ ਰਾਸ਼ਨ-ਪਾਣੀ ਲਿਆ ਰਹੇ ਸਨ ਉਸ ਵੇਲੇ ਉਨ੍ਹਾਂ ਦੇ ਪਿੱਛੇ ਮੁਸਲਮਾਨ ਲੁਟੇਰੇ ਲਗ ਗਏ ਪਰ ਇਨ੍ਹਾਂ ਨੇ ਤਾਂਗੇ ਨੂੰ ਤੇਜ਼ ਕਰ ਲਿਆ ਤੇ ਬਚ ਕੇ ਗੁਰਦੁਆਰੇ ਪਹੁੰਚ ਗਏ। ਅਤੇ ਉਥੇ ਰੋਟੀਆਂ ਪਕਾਉਣ ਦਾ ਇੰਤਜ਼ਾਮ ਕੀਤਾ। ਸ਼ਹਿਰ ਵਿਚ ਜਿਨ੍ਹਾਂ ਲੋਕਾਂ ਨੂੰ ਵੀ ਪਤਾ ਚੱਲਿਆ ਉਨ੍ਹਾਂ ਆਪਣੇ ਆਪਣੇ ਘਰੋਂ ਰੋਟੀਆਂ ਭੇਜ ਦਿੱਤੀਆਂ। ਰਾਤ ਤਕ ਨਾਲ ਨਾਲ ਦੇ ਪਿੰਡਾਂ ਤੋਂ ਕਾਫ਼ੀ ਸਾਰੇ ਰਫ਼ਿਊਜੀ ਆ ਗਏ। ਰਾਤ ਤਕ ਸਾਰੇ ਸ਼ਹਿਰ ਵਿੱਚ ਜ਼ਿਆਦਾ ਹੀ ਰੌਲਾ ਮੱਚ ਗਿਆ। ਲਾਹੌਰ ਨੂੰ ਆਣ-ਜਾਣ ਦੇ ਸਾਰੇ ਰਾਹ ਬੰਦ ਕਰ ਦਿੱਤੇ। ਲਾਇਲਪੁਰ ਵਿੱਚ ਛੁਰਾ-ਬਾਜ਼ੀ ਚਲ ਗਈ, ਇਧਰੋਂ-ਉਧਰੋਂ ਗੱਡੀਆਂ ਦੀਆਂ ਗੱਡੀਆਂ ਫੱਟੜਾਂ ਦੀਆਂ ਭਰ ਭਰ ਕੇ ਆਉਣ ਲਗ ਪਈਆਂ। ਰਾਤ ਤਕ ਸਾਡੇ ਕੈਂਪ ਉੱਤੇ ਵੀ ਖ਼ਤਰਾ ਮੰਡਰਾਉਣ ਲੱਗ ਪਿਆ। ਲਾਹੌਰ ਤੋਂ ਪ੍ਰਿੰਸੀਪਲ ਵੀ ਨਾ ਆ ਸਕੇ। ਤਾਰਾਂ ਤੇ ਟੈਲੀਫੋਨ ਦੇ ਸਾਰੇ ਜ਼ਰੀਏ ਬੰਦ ਕਰ ਦਿੱਤੇ। ਰਾਤ ਦੇ ਵਕਤ ਕਿੰਨੀ ਵਾਰ ਖ਼ਤਰੇ ਦਾ ਐਲਾਨ ਹੋ ਜਾਂਦਾ ਸੀ। ਅਸਾਂ ਦੋਹਾਂ ਨੇ ਬੱਚੀਆਂ ਨੂੰ ਆਪਣੀ ਛਾਤੀ ਨਾਲ ਲਾ ਲੈਣਾ ਕਿ ਜੇ ਗੋਲੀ ਚੱਲੇਗੀ ਤੇ ਅਸੀਂ ਇਕੱਠੇ ਹੀ ਖ਼ਤਮ ਹੋ ਜਾਵਾਂਗੇ।

ਉਥੇ ਰਹਿੰਦਿਆਂ ਤਿੰਨ ਦਿਨ ਹੋ ਗਏ ਇਕ ਦਿਨ ਉਥੇ ਕੋਈ ਮਿਲਟਰੀ ਵਾਲਾ ਆਪਣਾ ਟਰੱਕ ਲੈ ਕੇ ਅੱਗੇ ਆਪਣੇ ਪਰਿਵਾਰ ਨੂੰ ਲੈਣ ਜਾ ਰਿਹਾ ਸੀ। ਉਹ ਉਥੇ ਕੈਂਪ 'ਚ ਆ ਗਿਆ। ਉਸ ਨਾਲ ਹੋਰ ਵੀ ਮਿਲਟਰੀ ਦੇ ਆਦਮੀ ਸਨ। ਸਾਡੇ ਆਦਮੀਆਂ ਨੇ ਤਰਲਾ-ਮਿੰਨਤ ਕਰਕੇ ਇਕ ਰਾਤ ਉਨ੍ਹਾਂ ਨੂੰ ਆਪਣੇ ਕੋਲ ਰੋਕ ਲਿਆ ਤਾਂ ਜੋ ਥੋੜ੍ਹੀ ਹਿਫ਼ਾਜ਼ਤ ਹੋ ਸਕੇ। ਜਦੋਂ ਉਹ ਅੱਗੇ ਜਾਣ ਵਾਸਤੇ ਤਿਆਰ ਹੋਏ ਤਾਂ ਲੋਕਾਂ ਨੇ ਫਿਰ ਇਕ ਰਾਤ ਵਾਸਤੇ ਉਨ੍ਹਾਂ ਮਿਲਟਰੀ ਵਾਲੇ ਲੋਕਾਂ ਨੂੰ ਰੋਕ ਲਿਆ। ਇਸ ਤੋਂ ਬਾਅਦ ਲਾਹੌਰ ਵਲੋਂ ਹਿੰਦੂ ਮਿਲਟਰੀ ਦਾ ਕਾਫ਼ਲਾ ਆ ਗਿਆ। ਦੁਨੀਆਂ ਜਿਆਦਾ ਸੀ। ਸਾਧਨ ਘੱਟ। ਸਾਰਿਆਂ ਨੇ ਮਿਲ ਕੇ ਇਹ ਸਲਾਹ ਕੀਤੀ ਕਿ ਖ਼ਤਰਾ ਬਹੁਤ ਜਿਆਦਾ ਹੋ ਗਿਆ ਏ ਜਿਵੇਂ ਵੀ ਹੋ ਸਕੇ ਬੱਚਿਆਂ ਅਤੇ ਔਰਤਾਂ ਨੂੰ ਇਨ੍ਹਾਂ ਟਰੱਕਾਂ ਵਿੱਚ ਬਿਠਾ ਕੇ ਹਿੰਦੁਸਤਾਨ ਵਲ ਭੇਜਿਆ ਜਾਏ। ਆਦਮੀਆਂ ਨੂੰ ਇਸ ਤੋਂ ਬਾਅਦ ਭੇਜ ਦਿੱਤੇ ਜਾਏਗਾ।

ਜਿਸ ਵੇਲੇ ਖਾਲਸਾ ਕਾਲਜ਼ ਦੇ ਬਾਹਰ ਮਿਲਟਰੀ ਦੇ ਟਰੱਕ ਲੈਣ ਵਾਸਤੇ ਆ ਗਏ ਅਤੇ ਸਾਰੇ ਬੱਚੇ, ਔਰਤਾਂ ਉਨ੍ਹਾਂ ਗੱਡੀਆਂ ਵਿੱਚ ਬੈਠਣ ਲਗ ਪਏ। ਮੈਂ ਵੀ ਆਪਣੀਆਂ ਬੱਚੀਆਂ ਨੂੰ ਲੈ ਕੇ ਗੱਡੀ ਵਿੱਚ ਬੈਠ ਗਈ ਤਾਂ ਮੇਰੀ ਵੱਡੀ ਬੱਚੀ ਜ਼ੋਰ ਜ਼ੋਰ ਦੀ ਰੋਣ ਲੱਗ ਪਈ ਅਤੇ ਉੱਛਲ ਉੱਛਲ ਕੇ ਬਾਹਰ ਜਾਣ ਲੱਗੀ ਕਿ ਮੈਂ ਆਪਣੇ ਪਿਤਾ ਬਿਨਾ ਇਸ ਵਿੱਚ ਨਹੀਂ ਬੈਠਣਾ। ਜਦੋਂ ਮੈਂ ਮਿਲਟਰੀ ਵਾਲਿਆਂ ਨੂੰ ਕਿਹਾ ਕਿ ਇਨ੍ਹਾਂ ਬੱਚੀਆਂ ਦੇ ਪਿਤਾ ਨੂੰ ਟਰੱਕ ਵਿਚ ਬਿਠਾ ਲਓ ਕਿਉਂਕਿ ਬੱਚੀਆਂ ਪਿਤਾ ਬਿਨਾ ਜਾ ਨਹੀਂ ਰਹੀਆਂ। ਪਰ

ਉਹ ਨਾ ਮੰਨੇ। ਮੈਂ ਕਿਹਾ ਫਿਰ ਮੈਨੂੰ ਵੀ ਉਤਾਰ ਦਿਓ ਮੈਂ ਇਨ੍ਹਾਂ ਬਿਨਾ ਜਾ ਨਹੀਂ ਸਕਦੀ। ਮੇਰੀ ਗੱਲ ਸੁਣ ਕੇ ਉਨ੍ਹਾਂ ਕਿਹਾ ਇਹ ਗੱਲ ਹੈ ਤਾ ਨਜ਼ਾਇਜ ਪਰ ਇਨ੍ਹਾਂ ਦੇ ਪਿਤਾ ਦਾ ਇੰਤਜ਼ਾਮ ਅਸੀਂ ਕਿਸੇ ਨਾ ਕਿਸੇ ਤਰੀਕੇ ਕਰ ਦਿੰਦੇ ਹਾਂ। ਉਨ੍ਹਾਂ ਬੱਚੀਆਂ ਦੇ ਪਿਤਾ ਨੂੰ ਔਰਤ ਦੇ ਭੇਸ ਵਿਚ ਇਕ ਕੱਪੜਾ ਦੁਆਲੇ ਲੈ ਕੇ ਬਿਠਾ ਦਿੱਤਾ। ਫਿਰ ਅਸੀਂ ਇਥੋਂ ਚਲ ਕੇ ਲਹੌਰ ਪਹੁੰਚ ਗਏ। ਉਥੇ ਸਾਨੂੰ ਫਿਰ ਖਾਲਸਾ ਕਾਲਜ ਪਨਾਹ ਮਿਲੀ ਅਤੇ ਉਥੇ ਸਾਨੂੰ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦਾ ਵੱਡਾ ਭਰਾ ਦਰਬਾਰਾ ਸਿੰਘ ਅਤੇ ਇਕਬਾਲ ਸਿੰਘ ਮਿਲ ਗਏ। ਉਸ ਵੇਲੇ ਖਾਲਸਾ ਕਾਲਜ ਵਿਚ ਕੈਂਪ ਦੀ ਤਿਆਰੀ ਹੋ ਰਹੀ ਸੀ। ਉਨ੍ਹਾਂ ਨੇ ਸਾਡੀ ਸਾਰੀ ਹਾਲਤ ਪੁੱਛੀ ਤੇ ਸਾਨੂੰ ਰਾਸ਼ਨ ਦਿੱਤਾ। ਸਾਡੀ ਰੋਟੀ ਉਨ੍ਹਾਂ ਨੇ ਆਪਣੇ ਨਾਲ ਪਕਵਾਈ ਤੇ ਦੂਸਰੇ ਆਦਮੀਆਂ ਨੂੰ ਰਾਸ਼ਨ ਮੁਹੱਈਆਂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਕੈਂਪ ਨੂੰ ਅਜੇ ਕੋਈ ਡਰ ਨਹੀਂ ਅਸੀਂ ਇਸ ਦੀ ਪੱਕੀ ਮਨਜ਼ੂਰੀ ਲੈਣ ਵਾਸਤੇ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਸਵੇਰੇ ਸੱਚੇ-ਸੌਦੇ ਚਲੇ ਜਾਵਾਂਗੇ ਕਿਉਂਕਿ ਉਥੋਂ ਦਾ ਅਜੇ ਪਤਾ ਨਹੀਂ ਕਿ ਹਾਲ ਹੈ? ਅਸੀਂ ਸੁਣਿਆ ਹੈ ਕਿ ਸੱਚੇ ਸੋਦੇ ਅਤੇ ਚੂੜਕਾਣੇ ਅੱਗ ਲੱਗੀ ਹੋਈ ਹੈ। ਲੋਕਾਂ ਦਾ ਬਹੁਤ ਬੁਰਾ ਹਾਲ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਸਾਡਾ ਕੋਈ ਵੀ ਜੀ ਮਿਲਿਆ ਤੇ ਉਨ੍ਹਾਂ ਨੂੰ ਆਖ ਦੇਣਾ ਕਿ ਐਨੇ ਜੀਅ ਅਸੀਂ ਲਾਹੌਰ ਵਿੱਚ ਬੈਠੇ ਹਾਂ।

ਚਾਰ ਦਿਨ ਸਾਨੂੰ ਲਾਹੌਰ ਬੈਠਿਆ ਹੋ ਗਏ। ਕੋਈ ਮਿਲਟਰੀ ਦਾ ਕਾਫ਼ਲਾ ਸਾਨੂੰ ਅੱਗੇ ਲੈਣ ਵਾਸਤੇ ਨਾ ਆਇਆ। ਫਿਰ ਪੰਜਵੇਂ ਦਿਨ ਕਾਫ਼ਲਾ ਆਇਆ। ਉਨ੍ਹਾਂ ਕਿਹਾ ਕਿ ਬੱਚੇ ਔਰਤਾਂ ਅਤੇ ਸਾਮਾਨ ਗੱਡੀਆਂ ਵਿਚ ਰੱਖ ਦਿਓ ਅਤੇ ਲਾਹੌਰ ਦੇ ਮੁਗਲਪੁਰੇ ਸਟੇਸ਼ਨ ਤੇ ਪਹੁੰਚਾ ਦਿਆਂਗੇ। ਅਸੀਂ ਸਾਰੇ ਸਟੇਸ਼ਨ ਤੇ ਪਹੁੰਚ ਗਏ। ਡੋਗਰਾ ਮਿਲਟਰੀ ਨੇ ਚਾਰੋਂ ਪਾਸੇ ਸਾਡੇ ਪਹਿਰਾ ਲਾ ਦਿੱਤਾ। ਉੱਥੇ ਰੋਟੀ ਪਕਾਉਣ ਦਾ ਵੀ ਇੰਤਜ਼ਾਮ ਸੀ, ਉਥੇ ਸਾਡੀਆਂ ਔਰਤਾਂ ਦੇ ਨਾਲ ਮਿਲਟਰੀ ਵਾਲੇ ਜਾਂਦੇ ਸੀ ਅਤੇ ਉਨ੍ਹਾਂ ਦੀ ਹਰ ਕਿਸਮ ਦੀ ਹਿਫ਼ਾਜਤ ਕਰਕੇ ਸੀ। ਉਥੇ ਸਟੇਸ਼ਨ ਤੇ ਹੀ ਸਾਨੂੰ ਦੋ ਰਾਤਾਂ ਤੇ ਤਿੰਨ ਦਿਨ ਠਹਿਰਨਾ ਪਿਆ। ਉਥੇ ਸਾਨੂੰ ਜ਼ਮੀਨ ਤੇ ਹੀ ਸੌਣਾਂ ਪੈਂਦਾ ਸੀ। ਜਿਸ ਸਾਡੇ ਪਿੰਡੇ ਛਿੱਲੇ ਗਏ ਸੀ। ਮੈਨੂੰ ਨਹਾਇਆ ਹੋਈ ਨੂੰ 14 ਦਿਨ ਹੋ ਗਏ ਸਨ ਅਤੇ ਕੱਪੜੇ ਵੀ ਪਿਛਲੇ ਹੀ ਪਾਏ ਹੋਏ ਸਨ। ਔਰਤਾਂ ਨੇ ਉਥੇ ਬਿਨਾਂ ਪਰਦੇ ਤੋਂ ਹੀ ਨਹਾ ਲਿਆ ਪਰ ਮੈਂ ਇਸ ਮਾਹੌਲ ਵਿਚ ਨਾ ਨਹਾ ਸਕੀ।

ਇਥੇ ਬੈਠਿਆਂ ਬੈਠਿਆਂ ਲੋਕੀਂ ਥੱਕ ਗਏ, ਅਚਾਨਿਕ ਸਟੇਸ਼ਨ ਤੇ ਮੁਸਲਮਾਨਾਂ ਦੀ ਗੱਡੀ ਹਿੰਦੁਸਤਾਨ ਵਲੋਂ ਪਾਕਿਸਤਾਨ ਜਾ ਰਹੀ ਸੀ, ਉਹ ਬਿਲਕੁਲ ਖਾਲੀ ਸੀ। ਵੱਡੇ ਵੱਡੇ ਸ਼ਾਹੂਕਾਰਾਂ ਨੇ ਇਸ ਗੱਡੀ ਵਾਲਿਆਂ ਨਾਲ ਗਾਂਡਾ-ਸਾਂਡਾ ਲਾਇਆ ਅਤੇ ਉਨ੍ਹਾਂ ਨੂੰ ਰਿਸ਼ਵਤ ਵਗੈਰਾ ਦਿੱਤੀ। ਫਿਰ ਉਹ ਹਿੰਦੁਸਤਾਨ ਜਾਣ ਵਾਸਤੇ ਮੰਨਜ਼ੂਰੀ ਲੈਣ ਲਈ ਲਾਹੌਰ ਗਏ ਅਤੇ ਉਥੋਂ ਹਿੰਦੁਸਤਾਨ ਜਾਣ ਲਈ ਇਜਾਜ਼ਤ ਮਿਲ ਗਈ। ਸਾਰਿਆਂ ਦੀ ਜਾਨ ਵਿਚ ਜਾਨ ਆਈ। ਕਈ ਔਰਤਾਂ ਦੇ ਤਾਂ ਉਥੇ ਸਟੇਸ਼ਨ ਉਤੇ ਹੀ ਬੱਚੇ ਜੰਮ ਪਏ। ਸਾਰਿਆਂ ਲੋਕਾਂ ਨੇ ਗੱਡੀ ਵਿੱਚ ਸਾਮਾਨ ਰੱਖਿਆ ਅਤੇ ਖੁਦ ਬੈਠ ਕੇ ਅੰਮ੍ਰਿਤਸਰ ਸਟੇਸ਼ਨ ’ਤੇ ਆ ਗਏ। ਕਿਸੇ ਹੋਰ ਪਾਸੇ ਜਾਣ ਦਾ ਇੰਤਜਾਮ ਨਾ ਹੋ ਸਕਿਆ ਇਕ ਰਾਤ ਸਟੇਸ਼ਨ ਤੇ ਹੀ ਗੁਜਾਰਨੀ ਪਈ। ਨਾਲ ਹੀ ਕਿਧਰੇ ਬਿਰਲਾ ਨੇ ਲੰਗਰ ਲੁਆ ਰੱਖਿਆ ਸੀ। ਉਹ ਪਨਾਹਗੀਰਾ ਦੀ ਬੜੀ ਮਦਦ ਕਰ ਰਿਹਾ ਸੀ। ਸਭ ਵਾਸਤੇ ਬਿਰਲਾ ਲੰਗਰ ਤੋਂ ਰੋਟੀਆਂ ਆ ਗਈਆਂ। ਸਾਰੇ ਲੋਕਾਂ ਨੂੰ ਦੋ ਦੋ ਰੋਟੀਆਂ ਅਤੇ ਦਾਲ ਵਰਤਾਈ ਗਈ। ਇਥੇ ਸਾਰੇ ਸੋਚਾ ਵਿਚ ਪੈ ਗਏ ਕਿ ਹੁਣ ਕਿਸ ਪਾਸੇ ਜਾਇਆ ਜਾਏ। ਫਿਰ ਮੈਂ ਇਹ ਸਲਾਹ ਦਿੱਤੀ ਕਿ ਆਪਾਂ ਇਥੋਂ ਟਾਂਗੇ ਕਰੀਏ ਤੇ ਗੁਰੂ ਰਾਮਦਾਸ ਦੀ ਸਰਾਂ ਵਿਚ ਇਕ ਕਮਰਾਂ ਲੈ ਕੇ ਉਥੇ ਜਿਹੜਾ ਵੀ ਥੋੜਾ ਬਹੁਤ ਸਮਾਨ ਹੈ ਉਹ ਰੱਖ ਦੇਈਏ। ਅਤੇ ਉਸ ਤੋਂ ਬਾਅਦ ਕਿਧਰੇ ਕਿਸੇ ਪਿੰਡ ਦੀ ਤਲਾਸ਼ ਕਰੀਏ।

ਅਸੀਂ ਸਾਰੇ ਦਰਬਾਰ ਸਾਹਿਬ ਪੁਜ ਗਏ। ਮੈਂ ਸੋਚਿਆ ਹੁਣ ਆਪਣੇ ਕਮਿਉਨਿਸ਼ਟਾ ਦੇ ਦਫ਼ਤਰ ਜਾਇਆ ਜਾਏ ਅਤੇ ਉਨ੍ਹਾਂ ਕੋਲੋਂ ਸਾਨੂੰ ਅਗਲੇ ਪ੍ਰੋਗਰਾਮ ਦਾ ਪਤਾ ਚਲ ਜਾਏਗਾ। ਮੈਂ ਤੇ ਬੱਚੀਆਂ ਦੇ ਪਿਤਾ ਅਸੀਂ ਦਫ਼ਤਰ ਦੀ ਤਲਾਸ਼ ਕਰਨ ਲਗ ਪਏ। ਅਸੀਂ ਇਸ ਇਲਾਕੇ ਦੇ ਚੰਗੇ ਵਾਕਫ਼ ਸਾਂ ਪਰ ਪਰੇਸ਼ਾਨੀ ਵਿਚ ਸਾਨੂੰ ਦਫ਼ਤਰ ਹੀ ਨਾ ਲੱਭਿਆ। ਆਖਿਰ ਬੜੀ ਕੋਸ਼ਿਸ਼ ਦੇ ਬਾਵਜੂਦ ਅਸੀਂ ਕਮਿਊਨਿਸ਼ਟ ਪਾਰਟੀ ਦਾ ਦਫ਼ਤਰ ਲੱਭਿਆ। ਉਥੇ ਸਾਨੂੰ ਬਾਬਾ ਜੀ ਕਰਮ ਸਿੰਘ ਚੀਮਾਂ ਮਿਲ ਪਏ। ਉਹ ਸਾਨੂੰ ਅਪਣਤ ਨਾਲ ਮਿਲੇ ਤੇ ਆਖਣ ਲੱਗੇ ਕਿ ਪੁੱਤਰ ਹੁਣ ਤੂੰ ਘਰ ਆ ਗਈ ਹੈਂ ਤੈਨੂੰ ਹੁਣ ਘਬਰਾਣ ਦੀ ਕੋਈ ਲੋੜ

ਨਹੀਂ। ਤੁਹਾਡਾ ਅਸੀਂ ਇੰਤਜ਼ਾਮ ਕਰ ਦਿੰਦੇ ਹਾਂ। ਉਨ੍ਹਾਂ ਆਖਿਆ ਕਿ ਸਾਡਾਂ ਦਫ਼ਤਰ ਹੁਣ ਬਦਲ ਕੇ ਸ਼ਰੀਫ਼ਪੁਰੇ ਚਲਾ ਗਿਆ ਹੈ। ਤੁਹਾਨੂੰ ਮੈਂ ਟਾਂਗਾ ਕਰ ਦਿੰਦਾ ਹਾਂ ਤੁਸੀਂ ਸ਼ਰੀਫ਼ਪੁਰੇ ਕਾਮਰੇਡ ਝੂਰੇ ਦੇ ਘਰ ਪਹੁੰਚ ਜਾਓ। ਉਥੇ ਉਸਦੇ ਮਕਾਨ ਵਿੱਚ ਦਫ਼ਤਰ ਸੀ, ਉਥੇ ਸਾਨੂੰ ਸਾਡੇ ਆਪਣੇ ਬੜੇ ਨਜ਼ਦੀਕੀ ਕਾਮਰੇਡ ਮਿਲ ਪਏ। ਕਾਮਰੇਡ ਖੇਲਾ, ਕਾ. ਜੌਹਲ, ਸਵਤੰਤਰ ਜੀ, ਚੰਨਣ ਸਿੰਘ ਆਦਿ ਮਿਲ ਪਏ।

ਇਨ੍ਹਾਂ ਦਿਨ੍ਹਾਂ ਵਿਚ ਮੈਨੂੰ ਬੱਚਾ ਹੋਣ ਵਾਲਾ ਸੀ। ਮੈਂ ਸੋਚਿਆ ਇਥੇ ਕਿਧਰੇ ਹਸਪਤਾਲ ਦਾ ਪਤਾ ਕੀਤਾ ਜਾਏ। ਜਦੋਂ ਇਨ੍ਹਾਂ ਸਾਰੇ ਕਾਮਰੇਡਾਂ ਨੂੰ ਪਤਾ ਚੱਲਿਆ ਤਾਂ ਸੁਵਤੰਤਰਤ ਜੀ ਆਖਣ ਲੱਗੇ, ਭੈਣ ਤੂੰ ਤੇ ਇਸ ਵਕਤ ਜਲੰਧਰ ਆਪਣੇ ਭੂਆ ਦੇ ਪੁੱਤਰ ਨਵਾਬ ਸਿੰਘ ਕੋਲ ਚਲੀ ਜਾ। ਉਥੇ ਤੇਰੀ ਦੇਖ ਭਾਲ ਚੰਗੀ ਤਰ੍ਹਾਂ ਹੋ ਸਕੇਗੀ। ਮੈਂ ਜਾਣੋਂ ਇਨਕਾਰ ਕਰ ਦਿੱਤਾ। ਮੈਂ ਆਖਿਆ ਮੈਂ ਅਜੇ ਪਨਾਹਗੀਰ ਹਾਂ। ਉਜੜ ਕੇ ਆਈ ਹਾਂ, ਤੇ ਉਹ ਆਪਣੇ ਘਰ ਸਹੀ ਸਲਾਮਤ ਹੈ ਤੇ ਅਫ਼ਸਰ ਹੈ। ਮੈਂ ਇਸ ਹਾਲਤ ਵਿਚ ਉਸ ਕੋਲ ਪਨਾਹ ਨਹੀਂ ਲੈਣੀ। ਪਤਾ ਨਹੀਂ ਅਗਲੇ ਕਿਸ ਰੂਪ ਵਿਚ ਪੇਸ਼ ਆਏ। ਇਹ ਗੱਲ ਮੈਥੋਂ, ਨਹੀਂ ਹੋ ਸਕੇਗੀ। ਮੈਂ ਆਖਿਆ ਮੈਂ ਇਥੇ ਹੀ ਕਿਧਰੇ ਇਤਜ਼ਾਮ ਕਰ ਲਵਾਂਗੀ। ਤੁਸੀਂ ਵੀ ਨਾ ਮੈਨੂੰ ਰੱਖੋ। ਪਰ ਕਾਮਰੇਡ ਜੌਹਲ ਆਖਣ ਲੱਗਾ , ‘ਭੈਣ ਸਾਨੂੰ ਤੇਰਾ ਪਤਾ ਹੈ ਤੂੰ ਸਾਡੀ ਭਲੇ ਦਿਨ੍ਹਾਂ ਵਿਚ ਸਾਡੀ ਮਦਦ ਕੀਤੀ ਹੈ। ਅਸੀਂ ਉਸ ਨੂੰ ਨਹੀਂ ਭੁੱਲ ਸਕਦੇ। ਅਸੀਂ ਤੇਰੀ ਹਰ ਕਿਸਮ ਦੀ ਮਦਦ ਕਰਾਂਗੇ। ਅਸੀਂ ਫਿਰ ਇਥੇ ਹੀ ਕਾਮਰੇਡ ਝੂਰੇ ਦੇ ਮਕਾਨ ਵਿੱਚ ਹੀ ਠਹਿਰ ਗਏ।

ਇਸ ਤੋਂ ਬਾਅਦ ਮੈਨੂੰ ਇਕ ਹਸਪਤਾਲ ਵਿੱਚ ਦਾਖਲ ਕਰਾ ਆਏ ਕਿਉਂਕਿ ਮੇਰੀ ਡਲਿਵਰੀ ਹੋਣੀ ਸੀ। ਪਰ ਉਹ ਹਸਪਤਾਲ ਨਿਹਾਇਤ ਗੰਦਾ ਤੇ ਮਾੜੇ ਇੰਤਜ਼ਾਮ ਵਾਲਾ ਸੀ। ਮੇਰਾ ਮਨ ਉਥੇ ਨਾ ਲੱਗਾ। ਉਸੇ ਦਿਨ ਮਿਸ਼ਨ ਹਸਪਤਾਲ ਵਿਚ ਮੈਨੂੰ ਲੈ ਗਏ। ਇਥੇ ਦੀ ਲੇਡੀ ਡਾਕਟਰ ਇਕ ਅੰਗਰੇਜ਼ ਔਰਤ ਸੀ। ਜਿਹੜੀ ਕਿ ਕਾਫ਼ੀ ਚੰਗੀ ਸੀ। ਉਹ ਸਾਡੇ ਲਈ ਹਮਦਰਦੀ ਭਰਿਆ ਰਵੱਈਆਂ ਰੱਖਣ ਲੱਗੀ। ਉਹ ਮੈਨੂੰ ਕਾਫ਼ੀ ਚੰਗੀਆਂ ਦਵਾਈਆਂ ਤੇ ਟੀਕੇ ਲਾਉਣ ਲੱਗ ਪਈ। ਇਥੇ ਮੈਂ ਆਪਣੀ ਬੱਚੀ ਨੂੰ ਜਨਮ ਦਿੱਤਾ। ਇਥੇ ਮੈਨੂੰ 25-26 ਦਿਨ ਠਹਿਰਨਾ ਪਿਆ।

ਜਿਸ ਵੇਲੇ ਮੈਂ ਅਜੇ ਹਸਪਤਾਲ ਵਿਚ ਸੀ ਤੇ ਦਫ਼ਤਰ ਤੋਂ ਮੇਰੇ ਪੇਕੇ ਪਿੰਡ ਦੀ ਝਿਊਰੀ ਨੂੰ ਪਤਾ ਲੱਗਿਆ ਤੇ ਉਹ ਮੈਨੂੰ ਮਿਲਣ ਵਾਸਤੇ ਆਈ। ਅਤੇ ਇਸ ਸਮੇਂ ਮੈਂ ਨਾਈਆਂ ਦੀ ਦਿੱਤੀ ਹੋਈ ਕਮੀਜ ਸੁਆਂ ਕੇ ਪਾਈ ਹੋਈ ਸੀ। ਉਹ ਮੈਨੂੰ ਇਸ ਹਾਲਤ ਵਿਚ ਵੇਖ ਕੇ ਉੱਚੀ ਉੱਚੀ ਰੋਣ ਲਗ ਪਈ। ਮੈਂ ਆਖਿਆ, ‘ਤੂੰ ਹੌਸਲਾ ਰੱਖ। ਜੋ ਕੁਦਰਤ ਕਰ ਰਹੀ ਹੈ ਠੀਕ ਹੈ ਘਬਰਾਉਣ ਨਾਲ ਕੁਝ ਨਹੀਂ ਬਣਦਾ। ਜੀਵਾਂ ਨੇ ਮੈਨੂੰ ਦੱਸਿਆ ਕਿ ਸਾਡੇ ਪਿੰਡ ਵਾਲਿਆਂ ਮੁਸਲਮਾਨਾਂ ਨੇ ਸਾਨੂੰ ਬੜੀ ਹਮਦਰਦੀ ਨਾਲ ਪਿੰਡੋਂ ਬਾਹਰ ਕੱਢਿਆ ਅਤੇ ਫਿਰ ਸਾਨੂੰ ਲੁੱਟ ਲਿਆ ਸਾਡੇ ਕੋਲ ਜਿਹੜੇ ਗਹਿਣਾ-ਗੱਟਾ, ਕੱਪੜਾ ਆਦਿ ਹੈ ਸੀ ਉਹ ਸਾਡੀ ਬੁਰੀ ਹਾਲਤ ਕਰਕੇ ਸਾਡੇ ਕੋਲੋਂ ਖੋਹ ਲਿਆ। ਬੱਚੀਆਂ ਦੇ ਪਿਤਾ ਉਥੋਂ ਕਾਮਰੇਡ ਝੂਰੇ ਦੇ ਘਰੋਂ ਮੇਰੇ ਲਈ ਰੋਟੀ ਲੈ ਕੇ ਆਉਂਦੇ ਤੇ ਨਾਲੇ ਬੱਚੀਆਂ ਨੂੰ ਮਿਲਾ ਜਾਂਦੇ। ਸ਼ਹਿਰ ਵਿਚ ਕਾਫ਼ੀ ਹਲਚਲ ਮੱਚੀ ਹੋਈ ਸੀ। ਜਿਹੜੇ ਕਾਫ਼ਲੇ ਹਿੰਦੁਸਤਾਨ ਵਲੋਂ ਮੁਸਲਮਾਨਾਂ ਦੇ ਪਾਕਿਸਤਾਨ ਨੂੰ ਜਾਂਦੇ ਸਨ ਲੋਕੀ ਉਨ੍ਹਾਂ ਨੂੰ ਲੁੱਟਣ ਦੀ ਕੋਸ਼ਿਸ਼ ਵਿਚ ਰਹਿੰਦੇ। ਜਿਸ ਕਾਰਨ ਪੁਲਿਸ ਨੂੰ ਗੋਲੀ ਚਲਾਉਣੀ ਪੈ ਜਾਂਦੀ ਤੇ ਬੱਚੀਆਂ ਸਮੇਤ ਇਨ੍ਹਾਂ ਦੇ ਪਿਤਾ ਨੂੰ ਕਿਧਰੇ ਰਸਤੇ ਵਿਚ ਪਨਾਹ ਲੈਣੀ ਪੈਂਦੀ। ਕਈ ਵਾਰੀ ਬੱਚੀਆਂ ਨੂੰ ਹਸਪਤਾਲ ਰੱਖ ਲੈਂਦੀ। ਇਕ ਦਿਨ ਹਾਸਪਤਾਲ ਦੇ ਬਾਹਰ ਗੋਲੀ ਚੱਲ ਗਈ ਹਸਪਤਾਲ ਵਿਚ ਸਾਰੀਆਂ ਜੱਚਾਂ ਬੇਹੋਸ਼ ਹੋ ਗਈਆਂ ਕੇਵਲ ਦੋ ਚਾਰ ਔਰਤਾ ਹੀ ਸਹੀ ਹਾਲਤ ਵਿਚ ਰਹੀਆਂ ਡਾਕਟਰਾਂ ਨਾਲ ਸਾਨੂੰ ਵੀ ਮਦਦ ਕਰਨੀ ਪਈ। ਇਸ ਵਕਤ ਬੱਚੀਆਂ ਦੇ ਪਿਤਾ ਬਾਹਰ ਗੋਲੀ-ਬਾਰੀ ਵਿਚ ਘਿਰ ਗਏ। ਤੇ ਉਹ ਕਿਸੇ ਦੁਕਾਨ ਵਿਚ ਵੜ ਗਏ। ਉਸ ਵੇਲੇ ਪਤਾ ਨਹੀਂ ਸੀ ਹੁੰਦਾ ਕਦੋਂ ਮੌਤ ਅੱਗੇ ਆ ਜਾਣੀ ਹੈ।

ਹਸਪਤਾਲ ਤੋਂ ਛੁੱਟੀ ਮਿਲਣ ਤੇ ਮੈਂ ਫਿਰ ਕਾਮਰੇਡ ਝੂਰੇ ਦੇ ਮਕਾਨ ’ਚ ਚਲੀ ਗਈ। ਉਥੇ ਮੈਨੂੰ ਮੇਰੇ ਭਾਜੀ ਹੁਣੀਂ ਮਿਲ ਗਏ। ਉਹ ਸਾਨੂੰ ਕਾਫੀ ਸਾਰਾ ਪੈਸਾ ਤੇ ਲੋੜ ਆਨੁਸਾਰ ਪੈਸਾ ਦੇ ਗਏ। ਤੇ ਫਿਰ ਪੁਤਲੀਘਰ ਪ੍ਰੋ. ਦਾਰਾ ਸਿੰਘ ਦੀ ਕੋਠੀ ’ਚ ਰਹਿਣ ਦਾ ਇੰਤਜ਼ਾਮ ਕਰਨ ਚਲੇ ਗਏ। ਮੇਰਾ ਪੇਕਾ ਪਰਿਵਾਰ ਕਾਮਰੇਡ ਝੂਰੇ ਦੇ ਘਰ ਹੀ ਰਿਹਾ। ਅੰਮ੍ਰਿਤਸਰ ਸਾਨੂੰ ਕਾਫੀ ਦੇਰ ਰੁਕਣਾ ਪਿਆ। ਤਕਰੀਬਨ ਦੋ-ਢਾਈ

ਮਹੀਨੇ ਹੀ ਇਥੇ ਲਗ ਗਏ ਕਿਉਂਕਿ ਅਜੇ ਅਗੇ ਜਾਣ ਨੂੰ ਕੋਈ ਪਿੰਡ ਨਹੀਂ ਸੀ ਮਿਲਿਆ ਅਤੇ ਨਾ ਹੀ ਕਿਸੇ ਗੱਡੀ ਦਾ ਇੰਤਜ਼ਾਮ ਹੋ ਸਕਿਆ। ਸ਼ਰੀਫ਼ ਪੁਰੇ ਇਕ ਕੈਂਪ ਦੇ ਲੋਕਾਂ ਦੀ ਬਹੁਤ ਬੁਰੀ ਦਸ਼ਾ ਸੀ। ਜਿਹੜੀ ਕਿ ਸਾਨੂੰ ਚੁਬਾਰੇ ਤੇ ਬੈਠਿਆਂ ਦਿਸ ਜਾਂਦੀ। ਲੋਕੀ ਸੜਕਾਂ ਤੇ ਪਏ ਪਏ ਮਰ ਜਾਂਦੇ ਰਹੇ ਸਵੇਰੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਰੇਹੜਿਆਂ ਵਿਚ ਪਾ ਕੇ ਦੂਰ ਸੁੱਟਿਆ ਜਾਂਦਾ। ਇਕ ਵਾਰੀ ਮੁਸਲਮਾਨਾਂ ਦਾ ਕਾਫ਼ਲਾ ਅੱਗੇ ਜਾ ਰਿਹਾ ਸੀ ਜਿਨ੍ਹਾਂ ਨੂੰ ਸਾਡੇ ਲੋਕਾਂ ਨੇ ਲੁੱਟ ਲਿਆ, ਜੋ ਵੀ ਚੀਜ਼ ਕਿਸੇ ਦੇ ਹੱਥ ਲੱਗੀ ਉਹ ਲੈ ਕੇ ਦੌੜ ਗਏ। ਲੋਕ ਤਾਂਗੇ ਔਰਤਾਂ ਦੇ ਭਜਾ ਕੇ ਲੈ ਗਏ। ਇਕ ਬਾਪ-ਬੇਟੇ ਦੀਆਂ ਬਾਹਾਂ ਕੱਟ ਦਿੱਤੀਆਂ ਤੇ ਉਨ੍ਹਾਂ ਦੀ ਮੱਝ ਨੂੰ ਲੈ ਕੇ ਭੱਜ ਗਏ। ਇਸ ਤਰ੍ਹਾਂ ਕਾਫ਼ੀ ਲੁੱਟ ਹੋਈ। ਭਾਜੀ ਕਾਮਰੇਡ ਮੁਹੱਬਤ ਸਿੰਘ ਕੋਲੋਂ ਸਾਰੇ ਪਿੰਡ ਦੀ ਹਾਲਤ ਦਾ ਪਤਾ ਚੱਲਿਆ ਕਿ ਉਹ ਸ਼ੇਖੂਪੁਰੇ ਤੋਂ ਇਥੋਂ ਤੱਕ ਕਿਸ ਹਾਲਤ ਵਿਚ ਆਏ ਹਨ। ਇਨ੍ਹਾਂ ਦਾ ਕੈਂਪ ਸੱਚਾ ਸੌਦਾ ਬਣਾਇਆ ਗਿਆ ਸੀ। ਭਾਜੀ ਨੇ ਦੱਸਿਆ ਕਿ ਗੁਜਰਾਂਵਾਲੇ ਜ਼ਿਲ੍ਹੇ ਨਾਲ ਬਹੁਤ ਬੁਰੀ ਹੋਈ। ਉਨ੍ਹਾਂ ਨੂੰ ਸਾਡੇ ਲੋਕਾਂ ਨੇ ਪਨਾਹ ਦਿੱਤੀ ਹੈ। ਨੇੜੇ ਨੇੜੇ ਦੇ ਸਾਰਿਆਂ ਪਿੰਡਾਂ ਦੇ ਆਦਮੀਆਂ ਨੇ ਸੱਚੇ ਸੌਦੇ ਰਾਸ਼ਨ ਪਾਣੀ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਉਥੇ ਪਿੰਡਾਂ ਦੇ ਕੰਮੀ ਆਦਿ ਦੁੱਧ ਵਗੈਰਾ ਦੇ ਜਾਂਦੇ ਸੀ। ਸਾਰੇ ਲੋਕੀ ਸ਼ੇਖੂਪਰੇ ਕੈਂਪ ਵਿਚ ਹੀ ਸਨ। ਇਸ ਕੈਂਪ ਵਿਚ 3 ਲੱਖ ਆਦਮੀ ਹੋ ਗਏ ਸਨ। ਪਰ ਕੈਂਪ ਅਜੇ ਕੱਚਾ ਸੀ। ਇਸ ਨੂੰ ਮੰਨਜ਼ੂਰੀ ਹਾਲੇ ਤੱਕ ਨਹੀਂ ਸੀ ਮਿਲੀ। ਸਾਡੇ ਲੋਕਾਂ ਨੇ ਕੈਂਪ ਦੁਆਲੇ ਹਿਫ਼ਾਜਤ ਕਰਨੀ ਸ਼ੁਰੂ ਕਰ ਦਿੱਤੀ। ਨਾਲ ਦੀਆਂ ਨਹਿਰਾਂ ਦੇ ਪਾਣੀ ਤੋੜ ਦਿੱਤੇ ਤਾਂ ਕਿ ਕੋਈ ਇਧਰ ਨਾ ਆ ਸਕੇ। ਹੋਰ ਕਈ ਬੰਬ ਆਦਿ ਕੈਂਪ ਦੇ ਆਲੇ ਦੁਆਲੇ ਲਾ ਦਿੱਤੇ। ਚਾਲੀ ਘੋੜੀਆਂ ਤੇ 8 ਸਵਾਰ ਸਾਰਿਆਂ ਆਦਮੀਆਂ ਤੇ ਲੋਕਾਂ ਨੂੰ ਲਿਆਉਣ ਵਾਸਤੇ ਤਿਆਰ ਕਰ ਰਖੇ ਸੀ। ਰਾਤ ਨੂੰ ਸੌਣ ਵੇਲੇ ਇਹ ਆਦਮੀ ਗੁਜਰਾਂਵਾਲੇ ਹਥਿਆਰ ਬੰਦ ਹੋ ਕੇ ਚਲੇ ਜਾਂਦੇ ਸੀ ਇਹ ਉਥੋਂ ਲੋਕਾਂ ਨੂੰ ਬਾਹਰ ਕੱਢ ਕੇ ਲੈ ਆਉਂਦੇ। ਇਨ੍ਹਾਂ ਦੇ ਬਜ਼ੁਰਗਾ ਨੇ ਆਖਿਆ ਹੋਇਆ ਸੀ ਕਿ ਤੁਸੀਂ ਕੁੜੀਆਂ ਨੂੰ ਭੈਣਾ ਕਰ ਕੇ ਜਾਨਣਾ ਬਜ਼ੁਰਗ ਔਰਤਾਂ ਨੂੰ ਮਾਵਾਂ ਕਰਕੇ। ਬੁੱਢਿਆਂ ਨੂੰ ਕੁਝ ਨਹੀਂ ਆਖਣਾ। ਪਰ ਜਿਹੜੇ ਨੌਜਵਾਨ ਮੁੰਡੇ ਹਨ ਉਨ੍ਹਾਂ ਨੂੰ ਛੱਡਣਾ ਨਹੀਂ। ਇਸ ਤਰ੍ਹਾਂ ਇਨ੍ਹਾਂ ਨੇ ਮੁਸਲਮਾਨਾਂ ਦੇ ਅੱਠ ਨੌਂ ਪਿੰਡ ਬਿਲਕੁਲ ਫੂਕ ਕੇ ਰੱਖ ਦਿੱਤੇ ਸੀ ਤੇ ਆਪਣਿਆਂ ਲੋਕਾਂ ਨੂੰ ਬਚਾ ਕੇ ਲੈ ਆਏ।

ਮਾਨ੍ਹਾਂ ਸਰਦਾਰ ਨੇ ਨਹਿਰੂ ਅੱਗੇ ਸ਼ਿਕਾਇਤ ਕੀਤੀ ਕਿ ਵਿਰਕਾਂ ਨੇ ਅੰਗਰੇਜ਼ੀ ਸਰਕਾਰ ਨੂੰ ਬੜਾ ਤੰਗ ਕੀਤਾ ਹੈ ਅਤੇ ਇਹ ਹਿੰਦੁਸਤਾਨ ਵਿਚ ਆ ਕੇ ਤੁਹਾਨੂੰ ਵੀ ਚੈਨ ਨਾਲ ਨਹੀਂ ਰਹਿਣ ਦੇਣਗੇ। ਇਸ ਲਈ ਇਨ੍ਹਾਂ ਨੂੰ ਇਸ ਪਾਸੇ ਨਾ ਆਉਣ ਦਿਓ। ਕੈਂਪ ਨੂੰ ਅਜੇ ਮੰਨਜ਼ੂਰੀ ਨਹੀਂ ਸੀ ਮਿਲ ਰਹੀ। ਲੋਕਾਂ ਵਿੱਚ ਕਾਫ਼ੀ ਹਲ-ਚਲ ਮੱਚ ਗਈ ਕਿ ਹੁਣ ਕੀ ਕੀਤਾ ਜਾਵੇ।

ਇਸ ਹਾਲਤ ਵਿਚ ਭਾਜੀ ਅਤੇ ਹੋਰ ਆਦਮੀ ਨਹਿਰੂ ਨੂੰ ਜਾ ਕੇ ਮਿਲੇ ਕਿ ਸਾਡੇ ਲੋਕਾਂ ਨੂੰ ਉਥੋਂ ਕਿਸੇ ਪਾਸੇ ਕੱਢਿਆ ਜਾਏ। ਉਨ੍ਹਾਂ ਕੈਂਪ ਦੇ ਆਦਮੀਆਂ ਦੀ ਗਿਣਤੀ ਦੱਸੀ। ਸਾਰਾ ਰਾਸ਼ਨ-ਪਾਣੀ ਅਤੇ ਅਸਲਾ ਵੀ ਦੱਸਿਆ। ਪੰਡਿਤ ਨਹਿਰੂ ਨੇ ਇਹ ਕੰਮ ਮੁਰਦੁਲਾ ਬਾਈ ਨੂੰ ਸੌਂਪਿਆ ਕਿ ਇਨ੍ਹਾਂ ਦੇ ਕੈਂਪ ਨੂੰ ਪੱਕਿਆ ਕਰਕੇ ਮਿਲਟਰੀ ਦੇ ਟਰੱਕਾ ਦਾ ਕਾਫ਼ਲਾ ਲਾਇਆ ਜਾਵੇ। ਇਸ ਵਾਸਤੇ ਕਮਿਊਨਿਸਟਾਂ ਦੇ ਦਫ਼ਤਰ ਵਿੱਚ ਮਰਦੁਲਾ ਬਾਈ ਨੇ ਮੀਟਿੰਗ ਰੱਖੀ ਕਿ ਇਸ ਦਾ ਛੇਤੀ ਹੀ ਹੱਲ ਲੱਭਿਆ ਜਾਏ। ਇਸ ਤਰ੍ਹਾਂ ਕਾਫੀ ਮੀਟਿੰਗਾਂ ਹੋਈਆਂ। ਪਰ ਕੁਝ ਵੀ ਨਾ ਬਣਿਆ। ਕਾਫ਼ੀ ਭੱਜ-ਦੌੜ ਦੇ ਬਾਵਜੂਦ ਕੈਂਪ ਨੂੰ ਮੰਨਜ਼ੂਰੀ ਮਿਲ ਗਈ। ਅਤੇ ਇਧਰ ਅੰਮ੍ਰਿਤਸਰ ਆਉਣ ਵਾਸਤੇ ਮਿਲਟਰੀ ਦੇ ਟਰੱਕਾਂ ਦਾ ਕਾਫ਼ਲਾ ਲੱਗ ਗਿਆ। ਸਾਰੇ ਕੈਂਪ ਦੇ ਆਦਮੀ ਇਥੇ ਪੁੱਜ ਗਏ। ਇਥੇ ਪੁੱਜਣ ਤੋਂ ਬਾਅਦ ਅੱਗੇ ਦੀ ਸੋਚਣ ਲੱਗ ਪਏ। ਹੁਣ ਕਿਸ ਜ਼ਿਲ੍ਹੇ ਵਿਚ ਜਾਇਆ ਜਾਵੇ।

ਅਜੇ ਅਸੀਂ ਕਾਮਰੇਡ ਭੂਰੇ ਦੇ ਘਰ ਵਿੱਚ ਹੀ ਸੀ ਕਿ ਮੈਂ ਉਥੇ ਬਹੁਤ ਬਿਮਾਰ ਹੋ ਗਈ। ਇਸ ਲਈ ਕਾਮਰੇਡ ਜੌਹਲ ਸਾਡੇ ਨਾਲ ਗਿਆ ਤੇ ਅਸੀਂ ਅੰਮ੍ਰਿਤਸਰ ਵੈਦ ਸਿਵ ਦੱਤ ਨੂੰ ਵਿਖਾਇਆ। ਉਨ੍ਹਾਂ ਆਖਿਆ ਕਿ ਠੀਕ ਹੋ ਜਾਵੋਗੇ ਪਰ ਬਜ਼ਾਰ ਦੀ ਰੋਟੀ ਨਹੀਂ ਖਾਣੀ। ਪਿੰਡ ਦੀ ਕੋਰੀ ਚਾਟੀ ਦੀ ਲੱਸੀ ਪੀਣ ਤੋਂ ਪਰਹੇਜ਼ ਰੱਖਣਾ ਪਵੇਗਾ।

ਸਾਡੇ ਕਾਮਰੇਡ ਪਿਆਰਾ ਸਿੰਘ ਅੰਮ੍ਰਿਤਸਰ ਦੇ ਨਾਲ ਕਠਾਨੀਆਂ ਪਿੰਡ ਰਹਿੰਦੇ ਸੀ। ਕਾਮਰੇਡ ਜੌਹਲ

ਸਾਡੇ ਨਾਲ ਗਿਆ ਤੇ ਸਾਡਾ ਉਥੇ ਇੰਤਜ਼ਾਮ ਹੋ ਗਿਆ। ਉਨ੍ਹਾਂ ਨੇ ਸਾਡੇ ਨਾਲ ਬੜਾ ਚੰਗਾ ਸਲੂਕ ਕੀਤਾ ਇਸ ਤਰ੍ਹਾਂ 15-20 ਦਿਨ ਇਥੇ ਰਹਿਣ ਦੇ ਬਾਵਜੂਦ ਅਸੀਂ ਫਿਰ ਅੰਮ੍ਰਿਤਸਰ ਮੁੜ ਆਏ। ਇਥੇ ਮੈਂ ਆਪਣੇ ਪੇਕੇ ਘਰ ਦੇ ਜੀਆਂ ਨੂੰ ਮਿਲੀ। ਫਿਰ ਆਦਮੀਆਂ ਦੀ ਸਲਾਹ ਅੱਗੇ ਜਾਣ ਦੀ ਬਣ ਗਈ। ਬੱਸਾਂ ਦਾ ਇੰਤਜ਼ਾਮ ਕਰਕੇ ਸਾਰੇ ਲੋਕੀ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਪੁਜ ਗਏ। ਉਥੇ ਅੱਠ ਦਿਨ ਕੋਈ ਵੀ ਗੱਡੀ ਨਾ ਮਿਲੀ। ਸਾਰੇ ਲੋਕੀ ਉਥੇ ਸਟੇਸ਼ਨ ਤੇ ਹੀ ਦਿਨ ਕੱਟਣ ਲੱਗੇ। ਰੋਟੀ ਪਾਣੀ ਉਥੇ ਤਿਆਰ ਕੀਤਾ ਜਾਂਦਾ। ਇਸ ਤੋਂ ਬਾਅਦ ਆਦਮੀਆਂ ਨੇ ਭੱਜ ਦੌੜ ਕਰਕੇ ਬੱਸਾਂ ਤਿਆਰ ਕੀਤੀਆਂ ਤੇ ਅਗਲੇ ਇਲਾਕਿਆਂ ਵੱਲ ਟੁਰ ਪਏ। ਇਕ ਰਾਤ ਅਸੀਂ ਲੁਧਿਆਣੇ ਅਤੇ ਇਕ ਸ਼ਾਹਬਾਦ ਮਾਰਕੰਡੇ ਕੋਲ ਰਹੇ। ਬਾਹਰ ਉਜਾੜ ਵਿਚ ਹੀ ਸਾਨੂੰ ਬਸੇਰਾ ਕਰਨਾ ਪਿਆ। ਨਿੰਮਾਂ ਦੇ ਥੱਲੇ ਅਸੀਂ ਰੋਟੀ ਵਗੈਰਾ ਪਕਾਈ।

ਸਵੇਰੇ ਸ਼ਾਹਬਾਦ ਤੋਂ ਟੁਰ ਕੇ ਅੱਗੇ ਅਸੀਂ ਨੀਲੋ ਖੇੜੀ ਪਹੁੰਚ ਗਏ। ਉਥੇ ਸਾਡੇ ਆਦਮੀਆਂ ਨੇ ਸਾਨੂੰ ਕਿਸੇ ਦੇ ਗੱਡੇ ਮੰਗ ਕੇ ਲੈਣ ਵਾਸਤੇ ਭੇਜ ਦਿੱਤੇ। ਇੰਦਰ ਸਿੰਘ ਰੋੜ ਮਾਜਰੇ ਵਾਲੇ ਨੇ ਸਾਰੇ ਪਨਾਹਗੀਰਾਂ ਦੀ ਬੜੀ ਮਦਦ ਕੀਤੀ। ਸਭ ਤੋਂ ਪਹਿਲਾਂ ਅਸੀਂ ਭਾਜੀ ਦੇ ਪਿੰਡ ਕਪਾਲਪੁਰ ਗਏ ਜਿਥੇ ਉਨ੍ਹਾਂ ਨੂੰ ਜ਼ਮੀਨ ਅਲਾਟ ਹੋਈ ਸੀ। ਉਥੇ ਦੁਪਹਿਰ ਦੀਆਂ ਰੋਟੀਆਂ ਖਾਧੀਆਂ ਤੇ ਫਿਰ ਅਸੀਂ ਪਿੰਡ ਵਲ ਟੁਰ ਪਏ ਜਿੱਥੇ ਸਾਨੂੰ ਜ਼ਮੀਨ ਅਲਾਟ ਹੋਈ ਸੀ। ਇਹ ਕਮਾਲਪੁਰ ਤੋਂ 3 ਕਿਲੋਮੀਟਰ ਦੀ ਦੂਰੀ ਤੇ ਸੀ। ਸ਼ਾਮ ਨੂੰ ਅਸੀਂ ਉਥੇ ਪਹੁੰਚ ਗਏ। ਇਥੇ ਸਾਰੇ ਪਿੰਡ ਵਿਚ ਕੱਚੇ ਕੋਠੇ ਸੀ। ਉਨ੍ਹਾਂ ਨੂੰ ਝਾੜ-ਪੂੰਝ ਕੇ ਜ਼ਮੀਨ ਤੇ ਬਿਸਤਰੇ ਵਿਛਾ ਕੇ ਸੁੱਤੇ ਅਤੇ ਸਾਨੂੰ ਇੰਜ ਮਾਲੂਮ ਹੋਇਆ ਕਿ ਅਜੇ ਸਾਨੂੰ ਪੂਰੇ ਤਿੰਨ ਮਹੀਨੇ ਬਾਅਦ ਆਪਣੇ ਘਰ ਵਰਗੀ ਨੀਂਦ ਆਈ ਹੈ। ਸਾਡਾ ਐਨੇ ਮਹੀਨਿਆਂ ਦਾ ਥਕੇਵਾ ਇਕ ਰਾਤ ਵਿਚ ਉਤਰ ਗਿਆ। ਸਾਰਿਆਂ ਨੇ ਸ਼ੁਕਰ ਕੀਤਾ ਕਿ ਅੱਜ ਅਸੀਂ ਪੱਕੇ ਟਿਕਾਣੇ ਤੇ ਆ ਗਏ ਹਾਂ। ਇਸ ਤਰ੍ਹਾਂ ਦਿਨ ਚੜ੍ਹਿਆ ਤੇ ਸਾਰੇ ਆਸੇ ਪਾਸੇ ਦੇ ਲੋਕੀ ਸਾਡੀ ਮਦਦ ਵਾਸਤੇ ਆ ਗਏ। ਲੋਕਾਂ ਨੇ ਗੁੜ, ਆਟਾ, ਦਾਲਾਂ ਆਦਿ ਇਕੱਠੀਆਂ ਕਰਕੇ ਦਿੱਤੀਆਂ। ਇਥੇ ਕਾਮਰੇਡ ਪਿਆਰਾ ਸਿੰਘ ਕੋਟਲੀ ਵਾਲਾ, ਕਾਮਰੇਡ ਗੁਰਦਿਆਲ ਸਿੰਘ ਤੇ ਇਕ ਹੋਰ ਕਾਮਰੇਡ ਜਿਹੜਾ ਕਿ ਪਿਆਰਾ ਸਿੰਘ ਦਾ ਵੱਡਾ ਭਰਾ ਸੀ ਉਹ ਵੀ ਸਾਡੇ ਨਾਲ ਸੀ। ਸਾਡਾ ਗਿਆਰਾਂ ਘਰਾਂ ਦਾ ਇਕੱਠਾ ਕੰਮ ਸੀ ਤੇ ਬਾਹਰ ਖੇਤੀ ਵੀ ਸਾਰਿਆਂ ਘਰਾਂ ਦੀ ਸਾਂਝੀ ਸੀ। ਜਿਹੜਾ ਕੁਝ ਬਾਹਰੋਂ ਆਉਂਦਾ ਸੀ ਉਹ ਮੇਰੇ ਘਰ ਆਉਂਦਾ ਤੇ ਫਿਰ ਹਰ ਇਕ ਖਾਣ-ਪੀਣ ਵਾਲੀ ਚੀਜ਼ ਨੂੰ ਗਿਆਰਾਂ ਥਾਵਾਂ ਤੇ ਵੰਡਣਾ ਪੈਂਦਾ ਸੀ। ਖੇਤਾਂ ਵਿਚ ਮੁਸਲਮਾਨਾਂ ਦਾ ਬਹੁਤ ਸਾਰਾ ਗੰਨਾ ਤੇ ਬਾਜਰਾ ਤੇ ਤਿਲ ਵੀ ਖਲੋਤੇ ਹੋਏ ਹਨ।

ਸ਼ੌਂਕਣ ਮਹੁਰਾ / ਚੰਦਨ ਨੇਗੀ

ਸਾਡੇ ਝਾਈ ਜੀ ਸਾਡਾ ਵਿਸਾਹ ਨਾ ਕਰਦੇ। ਗਲੀ ਵਿਚ ਜ਼ਮੀਨ ਤੋਂ ਚਾਰ ਕੁ ਫੁੱਟ ਉੱਚਾ ਵੱਡਾ ਮੈਦਾਨ ਸੀ। ਇਥੇ ਹੀ ਵਿਆਹ ਹੁੰਦੇ, ਮਰਨੇ ਪਰਨੇ ਵੀ, ਜਲਸੇ ਜਲੂਸ ਵੀ, ਬੱਚਿਆਂ ਦੇ ਖੇਡਣ ਦਾ ਮੈਦਾਨ ਵੀ ਤੇ ਗਰਮੀਆਂ ਵਿਚ ਜੰਮੂ ਵਾਲੇ ਪਾਸੇ ਤੋਂ ਆ ਕੇ ਮਿਸ਼ਰ ਤੰਦੂਰ ਵੀ ਇਥੇ ਹੀ ਦਬਦੇ। ਇਹ ਉੱਚਾ ਥੜ੍ਹਾ -ਜਿਸ ਉੱਤੇ ਚੜ੍ਹਨ ਲਈ ਤਿੰਨ ਚਾਰ ਪੌੜੀਆਂ ਸਨ। ਇਕ ਕੋਨੇ ਵਿਚ ਨਲਕਾ ਤੇ ਨਕਲੇ ਉੱਤੇ ਨਿੰਮ ਦਾ ਦਰੱਖ਼ਤ ਸੀ। ਮੈਂ ਪੱਕੀਆਂ ਨਿਮੋਲੀਆਂ ਬਹੁਤ ਖਾਂਦੀ ਸਾਂ, ਮਿੱਠੀਆਂ ਨਿਮੋਲੀਆਂ। ਮੇਰੀਆਂ ਕਈ ਕਹਾਣੀਆਂ (ਜਿਹੜੀਆਂ ਬਚਪਨ ਨਾ ਸੰਬੰਧਤ ਹਨ) ਵਿਚ ਇਸ ਥੜ੍ਹੇ ਦਾ ਬਹੁਤ ਵਾਰੀ ਜ਼ਿਕਰ ਆਇਆ ਹੈ। 'ਬੰਦ ਗਲੀ ਦਾ ਮੋੜ', 'ਰਾਮੋ ਚੰਡੀ', 'ਨਿਆਜ਼ਬੋ' , 'ਪਰੀ ਚਾਚੀ' , 'ਚੰਦ ਰਾਤ' ਆਦਿ ਵਿਚ। ਅਸੀਂ ਸਾਰੇ ਬੱਚੇ ਕਟੋਰੀਆਂ ਵਿਚ ਦੇਸੀ ਘਿਉ, ਲੂਣ-ਮਿਰਚਾਂ ਪਾ ਕੇ ਤੰਦੂਰ ਉੱਤੇ ਹੀ ਬੈਠ ਕੇ ਸ਼ਾਮ ਦੀ ਪਛਾਂਹੀ ਖਾਂਦੇ ਸਾਂ। ਘਿਓ ਦੀ ਭਰੀ ਹੋਈ ਅੱਧ ਰਿੱਝੀ, ਫੁਟੀ ਕਾਲੀ ਦਾਲ ਬੱਚਿਆਂ ਨਾਲ ਬੈਠ ਕੇ ਖਾਣ ਦਾ ਸੁਆਦ ਹੀ ਕੁਝ ਹੋਰ ਸੀ।

ਅਸੀਂ ਗਲੀ ਵਿਚ ਖੇਡਣ ਜਾਂਦੇ (ਥੜ੍ਹੇ ਦੇ ਚਾਰੇ ਪਾਸੇ ਚੌੜੀ ਗਲੀ ਤੇ ਫਿਰ ਉੱਚੇ ਉੱਚੇ ਘਰ ਸਨ) ਝਾਈ ਜੀ ਕਈ ਵਾਰੀ ਬਾਰੀ ਵਿਚੋਂ ਝਾਤੀ ਮਾਰ ਜਾਂਦੇ। ਭਾਪਾ ਜੀ ਦੇ ਆਉਣ ਤੋਂ ਪਹਿਲਾਂ ਸਾਨੂੰ ਘਰ ਸੱਦ ਲਿਆ ਜਾਂਦਾ। ਅਸੀਂ ਦੋਵੇਂ ਬੇਹੱਦ ਖੁਸ਼ ਸਾਂ ਪਰ ਝਾਈ ਜੀ ਦੇ ਆਉਣ ਨਾਲ ਇਕ ਨਵਾਂ ਸ਼ਬਦ ਸਾਨੂੰ ਕਿਸ

ਸਿਖਾਇਆ? 'ਮਤਰੇਈ ਮਾਂ'। ਮਾਂ ਤਾਂ ਮਾਂ ਹੀ ਸੀ। ਸਾਰੀਆਂ ਸਹੇਲੀਆਂ ਦੀਆਂ ਮਾਂਵਾਂ ਵਾਂਗ ਝਾਈ ਜੀ ਸਾਡਾ ਖ਼ਿਆਲ ਰੱਖਦੇ। ਆਪਣੇ ਕੋਲ ਬਿਠਾ ਕੇ ਰੋਟੀ ਖੁਆਉਂਦੇ ਫਿਰ ਇਹ ਨਵਾਂ ਸ਼ਬਦ ਝਾਈ ਜੀ ਨਾਲ ਕਿਵੇਂ ਜੁੜਿਆਂ। ਕਿਸ ਜੋੜਿਆ? ਕਿਉਂ? ਇਸ ਦਾ ਮਤਲਬ ਕੀ ਹੁੰਦਾ ਹੈ?

ਸਕੂਲ ਜਾਣ ਲੱਗ ਪਈ ਸਾਂ। ਆਉਂਦੇ-ਜਾਂਦੇ ਸੁਣਦੀ, "ਹਾਏ! ਸ਼ੋਹਦੀ ਦੀ ਮਾਂ ਮਤਰੇਈ ਏ।" ਗਲੀ ਦੀਆਂ ਆਂਢਣਾਂ-ਗੁਆਂਢਣਾਂ ਸਾਨੂੰ ਚੋਰੀ-ਚੋਰੀ ਪੁੱਛਦੀਆਂ, "ਮਤਰੇਈ ਮਾਰਦੀ ਤਾਂ ਨੀਗਾਂ ਨੇ? ਵੱਤ ਰੋਟੀ ਦੇਂਦੀ ਨੇ ਨਾ...? ਕੁਝ ਕਹਵੀਂ ਤਾਂ ਅਗੋਂ ਚਾਰ ਸੁਣਾਸ... ਵੱਤ ਡਰੀ ਨਾ... ਭਾਪੇ ਨੂੰ ਕਹਵੀਂ ਹਲਾ! ਮਤਰੇਈ ਤਾਂ ਰੱਬਾ ਮਿੱਟੀ ਦੀ ਵੀ ਬੁਰੀ ... ਸੱਚਾ ਪਾਤਸ਼ਾਹ ਨਿੱਕੇ ਨਿੱਕੇ ਬੱਚਿਆਂ ਦੀਆਂ ਮਾਂਵਾਂ ਕਿਉਂ ਖੋਹ ਲੈਂਦੇ? ਮਤਰੇਈ ਤਾਂ ਰੱਬਾ ਦੁਸ਼ਮਣ ਦੇ ਬੱਚਿਆਂ ਨੂੰ ਵੀ ਨਾ ਦੇਂਵੀ...।" ਕੰਨਾਂ ਨੂੰ ਪਕੜ ਕੇ ਆਕਾਸ਼ ਵੱਲ ਹੱਥ ਜੋੜਦੀਆਂ।

ਮੈਂ ਕਦੀ ਬੜੀ ਗੰਭੀਰ ਜਿਹੀ ਹੋ ਕੇ ਹੋਣਹਾਕੀ ਹੋ ਜਾਂਦੀ। ਕਦੀ ਦੌੜ ਕੇ ਘਰ ਚਲੀ ਜਾਂਦੀ। ਦਿਲ ਕਰਦਾ ਝਾਈ ਜੀ ਨੂੰ ਦੱਸਾ "ਫਲਾਣੀ ਭੂਆ-ਚਾਚੀ ਹਿੰਝ ਕਹਿੰਦੀ ਆਈ।" ਘਰ ਵਿਚ 'ਸਕੀ', 'ਮਤ੍ਰੇਈ' ਕੋਈ ਫ਼ਰਕ ਨਹੀਂ ਸੀ। ਮਾਂ ਤੇ ਮਾਂ ਸੀ ਪਰ ਲੋਕਾਂ ਦੀ ਝੂਠੀ ਹਮਦਰਦੀ, ਝੂਠੇ ਮਰਗਮੱਛੀ ਅੱਥਰੂ ਹਮੇਸ਼ਾ ਸਾਡੇ ਬਚਪਨ ਦੁਆਲੇ ਲਪੇਟੇ ਗਏ।

ਯਾਦ ਆਇਆ ਹੈ, ਇਕ ਦਿਨ, ਮੈਂ ਕੁਝ ਮਸਤੀ ਕੀਤੀ ਹੋਣੀ ਏ, ਖੌਰੇ ਕੀ ਹੋਇਆ? ਝਾਈ ਜੀ ਨੇ ਸ਼ਾਇਦ ਮੈਨੂੰ ਝਿੜਕਿਆ ਸੀ ਜਾਂ ਡਰਾਉਣ ਲਈ ਹੱਥ ਚੁੱਕਿਆ ਸੀ, ਮੈਂ ਰੋਂਦੀ ਰੋਂਦੀ ਘਰ ਦੇ ਬਾਹਰਲੇ ਥੜ੍ਹੇ ਉੱਤੇ ਆ ਬੈਠੀ ਸਾਂ। ਗੁਆਂਢਣ ਰਾਮੋ ਭੂਆ ਦੇ ਪੁੱਛਣ, "ਹੇ ਨੀ ਚੰਦਨ ਵੱਤ ਕਿਉਂ ਰੋਨੀ ਪਈ ਏਂ?"

ਮੈਂ ਦੱਸਿਆ ਹੋਣਾ ਏ, "ਝਾਈ ਜੀ ਨੇ ਝਿੜਕਿਆ ਏ।" ਬਸ ਫਿਰ ਤਾਂ ਅਨਰਥ ਸੀ। ਉਹ ਉੱਚੀ-ਉੱਚੀ ਬੋਲਣ ਲੱਗੀ, 'ਹਾਏ ਤੰਦਰ ਪਵਸ (ਪੇਟ ਵਿਚ ਸੂਲ ਪਏ) ਮਤਰੇਈ ਏ ਨਾ... ਆਵੇ ਭਾਪਾ ਦਸਸਾਂਸ ਉਸ ਨਵੀਂ ਰੰਨ ਦੀ ਕਰਤੂਤ ... ਸਾਡੀ ਕੁੜੀ ਝਿੜਕਾਂ ਮਾਰਾਂ ਜੋਗੀ ਏ ...?"

ਹੇਠਾਂ ਗੁਆਂਢਣ ਰਾਮੋ ਭੂਆ ਅਬਾ-ਤਬਾ ਬੋਲੀ ਜਾ ਰਹੀ ਸੀ। ਭਾਪਾ ਜੀ ਦੇ ਡਰ ਤੋਂ, ਮਹੱਲੇ ਵਾਲਿਆਂ ਦੀਆਂ ਗੱਲਾਂ-ਬਦਨਾਮੀ ਤੋਂ ਜਾਂ ਪਛਤਾਵੇ ਦੀ ਦਿਮਾਗੀ ਪਰੇਸ਼ਾਨੀ ... ਝਾਈ ਜੀ ਬੇਹੋਸ਼ ਹੋ ਗਏ ਸਨ! ਉਨ੍ਹਾਂ ਚੀਕਾਂ ਮਾਰੀਆਂ ਤਾਂ ਆਸ-ਪਾਸ ਦੀਆਂ ਔਰਤਾਂ ਸਾਡੀ ਬੈਠਕ ਵਿਚ ਇਕੱਠੀਆਂ ਹੋ ਗਈਆਂ। ਮੈਂ ਵੀ ਬੈਠਕ ਵਲ ਦੌੜੀ। ਝਾਈ ਜੀ ਕਲੀਨ ਉੱਤੇ ਸਿੱਧੇ ਸਤੀਰ ਲੰਮੇ ਪਏ ਸਨ। ਗਵਾਂਢਣ ਬੇ-ਮਨੋ ਗਲੀ ਦੀ ਵੱਡੀ ਵਡੇਰੀ ਝਾਈ ਜੀ ਦੇ ਸਿਰ ਕੋਲ ਬੈਠੀ ਕਹਿ ਰਹੀ ਸੀ, "ਸੌ ਵਾਰੀ ਕਿਹੈ ਹਰਨਾਮ ਸਿੰਘ ਨੂੰ ਨਵੀ ਵਿਆਹੀ ਕੁੜੀ ਏ... ਬਾਲਾਂ ਉੱਤੇ ਆ ਗਈ ਏ ਤਾਂ ਕੇਹ ਹੋਇਆ ... ਅੱਗੇ ਕਿਹੜੀ ਸੱਸ ਨਿਨਾਣ ਬੈਠਵੀ ਏ ਜੇ ਚਾਅ ਮਲਾਰ ਕਰਸੀ ... ਚੰਗਾ ਮੰਦਾ ਦਸਸੀ ... ਕੁੜੀ ਨੇ ਤਾਂ ਆਂਦੇ ਹੀ ਆਪੇ ਪਕਾਇਆ, ਆਪੇ ਖਾਧਾ, ਬਾਲਾਂ ਨੂੰ ਖੁਆਇਆ ... ਬਾਲਾਂ ਨੇ ਤਾਂ ਸਤਾਨੀਆਂ ਕਰਨੀਆਨ ... ਝਿੜਕਣਾ ਵੀ ਪੈਂਦੇ, ਮਨ੍ਹੇ ਵੀ ਕਰਨਾ ਪੈਂਦੇ ... ਤੂੰ ਕੁੜੀ ਦੇ ਗਲ਼ ਵਿਚ ਸੌਂਕਣ ਮਹੁਰਾ ਪਾ (ਸੋਨੇ ਦੇ ਲਾਕਟ ਉੱਤੇ ਇਕ ਪਾਸੇ ਵਾਹਿਗੁਰੂ ਸਤਿਨਾਮ ਤੇ ਦੂਜੇ ਪਾਸੇ ਔਰਤ ਦਾ ਆਕਾਰ ਬਣਿਆ ਹੁੰਦਾ ਹੈ) ਹੁਣ ਪਕੜ ਲਿਤਾਸ ਨਾਂ ਸੌਂਕਣ ਨੇ... ਡਾਹਢੀ ਜੁਆਨੀ ਦੀ ਮੌਤ ਮਰੀ ਆਹੀ ਸੰਤ ਕੌਰ ... ਕੋਈ ਮਰਨ ਦੀ ਉਮਰ ਆਹੀ ਉਸ ਦੀ ... ਬੱਚਿਆਂ ਵਲ ਹੀ ਸੁਰਤ ਆਹੀ ਉਸ ਦੀ ... ਮੁਕਤੀ ਕਿਥੇ ਮਿਲੀ ਹੋਸਸ ... ਭਟਕਦੀ ਹੋਣੀ ਏ ਉਸ ਦੀ ਰੂਹ।"

'ਕਨਿਕ ਕਾਮਿਨੀ' ਨਾਵਲ ਲਿਖਣ ਵੇਲੇ ਜਦੋਂ ਨੀਰੂ ਦੀ ਡੋਲੀ ਲੈ ਕੇ ਸੋਹਣ ਘਰ ਆਉਂਦਾ ਹੈ ਤਾਂ ਮੈਨੂੰ ਬਚਪਨ ਵਿਚ ਸੁਣਿਆ 'ਸੌਂਕਣ ਮਹੁਰਾ' ਯਾਦ ਆਇਆ। ਲੋਕ ਵਿਸ਼ਵਾਸ, ਭਰਮ ਕਿ ਜੁਆਨੀ ਵਿਚ ਮਰਨ ਵਾਲੇ ਦੀ ਰੂਹ ਨੂੰ ਮੁਕਤੀ ਨਹੀਂ ਮਿਲਦੀ। ਉਸ ਦੀ ਆਤਮਾ ਭਟਕਦੀ ਰਹਿੰਦੀ ਹੈ ਤੇ ਦੂਜੀ ਪਤਨੀ ਦੇ ਗਲ਼ ਵਿਚ ਚਾਰ ਲੀਕਾਂ (ਜੋ ਔਰਤ ਦਾ ਢਾਂਚਾ ਬਣਦਾ ਹੈ) ਵਾਲਾ ਪੈਂਡਲ ਪਾਇਆ ਜਾਂਦਾ ਹੈ ਇਹ ਜ਼ਾਹਰ ਕਰਨ ਲਈ ਕਿ ਬੇਸ਼ੱਕ ਤੇਰੇ ਪਤੀ ਦੀ ਹੁਣ ਮੈਂ ਪਤਨੀ ਹਾਂ ਪਰ ਤੂੰ ਵੀ ਸਾਡੇ ਨਾਲ ਹੈ। ਇਹੀ 'ਸੌਂਕਣ ਮਹੁਰਾ' ਝਾਈ ਜੀ ਦੇ ਗਲ਼ ਵਿਚ ਪਾਉਣ ਲਈ ਗੁਆਂਢਣ ਬਜ਼ੁਰਗ ਨੇ ਕਿਹਾ ਸੀ। ਨੀਰੂ ਨੂੰ ਵੀ ਸ਼ਗਣਾਂ ਨਾਲ ਮੂੰਹ ਵਿਖਾਈ ਵੇਲੇ ਉਸ ਦੀ ਸੱਸ ਸੌਂਕਣ ਮਹੁਰਾ ਹੀ ਗਲ਼ ਵਿਚ ਪਾਉਂਦੀ ਹੈ। ਸ਼ੀਲੂ-ਨੀਰੂ ਦੀ ਸੌਂਕਣ

ਤਾਂ ਨੀਰੂ ਦੀ ਸੱਕੀ ਭੈਣ ਸੀ। ਆਪਣੀ ਭੈਣ ਦਾ ਚਾਰ ਲਕੀਰਾਂ ਦਾ ਅਸਤਿੱਤਵ ਵੇਖ ਨੀਰੂ ਨੂੰ ਦੁੱਖ ਵੀ ਬਹੁਤ ਹੁੰਦਾ ਹੈ। ਵਿਸ਼ਵਾਸ ਸੀ ਕਿ ਸੌਂਕਣ ਦੀ ਰੂਹ ਚਿੰਬੜ ਜਾਂਦੀ ਹੈ। ਦੂਜੀ ਨੂੰ ਆਪਣੇ ਘਰ, ਆਪਣੀ ਥਾਂ ਉੱਤੇ ਵੇਖ ਨਹੀਂ ਸਕਦੀ।

ਹੈਰਾਨ ਹੁੰਦੀ ਹਾਂ, ਹੁਣ ਲਿਖਦੇ ਬਚਪਨ ਦੀਆਂ ਕਈ ਘਟਨਾਵਾਂ ਅਛੋਪਲੇ ਹੀ ਨਾਵਲ, ਕਹਾਣੀਆਂ ਵਿਚ ਆ ਵੜਦੀਆਂ ਹਨ। ਵੈਸੇ ਵੀ ਲੋਕ, ਧਾਰਾ, ਲੋਕ ਵਿਸ਼ਵਾਸ ਤਾਂ ਮੇਰੀ ਲਿਖ਼ਤ ਦੇ ਨਾਲ ਨਾਲ ਹੀ ਤੁਰਦੇ ਹਨ।

ਪਤਾ ਨਹੀਂ ਇਹ ਘਟਨਾਵਾਂ ਮੈਨੂੰ ਸੁਫ਼ਨੇ ਵਾਂਗ ਯਾਦ ਨੇ ਜਾਂ ਸੁਣ ਸੁਣ ਕੇ ਅੰਦਰ ਧਰਨਾ ਮਾਰ ਕੇ ਬੈਠ ਗਈਆਂ ਹਨ। ਝਾਈ ਜੀ ਦੇ ਗਲ਼ ਸੌਂਕਣ ਮਹੁਰਾ ਪਾਇਆ ਗਿਆ ਕਿ ਨਾ ਪਰ ਮੈਂ ਅੰਦਰੋਂ ਅੰਦਰੀ ਟੁੱਟਦੀ ਗਈ। ਇਕੱਲੀ ਇਕੱਲੀ ਹੁੰਦੀ ਗਈ। ਨਿੱਕੀ ਨਿੱਕੀ ਗੱਲ ਦਾ ਪਹਾੜ ਬਣਾ ਕੇ ਸੋਚਦੀ ਰਹਿੰਦੀ। ਮੈਂ ਵੇਖਦੀ ਸਾਂ, ਆਪਣੀਆਂ ਸਹੇਲੀਆਂ ਨੂੰ, ਅਨੂਪਾਂ ਨੂੰ, ਉਹ ਜ਼ਿਦਾਂ ਕਰਦੀਆਂ ਹਨ, ਰੋ ਰੋ ਕੇ ਆਪਣੀ ਲੋੜ ਜਾਂ ਗੱਲ ਮਨਵਾ ਲੈਂਦੀਆਂ। ਰੁੱਸ ਜਾਂਦੀਆਂ, ਰੋਟੀ ਨਾ ਖਾਣ ਦਾ ਰੋਹਬ ਝਾੜਦੀਆਂ। ਮਾਵਾਂ ਪਿਆਰਦੀਆਂ, ਦੁਲਾਰਦੀਆਂ, ਮੂੰਹ ਵਿਚ ਗਰਾਹੀਆਂ ਤੁੰਨਦੀਆਂ, ਮਨਾਉਂਦੀਆਂ, ਪਿਆਰਦੀਆਂ, ਪੁਚਕਾਰਦੀਆਂ। ਮੈਂ ਨਾ ਕਈ ਜ਼ਿਦ ਕੀਤੀ ਸੀ, ਨਾ ਕਈ ਰੁੱਸੀ ਸਾਂ, ਨਾ ਕਦੀ ਗੁੱਸੇ ਹੋਈ।

ਝਾਈ ਜੀ ਤਾਂ ਮਾਂ ਸੀ ਪਰ ਇਹ ਮਾਤਰਿਆ, ਦੂਜੀ ਜਿਹੇ ਲਫ਼ਜ਼ ਕਿੱਥੋਂ ਆ ਕੇ ਜੁੜ ਗਏ? ਕਦੀ ਕੁਝ ਗ਼ਲਤ ਹੁੰਦਾ ਜਾਂ ਮੈਂ ਤੇ ਜੀਤ ਲੜਦੇ ਤਾਂ ਝਾਈ ਜੀ ਇਹੋ ਹੀ ਡਰਾਂਦੇ, "ਕਹਿ ਸਾਂ ਭਾਪਾ ਜੀ ਨੂੰ... ਠਹਿਰ ਜਾ ਤੂੰ।" ਮੈਂ ਆਪਣੇ ਕੋਠੇ ਦੀ ਅਖ਼ੀਰਲੀ ਨੁੱਕਰ ਵਿਚ ਛੁਪ ਕੇ ਚੰਨ ਤਾਰਿਆਂ ਨੂੰ ਇਕੋ ਟੱਕ ਦੇਖਦੀ ਰਹਿੰਦੀ ਸਾਂ। ਉਨ੍ਹਾਂ ਨਾਲ ਗੱਲਾਂ ਕਰਦੀ ਸਾਂ। ਸ਼ਿਕਾਇਤਾਂ ਕਰਦੀ ਸਾਂ। ਇਕੋ ਤਾਰੇ ਵਲ ਨੀਝ ਲਗਾਈ ਰੱਖਦੀ ਸਾਂ, ਵਿਸ਼ਵਾਸ਼ ਸੀ ਕਿ ਉਹ ਹੀ ਤਾਰਾ ਸਾਡੀ ਮਾਂ ਹੈ।

ਮੈਂ ਚੁੱਪ ਰਹਿਣ ਲੱਗ ਪਈ ਸਾਂ। ਘੱਟ ਬੋਲਣਾ, ਆਪਣੇ-ਆਪ ਵਿਚ ਹੀ ਮਸਤ ਰਹਿਣਾ। ਆਪਣੇ ਅੰਦਰ ਆਪੇ ਹੀ ਕਈ ਕੰਧਾਂ ਉਸਾਰ ਲੈਂਦੀ ਸਾਂ। ਹੁਣ ਹੋਤੀ ਮਰਦਾਨ ਨਾਨਕੇ ਵੀ ਸਿਰਫ਼ ਗਰਮੀ ਦੀਆਂ ਛੁੱਟੀਆਂ ਵਿਚ ਹੀ ਜਾਣਾ ਹੁੰਦਾ ਸੀ। ਪੜ੍ਹਨ ਦੀ ਲਗਨ ਸੀ, ਕਾਇਦੇ ਤੋਂ ਕਿਤਾਬਾਂ ਤੱਕ ਇਕੋ ਵਾਰੀ ਪੜ੍ਹਨ ਨਾਲ ਸਭ ਕੁਝ ਰੱਟਿਆ ਜਾਂਦਾ ਸੀ। ਹਰ ਕਲਾਸ ਦੀ ਮਨੀਟਰ ਰਹੀ ਸਾਂ। ਮੈਨੂੰ ਯਾਦ ਹੈ, ਦੂਜੀ ਜਮਾਤ ਦਾ ਰਿਜ਼ਲਟ ਨਿਕਲਿਆ, ਮੈਂ ਉਦੋਂ ਸੈਕੰਡ ਆਈ ਸਾਂ। ਭਾਪਾ ਜੀ ਨੂੰ ਮੇਰੇ ਘਰ ਆਉਣ ਤੋਂ ਪਹਿਲਾਂ ਹੀ ਪਤਾ ਲੱਗ ਗਿਆ ਸੀ। ਮੈਂ ਗਲੀ ਦਾ ਅਖ਼ੀਰਲਾ ਮੋੜ ਮੁੜੀ ਸਾਂ, ਸਾਰੀ ਗਲੀ-ਚਬੂਤਰਾ ਲੰਘ ਕੇ ਅਖ਼ੀਰਲੀ ਲਾਈਨ ਵਿਚ ਸਾਹਮਣੇ ਸਾਡਾ ਘਰ ਸੀ। ਭਾਪਾ ਜੀ ਸਾਹਮਣੇ ਬਾਰੀ ਵਿਚ ਹੀ ਖਲੋਤੇ ਮੇਰਾ ਇੰਤਜ਼ਾਰ ਕਰ ਰਹੇ ਸਨ। ਉਹ ਉਥੋਂ ਹੀ ਗਰਜੇ, "ਸੈਕੰਡ ਆਈ ਏਂ... ਘਰ ਨਾ ਵੜੀ... ਹਲਾ!" ਤੇ ਮੈਂ ਡਰ ਕੇ ਉਥੇ ਹੀ ਕਿੰਨੀ ਦੇਰ ਖਲੋਤੀ ਰਹੀ ਸੀ। ਝਾਈ ਜੀ ਪਿਆਰ ਪੁਚਕਾਰ ਕੇ ਹੱਥ ਪਕੜ ਕੇ ਲੈ ਗਏ ਸਨ।

ਸਾਡੀ ਪੜ੍ਹਾਈ ਵਲ ਭਾਪਾ ਜੀ ਬਹੁਤ ਧਿਆਨ ਦਿੰਦੇ ਸਨ। ਕਈ ਉਹ ਕੋਈ ਕਾਪੀ ਚੁੱਕ ਲੈਣ ਤਾਂ ਜਾਨ ਨਿਕਲ ਜਾਂਦੀ ਸੀ। ਜੀਤ ਮੇਰੇ ਤੋਂ ਇਕ ਕਲਾਸ ਪਿੱਛੇ ਹੁੰਦਾ ਹੋਇਆ ਵੀ ਬਹੁਤ ਲਾਇਕ ਸੀ। ਆਪਣੀਆਂ ਤਾਂ ਕੀ ਉਸ ਨੂੰ ਮੇਰੀਆਂ ਕਿਤਾਬਾਂ ਦੇ ਸਬਕ, ਕਹਾਣੀਆਂ ਯਾਦ ਹੁੰਦੀਆਂ। ਕਈ ਕੋਈ ਸਵਾਲ ਮੈਨੂੰ ਨਾ ਆਉਂਦਾ ਤਾਂ ਉਹ ਹਲ ਕਰ ਦਿੰਦਾ ਸੀ।

(ਚੰਦਨ ਨੇਗੀ ਇਨ੍ਹੀਂ ਦਿਨੀਂ ਆਪਣੀ ਸਾਹਿਤਕ ਸਵੈ-ਜੀਵਨੀ 'ਨਿਮੋਲੀਆਂ ਦੇ ਹਾਰ' ਲਿਖ ਰਹੀ ਹੈ। ਇਸ ਦਾ ਇਕ ਕਾਂਡ ਅਸੀਂ ਕਹਾਣੀ ਧਾਰਾ ਦੇ ਪਾਠਕਾਂ ਲਈ ਦੇ ਰਹੇ ਹਾਂ।)

ਜ਼ਰੂਰੀ ਸੂਚਨਾ

'ਕਹਾਣੀ ਧਾਰਾ' ਨੂੰ ਰਿਵਿਊ ਲਈ ਪੁਸਤਕਾਂ ਦੀਆਂ ਦੋ ਕਾਪੀਆਂ ਭੇਜੀਆਂ ਜਾਣ। ਅਸੀਂ ਕਹਾਣੀ, ਨਾਵਲ, ਗਲਪ ਆਲੋਚਨਾ, ਨਾਟਕ, ਵਾਰਤਕ ਸਮਾਜ ਵਿਗਿਆਨ ਦੀਆਂ ਪੁਸਤਕਾਂ ਦੇ ਹੀ ਰਿਵਿਊ ਪ੍ਰਕਾਸ਼ਤ ਕਰਦੇ ਹਾਂ। ਕਵਿਤਾ ਦੀ ਕਿਤਾਬ ਰਿਵਿਊ ਲਈ ਨਾ ਭੇਜੀ ਜਾਵੇ।

ਨਿੰਮ ਨਿਸ਼ਾਨੀ / - ਜਗਰਾਜ ਧੌਲਾ

ਪੋਹ ਦੀ ਕੱਕਰੀ ਕਾਲ਼ੀ ਬੋਲ਼ੀ ਰਾਤ ਨੂੰ ਉਹ ਮਰਿਆ ਸੀ। ਦਿਨ ਰਾਤ ਧੁੰਦ ਪੈਂਦੀ ਰਹਿੰਦੀ ਸੀ। ਬਿਜਲੀ ਆਉਣ ਦਾ ਨਾਂ ਹੀ ਨਹੀਂ ਸੀ ਲੈਂਦੀ। ਫ਼ਸਲਾਂ ਪਾਣੀ ਵੰਨੀਉਂ ਤਿਹਾਈਆਂ ਮਰ ਰਹੀਆਂ ਸਨ। ਮੁਰਝਾਏ ਧਰਤੀ ਦੇ ਸੀਨੇ ਨਾਲ ਲੱਗ ਗਈਆਂ ਸਨ। ਕੱਲੀ ਤਰੇਲ ਕਿੰਨੀ ਕੁ ਪਿਆਸ ਬੁਝਾ ਸਕਦੀ ਐ? ਨਰਮ, ਨਰਮ ਕੂਲੀਆਂ ਕੂਲੀਆਂ ਫ਼ਸਲਾਂ ਦੀ। ਕਣਕਾਂ ਦੇ ਜਿਸਮਾਂ ਉੱਤੇ ਹੀ ਲੱਭਣ ਪੁਜ ਗਈ। ਸਰੋਂ ਦੇ ਨਰਮ ਪੱਤੇ ਪਾਲੇ ਨਾਲ ਮਰੋੜੇ ਗਏ ਜਿਵੇਂ ਪੱਤਾ ਲਪੇਟ ਸੁੰਡੀ ਪੈ ਗਈ ਹੋਵੇ। ਬੋਘੇ ਦਾ ਫਸਲਾਂ ਨੂੰ ਵੇਖਕੇ ਮਨ ਮਸੋਸਿਆ ਜਾਂਦਾ ਸੀ। ਉਹ ਬੱਦਲਾਂ ਵੱਲ ਵੇਖਦਾ ਪਰ ਅਸਮਾਨ ਵਿੱਚ ਧੁੰਦ ਤੋਂ ਬਿਨਾ ਰੋਲ਼ੀ ਏ ਨਹੀਂ ਸਨ ਹੁੰਦੇ। ਬੱਦਲਾਂ ਤਾਂ ਕੀ ਉਨ੍ਹਾਂ ਦਾ ਕੋਈ ਨਿਸ਼ਾਨ ਵੀ ਨਹੀਂ ਸੀ। ਉਸ ਸਾਲ ਧੁੰਦ ਐਨੀ ਪਈ ਕਿ ਸ਼ਖਤ ਜਾਨ ਕਿੱਕਰਾਂ ਦੀ ਵੀ ਪਾਲ਼ੇ ਨਾਲ ਲੂੰਗ ਸੁੱਕ ਕੇ ਝੜ ਗਈ। ਮਾੜੀਆਂ ਅਤੇ ਨਿਆਣੀਆਂ ਕਿਰਰਾਂ ਤਾਂ ਮਰ ਹੀ ਗਈਆਂ ਸਨ। ਦਿਨਾਂ ਵਿੱਚ ਹੀ ਉਨ੍ਹਾਂ ਦੀਆਂ ਟਾਹਣੀਆਂ ਰਸ ਮੋੜ ਹੋ ਗਈਆਂ। ਟਾਹਲੀਆਂ ਦੇ ਪੱਤੇ ਸੂਤੇ ਗਏ। ਵਿਚਾਰੀਆਂ ਟਾਹਲੀਆਂ ਨਵੀ-ਵਿਆਹੀ ਜਿਸਦਾ ਪਤੀ ਦੂਰ ਹੋਵੇ, ਵਾਗੂੰ ਉਦਾਸ ਹੋ ਗਈਆਂ। ਕਾਇਨਾਤ ਮੀਂਹ ਭਾਲਦੀ ਸੀ ਪਰ ਮੀਂਹ ਕਿਥੇ? ਬਦਲਾ ਤਾਂ ਜਿਵੇਂ ਧੁੰਦਾਂ, ਕੱਕਰਾਂ ਸੀਤ ਲਹਿਰ ਨਾਲ ਜਿਵੇਂ ਕੌੜੀ ਹੋਈ ਪਈ ਸੀ। ਤਾਪ, ਨਮੂਨੀਆ ਜੁਕਾਮ ਹੱਡ-ਭੰਨਵੀ ਨਾਲ ਆਦਮ, ਜਾਤ ਬੇਹਾਲ ਸੀ। ਡਾਕਟਰਾਂ ਦੇ ਘਰ ਭਰ ਰਹੇ ਸਨ। ਗਰੀਬ ਉੱਜੜ ਰਿਹਾ ਸੀ। ਪਾਲ਼ਾ ਦਿਨ ਚੜ੍ਹੇ ਵੀ ਕਾਂਬਾਂ ਛੇੜਦਾ ਸੀ। ਸੂਰਜ ਦੇਵ ਦੇ ਦਰਸ਼ਨ ਹੋਇਆ ਨੂੰ ਜਿਵੇਂ ਮੁਦਤਾਂ ਹੋ ਗਈਆਂ ਹੋਣ। ਸਾਰੀ ਫ਼ਿਜ਼ਾ ਧਰਤ ਧਰੂਵਾਂ ਦੇ ਹਾਣ ਦੀ ਹੋਈ ਪਈ ਸੀ।

ਹਰ ਸਮੇਂ ਧੁੰਦ ਹੀ ਧੁੰ। ਮਸ਼ਾਂ ਕਿਤੇ ਜਾ ਕੇ ਦੋ ਤਿੰਨ ਵਜੇ ਦਿਨ ਅੱਖਾਂ ਖੋਹਲਦਾ ਸੀ। ਦਿਨ ਅਜੇ ਅੱਧਾਂ ਖੋਹਲਣ ਦੇ ਯੋਗ ਹੀ ਹੁੰਦਾ ਸੀ ਕਿ ਧੁੰਦ ਫੇਰ ਹਮਲਾ ਕਰ ਦਿੰਦੀ। ਦਿਨ ਫੇਰ ਅੱਖਾਂ ਮੀਚ ਲੈਂਦਾ .

"ਬੋਘਿਆ?"

"ਹਾਂ ਚਾਚਾ!"

"ਅੱਜ ਭਾਈ ਬਿਜਲੀ ਆਓ ਰਾਤ ਨੂੰ ਤਿੰਨ ਵਜੇ, ਤੂੰ ਫੇਰ ਮੋਟਰ...।"

"ਹਾਂ ਚਾਚਾ ਮੈਨੂੰ ਪਤਾ ਲੱਗਿਆ ਸੀ, ਮੈਂ ਬਸ ਰੋਟੀ ਖਾ ਕੇ ਹੁਣੇ ਹੀ ਜਾਂਦਾ ਹਾਂ। ਸੁਰਿੰਦਰ ਕੁਰ ਨੇ ਗੁੜ-ਚਾਹ ਬੰਨਤਾ। ਮੈਂ ਤਾਂ ਦਸ ਵਜੇ ਤੋਂ ਪਹਿਲਾਂ ਈ...।"

"ਹੋਰ ਭਾਈ ਜਦੋਂ ਸਰਦਾ ਨਾ ਹੋਵੇ।" ਸਰਦਾਰ ਕਰਮ ਸਿੰਘ ਆਪਣੇ ਸੀਰੀ ਬੋਘੇ ਨੂੰ ਦਿਲਾਸਾ ਦਿੱਤਾ।

"ਸਰਨ ਸੁਰਨ ਦਾ ਤਾਂ ਕੀ ਐ ਚਾਚਾ ਜੀ। ਮਸਾਂ ਮੇਰੇ ਸਾਲੇ ਦੀ ਚਹੁੰ ਦਿਨਾਂ ਪਿਛੋਂ ਮੋਟਰ (ਬਿਜਲੀ) ਆਈ ਐ। ਨਾ ਭੁਲਾ ਚਾਚਾ ਜੀ ਅੱਜ ਟਾਹਲੀ ਆਲੀ ਨਾ ਰਮਾਂ ਲੀਏ? ਘੁੰਡ ਮੁੜੇ ਪਏ ਆ ਕਣਕ ਦੇ।"

"ਓਏ ਮੈਂ ਕਹਿੰਦਾ ਸੀ, ਕਿਆਰਾ ਰਮਾ ਲੈ। ਨੇੜੇ ਐ ਮੋਟਰ ਤੋਂ।"

"ਚਾਚਾ ਜੀ ਉਹ ਕੱਟਜੂ ਚਾਰ ਦਿਨ। ਸੂਏ ਵਾਲੀ ਵਾਰੀ ਆਲੇ ਦਿਨ ਮੈਂ ਫੇਰਤਾ ਸੀ ਪਤਲਾ ਪਤਲਾ ਪਾਣੀ। ਸੂਆ ਮਰ ਗਿਆ। ਉੱਦਣ ਨਹੀਂ ਤਾਂ ਵਿੱਚੇ ਈ ਇਹ ਰਮ ਜਾਂਦੀ।"

"ਫੇਰ ਤੇਰੀ ਜਿਵੇਂ ਮਰਜੀ ਐ ਕਰਲੈ ਸ਼ੇਰਾ। ਸਰਦਾਰ ਕਰਮ ਸਿੰਘ ਨੇ ਬੋਘੇ ਨੂੰ ਫੂਕ ਛਕਾਈ। ਪਰ ਹੁਣ ਤੂੰ ਘਰੇ ਜਾਏਂਗਾ ਅਜੇ? ਉਸਨੇ ਘੜੀ ਵੇਖਕੇ ਕਿਹਾ,

"ਚਾਚਾ ਜੀ ਘਰੇ ਕੀ ਐ? ਮੇਰਾ ਖਿਆਲ ਐ ਅੱਠ ਵੱਜੇ ਹੋਣੇ ਨੇ। ਮੈਂ ਤਾਂ ਸਿੱਧਾ ਮੋਟਰ ਤੇ ਹੀ ਜਾਓ।"

"ਓਏ ਜਿੰਦਰ ਨੂੰ ਲੈ ਜਾ ਨਾਲ।"

"ਜੇ ਜਿੰਦਰ ਜਾਣ ਜੋਗਾ ਹੋਊ ਤਾਂ ਹੀ ਜਾਊਗਾ ਪਰਸੋਂ ਦੇ ਨੇ ਅੱਖ ਨੀ ਖੋਹਲੀ। ਸਰਾਬ ਦੀ ਦਿਨ ਰਾਤ ਇੱਕ ਕਰੀ ਫਿਰਦੈ। ਉਸਨੂੰ ਬਾਬਾ ਜੀ ਫਸਲਾਂ ਦੀ ਤਾਂ ਕੀ ਮੇਰੀ ਸਾਰ ਨੀ। ਸੁਰਿੰਦਰ ਨੇ ਬੋਘੇ ਨੂੰ ਚਾਹ ਗੁੜ ਫੜਾਉਂਦੀ ਨੇ ਹਉਂਕਾ ਲੈ ਕੇ ਕਿਹਾ।

"ਮੱਖਿਆ ਜੀ, ਸੀਖਾਂ ਆਲੀ ਡੱਬੀ ਵੀ ਦੇ ਦਿਓ। ਖੇਤ ਆਹੀ ' ਤਾਂ ਮਸਾਂ ਦੋ ਕੁ ਸੀਖਾਂ ਬਚੀਆਂ ਨੇ।"

"ਬੋਘਿਆ ਤੂੰ ਚੌਹੇਂ ਬੰਨੀ ਆ ਕੇ ਆਪ ਹੀ ਲੈ ਆ। ਨਾਲੇ ਮੈਂ ਦੁੱਧ ਪਾਉਣਾ ਭੁੱਲ ਗਈ। ਤੂੰ ਵੀ ਲੈ ਲੈ ਦੁੱਧ ਦੀ ਘੁੱਟ ਠੰਢੀ ਐ।

"ਭਾਈ ਦੁੱਧ ਕਿਉਂ ਭੁੱਲਗੀ?" ਕਰਮ ਸਿੰਘ ਨੇ ਵਿਅੰਗ ਮਈ ਅੰਦਾਜ਼ ਨਾਲ ਪੁਛਿਆ।

"ਜੇ ਤੁਹਾਡਾ ਲਾਡਲਾ ਸਾਹ ਲੈਣ ਦੇਵੇ ਤਾਂ ਹੀ ਐਂ ਨਾਂ। ਬਸ ਫੜਾਈ ਬੋਤਲ, ਲਿਆਈ ਪਾਣੀ, ਅਚਾਰ ਦਾਲ ਗੰਢਾ, ਗੰਢੇ ਤੇ ਲੂਣ ਪਾ ਦੇ। ਫੜਾਈ ਪਕੌੜੀਆ। ਡੱਕਾ ਦੂਹਰਾ ਨੀ ਕਰਨਾ। ਕਰਨ ਕਰਾਉਣ ਯੋਗ ਸੁਆਹ ਨੀ ਹੁਕਮ ਚਲਾਉਦੈਂ ਲਾਟ ਸਾਹਬ ਵਾਂਗੂੰ 'ਆਜਾ ਬੋਘਿਆ'। ਕਹਿ ਕੇ ਸੁਰਿੰਦਰ ਨੇ ਪਿੱਠ ਭੂੰਆ ਲਈ। ਸਰਦਾਰ ਕਰਮ ਸਿਉਂ ਜਾਂਦੀ ਨੂੰਹ ਨੂੰ ਤੱਕ ਰਿਹਾ ਸੀ ਜਿਵੇਂ ਉਸਦੇ ਸ਼ਬਦ ਦੇ ਅਰਥ ਦਾ ਅੰਦਾਜਾ ਲਾਉਂਦਾ ਹੋਵੇ।

ਬੋਘਾ ਕੋਲੇ ਕੋਲੇ ਬੈਠ ਗਿਆ। ਸੁਰਿੰਦਰ ਨੇ ਡੋਲੂ ਦੁੱਧ ਦਾ ਲਿਆਕੇ ਕੋਲੇ ਧਰ ਦਿੱਤਾ ਅਤੇ ਆਪਣੇ ਹੱਥਾ ਨਾਲ ਕੋਲੇ ਵਿੱਚ ਪਾ ਕੇ ਪਿਆਰ ਨਾਲ ਬੋਘੇ ਨੇ ਫੜਾਇਆ।

"ਸੱਚ ਗੱਲ ਸੁਣਨੈ ਧਿਆਨ ਨਾਲ ਲਾਂਈ ਪਾਣੀ! ਨੇਰੀ ਕੱਕਰੀ ਰਾਤ ਐ। ਲੋਕੀਂ ਰਜਾਈਆਂ ਵਿਚੋਂ ਮੂੰਹ ਨਹੀਂ ਕੱਢਦੇ ਰਾਜੀ ਨੇ ਤੂੰ ਜਾ ਕੇ ਪਾਣੀ ਲਾਉਣ। ਕਿੱਥੇ ਜਾਲਮਾਂ ਦੇ ਵੱਸ ਪੈ ਗਏ ਹਾਂ। ਨਾ ਕਿਸੇ ਨੂੰ ਸੁੱਧ, ਨਾ ਕਿਸੇ ਨੂੰ ਸਾਰ, ਨਾ ਕਿਸੇ ਚੰਦਰੇ ਨੂੰ ਤਰਸ। ਭਲਾ ਕੋਈ ਕਹੇ, "ਅਸੀਂ ਵੀ ਤਾਂ ਬੰਦੇ ਆ, ਸਾਡੇ ਵਿੱਚ ਵੀ ਦਿਲ ਐ। ਹੱਡ ਮਾਸ ਦੇ ਬਣੇ ਆ ਲੋਹੇ ਦੇ ਤਾਂ ਨੀ। ਪੀਈ ਚਲੋਂ ਬਸ ਪਏ ਰਹੋ... ਆਹ ਬੁੜੇ ਨੂੰ ਲੰਡੂ ਲੀਡਰੀ ਚੜ੍ਹੀ ਰਹਿੰਦੀ ਐ। ਸੁਰਿੰਦਰ ਨੇ ਦਿਲ ਦੀ ਜਿਵੇਂ ਭੜਾਸ ਕੱਢੀ ਹੋਵੇ।

"ਕੋਈ ਨੀ ਸੁਰਿੰਦਰ ਕੁਰੇ ਦਿਲ ਛੋਟਾ ਨੀ ਕਰੀਦਾ ਹੁੰਦਾ। ਅਖੇ, "ਪੁਤ ਸਰਦਾਰਾਂ ਦੇ ਖਾਣ ਬੱਕਰੇ ਤੇ ਪੀਣ ਸਰਾਬਾਂ। ਸਰਦਾਰਾਂ ਦੇ ਪੁੱਤ ਤਾਂ ਐਨਾ ਈ ਕਰਦੇ ਹੁੰਦੇ ਆ। ਕੰਮ-ਧੰਦਾ ਤਾਂ ਸਾਡੇ ਅਰਗੇ ਈ ਕਰਦੇ ਹੁੰਦੇ ਨੇ।"

ਬੋਘਿਆ ਜੇ ਤੂੰ ਨਾ ਨਾ ਹੋਵੇ ਤਾਂ... ਹਾਂ...।" ਬੋਘੇ ਨੂੰ ਜਿਵੇਂ ਗੱਲ ਨਾ ਸੁਣੀ ਹੋਵੇ ਉਸਨੇ ਸਮਾਨ ਚੁੱਕਿਆ। ਪੁਰਾਣੇ ਖੇਸ ਦੀ ਬੁਕਲ ਮਾਰੀ ਤੇ ਮੋਟਰ ਨੂੰ ਤੁਰ ਗਿਆ।

ਅਜੇ ਉਸਨੂੰ ਪਾਣੀ ਲਾਉਂਦੇ ਨੂੰ ਮਸਾਂ ਘੰਟਾ ਹੀ ਹੋਇਆ ਸੀ ਕਿ ਖਾਲ ਵਿਚੋਂ ਖੱਡ ਰਿਸ ਪਈ। ਖੱਡ ਰਾਂਹੀ ਪਾਣੀ ਮੱਘਰ ਕੀ ਕਣਕ ਵਿੱਚ ਪੈਣ ਲੱਗ ਪਿਆ। ਬੋਘੇ ਨੇ ਖੱਡ ਦਾ ਨਰੀਖਣ ਕੀਤਾ। ਪਾਣੀ ਦੀ ਭੰਮੀਰੀ ਤਾਂ ਖਾਲ ਦੇ ਮੋੜ ਕੋਲੇ ਪੈਂਦੀ ਸੀ ਪਰ ਪਾਣੀ ਪੂਰੇ ਤਿੰਨ ਕਦਮਾਂ ਤੋਂ ਰਿਸਦਾ ਸੀ। ਬੋਘੇ ਨੂੰ ਪਤਾ ਲੱਗ ਗਿਆ ਕਿ ਖੱਡ ਟੇਢੀ ਹੈ ਹਨੇਰੀ ਰਾਤ ਵਿੱਚ ਬੋਘੇ ਨੇ ਖੱਡ ਮਸਾਂ ਭਾਲੀ। ਉਸਨੇ ਉਘਰ ਕੇ ਕਹੀ ਦਾ ਟੱਕ ਮਾਰਿਆ। ਪਾਣੀ ਵਿੱਚ ਅਤੇ ਖਾਲ ਦੀ ਵੱਟ ਵਿੱਚ ਕਹੀ ਘੱਪਲ... ਘੱਪਲ... ਘੱਪਲ ਕਰਦੀ ਰਹੀ ਪਰ ਖੱਡ ਨਾ ਬੰਦ ਹੋਈ। ਸਗੋ ਪਾਣੀ ਹੋਰ ਜ਼ੋਰ ਨਾਲ ਟੁਟੂੰ ਟੁਟੂੰ ਕਰਨ ਲੱਗ ਪਿਆ। ਫੇਰ ਉਸਨੇ ਅੰਦਾਜਾ ਲਾ ਕੇ ਖਾਲ ਦੀ ਵੱਟ ਉਤੇ ਅੱਡੀ ਮਾਰੀ, ਖਾਲ ਦੀ ਵੱਟ ਧਰਤੀ ਵੱਲ ਧਸ ਗਈ। ਇੱਕ ਹੋਰ ਤੇ ਫੇਰ ਇੱਕ ਹੋਰ ਲਗਾਤਾਰ ਚਾਰ ਵਾਰੀ ਅੱਡੀ ਮਾਰੀ। ਚੌਥੀ ਵਾਰੀ ਉਸਦੇ ਪੈਰ ਵਿੱਚ ਦਿਲ ਚੀਰਵੀਂ ਪੀੜ ਹੋਈ ਤੇ ਉਸਨੇ ਕਿਹਾ, "ਮੇਰੇ ਸਾਲੇ ਚੂਹੇ ਨੇ ਦੰਦੀ ਵੱਢੀ ਐ।"

ਉਸਦੇ ਪੈਰ ਦੀ ਛੱਤ ਉਤੇ ਦਰਦ ਹੋਇਆ ਉਸਨੇ ਪੈਰ ਨੂੰ ਉਗਾਸਾ ਦਿੱਤਾ, ਪੈਰ ਦੇ ਨਾਲ ਹੀ ਚਿੰਬੜਿਆ ਕਾਲ਼ਾ ਨਾ.ਗ ਬਾਹਰ ਆ ਗਿਆ। ਉਸਦੇ ਦੰਦ ਬੋਘੇ ਦੇ ਪੈਰ ਦੀ ਚਮੜੀ ਵਿੱਚ ਖੁਭੇ ਹੋਏ ਸਨ।

"ਓਏ! ਸੱਪ ਓਏ!" ਕਹਿਕੇ ਬੋਘੇ ਨੇ ਸੱਪ ਨੂੰ ਪੈਰ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ। ਸੱਪ ਨੇ ਪੂਛ ਵਾਲੇ ਪਾਸੇ ਨਾਲ ਉਸਦੀ ਸੱਜੀ ਬਾਂਹ ਨੂੰ ਵਲੇਟਾ ਮਾਰ ਲਿਆ। ਬੋਘੇ ਨੂੰ ਇਉਂ ਲੱਗਿਆ ਕਿ ਉਸਦੀ ਬਾਂਹ ਜਿਵੇਂ ਘੁਲਾੜੀ ਵਿੱਚ ਆ ਗਈ ਹੋਵੇ। ਉਸਨੇ ਜੀਅ ਕਰੜਾ ਕਰਕੇ ਸੱਪ ਦੀ ਸਿਰੀ ਫੜੀ ਤੇ ਪੈਰ ਨਾਲੋਂ ਉਸਦਾ ਮੂੰਹ ਪੱਟ ਦਿੱਤਾ। ਪਰ ਸੱਪ ਦਾ ਵਲੇਟਾ ਅਜੇ ਵੀ ਉਸਦੀ ਬਾਂਹ ਤੇ ਸਕੰਜੇ ਵਾਂਗੂੰ ਕਸਿਆ ਪਿਆ ਸੀ। ਬੋਘਾ ਦੋਹਾਂ ਹੱਥਾਂ ਨਾਲ ਸੱਪ ਤੋਂ ਛੁਟਕਾਰਾ ਪਾਉਣ ਲਈ ਜਦੋਂ-ਜ਼ਹਿਦ ਕਰਨ ਲੱਗ ਪਿਆ। ਸੱਪ ਫ਼ੁੰਕਾਰੇ ਮਾਰ ਰਿਹਾ ਸੀ। ਛੁਟਕਾਰਾ ਪਾਉਣ ਜਾਂ ਫਿਰ ਹੰਕਾਰ ਵਿੱਚ। ਬੋਘੇ ਨੂੰ ਪਤਾ ਨਹੀਂ ਸੀ। ਉਹ ਕਦੇ ਫ਼ਣ ਫੈਲਾ ਲੈਂਦਾ। ਬੋਘਾ ਸਣੇ ਸੱਪ ਦੇ ਖਾਲ ਚੋਂ ਬਾਹਰ ਆ ਗਿਆ। ਸੱਪ ਦੀ ਸਿਰੀ ਉਸਦੇ ਹੱਥੋਂ ਫਿਰ ਛੁੱਟ ਗਈ। ਸੱਪ ਨੇ ਦਾਅ ਚਲਾਇਆ ਤੇ ਬੋਘੇ ਦੇ ਸਰੀਰ ਉੱਤੇ ਇੱਕ ਹੋਰ ਵਾਰ ਕਰ ਦਿੱਤਾ। ਹੁਣ ਡੰਗ ਬੋਘੇ ਦੀ ਹਿੱਕ ਉੱਤੇ

ਦਿਲ ਵਾਲੇ ਪਾਸੇ ਸੀ। ਬੋਘੇ ਨੇ ਲੇਰ ਮਾਰੀ, "ਮਰ ਗਿਆ ਉਏ! ਛੁਡਾਉ ਕੋਈ! ਮੈਨੂੰ ਸਪ ਨੇ ਜਕੜ ਲਿਆ ਹੈ। ਹਨੇਰੀ ਕੱਕਰੀ ਰਾਤ ਵਿਚ ਦੂਰ ਦੂਰ ਕੋਈ ਨਹੀਂ ਸੀ। ਬੋਘਾ ਹਫ਼ ਗਿਆ। ਸੱਪ ਦੇ ਡਰ ਨੇ ਝੋਟੇ ਵਰਗੇ ਬੋਘੇ ਦਾ ਸਾਹ-ਸਤ ਚੂਸ ਲਿਆ ਸੀ। ਉਸਨੂੰ ਸਾਇਦ ਜ਼ਹਿਰ ਦੀ ਘੱਟ ਤੇ ਵੱਧ ਡਰ ਕਰਕੇ ਘੁੰਮੇਰ ਚੜਨ ਲੱਗ ਪਈ। ਉਸਦੀਆਂ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗ ਪਏ। ਪਰ ਉਸਨੇ ਸੱਪ ਨਾਲ ਲੜਾਈ ਜਾਰੀ ਰੱਖੀ। ਆਖਰ ਉਹ ਡਿੱਗ ਪਿਆ। ਉਸ ਦੀ ਪਕੜ ਸੱਪ ਦੇ ਸਰੀਰ ਤੋਂ ਘੱਟ ਗਈ। ਉਹ ਤਾਂ ਹੁਣ ਨਿਸਲ ਪਿਆ ਸੀ। ਸੱਪ ਬੋਘੇ ਦੇ ਹੱਥਾਂ ਵਿਚੋਂ ਅਜ਼ਾਦ ਹੋ ਗਿਆ। ਨਿਸਲ ਪਏ ਬੋਘੇ 'ਤੇ ਸੱਪ ਨੇ ਇੱਕ ਹੋਰ ਵਾਰ ਕੀਤਾ ਜਿਹੜਾ ਬੋਘੇ ਦੀ ਸੱਜੀ ਗੱਲ ਉੱਤੇ ਸੀ। ਬੋਘਾ ਲੇਰਾ ਮਾਰਕੇ ਕਿਸੇ ਨੂੰ ਸੱਦਦਾ ਰਿਹਾ। ਪਰ ਕੋਈ ਵੀ ਨਹੀਂ ਸੀ ਜੋ ਆ ਕੇ ਬੋਘੇ ਨੂੰ ਸਾਂਭਦਾ। ਬੋਘਾ ਕਰਲਾਉਂਦਾ ਰਿਹਾ। ਬੋਘਾ ਪੀੜ ਨਾਲ ਤੜਪ ਰਿਹਾ ਸੀ। ਜ਼ਹਿਰ ਚੜ੍ਹ ਰਿਹਾ ਸੀ ਜਦੋਂ ਬੋਘੇ ਨੇ ਸੱਪ ਵੱਲ ਪਾਸਾ ਪਰਤਿਆ ਤਾਂ ਸੱਪ ਡਰਕੇ ਜਾਨ ਬਚਾਉਣ ਲਈ ਭੱਜ ਨਿਕਲਿਆ ਤੇ ਮੱਘਰ ਕੀ ਕਣਕ ਵਿੱਚ ਲਰਜ਼ ਲਰਜ਼ ਕੇ ਵਲੇਵੇਂਦਾਰ ਇਉਂ ਤੁਰਦਾ ਜਾ ਰਿਹਾ ਸੀ ਜਿਵੇਂ ਉਸਨੇ ਜੰਗ ਵਿੱਚ ਆਪਣਾ ਵੈਰੀ ਮਾਰ ਲਿਆ ਹੋਵੇ। ਬੋਘਾ ਔਖਾ ਸੌਖਾ ਹੋ ਕੇ ਉਠਿੱਆ ਤੇ ਚਿਲਾਉਣ ਲੱਗ ਪਿਆ, "ਉਏ! ਮੇਰੇ ਸੱਪ ਲੜ ਗਿਆ ਹੈ। ਕੋਈ ਸੁਣਦੈ? ਉਏ! ਮੇਰੇ ਸੱਪ ਲੜ ਲਿਆ ਓਏ!... ਪਾਣੀ... ਪਾਣੀ... ਹਾਏ ਉਏ! ਉਸਦਾ ਕਾਲਜਾ ਮੱਚਣ ਲੱਗ ਪਿਆ। ਸਿਰ ਨੂੰ ਚੱਕਰ ਆਉਣ ਲੱਗ ਪਏ।

ਅੰਨਾ ਹੋਇਆ ਉਹ ਪਹੇ ਦੀ ਸੇਧ ਪਿੰਡ ਨੂੰ ਭੱਜ ਤੁਰਿਆ। ਜ਼ਹਿਰ ਅਸਰ ਕਰ ਗਿਆ। ਕਾਲੇ ਨਾਗ ਦਾ ਡੰਗ ਸੀ। ਭੱਜਣ ਨਾਲ ਖ਼ੂੰਨ ਦਾ ਦੌਰਾ ਤੇਜ਼ ਹੋ ਗਿਆ। ਪਿੰਡ ਵਾਲੇ ਰਾਹ ਦੀ ਭੜੀ ਉੱਤੇ ਉਹ ਡਿੱਗ ਪਿਆ... ਪਿਆ ਰਿਹਾ... ਬੇ ਅਵਾਜ਼... ਹੁਣ ਉਹ ਬੋਘਾ ਨਹੀਂ ਉਸਦੀ ਲਾਸ਼ ਸੀ।

ਬੋਘਾ ਵਿਹੜੇ ਦੇ ਸਾਰੇ ਮੁੰਡਿਆਂ ਵਿਚੋਂ ਸਿਰਕੱਢ ਸੀ। ਉਹ ਮਜ਼ਬੀਆਂ ਵਿਹੜੇ ਦੀ ਸ਼ਾਨ ਸੀ। ਕੋਈ ਨਸ਼ਾ ਨਹੀਂ। ਕੰਮ ਹੀ ਨਸ਼ਾ ਸੀ। ਅਫ਼ੀਮ, ਭੁੱਕੀ, ਗੋਲੀਆਂ, ਜ਼ਰਦਾ ਉਸਨੇ ਮੂੰਹ ਤੇ ਨਹੀਂ ਸੀ ਧਰਿਆ। ਹਾਂ ਕਦੇ ਕਦੇ ਸ਼ੁਗਲ ਵਜੋਂ ਉਹ ਦੋ ਹਾੜੇ ਜ਼ਰੂਰ ਮਾਰ ਲੈਂਦਾ। ਉਹ ਵੀ ਦਿਨ ਤਿਓਹਾਰਾਂ ਦੇ ਮੌਕੇ। ਪੀ ਕੇ ਉਸਨੂੰ ਸੰਗ ਲੱਗਦੀ। ਉਹ ਅੰਤਰ-ਮੁਖੀ ਹੋ ਜਾਂਦਾ। ਸੀਤੋਂ ਉਸਨੂੰ ਛੇੜਦੀ। ਪੀ ਕੇ ਲੋਕ ਛੱਤਾਂ ਸਿਰ ਤੇ ਚੱਕ ਲੈਂਦੇ ਨੇ ਪਰ ਆਹ ਭਾਈ ਜੀ... ਸੱਤ ਕੁੜੀਆਂ ਦੀ ਸੰਗ ਬਣ ਜਾਂਦੈ।

"ਤੈਨੂੰ ਚੱਕ ਲੈਨੈ ਸਿਰ 'ਤੇ।"

"ਚੱਕ ਲੈ। ਕੋਈ ਅਲੋਕਾਰੀ ਗੱਲ ਐ।"

ਕਹਿ ਕੇ ਉਹ ਸੀਤੋ ਨੂੰ ਫੁੱਲਾਂ ਵਾਂਗੂੰ ਚੱਕ ਲੈਂਦਾ ਤੇ ਦੋ ਭੁਆਟਣੀਆਂ ਦੇ ਕੇ ਪੈਰਾਂ ਭਾਰ ਖੜਾ ਕਰ ਦੇਂਦਾ, ਹੱਸਦਾ ਫਿਰ ਮੰਜੇ ਵੱਲ ਹੋ ਤੁਰਦਾ। ਸੀਤੋਂ ਉਸਨੂੰ ਧੱਕਾ ਦੇ ਕੇ ਮੰਜੇ ਤੇ ਸਿੱਟ ਦਿੰਦੀ। "ਅੰਨੇ ਨੇ ਸਿਰ ਘੁਕਣ ਲਾਤਾ ਪਰ ਉਹ ਅੰਦਰੋਂ ਖੁਸ਼ ਹੁੰਦੀ ਤੇ ਪਿਆਰ ਦੀ ਮੂਰਤ ਬਣਕੇ ਮਿੱਠੀ ਝਿੜਕ ਦਿੰਦੀ, "ਅੰਨਾ ਨਾ ਹੋਵੇ ਤਾਂ, ਵੱਡਾ ਸਰਾਬੀ।"

ਸਰਦਾਰ ਕਰਮ ਸਿੰਘ ਸੱਤਵਾਂ ਸੀਰ ਸੀ। ਮਜ਼ਾਲ ਹੈ ਕਿ ਉਸਨੇ ਕਦੇ ਕਰਮ ਸਿਉਂ, ਸੁਰਿੰਦਰ ਜਾਂ ਜਿੰਦਰ ਤੋਂ 'ਆ ਗੀ ਕੁੱਤੀ ਏ' ਅਖਵਾ ਲਿਆ ਹੋਵੇ। ਜਿੰਦਰ ਤਾਂ ਕਦੇ ਕਿਸੇ ਕੰਮ ਨੂੰ ਹੱਥ ਹੀ ਨਹੀਂ ਸੀ ਲਾਉਂਦਾ ਸਗੋਂ ਉਹ ਤਾਂ ਸੁਰਿੰਦਰ ਤੋਂ ਵੀ ਦੂਰ ਦੂਰ ਰਹਿੰਦਾ ਸੀ। ਉਸਦੇ ਮੱਥੇ ਘੱਟ ਹੀ ਲੱਗਦੇ ਰਾਜੀ ਸੀ। ਹਾਂ ਪੀ ਕੇ ਜ਼ਰੂਰ ਲਾਲਾ ਲਾਲਾ ਕਰਦਾ ਪਰ ਉਹ ਸੁਰਿੰਦਰ ਦੇ ਮੱਥੇ ਲੱਗਣ ਜੋਗਾ ਨਹੀਂ ਸੀ। ਖੇਤੀ ਤਾਂ ਕੀ ਹੁਣ ਤਾਂ ਕਰਮ ਸਿੰਉਂ ਦੀ ਘਰ ਦੀਆਂ ਕਬੀਲਦਾਰੀਆਂ ਵੀ ਉਸਦੇ ਸਿਰ ਤੇ ਹੀ ਸਨ। ਕਰਮ ਸਿੰਘ ਤਾਂ ਲੰਡੂ ਸਿਆਸਤਦਾਨ ਸੀ। ਬਸ ਥਾਣੇ ਕਚੈਹੀਰਏ ਤੁਰਿਆ ਰਹਿੰਦਾ ਸੀ। ਜਿੰਦਰ ਘਰ ਦਾ ਚੂਹਾ ਸੀ। ਅੰਦਰ ਹੀ ਪਿਆ ਰਹਿੰਦਾ ਸੀ।

ਬੋਘੇ ਦੀ ਮੌਤ ਦੀ ਖਬਰ ਦਿਨ ਚੜ੍ਹਦੇ ਸਾਰ ਅੱਗ ਵਾਂਗੂੰ ਫੈਲ ਗਈ। ਅੱਜ ਨਾ ਪੱਕੀਆਂ ਨਾ ਖਾਧੀਆਂ। ਇੱਕ ਪਿੰਡ ਦੇ ਦੋ ਪਿੰਡ ਕੱਠੇ ਹੋ ਗਏ। ਕਿਹੜਾ ਸੀ ਜਿਹੜਾ ਬੋਘੇ ਦੇ ਨੜੋਏ ਤੇ ਨਾ ਗਿਆ ਹੋਵੇ। ਸੀਤੋਂ ਦੀ ਹਾਲਤ ਬਹੁਤ ਬੁਰੀ ਸੀ। ਅਚਿੰਤੇ ਬਾਜ ਪਏ ਸਨ ਬੋਘੇ ਨੂੰ।

'ਲੁੱਟਲੀ ਵੇ ਪਿੰਡਾ!' ਕਹਿ ਕੇ ਸੀਤੋ ਨੇ ਕੂਕ ਪੁਕਾਰ ਨਗਰ ਅੱਗੇ ਕੀਤੀ ਸੀ। ਸੀਤੋਂ ਵੈਣੋ-ਵੈਣ ਹੋਈ ਪਈ ਸੀ। ਉਥੇ ਸੁਰਿੰਦਰ ਡੌਰ-ਭੌਰ ਉਸ ਨੇ ਜਾ ਕੇ ਸੀਤੋ ਸਾਂਭੀ ਸੀ।

ਦੁਸ਼ਿਹਰੇ ਦੇ ਭੋਗ ਪਿਛੋਂ ਬੋਘੇ ਦੀਆਂ ਮਹੀਨਾ ਭਰ ਲੋਕਾਂ ਦੇ ਮੂੰਹ ਬੋਘੇ ਦੀਆਂ ਤਾਰੀਫਾਂ ਸਨ। ਸੱਥਾਂ,

ਪਰਿਆਂ, ਤ੍ਰਿਝਨਾਂ ਵਿਚ ਵਿਆਹਾਂ ਤੇ ਸੱਥਰਾਂ ਵਿੱਚ ਬੋਘੇ ਦੀ ਚਰਚਾ ਸੀ। ਬੋਘਾ ਤਾਂ ਜਿਵੇਂ ਪਿੰਡ ਦੀ ਲੋਕ-ਗਾਥਾ ਬਣ ਗਿਆ ਹੋਵੇ।

ਸੀਤੋ ਦੇ ਸਿਰ ਤੇ ਦੁੱਖਾਂ ਦੇ ਪਹਾੜ ਟੁੱਟ ਪਏ ਸਨ। ਕਮਾਈ ਬੰਦ, ਪਨੀਰੀ ਨਿੱਕੀ। ਢਿੱਡ ਤੁਰਨਾ ਔਖਾ ਸੀ। ਕਦੇ ਕਦੇ ਆ ਕੇ ਸੁਰਿੰਦਰ ਉਸਨੂੰ ਦਿਲਾਸਾ ਦੇ ਜਾਂਦੀ ਸੀ ਪਰ ਫੋਕੇ ਦਿਲਾਸੇ ਤੇ ਲਾਰਿਆਂ ਨਾਲ ਵੀ ਕਦੇ ਢਿੱਡ ਦੀ ਅੱਗ ਬੁਝੀ ਐ। ਢਿੱਡ ਤਾਂ ਰੋਟੀ ਮੰਗਦੈ। ਉੱਦਣ ਬੋਘੇ ਦੇ ਸੰਸਕਾਰ ਮਗਰੋਂ ਵੀ ਤਾਂ ਸੀਤੋ ਦੇ ਢਿੱਡ ਨੇ ਦੁਹਾਈ ਪਾ ਦਿੱਤੀ ਸੀ ਰੋਟੀ ਲਈ। ਉਹ ਉਤੋਂ ਉਤੋਂ ਨਾਹ ਨਾਹ ਕਰਦੀ ਸੀ ਪਰ ਅੰਦਰਲਾ ਤਾਂ ਕਹਿ ਉਠਿਆ ਸੀ, "ਮਨਾਂ ਪੇਟ ਦੀ ਅੱਗ ਬੁਝਾਏ ਬਿਨਾਂ ਤਾਂ ਚੰਦਰੇ ਨੂੰ ਰੋਇਆ ਵੀ ਨਹੀਂ ਜਾਣਾ।" ਅਖੀਰ ਸੁਰਿੰਦਰ ਦੇ ਮਜ਼ਬੂਰ ਕਰਨ ਦੇ ਸੀਤੋਂ ਦੇ ਬੁਰਕੀਆਂ ਉਗਲੱਛ ਲਈਆਂ ਸਨ। ਪਰ ਅੱਜ ਦੀ ਗੱਲ ਦਾ ਦੁੱਖ ਤਾਂ ਉਸਨੂੰ ਬੋਘੇ ਦੇ ਸੱਥਰ ਤੋਂ ਵੀ ਭੈੜਾ ਸੀ। ਕਾਲਜਾ ਚੀਰ ਗਏ ਸਨ। ਕਰਮ ਸਿਉਂ ਦੇ ਬੋਲ ਤੇ ਅੱਖਾਂ। ਅਖੀਰ ਭਰੀ-ਪੀਤੀ ਕਰਮ ਸਿਉਂ ਦੇ ਘਰ ਵੱਲ ਤੁਰ ਪਈ। ਔਖ ਨਾ ਉਸਦਾ ਢਿੱਡ ਭਰਿਆ ਪਿਆ ਸੀ। ਉਸਦੀਆਂ ਅੱਖਾਂ ਕਦੇ ਡੁੱਲ੍ਹ ਡੁੱਲ੍ਹ ਕਰਨ ਲੱਗ ਜਾਂਦੀਆਂ ਅਤੇ ਕਦੇ ਅੰਗਿਆਰ ਵਰਸਾਉਂਦੀਆਂ।

ਸੁਰਿੰਦਰ ਘਰੇ ਕੱਲੀ ਹੀ ਸੀ। ਸੀਤੋ ਬਿਨਾ ਹਾਕ ਮਾਰਿਆਂ ਅੰਦਰ ਲੰਘ ਆਈ। ਸਾਹਮਣੇ ਬਰਾਂਡੇ ਵਿੱਚ ਬੋਘੇ ਦਾ ਨਵਾਂ ਚਾਦਰਾ ਕਿਲੇ ਉਤੇ ਉਵੇਂ ਹੀ ਟੰਗਿਆ ਪਿਆ ਸੀ। ਉਹ ਧਾਹ ਕੇ ਚਾਦਰੇ ਨੂੰ ਇੱਕ ਤਰ੍ਹਾਂ ਨਾਲ ਚਿੰਬੜ ਗਈ ਚਾਦਰਾ ਉਸਨੇ ਪਹਿਲਾ ਆਪਣੇ ਮੂੰਹ ਅੱਖਾਂ ਨਾਲ ਲਾਇਆ। ਚਾਦਰੇ ਵਿਚੋਂ ਬੋਘੇ ਦੇ ਜਿਸਮ ਦੀ ਮਹਿਕ ਆਈ। ਹੁਣ ਚਾਦਰਾ ਉਸਨੇ ਕਾਲਜੇ ਨਾਲ ਲਾ ਲਿਆ। ਉਸਦਾ ਅੰਦਰਲਾ ਉੱਬਲਕੇ ਬਾਹਰ ਆ ਗਿਆ। ਉਸਦੀਆਂ ਡਾਡਾਂ ਨਿਕਲ ਗਈਆਂ ਵੈਣ ਉਸਦੇ ਅੰਦਰੋਂ ਫੁੱਟੇ, ਉਹ ਥਾਂਏ ਡਿੱਗ ਪਈ। ਚਾਦਰਾ ਉਸਨੇ ਮੂੰਹ ਉਤੇ ਲੈ ਲਿਆ। ਅੱਧਾ ਕਾਲਜੇ ਨਾਲ ਘੁੱਟਕੇ ਲਾਇਆ ਹੋਇਆ ਸੀ।

"ਤੂੰ ਤਾਂ ਮਰ ਗਿਆ ਕਮਾਈਆਂ ਕਰਦਾ ਵੇ ਮੇਰੇ ਸੋਹਰੇ ਦਿਆ ਜਾਇਆ।"

"ਤੇਰੇ ਕੰਮ ਦੀਆਂ ਨਾ ਕਿਸੇ ਨੂੰ ਸਾਰਾਂ ਵੇ ਮੇਰਿਆ ਕਮਲਿਆ ਸਾਈਆਂ।"

"ਹੁੰਦੇ ਬਗਾਨੇ ਲਹੂ ਬਿਗਾਨੇ ਵੇ... ਕਮਲਿਆ!"

"ਤੂੰ ਤਾਂ ਪਾਲੇ ਢਿੱਡ ਬਿਗਾਨੇ ਵੇ ਮੇਰੇ ਸਹੁਰੇ ਦਿਆਂ ਜਾਇਆ...।"

"ਤੈਨੂੰ ਭੁੱਲੀਆਂ ਸਾਡੀਆਂ ਸਾਰਾਂ ਵੇ ਮੇਰੀ ਸੱਸੜੀ ਦਿਆ ਜਾਇਆ...।"

"ਤੇਰੇ ਬਾਝੋਂ ਕਿਹੜਾ ਦਰਦੀ ਵੇ? ਵੇ ਮੇਰੇ ਸਿਰ ਦਿਆ ਸਾਈਆਂ...।"

ਸੀਤੋਂ ਨੇ ਲੇਰਾ ਮਾਰਕੇ, ਵੈਣ ਪਾ ਕੇ ਧਰਤੀ ਅਕਾਸ਼ ਰੁਆ ਦਿੱਤੇ। ਹਵਾ ਸਹਿਮ ਗਈ। ਰੁੱਤ ਦੀਆਂ ਅੱਖਾਂ ਭਰ ਆਈਆਂ। ਸੁਰਿੰਦਰ ਵੀ ਉਸਦੇ ਕੋਲ ਆ ਕੇ ਬਹਿ ਗਈ। ਕਦੇ ਕਦੇ ਉਹ ਵੀ ਵੈਣਾਂ ਦਾ ਮੋੜ ਸ਼ਬਦਾਂ ਵਾਕਾਂ ਨਾਲ ਦੇ ਰਹੀ ਸੀ। ਉਸ ਦੀਆਂ ਅੱਖਾਂ ਵਿੱਚ ਮੋਮਬੱਤੀ ਦੇ ਤੁਪਕਿਆਂ ਵਰਗੇ ਹੰਝੂ ਵਹਿ ਤੁਰੇ। ਆਖਿਰ ਉਸਨੇ ਸੀਤੋ ਨੂੰ ਗਲ ਲਾਇਆ।

ਸਬਰ ਕਰ ਸੀਤੋ? ਸਬਰ। ਲੱਕ ਬੰਨਕੇ ਗੁਜਾਰਾ ਹੋਊ। ਡਾਢੇ ਦੀਆਂ ਕਰੀਆਂ ਨੂੰ ਕੋਣ ਮੋੜ ਸਕਦੈ!

"ਪਰ ਬੰਦਿਆਂ ਦੀਆਂ ਕਰੀਆਂ ਤਾਂ... ਭੈਣੇ? ਸੀਤੋ ਨੇ ਭਰੜਾਈ ਬੋਲ ਨਾਲ ਨਿਹੋਰੇ ਵਰਗਾ ਵੈਣ ਪਾਇਆ। ਸੀਤੋ ਨੇ ਅੱਖਾਂ ਪੂੰਝੀਆਂ। ਚੁੰਨੀ ਦੇ ਲੜ ਨਾਲ ਨੱਕ ਸਾਫ਼ ਕੀਤਾ।

"ਬੰਦਿਆਂ ਦੀਆਂ ਕਰੀਆ ਮੈਂ ਕੁਛ ਸਮਝੀ ਨੀ ਸੁਰਜੀਤ ਕੁਰੇ!"

ਅੱਜ ਬਾਬਾ ਜੀ ਘਰੇ ਗਏ ਸੀ। ਮੈਂ ਕਿਹਾ ਚੱਲ ਸਾਰੀ ਉਮਰ ਮੇਰੇ ਸਿਰ ਦੇ ਸਾਈਂ ਨੇ ਇਨ੍ਹਾਂ ਦੇ ਘਰੇ ਕਸੱਤਿਐ। ਇਨ੍ਹਾਂ ਦੇ ਖੇਤ ਹੀ ਰਹਿ ਗਿਆ। ਮੈਂ ਜਾਂਦੀ ਵਾਰੀ ਉਸ ਨਾਲ ਗੱਲ ਵੀ ਸਾਂਝੀ ਨਾ ਕਰ ਸਕੀ। ਸਾਰੀ ਉਮਰ ਮੇਰੇ ਦਿਲ ਵਿਚ ਡਬੱਕਾ ਰਹੂ। ਸੋਚਿਆ ਦਿਲਾਸਾ ਦੇਣ ਆਏ ਨੇ... ਪਰ...!

"ਪਰ ਕੀ? ਕੀ ਕਿਹਾ ਬਾਬਾ ਜੀ ਨੇ?"

"ਕੀ ਨਹੀਂ ਕਿਹਾ! ਰਹਿ ਕੀ ਗਿਆ ਕਹਿਣ ਆਲਾ! ਭੈਣੇ ਮੇਰੀਏ!"

"ਕੁੜੇ ਦਸ ਤਾਂ ਸਹੀ!"

"ਮੈਂ ਕੀ ਦੱਸਣੈ! ਘਰੇ ਰਏ ਤਾਂ ਹੋਈ ਹੋਊ?"

"ਕਿਹੜੀ ਰਾਇ, ਕੁੜੇ ਪਤਾ ਤਾਂ ਲੱਗੇ!"

"ਬਾਬਾ ਜੀ ਕਹਿੰਦੇ ਸੀ ਕਿ ਭਾਈ ਬੋਘਾ ਸਿਉਂ ਦਸ ਕੁ ਹਜ਼ਾਰ ਰੁਪੈ ਬਣਦੇ ਨੇ। ਅੱਜ ਭਲਕ ਕੋਈ

ਹੀਲਾ ਕਰਿਉ ਭਾਈ। ਜੇ ਪੈਸੇ ਨਾ ਹੋਏ ਤਾਂ ਫਿਰ ਬਿੱਲੂ ਨੂੰ ਪਾਲੀ ਰਲਾ ਦਿਓ ਤੇ ਤੂੰ ਭਾਈ ਵਿਆਜ 'ਚ ਗੋਹਾ ਕੂੜਾ ਕਰੀ ਚਲੀਂ। ਆਪਣੀ ਘਰ ਦੀ ਗੱਲ ਐ।"

"ਨਾ ਕਿਹੜਾ ਦਸ ਹਜ਼ਾਰ ਸੀਤੋ?"

"ਜਦੋਂ ਸੀਰੀ ਰਲਿਆ ਸੀ ਮਰ ਜਾਣ ਆਲਾ। ਦਸ ਹਜਾਰ ਲਿਆ ਸੀ। ਹੋਰ ਕਿਹੜਾ?"

"ਬੱਸ ਆਹੀ ਗੱਲ ਐ?"

"ਇਹ ਗੱਲ ਛੋਟੀ ਹੈ ਸਰਦਾਰਨੀਏ। ਤੁਰਨ ਵਾਲਾ ਰਾਹ ਪਿਆ। ਸਿਵਾ ਨੀ ਅਜੇ ਉਹਦਾ ਠੰਢਾ ਹੋਇਆ। ਹਿਸਾਬ ਕਿਤਾਬ ਤਾਂ ਥੋੜੇ ਅੰਨੀ ਨਿਕਲੂ ਸੌਣੀ ਆਲਾ। ਪਰ ਬਾਬਾ ਜੀ ਤੋਂ ਇਹ ਸਰਨੀ ਨਹੀਂ ਸੀ। ਕੁੜੇ! ਦੋ ਚਾਰ ਮਹੀਨੇ ਹੋਰ ਤਾਂ ਵੇਖ ਲੈਂਦਾ। ਚਲ ਜੇ ਥੋੜਾ ਨਹੀਂ ਸਰਦਾ ਤਾਂ ਮੇਰਾ ਘਰ ਗਹਿਣੇ ਕਰ ਲਉ। ਮਾਲਕ ਮੇਰਾ ਪਹਿਲਾਂ ਤੁਸੀਂ ਖਾਹ ਹੀ ਲਿਆ। ਰਹਿੰਦਾ ਖਹੂੰਦਾ ਮੇਰਾ ਘਰ ਲੈ ਲਉ। ਮੈਂ ਆਪੇ ਪੇਕੀਂ ਦਿਲ ਕਟੀ ਕਰਲੂੰ ਭਰਜਾਈਆਂ ਦੇ ਆਢਲ ਲੱਗ ਕੇ। ਉਨੇ ਸਾਰੀ ਉਮਰ ਕਮਾਈ ਕਰਕੇ ਤੇਰੇ ਘਰਦੇ ਵਾਰੇ ਨਿਆਰੇ ਕਰਤੇ। ਹੁਣ ਤੁਸੀਂ ਮੇਰਾ ਘਰ ਉਜਾੜਣ ਤੇ ਤੁਲ ਗਏ। ਮੇਰਾ ਤਾਂ ਸਬਰ ਐ ਭੈਣੇ।"

ਸੁਰਿੰਦਰ ਨੇ ਡਾਂਗ ਜਿੱਡਾ ਹਉਂਕਾ ਭਰਿਆ ਤੇ ਅੱਖਾਂ ਪੂੰਝ ਕੇ ਅੰਦਰ ਨੂੰ ਤੁਰ ਗਈ। ਬਾਹਰ ਆਈ ਤਾਂ ਉਸਦੇ ਹੱਥਾਂ ਵਿੱਚ ਨੋਟਾਂ ਦਾ ਥੱਬਾ ਸੀ।

"ਵੇਖ ਸੁਰਜੀਤ ਕੁਰੇ। ਤੇਰੀ ਸਾਰੀਆਂ ਗੱਲਾਂ ਮੈਂ ਝੋਲੀ ਪਾਲੀਆਂ। ਬੋਘੇ ਵਰਗਾ ਮਰਦ ਦਲੇਰ ਆਦਮੀ ਦੀਵੇ ਲਏ ਤੋਂ ਭਾਲੀਏ ਤਾਂ ਵੀ ਨਹੀਂ ਥਿਆਉਂਦਾ। ਉਸ ਸ਼ੇਰ ਨੇ ਇਨ੍ਹਾਂ ਕਮਜਾਤਾਂ ਦਾ ਘਰ ਹੀ ਨਹੀਂ ਚਲਾਇਆ ਕੁਲ ਵੀ ਚਲਾਈ ਐ!"

"ਕੁਲ ਚਲਾਈ ਸੁਰਿੰਦਰ ਕੁਰੇ?"

"ਹਾਂ ਭੈਣੇ ਸੁਰਜੀਤ ਕੁਰੇ ਤੇਰਾ ਦਿਉਰ ਤਾਂ ਖੁਸਰਿਆਂ ਤੋਂ ਭੈੜਾ ਹੈ। ਉਹ ਮਰ ਗਿਆ ਆਪ ਮਰ ਜਾਣੈ। ਝੂਠ ਕਹਾਂ ਉਹਦੇ ਸਿਵੇ ਦੀ ਸਹੁੰ। ਇਨਾ ਸੜਿਆ ਕੋਲ ਪੈਸੇ, ਚਲਾਕੀਆਂ ਤੋਂ ਬਿਨਾ ਹੈ ਹੀ ਕੀ? ਬੋਘਾ ਸਿਉਂ ਮਰਦ ਸੀ ਮਰਦ। ਦਿਲ ਗੁਰਦੇ ਵਾਲਾ ਮਰਦ। ਜੇ ਤੂੰ ਰੰਡੀ ਹੋਈਂ ਨਾ ਤੇ ਰਿਹਾ ਮੇਰਾ ਵੀ ਕੱਖ ਨੀ ਹੁਣ! ਬਸ ਫਰਕ ਐਨਾ ਹੈ ਤੂੰ ਚਾਰ ਵੈਣ ਪਾ ਕੇ ਮਨ ਹੌਲਾ ਕਰ ਲਿਆ ਤੇ ਮੈਂ ਤਾਂ ਚੰਦਰੇ ਦੇ ਵੈਣ ਵੀ ਨਹੀਂ ਪਾ ਸਕੀ ਦੋ। ਸੁਰਿੰਦਰ ਫਿਸ ਪਈ। ਤਿਲ ਤਿਲ ਕੇ ਮਰ ਰਹੀ ਹਾਂ। ਦੋ ਵਾਰੀ ਚੰਦਰੇ ਦੇ ਸਿਵੇ ਦੇ ਦਰਸ਼ਨ ਕਰ ਆਈਂ ਆਂ। ਆਨੇ ਬਹਾਨੇ ਲਾ ਕੇ ਰੋਂਦੀ ਆਂ। ਕੱਲ ਦੁਪਿਹਰੇ ਕੱਲੀ ਨੇ ਅੰਦਰ ਵੜਕੇ ਭੜਾਸ ਕੱਢੀ ਐ। ਮੈਂ ਕਿਧਰ ਨੂੰ ਜਾਵਾਂ? ਕੀ ਕਰਾਂ? ਉਸਨੇ ਅੱਖਾਂ ਪੂੰਝੀਆਂ ਮਨ ਸੰਭਾਲਿਆ ਤੇ ਕਿਹਾ ਆਹ ਚੱਕ ਭੈਣੇ ਦਸ ਹਜ਼ਾਰ ਕਲ ਨੂੰ ਆ ਕੇ ਮਾਰੀ ਚੌਰੇ ਦੀ ਹਿੱਕ 'ਚ? ਬਾਕੀ ਮੇਰੇ ਅੰਦਰਲਾ ਫਰੋਲਿਆ ਗਿਆ। ਦੁਖ ਵਧਿਆ ਹੈ ਘਟਿਆ ਨਹੀਂ। ਇਹ ਭੇਦ ਬਸ ਤੇਰੇ ਮੇਰੇ 'ਚ ਹੀ ਰਹੇ। ਕੰਨੋ-ਕੰਨੀ। ਕਿਸੇ ਨੂੰ ਪਤਾ ਨਾ ਲੱਗੇ।"

"ਭੇਦ ਤਾਂ ਭੈਣੇ ਖੁਲ੍ਹ ਗਿਆ, ਮੁੰਡੇ ਦਾ ਮੁੜੰਗਾ ਤਾਂ ਜਮਾਂ ਈ ਚੰਦਰੇ ਤੇ ਗਿਐ।"

"ਚਲ ਜਿਵੇਂ ਮਰਜੀ ਕਹਿ ਲੈ ਪਰ ਹੈ ਬੋਘੇ ਵਰਗੇ ਦਲੇਰ ਮਰਦ ਦਾ ਪੁੱਤ। ਬਾਕੀ ਆਹ ਲੈ ਜਾ ਅੱਡ ਸੋਦਾ ਪੱਤਾ ਲੈ ਆਈ। ਪਰਸੋਂ ਮੇਰੇ ਨਾਲ ਬਰਨਾਲੇ ਚਲੀਂ, ਜੁਆਕਾਂ ਦਾ ਕੱਪੜੇ ਲੱਤਾ, ਬੂਟ ਲਿਆਵਾਂਗੇ। ਆ ਜੀਂ ਇਕ ਗੱਲ ਹੋਰ ਜਦੋਂ ਵੀ ਕਿਸੇ ਚੀਜ ਦੀ ਲੋੜ ਹੋਵੇ। ਕਹਿਦੀਂ। ਝਿਜਕੀ ਨਾ। ਮੈਂ ਤੈਥੋਂ ਭੱਜੀ ਨੀ। ਬੰਦੇ ਨੇ ਜਤ-ਸਤ ਨਾਲ ਮੇਰਾ ਘਰ ਬੰਨਿਐ ਹੁਣ ਉਹਦਾ ਘਰ ਮੈਂ ਚਲਾਉਂਗੀ। ਮੈਨੂੰ ਬੋਘਾ ਹੀ ਸਮਝੀਂ। ਕਹਿ ਕੇ ਸੁਰਿੰਦਰ ਨੇ ਸੀਤੋਂ ਨੂੰ ਜੱਫੀ ਪਾ ਲਈ।

"ਚਲ ਚੰਗਾ ਭੈਣੇ ਮੈਂ ਤੇਰਾ ਗੋਹਾ ਕੂੜਾ...।"

"ਗੋਹਾ... ਕੂੜਾ! ਨੀ ਕਰੂਗੀ ਮੇਰੇ ਬੋਗੇ ਦੀ ਆਤਮਾ। ਉਹਨੇ ਤਾਂ ਮੇਰੇ ਕੰਡਾ ਵੱਜਿਆ ਨੀ ਜਰਿਆ। ਮੈਂ ਉਹਦੇ ਜੁਆਕਾਂ ਨੂੰ ਭੁੱਖੇ ਵੇਖਾਂ। ਥੂ ਐ ਮੇਰੇ ਤੇ।"

"ਚੰਗਾ ਚਲਦੀਆਂ ਫੇਰ ਕਲ ਨੂੰ ਆਉਂਗੀ। ਸੀਤੋ ਨੇ ਚਾਦਰਾ ਚੱਕਿਆ ਤੇ ਤੁਰਨ ਲੱਗੀ।

"ਸੁਰਜੀਤ ਕੁਰੇ ਚਾਦਰਾ ਲੈ ਕੇ ਜਾਨੀ ਐ?"

"ਹਾਂ... ਕਿਉਂ? ਕੀ ਗੱਲ ਐ?"

"ਨਹੀਂ ਇਹ ਨਿਸ਼ਾਨੀ ਮੈਥੋਂ ਨਾ ਖੋਹ। ਰੱਬ ਡਾਢੇ ਨੇ ਉਹਤਾਂ ਖੋਹ ਲਿਆ। ਰੱਬ ਤਾਂ ਬੇ-ਮੁਥਾਜ, ਬੇਤਰਸ ਐ ਤੂੰ ਤਾਂ ਤਰਸ ਕਰਲੈ। ਮੈਂ ਤਾਂ ਇਹ ਚਾਦਰਾ ਆਪਣੀ ਦਾਜ ਵਾਲੀ ਪੇਟੀ ਵਿੱਚ ਸਾਂਭ ਰੱਖੂੰ।"

"ਜਦੋਂ ਭੈਣੇ! ਚਾਦਰੇ ਆਲਾ ਈ ਨਹੀਂ ਰਿਹਾ। ਆਪਾਂ ਨੂੰ ਧੋਖਾ ਦੇ ਗਿਆ ਤਾਂ ਚਾਦਰਾ ਕੀ ਕਰੂ। ਮੈਂ ਕਿਹਾ ਚਲ ਵੱਡਾ ਹੋ ਕੇ ਬਿੱਲੂ ਆਪਣੇ ਪਿਓ ਦਾ ਚਾਦਰਾ ਬੰਨ੍ਹ ਲਿਆ ਕਰੂ।"

"ਬਿੱਲੂ ਚਾਦਰਾ ਕਿਉਂ ਪੈਂਟਾ ਪਾਇਆ ਕਰੂ। ਤੂੰ ਮੇਰੇ ਨਾਲ ਕੰਮ ਧੰਦਾ ਕਰਵਾ ਜਾਇਆ ਕਰ ਰੋਟੀ ਟੁੱਕ ਕਰਿਆ ਕਰ ਕੇ ਖਾ ਲਿਆ। ਘਰ ਤੇਰਾ, ਤੇਰੇ ਤੇ ਮੇਰੇ ਬੋਗੇ ਦਾ। ਬਿੱਲੂ ਨੂੰ ਆਪਾਂ ਪੜ੍ਹਾਵਾਂਗੇ। ਨੌਕਰੀ ਤੇ ਲਾਵਾਂਗੇ।"

"ਨਾ ਭੈਣੇ! ਇਹ ਨਹੀਂ ਪੁੱਗਦਾ।"

"ਕਿਉਂ?"

"ਉੱਦਣ ਜਦੋਂ ਲੀਡਰ ਘਰੇ ਗਿਆ। ਜਾਣੀ ਅੱਖਾਂ ਈ ਬਦਲ ਗਈਆਂ। ਬਹੁਤ ਭੈੜਾ ਝਾਕਿਆ ਮੇਰੇ ਵੰਨੀ। ਖਾਣ ਵਾਲਿਆਂ ਵਾਂਗੂੰ।"

"ਨੀ ਉਹਦੀ ਕੀ ਮਜ਼ਾਲ ਐ ਚੌਰੇ ਦੀ ਤੂੰ ਫਿਕਰ ਨਾ ਕਰੀਂ ... ਹੈਨੀਂ ਉਹਦੇ ਪੱਲੇ ਕੁਛ ਵੀ... ਐਵੇਂ ਖ਼ਾਲੀ ਚਾਦਰਾ ਖੜਕਾਉਂਦਾ ਫਿਰਦਾ... ਸਭ ਦੇਖ ਲਿਆ ਮੈਂ।"

ਅਰਸ਼ਦੀਪ ਜਾਗ ਪਿਆ। ਸੁਰਿੰਦਰ ਤੇ ਬੋਘੇ ਦਾ ਮੁੰਡਾ। ਸੀਤੋ ਨੇ ਰੋਂਦੇ ਨੂੰ ਚੁਕ ਕੇ ਸੀਨੇ ਨਾਲ ਲਾ ਲਿਆ।

"ਚੰਗਾ ਬੰਦਿਆਂ! ਤੂੰ ਨਾ ਤੇਰੀ ਨਿਸ਼ਾਨੀ ਹੀ ਸਹੀ।"

"ਨਹੀਂ ਭੈਣੇ! ਸੀਤੋ! ਨਿਸ਼ਾਨੀ ਨਹੀਂ ਨਿੰਮ-ਨਿਸ਼ਾਨੀ ਆਖ।"

ਪਤਾ: ਪਿੰਡ ਤੇ ਡਾਕ; ਧੌਲਾ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ-148107

ਦੁਆਨੀ-ਚੁਆਨੀ / - ਹਰਨੇਕ ਕਲੇਰ

ਆਪਣੇ ਬਿਆਸੀ ਮਾਡਲ ਸਕੂਟਰ ਨੂੰ ਧੂਈ ਆਉਂਦਾ ਉਹ ਮੈਨੂੰ ਦੂਰ ਤੋਂ ਈ ਦਿਸ ਪਿਆ ਸੀ। ਗਲ ਕਮੀਜ਼ ਪਜਾਮਾ ਉੱਚੀ ਨੋਕਦਾਰ ਪੱਗ। ਉਸ ਦਾ ਚੌੜਾ ਮੱਥਾ ਤੇ ਉਭਰੀਆਂ ਹੋਈਆਂ ਗੱਲ੍ਹਾਂ ਤੋਂ ਪਸੀਨਾ ਚੋ ਚੋ ਪੈ ਰਿਹਾ ਸੀ। ਮੈਂ ਫੁੱਟਪਾਥ ਉੱਤੇ ਤੁਰਿਆ ਆ ਰਿਹਾ ਸਾਂ। ਉਸ ਨੂੰ ਹੱਸਦਾ ਹੋਇਆ ਦੇਖ ਕੇ ਮੈਂ ਰੁਕ ਗਿਆ। ਉਸ ਨੇ ਸਕੂਟਰ ਸਟੈਂਡ ਤੇ ਲਾਇਆ ਤੇ ਮੇਰੇ ਕੋਲ ਆ ਖੜਿਆ।

"ਕੀ ਗੱਲ ਹੋ ਗੀ ਸਕੂਟਰ ਨੂੰ...।" ਮੈਂ ਇਸ਼ਾਰੇ ਨਾਲ ਪੁੱਛਿਆ।

"ਬਸ ਯਾਰ...।" ਉਹ ਸਾਹੋ-ਸਾਹੀ ਹੋਇਆ ਪਿਆ ਸੀ। ਉਸ ਤੋਂ ਸਿਰਫ਼ ਦੋ ਸ਼ਬਦ ਹੀ ਬੋਲ ਹੋਏ।

ਮੈਂ ਦੇਖਿਆ ਉਸ ਦੇ ਕਮੀਜ਼ ਦੇ ਕਾਲਰ ਮੈਲੇ ਸਨ। ਪੱਗ ਤੇ ਕਮੀਜ਼ ਵੀ ਮੈਲਾ ਸੀ। ਜੁੱਤੀ ਦੀ ਨੁੱਕ ਵੀ ਚਿੱਟੀ ਹੋਈ ਪਈ ਸੀ। ਜਾਪਦਾ ਸੀ ਬੜੀ ਦੇਰ ਤੋਂ ਜੁੱਤੀ ਨੂੰ ਪਾਲਸ਼ ਨਹੀਂ ਸੀ ਕਰਵਾਈ।

"ਕਾਹਦਾ ਯਾਰ ਆਪਣਾ ਤਾਂ ਇਹੀ ਹਾਲ ਰਹਿਣਾ।" ਉਸ ਨੇ ਇੱਕ ਡੂੰਘਾ ਸਾਹ ਭਰ ਕੇ ਬੇਵਸੀ ਦਾ ਪ੍ਰਗਟਾਵਾ ਕੀਤਾ।

"ਬਈ ਹੁਣ ਤਾਂ ਥੋਡੀ ਸਰਕਾਰ ਆ। ਰੰਗ ਲੋ ਹੱਥ। ਕੀ ਮੰਤਰੀ ਤੇ ਕੀ ਸੰਤਰੀ। ਥੋਡੇ ਸਾਹਮਣੇ ਲੋਕ ਲੱਖ-ਕਰੋੜੀ ਹੋ ਗਏ ਤੇ ਤੁਸੀਂ ਆਹ...।" ਬੋਲ ਮੇਰੇ ਮੂੰਹ ਵਿੱਚ ਹੀ ਸਨ ਕਿ ਉਹ ਪੁਰਾਣੀ ਲਾਲਟੈਣ ਵਾਂਗ ਭਪ-ਭਪ ਭੜਕ ਪਿਆ।

"ਸਾਨੂੰ ਕੀ ਮਿਲਣਾ... ਛੁਣਛੁਣਾ... ਅਸੀਂ ਤਾਂ ...ਪਰਜਾਂ।" ਫਿਰ ਉਸ ਨੇ ਵਿਸ਼ੇਸ਼ ਅੰਦਾਜ਼ 'ਚ ਹੱਥ ਹਿਲਾਉਂਦਿਆਂ ਕਿਹਾ, "ਝੂਟੇ ਮਾਣੇ... ਖੰਡ ਘਿਓ ਖਾ ਕੇ। ਨੋਟ ਕਮਾ ਕੇ। ਔਹ ਗਏ... ਔਹ ਗਏ।" ਅਚਾਨਕ ਹੀ ਉਸ ਨੇ ਆਪਣੀ ਸੁਰ ਧੀਮੀ ਕਰ ਲਈ ਜਿਵੇਂ ਉਸ ਨੂੰ ਚੇਤਾ ਆ ਗਿਆ ਹੋਵੇ ਕਿ ਉਹ ਵੀ ਇਸੇ ਥੈਲੀ ਦੀ ਦੁਆਨੀ ਚੁਆਨੀ ਹੈ।

"ਯਾਰ ਅਗਲਿਆਂ ਨੇ ਚੋਣਾਂ ਵੀ ਲੜਨੀਆਂ ਨੇ। ਬਗੈਰ ਨੋਟਾਂ ਦੀ ਮਾਇਆ ਵਰਤਾਉਣ ਤੋਂ ਪੇਟੀਆਂ 'ਚੋਂ ਨਿਕਲੂ ਕੀ? ਅੰਤਲਾ ਸ਼ਬਦ ਉਸ ਨੇ ਮੂੰਹ ਵਿੱਚ ਹੀ ਛਣਕਾਇਆ ਤੇ ਪੱਗ ਦੇ ਢਿੱਲੇ ਹੋਏ ਲੜ ਨੂੰ ਉਂਗਲਾਂ ਨਾਲ ਦਬਾ ਕੇ ਸੈੱਟ ਕਰਦਿਆਂ ਕਚੀਚੀ ਵੱਟੀ। ਸ਼ਾਇਦ ਉਸ ਦੇ ਸਿਰ ਦਾ ਕੋਈ ਵਾਲ਼ ਤੁਣਖਿਆ ਗਿਆ ਸੀ।

"ਲੈ ਹੁਣ ਤੂੰ ਹੀ ਦੇਖ ਲੈ, ਤੇਰੇ ਕੰਮ ਬਾਰੇ ਥੋੜ੍ਹੀ ਭੱਜ-ਨੱਠ ਕੀਤੀ ਐ। ਲੜ ਫੜਾਇਆ ਕਿਸੇ ਨੇ। ਇਹਨਾਂ ਦੀ ਤਾਂ ਉਹ ਗੱਲ ਐ। ਆਪਣੇ ਭਾਈ-ਭੈਣ ਜਾਂ ਜ਼ੋਰੂ ਕੇ। ਬਾਕੀ ਸਭ ਹੋਰੂ ਕੇ।" ਉਹ ਆਪਣੇ ਘੜੇ-ਘੜਾਏ ਟੋਟਕੇ ਤੀਰਾਂ ਵਾਂਗ ਛੱਡੀ ਜਾ ਰਿਹਾ ਸੀ। ਹਾਲਾਂ ਕਿ ਉਸਨੂੰ ਪਤਾ ਸੀ ਇਹਨਾਂ ਤੀਰਾਂ ਦੇ ਮੂੰਹ ਉਸ ਦੀ ਛਾਤੀ ਵੱਲ ਹੀ ਹਨ।

"ਤੂੰ ਮੇਰੀ ਸੁਣ ਲੈ। ਤੇਰੇ ਸਾਹਮਣੇ ਸੈ-ਦਿਹਾੜੀ ਟੁੱਟੇ ਛਿੱਤਰ ਆਂਗੂ ਤੁਰਿਆ ਫਿਰਦੈਂ। ਤੇਰੇ ਭਤੀਜੇ ਰੂਪੀ ਦਾ ਕੰਮ ਨੀ ਹੋਇਆ। ਦੱਸ ਮੈਂ ਮੁੰਡੇ ਨੂੰ ਕੀ ਜਵਾਬ ਦਮਾਂ। ਭਾਈ ਜਦ ਸਾਡਾ ਵਿੱਚ ਬੈਠਿਆਂ ਦਾ ਇਹ ਹਾਲ ਆ ਤਾਂ ਲੋਕਾਂ ਦਾ ਕੀ ਹੋਊ। ... ਲੈ ਹੁਣ ਲੋਕਾਂ ਦੀ ਸੁਣ ਲੈ।" ਉਹ ਦਮ ਭਰ ਕੇ ਫਿਰ ਸ਼ੁਰੂ ਹੋ ਗਿਆ।

"ਚੋਣਾਂ ਸਿਰ ਤੇ ਆ ਗੀਆਂ। ਵੋਟਾਂ ਕਿੱਥੋਂ ਭਾਲਦੇ ਆ? ਨੌਕਰੀ ਲੱਗਣ ਦੀ ਉਡੀਕ 'ਚ ਅਗਲਿਆਂ ਦੇ ਨਿਆਣੇ ਬੁੱਢੇ ਹੋ ਗਏ। ਮਟਕਾਂ ਚੌਂਕ 'ਚ ਬਿਨ ਬੱਦਲੋਂ ਬਰਸਾਤ ਹੁੰਦੀ ਰਹੀ ਆ। ਪਾਣੀਪਤ ਦਾ ਮੈਦਾਨ ਬਣਾਤਾ ਸਹੁਰੀ ਦਾ।" ਸਾਹੋ-ਸਾਹ ਹੋਇਆ ਉਹ ਹੱਥਾਂ ਤੇ ਹੱਥ ਮਾਰ ਕੇ ਆਪ ਹੀ ਹੱਸ ਪਿਆ।

ਮੈਂ ਸੋਚੀਂ ਪੈ ਗਿਆ। 'ਬੰਦਾ ਕਿਵੇਂ ਆਪ ਈ ਤਾਮਾਸ਼ਾ ਬਣ ਜਾਂਦੈ। ਸਿਸਟਮ ਐਸਾ ਹੋ ਗਿਆ। ਚੰਗੇ ਭਲੇ ਬੰਦੇ ਪੈਸੇ ਬਦਲੇ ਲੋਕਾਂ ਨੂੰ ਹਸਾ ਰਹੇ ਨੇ ਤੇ ਪੈਸੇ ਬਦਲੇ ਰੁਆ ਰਹੇ ਨੇ। ਪੈਸਾ ਕੀ ਕੁਝ ਕਰਵਾ ਰਿਹਾ ਬੰਦੇ ਤੋਂ ! ਹਰ ਬੰਦਾ ਜ਼ਮੀਰ ਮਾਰ ਕੇ ਸੇਲ ਤੇ ਲੱਗਿਆ ਹੋਇਆ। ਜੰਗਲ ਦੇ ਪਸ਼ੂ ਪੰਛੀ ਵੀ ਸਹਿਜ ਰੱਖਦੇ ਨੇ ਪਰ ਬੰਦਾ...।' ਹਰਨਾਮ ਦੀ ਆਵਾਜ਼ ਨਾਲ ਮੈਂ ਇੱਕ ਦਮ ਤਹਿਕ ਪਿਆ।

"ਮੇਰੇ ਆਰ ਤੂੰ ਸੀਰੀਅਸ ਹੋ ਜਾਨੈ... ਤੇਰਾ ਕੰਮ ਮੈਂ ਕਰਵਾਊਂ। ਇੱਕ ਨਰ ਬੰਦਾ ਹੈਗਾ ਮੇਰੀ ਨਜ਼ਰ 'ਚ। ਆਪਣੇ ਵਜ਼ੀਰ ਤਾਂ ਸੀਰੀ ਰਲੇ ਹੋਏ ਆ ਸੀ. ਐਮ ਨਾਲ। ਪੂਛਾਂ ਹਿਲਾਉਂਦੇ ਤੁਰੇ ਫਿਰਦੇ ਆ, ਗੁੰਗੇ। ਵੋਟਾਂ ਲੈਣ ਲਈ ਸ਼ੋਅ-ਪੀਸ। ਇਹਨਾਂ ਨੂੰ ਗ਼ਰੀਬ ਲੋਕਾਂ ਨਾਲ ਕੀ, ਮਰਨ ਚਾਹੇ ਜਿਉਂਣ। ਬਸ ਇਹਨਾਂ ਦੇ ਸਿਰਾਂ ਤੇ ਲਾਲ ਬੱਤੀਆਂ ਟਿਮਟਿਮਾਉਂਦੀਆਂ ਰਹਿਣ।"

"ਹਰਨਾਮ ਸਾਡੇ ਦੇਸ਼ 'ਚ ਰਾਜਨੀਤੀ ਦੀ ਖੇਡ ਦਾ ਧੁਰਾ ਪੈਸਾ, ਬੰਦਾ ਨਈ... ਬੰਦੇ ਦੀ ਤਾਂ ਭੇਡ ਵਾਂਗੂ ਹਰ ਕੋਈ ਉੱਨ ਲਾਹ ਰਿਹਾ।" ਉਹ ਮੇਰੀ ਗੱਲ ਨੂੰ ਮਸਾਂ ਹੀ ਪੂਰੀ ਹੋਣ ਦਿੰਦਾ ਸੀ ਤੇ ਨਵੀਂ ਗੱਲ ਛੋਹ ਲੈਂਦਾ ਸੀ। ਬਾਪੂ ਦੇ ਤੁਰ ਜਾਣ ਤੋਂ ਬਾਅਦ ਉਸ ਦੇ ਅੰਦਰਲਾ ਫੋੜਾ ਰਿਸਣ ਲੱਗ ਪਿਆ ਸੀ। ਅੱਜ ਉਸ ਫੋੜੇ ਦਾ ਦਰਦ ਅਸਹਿ ਹੋ ਗਿਆ ਜਾਪਦਾ ਸੀ। ਮੇਰੇ ਮੋਢੇ ਤੇ ਹੱਥ ਰੱਖ ਕੇ ਉਹ ਫਿਰ ਸ਼ੁਰੂ ਹੋ ਗਿਆ।

"ਇਹਨਾਂ ਲੋਕਾਂ ਨੇ ਆਪਣੇ ਸੁਆਰਥ ਖਾਤਰ ਸਾਡੇ ਲੋਕਾਂ ਦੀ ਸੇਲ ਲਾਈ ਹੋਈ ਐ। ਪਹਿਲਾਂ ਬਾਪ ਵਜ਼ੀਰ, ਫਿਰ ਆਪ ਤੇ ਹੁਣ ਮੁੰਡੇ ਤਿਆਰ ਨੇ। ... ਤੂੰ... ਮੈਂ ਕੀਹਦੇ ਪਾਣੀਹਾਰ ਆਂ। ਕਿਸੇ ਪਿੰਡ 'ਚ ਜਾ ਕੇ ਗ਼ਰੀਬਾਂ ਦਾ ਹਾਲ ਤਾਂ ਦੇਖੋ। ਕੀ ਹੁੰਦਾ ਢਾਈ ਸੌ ਰੁਪਿਆ। ਪੰਦਰਾਂ ਰੁਪੈ ਕਿੱਲੋ ਆਟਾ ਤੇ ਪੰਜਾਹ ਨੂੰ ਦਾਲ ਹੋਈ ਪਈ ਆ। ਬੰਦੇ ਦੀ ਕਬੀਲਦਾਰੀ ਦੇ ਸੌ ਹੋਰ ਖ਼ਰਚੇ। ਇਹ ਆਪ, ਹੋਟਲ ਵਿੱਚ ਚਾਹ ਪੀ ਕੇ ਢਾਈ ਸੌ ਰੁਪਏ ਬਹਿਰੇ ਨੂੰ ਟਿੱਪ ਦੇ ਆਉਂਦੇ ਆ।" ਏਨੀ ਗੱਲ ਕਹਿ ਕੇ ਉਹ ਨਿਰਾਸ਼ ਜਿਹਾ ਹੋ ਗਿਆ। ਉਸ ਦੇ ਕੋਇਆਂ ਵਿੱਚ ਪਾਣੀ ਸਿੰਮ ਆਇਆ। ਹੁਣ ਉਸ ਦੀ ਆਵਾਜ਼ ਵੀ ਨਹੀਂ ਸੀ ਨਿਕਲ ਰਹੀ।

"ਹਰਨਾਮ ਆ ਯਾਰ ਘੜੀ ਬੈਠਦੇ ਆਂ। ਨਾਲੇ ਠੰਡਾ ਪਾਣੀ ਪੀਨੇ ਆਂ। ਮੈਂ ਉਸ ਦੇ ਖ਼ੁਸ਼ਕ ਬੁੱਲ੍ਹਾਂ ਨੂੰ ਦੇਖ ਕੇ ਉਸ ਨੂੰ ਬੰਤ ਦੀ ਦੁਕਾਨ ਵੱਲ ਨੂੰ ਤੋਰ ਲਿਆ।

ਮੇਰੇ ਨਾਲ ਤੁਰੇ ਜਾਂਦਿਆ ਉਸ ਨੇ ਫੇਰ ਗੱਲ ਛੇੜ ਲਈ। ਬਾਪੂ ਕਹਿੰਦਾ ਹੁੰਦਾ ਸੀ, "ਦੇਖੀ ਪੁੱਤ ਤੂੰ ਨਾ ਏਸ ਰਾਹ ਤੁਰ ਪੀਂ, ਮੈਂ ਤਾਂ ਮੈਟਰਿਕ ਵਿੱਚ ਛੱਡ ਕੇ ਸਿਵਲ ਨਾ ਫ਼ਰਮਾਨੀ ਵੇਲੇ ਜੇਲ੍ਹ ਚਲਾ ਗਿਆ ਸੀ। ਫੇਰ ਚੱਲ ਸੋ ਚੱਲ। ਊਂ ਮੈਂ ਦੇਖ ਲਿਆ ਇਹ ਪੈਸੇ ਦੀ ਖੇਡ ਆ। ਅਮਾਤੜਾ ਨੂੰ ਇੱਥੇ ਕੋਈ ਨੀ ਪੁੱਛਦਾ 'ਬਈ ਬਾਪੂ ਨੇ ਪਾਰਟੀ ਦਾ ਬਥੇਰਾ ਗੱਡਾ ਖਿੱਚਿਆ। ਲੱਕੜ ਦੇ ਪੈਡਲਾਂ ਵਾਲਾ ਸਾਇਕਲ ਬਾਪੂ ਆਥਣ ਨੂੰ ਪੰਜਾਹ ਮੀਲ ਕਰ ਕੇ ਮੁੜਦਾ ਹੁੰਦਾ ਸੀ। ਮਿਲਿਆ ਕੀ... ਪੰਚਾਇਤ ਮੈਂਬਰੀ।' ਤੇ ਉਹ ਚੁੱਪ ਵੱਟ ਗਿਆ। ਇਸ ਵਾਰ ਛੁਣਛੁਣਾ ਸ਼ਬਦ ਰੁੱਖੀ ਰੋਟੀ ਵਾਂਗ ਉਸ ਦੇ ਸੰਘ ਵਿੱਚ ਹੀ ਫ਼ਸ ਕੇ ਰਹਿ ਗਿਆ। ਸ਼ਾਇਦ ਉਸ ਦਾ ਗਲਾ ਭਰ ਆਇਆ ਸੀ। ਠੰਡਾ ਪੀ ਕੇ ਹਰਨਾਮ ਰੌਂ ਵਿੱਚ ਆ ਗਿਆ। ਅਸੀਂ ਦੋਵੇਂ ਮਾਰਕਿਟ ਦੇ ਵਲਗਣ ਵਿੱਚ ਖੜ੍ਹੇ ਬਹੇੜੇ ਦੇ ਸੰਘਣੇ ਰੁੱਖ ਦੀ ਛਾਂ ਵਿੱਚ ਕੁਰਸੀਆਂ ਤੇ ਬੈਠੇ ਸਾਂ।

"ਇਹ ਗੜ੍ਹੈਂ ਗੜ੍ਹੈਂ ਕਿੱਧਰ ਨੂੰ ਤੁਰਿਆ ਆਉਂਦਾ।" ਕਾਮਰੇਡ ਇੰਦਰ ਨੂੰ ਇੱਧਰ ਨੂੰ ਆਉਂਦਾ ਦੇਖ ਕੇ ਉਹ ਬੁੜਬੁੜਾਇਆ।

"ਬਾਪੂ ਦੱਸਦਾ ਹੁੰਦਾ ਕਿਸੇ ਟੈਮ ਗੜ੍ਹੈਂ ਗੜ੍ਹੈਂ ਦੀ ਪਾਰਟੀ ਦਾ ਦਬਦਬਾ ਹੁੰਦਾ ਸੀ। ਪਾਰਲੀਮੈਂਟ ਵਿੱਚ ਵੀ ਝੜਾਈ ਰਹੀ ਐ। ਹੌਲੀ ਹੌਲੀ ਗੜ੍ਹੈਂ ਗੜ੍ਹੈਂ ਕਰਦੇ ਸਭ ਖਿਲਰਗੇ। ਬੰਦਾ ਇੱਕ ਸੀ। ਸਿਧਾਂਤ ਵੀ ਇੱਕ ਸੀ। ਇੱਥੇ ਹਰ ਬੰਦੇ ਨੇ ਆਪੋ-ਆਪਣੇ ਸਕੂਲ ਖੋਲ੍ਹ ਲਏ। ਹੁਣ ਇਹਨਾਂ ਦੇ ਧੜ੍ਹਿਆਂ ਦੀ ਗਿਣਤੀ ਨੀ ਹੁੰਦੀ। ਏਸ ਗੱਲੋਂ ਅਸੀਂ ਸੂਤ ਰਹੇ ਪਰ ਪਰਾਟੀ 'ਚ ਸਾਡਾ ਦਰਜਾ ਚੌਥਾ ਈ ਆ।" ਇਹ ਆਖਦਿਆਂ ਉਸ ਦੇ ਚਿਹਰੇ ਦਾ ਰੰਗ ਦੇਖਣ ਵਾਲਾ ਸੀ। ਉਸ ਦੇ ਬੁੱਲ੍ਹਾਂ ਤੇ ਆਈ ਝੂਠੀ ਮੁਸਕਰਾਹਟ ਨੂੰ ਮੈਂ ਸਾਫ਼ ਪੜ੍ਹ ਲਿਆ ਸੀ। ਫਿਰ ਉਸ ਨੇ ਐਵੇਂ ਮਿੱਚੀ ਆਪਣੇ ਮੂੰਹ ਤੇ ਹੱਥ ਫੇਰਿਆ ਤੇ ਡਿੱਗੀਆਂ ਹੋਈਆਂ ਮੁੱਛਾਂ ਨੂੰ ਉਤਾਂਹ ਚੁੱਕਿਆ।

ਬੀ. ਏ. ਪਾਸ ਕਰ ਕੇ ਉਹ ਪਹਿਲੇ ਹੱਲੇ ਹੀ ਪੀ. ਸੀ. ਐੱਸ ਲਈ ਚੁਣਿਆ ਗਿਆ ਸੀ। ਇੰਟਰਵੀਊ ਤੋਂ ਬਾਅਦ ਨਿਕਲੀ ਲਿਸਟ 'ਚ ਆਪਣਾ ਨਾਂ ਨਾ ਦੇਖ ਕੇ ਉਸ ਦੀ ਹਾਲਤ ਚਿੱਕੜ 'ਚ ਤਿਲਕੇ ਬੰਦੇ ਵਰਗੀ ਹੋ ਗਈ ਸੀ ਜੋ ਨਾ ਹੱਸ ਸਕਦਾ ਸੀ ਤੇ ਨਾ ਰੋ ਸਕਦਾ ਸੀ। ਉਹਨਾਂ ਦਿਨਾਂ ਵਿੱਚ ਹੀ ਉਸ ਦਾ ਇੰਦਰ ਸਿੰਘ ਨਾਲ ਨੇੜ ਹੋ ਗਿਆ। ਇੰਦਰ ਹਰ ਗੱਲ 'ਚ ਮਾਰਕਸ ਦੀ ਉਦਾਹਰਨ ਦਿੰਦਾ ਤੇ ਬਹਿਸਦਾ ਬਹੁਤ ਸੀ। ਇਸ ਲਈ ਹਰਨਾਮ ਨੇ ਉਸ ਦਾ ਨਾਂ ਗੜ੍ਹੈਂ-ਗੜ੍ਹੈਂ ਰੱਖਿਆ ਹੋਇਆ ਸੀ। ਇੰਟਰਵੀਊ ਵੇਲੇ ਉਸ ਨੇ ਆਪਣੇ ਬਾਪੂ ਨੂੰ ਕਿਹਾ ਸੀ।

"ਬਾਪੂ ਇਮਤਿਹਾਨ ਮੈਂ ਪਾਸ ਕਰ ਲਿਆ। ਹੁਣ ਥੋੜ੍ਹਾ ਕੰਮ ਆ ਸਿਫ਼ਾਰਸ ਕਰਵਾਉਣੀ। ਪੈਸਾ ਜਾਂ ਸਿਫ਼ਾਰਸ, ਇਸ ਤੋਂ ਬਿਨਾਂ ਗੱਲ ਬਿਲਕੁਲ ਨੀ ਬਣਨੀ। ਇੱਕ ਵਾਰੀ ਅਫ਼ਸਰ ਲੱਗਿਆ ਫਿਰ ਮੈਂ ਘਰ ਦੇ ਰੋਣੇ-ਧੋਣੇ ਧੋ ਦੂੰ।"

ਉਸ ਦਾ ਬਾਪੂ ਤਾਂ ਸਿਰ ਫੇਰ ਗਿਆ। "ਮੈਂ, ਇਹ ਧੱਬਾ ਨਈਂ ਲਵਾਉਂਣਾ ਫਰੀਡਮ ਫਾਈਟਰ ਹੋ ਕੇ।" ਉਸ ਦਾ ਬਾਪੂ ਉਸ ਨੂੰ ਚਾਰੇ ਪੈਰ ਚੁੱਕ ਕੇ ਪਿਆ। "ਤੂੰ ਮੇਰੀ ਉਮਰ-ਭਰ ਦੀ ਬਣੀ-ਬਣਾਈ ਖੂਹ 'ਚ ਪਾਏਂਗਾ।"

ਨਤੀਜੇ ਤੋਂ ਬਾਅਦ ਉਹ ਬਾਪੂ ਨਾਲ ਨਾ ਬੋਲਿਆ। ਚੁੱਲ੍ਹੇ ਮੁਹਰੇ ਬੈਠ ਕੇ ਬਾਪੂ ਨੂੰ ਸੁਣਾਉਂਦਿਆਂ ਉਸ ਨੇ ਕਿਹਾ ਸੀ, "ਬੇਬੇ ਬਾਪੂ ਨੂੰ ਤਾਂ ਅਸੂਲਾਂ ਦੀ ਮਾਰ ਵਗ ਗਈ। ਮੈਨੂੰ ਪਤਾ, ਇਹ ਚਿੱਟੀਆਂ ਵਾਸਕਿਟਾਂ ਵਾਲੇ ਸਾਨੂੰ ਸਫਾਈ ਸੇਵਕ ਦੇਖ ਕੇ ਰਾਜੀ ਨੇ। ਬੂਟਾ ਸਿੰਘ ਖੱਦਰਪੋਸ਼ ਜਿਹੜਾ ਬਾਪੂ ਤੋਂ ਜੁਗਤਾ ਸਿੱਖ ਕੇ ਪਹਿਲਾਂ ਸਰਪੰਚ, ਹੁਣ ਐਮ. ਐਲ. ਏ. ਬਣਿਆ ਫਿਰਦਾ, ਕਿਵੇਂ ਜਰ ਲੂ ਬਈ ਜਮੀਤੇ ਚਮਾਰ ਦਾ ਮੁੰਡਾ ਐੱਸ. ਡੀ. ਐਮ. ਲੱਗ ਜੇ। ਬਾਪੂ... ਉਹਦੀ ਰਾਇ ਬਿਨਾਂ ਪੈਰ ਨੀ ਪੁੱਟਦਾ।" ਉਸ ਨੂੰ ਵੱਡੀ ਨੌਕਰੀ ਖੁਸ਼ ਜਾਣ ਕਰ ਕੇ ਬਾਪੂ ਤੇ ਗੁੱਸਾ ਸੀ। ਆਪਣੀ ਨਰਾਜ਼ਗੀ ਉਸ ਨੇ ਬੇਬੇ ਦੇ ਸਾਹਮਣੇ ਜ਼ਾਹਰ ਕਰ ਦਿੱਤੀ ਸੀ। ਫਿਰ ਉਸ ਨੇ ਬਾਪੂ ਨੂੰ ਕਈ ਸਾਲ ਨਾ ਬੁਲਾਇਆ। ਉਹਨਾਂ ਦਿਨਾਂ 'ਚ ਉਹ ਇੰਦਰ ਨਾਲ ਪਿੰਡਾਂ ਵਿੱਚ ਡਰਾਮਿਆਂ ਦੀਆਂ ਸਟੇਜਾਂ 'ਤੇ ਬੋਲਦਾ ਸੀ। ਇਹਨਾਂ ਦਿਨਾਂ ਵਿੱਚ ਹੀ ਉਸ ਨੇ ਮਾਰਕਸੀ ਸਾਹਿਤ ਨੂੰ ਦਿਲ ਲਾ ਕੇ ਪੜ੍ਹਿਆ। ਹਰਨਾਮ ਸਟੇਜ ਦਾ ਧਨੀ ਹੋ ਗਿਆ ਸੀ। ਜਦੋਂ ਦਸ ਸਾਲਾਂ 'ਚ ਉਹ ਤਹਿਸੀਲ ਦੀ ਮੈਂਬਰੀ ਤੋਂ ਉੱਪਰ ਨਾ ਟੱਪਿਆ ਤਾਂ ਉਸਨੇ ਡੱਡੂ ਖੁਸ਼ੀ ਮਾਰੀ ਫਿਰ ਹਰਨਾਮ ਆਪਣੇ ਬਾਪੂ ਵਾਲੀ ਡੰਡੀ ਤੇ ਤੁਰ ਪਿਆ। ਇਲਾਕੇ 'ਚ ਉਹਦਾ ਚੰਗਾ ਨਾਂ ਸੀ। ਕਿਸੇ ਪਿੰਡ 'ਚ ਪਰੋਗਰਾਮ ਹੋਵੇ, ਸਟੇਜ ਉਸ ਕੋਲ ਹੁੰਦੀ। ਉਸ ਦਾ ਬਾਪੂ ਵੀ ਹੁਣ ਉਸ ਤੇ ਮਾਣ ਕਰਦਾ ਸੀ। ਜਮੀਤੇ ਦੇ ਮਿੱਤਰ ਮੇਲੀ ਉਸ ਨੂੰ ਆਖਦੇ, "ਜਮੀਤਿਆਂ ਤੂੰ ਤਾਂ ਰੂਲਾਂ ਅਸੂਲਾਂ 'ਚ ਰਹਿ ਗਿਆ। ਮੁੰਡਾ ਤੇਰਾ ਜ਼ਰੂਰ ਕੋਈ ਸੀਟ ਦੱਬਲੂ। ਪਰ ਹਰਨਾਮ ਕੋਲ ਨਾ ਤਾਂ ਜ਼ਮੀਨ ਸੀ, ਨਾ ਫੈਕਟਰੀ, ਉਹ ਤਾਂ ਵਰਕਰ ਸੀ। ਘਰਵਾਲੀ ਮਾਸਟਰਨੀ ਸੀ। ਉਹਦੀ ਤਨਖਾਹ ਨਾਲ ਈ ਘਰ ਚਲਦਾ ਸੀ।

ਆਖਰ ਦਸ ਕੁ ਸਾਲ ਗਿੱਟੇ ਭੰਨਾਉਣ ਤੋਂ ਬਾਅਦ ਉਸ ਨੂੰ ਪਾਰਟੀ ਦੇ ਇੱਕ ਵਿੰਗ ਦੀ ਸਕੱਤਰੀ ਮਿਲ ਗਈ। ਹੁਣ ਉਹਦਾ ਆਪਣਾ ਦਫ਼ਤਰ ਸੀ। ਇੱਥੇ ਹਰ ਰੋਜ਼ ਕੰਮਾਂ-ਕਾਰਾਂ ਵਾਲੇ ਚਾਰ ਬੰਦੇ ਆ ਜਾਂਦੇ ਸੀ।

ਇੱਕ ਦਿਨ ਫਿਰ ਹਰਨਾਮ ਮੈਨੂੰ ਬਸ ਸਟੈਂਡ ਦੇ ਨੇੜੇ ਮਿਲ ਗਿਆ। ਮੈਂ ਬੱਸ ਉਤਰ ਕੇ ਕਾਹਲੇ ਕਦਮੀਂ ਘਰ ਵੱਲ ਜਾ ਰਿਹਾ ਸੀ ਕਿ ਉਸ ਨੇ ਅਵਾਜ਼ ਮਾਰ ਲਈ।

"ਸੁਣਾ ਕੁਲਦੀਪ ਕੀ ਹਾਲ ਆ। ਆ ਜਾ ਅੱਜ ਦੋ ਘੜੀ-ਬੈਠਦੇ ਆ।" ਉਸ ਨੇ ਅੰਗਰੇਜ਼ੀ ਠੇਕੇ ਦੇ ਮਗਰ ਬਣੇ ਕੈਬਿਨ ਵੱਲ ਇਸ਼ਾਰਾ ਕੀਤਾ।

"ਪੈਟਰੋਲ ਬੜਾ ਮਹਿੰਗਾ ਹੋ ਗਿਆ ਮੇਰੇ ਆਰ। ਸਕੂਟਰ ਨੂੰ ਸਟੈਂਡ ਤੇ ਲਾਉਂਦਾ ਉਹ ਆਖ ਰਿਹਾ ਸੀ,

"ਬਾਪੂ ਤਕੜਾ ਸੀ ਸਾਇਕਲ ਤੇ ਕੱਢ ਗਿਆ ਸਾਰੀ ਉਮਰ, ਨਾ ਖ਼ਰਚ, ਨਾ ਖੇਚਲ। ਚੱਲ ਅੱਜ ਆਪਣੇ 'ਚ ਪਾਈਏ ਲਿਟਰ, ਸਕੂਟਰਾਂ ਚ ਤਾਂ ਪੈਂਦਾ ਈ ਰਹਿੰਦਾ।" ਕੁਰਸੀ ਉੱਤੇ ਬੈਠਦਾ ਉਹ ਖਿੜ-ਖਿੜ ਕਰ ਕੇ ਹੱਸਿਆ।

"ਕੀ ਗੱਲ ਅੱਜ ਕੋਈ ਸਾਮੀ ਟੇਰ ਲੀ ਹਰਨਾਮ।" ਮੈਂ ਉਹਦੇ ਰੰਗ-ਢੰਗ ਦੇਖਦਾ ਬੋਲਿਆ। ਅੱਜ ਉਸ ਦੀ ਹਰ ਗੱਲ ਦਾ ਅੰਦਾਜ਼ ਵੱਖਰਾ ਈ ਸੀ। ਚਿਹਰੇ ਤੋਂ ਹੀ ਅੰਦਰੋਂ ਉਹ ਖਿੜਿਆ-ਪੁੜਿਆ ਜਾਪਦਾ ਸੀ। ਉਹਦੇ ਬਾਪੂ ਦੇ ਭੋਗ ਤੋਂ ਬਾਅਦ ਅਸੀਂ ਅੱਜ ਦੂਜੀ ਵਾਰ ਮਿਲੇ ਸਾਂ। ਉਸ ਦੇ ਬਾਪੂ ਨੇ ਵਿਦਾ ਹੋਣ ਤੋਂ ਮਹੀਨਾ ਕੁ ਪਹਿਲਾਂ ਜਿਹੜੀਆਂ ਗੱਲਾਂ ਹਰਨਾਮ ਨੂੰ ਦੱਸਿਆਂ ਸਨ, ਉਹ ਸੁਣ ਕੇ ਉਹ ਬਿਲਕੁਲ ਹੀ ਬਦਲ ਗਿਆ ਸੀ। ਆਪਣੀ ਇੰਟਰਵੀਊ ਵਾਲੀ ਗੱਲ ਦਾ ਰਾਜ ਦੱਸਦਿਆਂ ਤਾਂ ਉਹ ਸੱਚਮੁੱਚ ਨਿਰਾਸ਼ ਹੋ ਗਿਆ ਸੀ। ਉਹ ਦੀਆਂ ਭਰ ਭਰ ਡੁੱਲ੍ਹਦੀਆਂ ਅੱਖਾਂ ਮੈਨੂੰ ਹੁਣ ਵੀ ਦਿਸ ਰਹੀਆਂ ਸਨ।

ਮੈਂ ਤਾਂ ਯਾਰ ਬਾਪੂ ਨਾਲ ਐਵੇਂ ਗੁੱਸਾ ਕਰੀ ਬੈਠਾ ਰਿਹਾ। ਮੇਰੀ ਇੰਟਰਵੀਊ ਵੇਲੇ ਬਾਪੂ ਮੁੱਖ ਮੰਤਰੀ ਕੋਲ ਗਿਆ ਸੀ। ਏਸੇ ਕਰ ਕੇ ਉਹ ਅੰਦਰੋਂ ਅੰਦਰ ਪਾਰਟੀ ਤੋਂ ਨਿਰਾਸ਼ ਸੀ। ਜਦੋਂ ਬਾਪੂ ਸੀ. ਐਮ. ਦੀ ਕੋਠੀ ਗਿਆ ਉੱਥੇ ਲੋਕ ਬਰੀਫ਼ ਕੇਸ ਲਈ ਬੈਠੇ ਸਨ। ਬਾਪੂ ਕੋਲ ਕੀ ਸੀ, ਪੱਗ ਜਾਂ ਖੂੰਡੀ। ਬਾਪੂ ਇਸ ਗੱਲ ਨੂੰ ਅੰਦਰ ਰੱਖੀ ਘੁਲਦਾ ਰਿਹਾ। ਤੇ ਬਸ... ।" ਹਰਨਾਮ ਦੀ ਦੱਸੀ ਇਹ ਗੱਲ ਮੇਰੇ ਮਨ 'ਚੋਂ ਨਿਕਲਦੀ ਨਹੀਂ ਸੀ। ਬੰਦਾ ਕੀ ਕੁਝ ਮਨ ਵਿੱਚ ਲੈ ਕੇ ਜਿਉਂਦਾ, ਜਿਵੇਂ ਰੁੱਖਾਂ ਅੰਦਰ ਅੱਗ ਨੀ ਦਿਸਦੀ ਏਮੇ ਬੰਦਾ ਜਵਾਲਾਮੁੱਖੀ ਸਮੋ ਲੈਂਦਾ ਅੰਦਰ। ਮੇਰੀਆਂ ਸੋਚਾਂ ਦੀ ਲੜੀ ਟੁੱਟ ਗਈ। ਹਰਨਾਮ ਨੇ ਅਧੀਆਂ ਮੇਜ਼ ਤੇ ਰੱਖ ਕੇ 'ਭੇਜੀ ਬਈ ਪਾਈਆ' ਮੱਛੀ ਦੇ ਪਕੌੜਿਆਂ ਵਾਲੇ ਨੂੰ ਆਵਾਜ਼ ਲਗਾਈ ਸੀ।

"ਕੁਲਦੀਪ ਤੂੰ ਸੋਚਦਾਂ ਬਹੁਤ ਆਂ।" ਅਧੀਏ ਦਾ ਡੱਟ ਮਰੋੜ ਕੇ ਗਲਾਸਾਂ ਨੂੰ ਥਾਂ ਸਿਰ ਰੱਖਦਿਆਂ ਬੋਲਿਆ। "ਜ਼ਿਲ੍ਹਾ ਬਣਨ ਦਾ ਸਾਨੂੰ ਵੀ ਫੈਦਾ ਹੋਇਆ ਬਈ। ਅੱਜ ਜ਼ਿਲ੍ਹਾ ਪ੍ਰਧਾਨਗੀ ਦਾ ਇੱਕ ਕੈਂਡੀਡੇਟ ਆ ਗਿਆ। ਕਹਿੰਦਾ ਹਰਨਾਮ ਤੇਰੇ ਫ਼ੋਨ 'ਤੇ ਟਰਨ-ਟਰਨ ਤੋਂ ਬਾਅਦ ਗੱਲ ਈ ਨੀ ਠੀਕ ਤਰ੍ਹਾਂ ਸੁਣਦੀ। ਤੇ ਆਹ ਲਾਈਫ਼ ਟਾਈਮ ਵਾਲਾ ਨਵਾਂ ਫੜਾ ਗਿਆ। ਆਪਣੀ ਮੌਜ ਬਣਗੀ।" ਉਸ ਨੇ ਚਿੱਟੀ ਵਾਸਕਿਟ ਦੀ ਜੇਬ ਓ. ਕੇ. ਕਰ ਲਿਆ। "ਹਾਂ ਆ ਜਾਓ। ਨੌਂ ਕੁ ਵਜੇ ਤੱਕ ਤਾਂ ਘਰ ਈ ਮਿਲੂੰ... ਫੇਰ ਦਫ਼ਤਰ, ਕਰਵਾ ਦਿਆਂਗੇ... ਹੋਜੂ... ਹੋਜੂ ।" ਉਸ ਨੇ ਫ਼ੋਨ ਬੰਦ ਕੀਤਾ ਤੇ ਗਲਾਸ ਚੁੱਕ ਕੇ ਮੂੰਹ ਨੂੰ ਲਾ ਲਿਆ

"ਨਿਆਣੇ ਵੀ ਵਿਆਹੁਣੇ ਆਂ ਮੇਰੇ ਆਰ... ਕਬੀਲਦਾਰੀ ਕਰਨ ਆਲੀ ਪਈ ਆ ਸਾਰੀ। ਹੁਣ ਬਾਪੂ ਆਂਗੂ ਚਾਂਦੀ ਦੇ ਇੱਕ ਰੁਪੈਈਏ ਨਾਲ ਤਾਂ ਸਰਨਾ ਨੀ ਕੁੜੀ ਦੇ ਵਿਆਹ ਨੂੰ।" ਉਸ ਦੇ ਚਿਹਰੇ 'ਤੇ ਮੁਸਕਰਾਹਟ ਸੀ।

"ਤਾਏ ਦਾ ਤਾਂ ਅੰਤ ਨੀ ਸੀ। ਉਹ ਤਾਂ ਅਗਲੇ ਦਾ ਵੀ ਬੱਸ ਦਾ ਕਿਰਾਇਆ ਵੀ ਆਪ ਲਾ ਦਿੰਦਾ ਸੀ ਪੱਲਿਓਂ।'

"ਕੁਲਦੀਪ ਤਾਈਓਂ ਬਾਪੂ ਦੇ ਮੰਜੇ ਦੀ ਦੌਣ ਤੇ ਬਹਿ ਕੇ ਬੂਟਾ ਦਾਅ-ਪੇਚ ਸਿੱਖ ਗਿਆ। ਪਹਿਲਾਂ ਸਰਪੰਚ ਫੇਰ ਬਾਪੂ ਨੇ ਕਹਿ ਕਹਾ ਕੇ ਟਿਕਟ ਦਿਵਾ ਤੀ। ਦੇਖ ਲਾ ਇੱਕੋ ਟਰਮ 'ਚ ਦੋ ਸ਼ੋਅ ਰੂਮ ਖੜੇ ਕਰਤੇ। ਫਿਰ ਵੀ ਅੰਦਰੋਂ ਫ਼ਰਕ ਰੱਖਦਾ ਸੀ... ਮੇਰਾ ਸਾਲਾ, ਤਾਈਓਂ ਬਾਪੂ ਦੇ ਭੋਗ ਤੇ ਨੀ ਆਇਆ।" ਗੱਲ ਕਰ ਕੇ ਹਰਨਾਮ ਦਾ ਗੱਚ ਭਰ ਆਇਆ ਸੀ।

ਮੈਂ ਉਸ ਦੇ ਮੋਢੇ ਤੇ ਹੱਥ ਰੱਖ ਕੇ ਉਸ ਨੂੰ ਧੀਰ ਬੰਨ੍ਹਾਉਂਦਿਆਂ ਕਿਹਾ, ਊਂਯਾਰ ਸਾਨੂੰ ਕਿਹੜਾ ਜ਼ਮੀਨ-ਜਾਇਦਾਦ ਦਾ ਆਸਰਾ... ਆਹੀ ਦੋ ਬੋਲ ਹੁੰਦੇ ਆ।" ਮੈਂ ਹਰਨਾਮ ਦੇ ਦਰਦ ਦੀ ਤਸਵੀਰ ਉਸ ਦੀਆਂ ਅੱਖਾਂ 'ਚ ਛਲਕਦੇ ਸਮੁੰਦਰ ਚੋਂ ਤੱਕ ਰਿਹਾ ਸਾਂ।

ਅੱਜ ਹਰਨਾਮ ਦਾ ਸਕੂਟਰ ਪਹਿਲੀ ਕਿੱਕ ਵਿੱਚ ਹੀ ਸਟਾਰਟ ਹੋ ਗਿਆ।

"ਹੁਣ ਨੀ ਉਹ ਗੱਲ... ਭਰਿਆ ਹੋਇਆ।" ਆਖਦਾ ਉਹ ਖੁੱਲ੍ਹ ਕੇ ਹੱਸਿਆ। ਉਸ ਦੇ ਹਾਸੇ 'ਚ ਮੇਰਾ ਹਾਸਾ ਵੀ ਸ਼ਾਮਲ ਸੀ। ਪਰ ਮੇਰੇ ਸਾਹਮਣੇ ਕਦੇ ਤਾਏ ਦਾ ਚਿਹਰਾ ਆ ਜਾਂਦਾ ਕਦੇ ਹਰਨਾਮ ਦਾ ਤੇ ਕਦੇ ਦੋਵੇਂ ਰਲ-ਗੱਡ ਹੋ ਜਾਂਦੇ। ਮੈਨੂੰ ਜਾਪਿਆ। ਇਹ ਸਾਰਾ ਸੰਸਾਰ ਹੀ ਆਪਸ-ਵਿੱਚ ਦੁਆਨੀ ਚੁਆਨੀ ਦੀ ਖੇਡ, ਖੇਡ ਰਿਹਾ ਹੈ।

ਪਤਾ : 627-ਐਫ, ਸੈਕਟਰ 68, ਮੁਹਾਲੀ-62

ਹਿੰਦੀ ਕਹਾਣੀ / **ਪਾੱਲ ਗੋਮਰਾ ਦਾ ਸਕੂਟਰ** / ਉਦੈ ਪ੍ਰਕਾਸ਼

ਅਨੁਵਾਦ: ਭਜਨਬੀਰ ਸਿੰਘ

ਹਿੰਦੀ ਕਵੀ ਪਾੱਲ ਗੋਮਰਾ ਨੇ ਸਕੂਟਰ ਖ਼ਰੀਦਣ ਦਾ ਫ਼ੈਸਲਾ ਕੀਤਾ। ਇਹ ਅਜੇ ਸਾਲ ਦੋ ਸਾਲ ਪਹਿਲਾਂ ਦੀ ਗੱਲ ਹੈ। ਉਹ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਦੀ ਕਵੀ ਨਗਰ ਨਾਂ ਦੀ ਕਲੋਨੀ ਵਿੱਚ ਰਹਿੰਦੇ ਸਨ ਅਤੇ ਦਿੱਲੀ ਦੇ ਆਈ.ਟੀ.ਓ. ਪੁਲ ਦੇ ਕੋਲ ਬਹਾਦਰ ਸ਼ਾਹ ਜ਼ਫ਼ਰ ਮਾਰਗ ਤੇ ਸਥਿਤ ਇੱਕ ਰਾਸ਼ਟਰੀ ਦੈਨਿਕ ਦੇ ਦਫ਼ਤਰ ਵਿੱਚ ਕੰਮ ਕਰਦੇ ਸਨ। ਉਨ੍ਹਾਂ ਦੀ ਉਮਰ ਪੰਜਤਾਲੀ ਪਾਰ ਕਰ ਰਹੀ ਸੀ। ਭਾਰ ਪਿਛਲੇ ਚਾਰ ਪੰਜ ਸਾਲਾਂ ਤੋਂ ਅਚਾਨਕ ਵਧ ਗਿਆ ਸੀ। ਲੱਕ ਦੇ ਦੁਆਲੇ ਗਰਦਨ ਅਤੇ ਮੋਢਿਆਂ ਤੇ ਚਰਬੀ ਜਮ੍ਹਾਂ ਹੋ ਗਈ ਸੀ। ਢਿੱਡ ਬਾਹਰ ਨਿਕਲ ਆਇਆ ਸੀ, ਜਿਸ ਨੂੰ ਉਹ 'ਫ਼ਰਾਡ' ਮੰਨਦੇ ਸਨ ਕਿਉਂਕਿ ਉਨ੍ਹਾਂ ਦੀ ਖ਼ੁਰਾਕ ਸੱਚਮੁੱਚ ਹੀ ਬਹੁਤ ਘੱਟ ਸੀ। ਮੱਖਣ, ਦੁੱਧ, ਮੀਟ, ਆਈਸਕਰੀਮ, ਚਾਕਲੇਟ ਆਦਿ ਫ਼ੈਟ ਪੈਦਾ ਕਰਨ ਵਾਲੀਆਂ ਚੀਜ਼ਾਂ ਉਹ ਨਹੀਂ ਸਨ ਖਾਂਦੇ। ਰੋਟੀ ਅਤੇ ਆਲੂ ਉਨ੍ਹਾਂ ਦਾ ਨਿਯਮਿਤ ਲੰਚ ਸੀ। ਇਸ ਦੇ ਬਾਵਜੂਦ ਉਹ ਮੋਟੇ, ਗੋਲ ਅਤੇ ਗੰਜੇ ਹੋ ਰਹੇ ਸਨ।

ਪਾੱਲ ਗੋਮਰਾ ਕਵੀ ਸਨ, ਹਿੰਦੀ ਭਾਸ਼ਾ ਦੇ ਕਵੀ। ਉਨ੍ਹਾਂ ਦੇ ਨਾਂ ਤੋਂ ਜ਼ਰੂਰ ਅਜਿਹਾ ਲੱਗਦਾ ਸੀ ਕਿ ਲਾਤੀਨੀ ਅਮਰੀਕਾ ਜਾਂ ਕਿਸੇ ਫ਼ਰਾਂਸੀਸੀ ਦੇਸ਼ ਦੇ ਕਵੀ ਹੋਣਗੇ। ਜਾਂ ਫ਼ਿਰ ਰੇਮੋਫ਼ਰਨਾਡੀਜ਼, ਨਤਾਸ਼ਾ ਅਲਬਰੁੱਕ, ਅਪਾਚੀ ਇੰਡੀਅਨ ਵਾਂਗੂ ਉਨ੍ਹਾਂ ਦਾ ਪੁਸ਼ਤੈਨੀ ਜੈਵਿਕ ਸੂਤਰ ਦੂਰ ਅਤੀਤ ਵਿੱਚ ਕਿਸੇ ਅਪ੍ਰਵਾਸੀ ਜਾਤੀ ਦੀ ਨਸਲ ਨਾਲ ਜੁੜਿਆ ਹੋਵੇਗਾ। ਪ੍ਰੰਤੂ ਤੱਥ ਇਹ ਨਹੀਂ ਸੀ। ਜਦ ਆਪਣਾ ਨਾਂ ਉਹ ਕਿਸੇ ਨੂੰ ਦੱਸਦੇ ਤਾਂ ਉਹ ਦੇਰ ਤੱਕ ਉਨ੍ਹਾਂ ਨੂੰ ਦੇਖਦਾ- ਇਹ ਸੋਚਦਿਆਂ ਹੋਇਆਂ ਕਿ ਜਿਵੇਂ ਆਲੂ, ਤਮਾਕੂ, ਮਿਰਚ ਜਾਂ ਅਮਰੂਦ ਬਰਾਜ਼ੀਲ ਅਤੇ ਪੀਰੂ ਤੋਂ ਪੁਰਤਗਾਲੀਆਂ ਦੀ ਬਦੌਲਤ ਭਾਰਤ ਤੱਕ ਪਹੁੰਚੇ ਅਤੇ ਇੱਥੋਂ ਦੀ ਮਿੱਟੀ ਅਤੇ ਜਲਵਾਯੂ ਨੇ ਉਨ੍ਹਾਂ ਨੂੰ ਆਪਣਾ ਬਣਾ ਲਿਆ, ਉਸੇ ਤਰ੍ਹਾਂ ਪਾੱਲ ਗੋਮਰਾ ਦੇ ਜੈਵਿਕ ਸੂਤਰ ਵੀ ਦੱਖਣੀ ਅਫ਼ਰੀਕਾ ਜਾਂ ਕਿਊਬਾ ਤੋਂ ਉਨ੍ਹਾਂ ਦੇ ਅਗਿਆਤ ਪੁਰਖਿਆਂ ਦੇ ਨਾਲ ਤੁਰ ਕੇ ਇੱਥੋਂ ਤੱਕ ਪਹੁੰਚੇ ਹੋਣਗੇ ਅਤੇ ਅੰਤ ਰਾਜਧਾਨੀ ਦਿੱਲੀ ਦੀ ਸਰਹੱਦ ਤੇ ਗਾਜ਼ੀਆਬਾਦ ਨਾਮਕ ਸ਼ਹਿਰ ਵਿੱਚ ਸਥਾਈ ਰੂਪ ਵਿੱਚ ਅਬਾਦ ਹੋ ਗਏ ਹੋਣਗੇ ਜਾਂ ਕੀ ਪਤਾ, ਉਹ ਪੱਛਮ ਤੋਂ ਨਹੀਂ ਬਲਕਿ ਨਾਰੀਅਲ ਵਾਂਗੂ ਦੱਖਣ ਪੂਰਬ ਵੱਲੋਂ ਆਏ ਹੋਣ। ਮਲੇਸ਼ੀਆ, ਇੰਡੋਨੇਸ਼ੀਆ ਜਾਂ ਜਾਵਾ ਸੁਮਾਟਰਾ ਤੋਂ। ਜਾਂ ਫ਼ਿਰ ਹੋ ਸਕਦਾ ਹੈ ਉਹ ਕਾਗਜ਼ ਵਾਂਗੂੰ ਚੀਨ ਤੋਂ ਤੁਰਕੀ-ਈਰਾਨ ਹੁੰਦੇ ਹੋਏ ਭਾਰਤ ਪਹੁੰਚੇ ਹੋਣ। ਇਹ ਸੰਭਾਵਨਾ ਵੀ ਸੀ ਕਿ ਉਹ ਕਿਤੇ ਹੋਰ ਪੈਦਾ ਹੋ ਕੇ ਕਿਸੇ ਹੋਰ ਰਸਤਿਓਂ ਹੁੰਦੇ ਹੋਏ ਕਵੀ ਨਗਰ, ਗਾਜ਼ੀਆਬਾਦ ਤੱਕ ਪਹੁੰਚੇ ਹੋਣ।

"ਤੁਹਾਡੀ ਓਰੀਜ਼ਨ ਕੀ ਹੈ? ਮਤਲਬ, ਤੁਹਾਡੇ ਪੂਰਵਜ ਕਿੱਥੋਂ ਇੱਥੇ ਆਏ? ਉਨ੍ਹਾਂ ਤੋਂ ਅਕਸਰ ਪੁੱਛਿਆ ਜਾਂਦਾ, ਸ਼ਕਲ ਤੋਂ ਤਾਂ ਤੁਸੀਂ ਵਿਦੇਸ਼ੀ ਨਹੀਂ ਲਗਦੇ?"

"ਮੈਂ ਹੂਣ ਹਾਂ!" ਪਾੱਲ ਗੋਮਰਾ ਕਹਿੰਦੇ, ਫ਼ਿਰ ਹੱਸਦੇ। ਫ਼ਿਰ ਥੋੜ੍ਹੀ ਦੇਰ ਰੁਕ ਕੇ ਉਹ ਪ੍ਰਸ਼ਨ ਕਰਨ ਵਾਲੇ ਨੂੰ ਪੁੱਛਦੇ, "ਕੀ ਤੁਸੀਂ ਦੱਸ ਸਕਦੇ ਹੋ ਕਿ ਆਂਡਾ ਭਾਰਤ ਵਿਚ ਕਿਸ ਈਸਵੀ ਸੰਨ ਵਿੱਚ ਆਇਆ। ਇਸਨੂੰ ਤੁਰਕ-ਮੁਗ਼ਲ ਲੈ ਕੇ ਆਏ ਜਾਂ ਡੱਚ, ਅੰਗ੍ਰੇਜ਼, ਪੁਰਤਗਾਲੀ?"

ਉਹ ਸਾਹਮਣੇ ਵਾਲੇ ਦੀ ਪਰੇਸ਼ਾਨੀ ਦਾ ਜ਼ਾਇਜ਼ਾ ਲੈਂਦੇ ਫ਼ਿਰ ਗੰਭੀਰਤਾ ਦੇ ਨਾਲ ਕਹਿੰਦੇ, "ਮਸ਼ਹੂਰ ਇਤਿਹਾਸਕਾਰ ਫ਼ਾਂਸਵਾ ਬਨੀਅਰ ਅਤੇ ਆਰ. ਪਾਮਦੱਤ ਦੇ ਅਨੁਸਾਰ 1498 ਈਸਵੀ ਵਿੱਚ ਦੱਖਣ ਵਿੱਚ ਮਲਾਬਾਰ ਸਮੁੰਦਰੀ ਤੱਟ ਤੇ ਵਾਸਕੋਡੀਗਾਮਾ ਦੇ ਨਾਲ ਆਉਣ ਵਾਲਾ ਪੁਰਤਗਾਲੀ ਬਨਸਪਤੀ ਸ਼ਾਸਤਰੀ ਗਾਰਸੀਆ ਦਾ ਓਰਤਾ ਪਹਿਲੀ ਵਾਰ ਆਂਡਾ ਲੈ ਕੇ ਹੋਂਡੂਰਾਮ ਤੋਂ ਭਾਰਤ ਆਇਆ। ਇਸ ਤੋਂ ਪਹਿਲਾਂ ਭਾਰਤੀ ਚਿੜੀਆ ਆਂਡੇ ਦੇਣੇ ਨਹੀਂ ਸਨ ਜਾਣਦੀਆਂ।

ਅਸਲੀਅਤ ਇਹ ਸੀ ਕਿ ਪਾੱਲ ਗੋਮਰਾ ਤਾਂ ਜਨਮਜਾਤ ਉੱਤਰ ਪ੍ਰਦੇਸ਼ ਦੇ ਸਨ, ਜਿਵੇਂ ਕਿ ਹਿੰਦੀ ਦੇ ਹੀ ਇੱਕ ਕਵੀ ਸਵਰਗਵਾਸੀ ਧੂਮਲ ਨੇ ਆਪਣੀ ਇੱਕ ਕਵਿਤਾ ਵਿੱਚ ਲਿਖਿਆ ਸੀ, "ਮੈਂ ਭਾਸ਼ਾ ਮੇਂ

ਭਦੇਸ ਹੂੰ, ਇਤਨਾ ਕਾਇਰ ਹੂੰ ਕਿ ਉੱਤਰ ਪ੍ਰਦੇਸ਼ ਹੂੰ" ਤਾਂ ਕਵੀ ਪਾੱਲ ਗੋਮਰਾ ਵੀ ਕਾਫ਼ੀ ਭਦੇਸ ਸਨ। ਅਰਹਰ ਦੀ ਦਾਲ, ਚੌਲ, ਚੋਖਾ, ਅੰਬ ਦਾ ਅਚਾਰ, ਕੜੀ, ਧਨੀਏ ਦੀ ਚਟਨੀ ਵਰਗੀਆਂ ਚੀਜ਼ਾਂ ਵਿੱਚ ਉਨ੍ਹਾਂ ਦੇ ਪ੍ਰਾਣ ਵੱਸਦੇ ਸਨ। ਉਹ ਕਾਇਰ ਵੀ ਸਨ, ਕਿਉਂਕਿ ਤਮਾਮ ਜ਼ਲਾਲਤ ਦੇ ਬਾਵਜੂਦ ਪਿਛਲੇ ਕਈ ਸਾਲਾਂ ਤੋਂ ਉਸੇ ਦਫ਼ਤਰ ਵਿੱਚ ਨੌਕਰੀ ਕਰੀ ਜਾ ਰਹੇ ਸਨ ਜਿੱਥੇ ਨਾ ਕਦੇ ਉਨ੍ਹਾਂ ਨੂੰ ਕੋਈ ਪ੍ਰਮੋਸ਼ਨ ਮਿਲੀ ਸੀ ਨਾ ਇੱਜ਼ਤ।

ਆਪਣੇ ਸਿਧਾਂਤਾਂ ਅਤੇ ਵਿਚਾਰਾਂ ਵਿੱਚ ਉਹ ਕ੍ਰਾਂਤੀ ਅਤੇ ਸਮਾਜਿਕ ਪਰਿਵਰਤਨ ਦੇ ਪ੍ਰਬਲ ਸਮਰਥਕ ਸਨ ਪ੍ਰੰਤੂ ਨੌਕਰੀ ਦੇ ਮਾਮਲੇ ਵਿੱਚ ਉਹ ਸਟੇਟਸ-ਕੋ-ਇਟਸ਼ ਯਥਾ-ਸਥਿਤੀ-ਵਾਦੀ ਸਨ। ਕਦੇ-ਕਦੇ ਤਾਂ ਜਦ ਉਨ੍ਹਾਂ ਨੂੰ ਲੱਗਦਾ ਕਿ ਉਨ੍ਹਾਂ ਦੀ ਨੌਕਰੀ ਤੇ ਕੋਈ ਆਫ਼ਤ ਆਉਣ ਵਾਲੀ ਹੈ ਤਾਂ ਉਹ ਥਰ-ਥਰ ਕੰਬਦੇ। ਅੰਨ-ਜਲ ਦਾ ਤਿਆਗ ਕਰ ਦਿੰਦੇ। ਮੌਨ-ਵਰਤ ਧਾਰਨ ਕਰ ਲੈਂਦੇ। ਇੱਕ ਵਾਰ ਅਜਿਹੀ ਹੀ ਸਥਿਤੀ ਵਿੱਚ ਉਨ੍ਹਾਂ ਨੂੰ ਦਿਲ ਦਾ ਪਹਿਲਾ 'ਹਲਕਾ ਹਮਲਾ' (ਮਾਈਨਰ ਹਾਰਟ ਅਟੈਕ) ਹੋ ਚੁੱਕਾ ਸੀ। ਇੱਕ ਵਾਰ ਤਾਂ ਉਹ ਨੌਕਰੀ ਛੁੱਟ ਜਾਣ ਦੇ ਡਰ ਵਿੱਚ, ਗਾਜ਼ੀਆਬਾਦ ਤੋਂ ਮੇਰਠ ਜਾਣ ਵਾਲੀ ਸੜਕ ਦੇ ਨੇੜੇ, ਬਾਰ੍ਹਾਂ ਫੁੱਟ ਗਹਿਰੇ ਟੋਏ ਵਿੱਚ, ਅੱਧੀ ਰਾਤ, ਆਪਣੇ-ਆਪ ਨਾਲ ਗੱਲਾਂ ਕਰਦੇ ਹੋਏ ਟੋਏ ਦੇ ਸਾਹਮਣੇ ਗਿੜਗਿੜਾਉਂਦੇ ਹੋਏ ਮਿਲੇ।

ਅਜਿਹਾ ਨਹੀਂ ਸੀ ਕਿ ਉਹ ਨਕਾਰਾ ਜਾਂ ਅਯੋਗ ਸਨ। ਉਹ ਸਖ਼ਤ-ਮਿਹਨਤੀ ਸਨ। ਪਰੂਫ਼ਰੀਡਿੰਗ, ਸਬਿੰਗ ਅਤੇ ਲੇ-ਆਊਟ ਦਾ ਕੰਮ ਭੂਤ ਵਾਂਗੂ ਕਰਦੇ ਸਨ। ਇਤਿਹਾਸ ਦੀ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਸੀ। ਪ੍ਰੰਤੂ ਵਰਤਮਾਨ ਉਨ੍ਹਾਂ ਦੀ ਸਮਝ ਵਿੱਚ ਨਹੀਂ ਸੀ ਆਉਂਦਾ। ਬਹੁਤ ਕੋਸ਼ਿਸ਼ ਕਰ ਕੇ ਇਕਾਗਰ ਚਿੱਤ ਹੋ ਕੇ ਕਦੇ-ਕਦਾਈਂ ਉਹ ਵਰਤਮਾਨ ਨੂੰ ਸਮਝਣ ਦਾ ਯਤਨ ਕਰਦੇ, ਤਦ ਤੱਕ ਇਹ ਬਦਲ ਜਾਂਦਾ ਸੀ। ਖ਼ਾਸ ਤੌਰ ਤੇ ਪਿਛਲੇ ਦਸ ਸਾਲਾਂ ਵਿੱਚ ਤਾਂ ਦੇਖਦਿਆਂ-ਦੇਖਦਿਆਂ ਪੂਰੀ ਦੁਨੀਆਂ ਹੀ ਬਦਲ ਗਈ ਸੀ। ਉਨ੍ਹਾਂ ਦਾ ਅਖ਼ਬਾਰ ਮੋਨੋਪ੍ਰਿੰਟਿੰਗ ਦੇ ਇਤਿਹਾਸ ਤੋਂ ਨਿਕਲ ਕੇ, ਫ਼ੋਟੋ ਕੰਪੋਜ਼ਿੰਗ ਤੋਂ ਹੁੰਦਾ ਹੋਇਆ ਹੁਣ ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਹੋ ਚੁੱਕਾ ਸੀ। ਸੇਟੇਲਾਈਟ ਪ੍ਰੇਖਣ ਨਾਲ ਪੰਨਿਆਂ ਦੇ ਪੰਨੇ ਪਲਕ ਝਪਕਦਿਆਂ ਦਿੱਲੀ ਤੋਂ ਬੰਬਈ ਅਤੇ ਅਹਿਮਦਾਬਾਦ ਪਹੁੰਚ ਜਾਂਦੇ। ਮੋਟੇ ਲੈਂਨਜ਼ ਦੀ ਐਨਕ ਅੱਖਾਂ ਤੇ ਚੜ੍ਹਾਈ, ਚਿਮਟੀ ਨਾਲ ਟਾਈਪ ਫ਼ੇਸ ਚੁਣ-ਚੁਣ ਕੇ ਇੱਕ-ਇੱਕ ਅੱਖਰ, ਮਾਤਰਾ ਅਤੇ ਸ਼ਬਦ ਬਣਾਉਂਦੇ, ਬੀੜੀ ਫੂਕਦੇ, ਜ਼ਰਦਾ ਮਲਦੇ ਬੁੱਢੇ ਕੰਪੋਜ਼ੀਟਰਸ ਹੁਣ ਨਹੀਂ ਸਨ ਰਹਿ ਗਏ। ਉਨ੍ਹਾਂ ਦੇ ਨਾਲ ਹੀ "ਜੋ ਹਮ-ਸੇ ਟਕਰਾਏਗਾ ਚੂਰ-ਚੂਰ ਹੋ ਜਾਏਗਾ", "ਲਾਲ ਕਿਲੇ ਤੇ ਲਾਲ ਨਿਸ਼ਾਨ, ਮਾਂਗ ਰਹਾ ਹੈ ਹਿੰਦੋਸਤਾਨ!" ਵਰਗੇ ਨਾਰੇ, ਯੂਨੀਅਨਬਾਜ਼ੀ, ਦਾਰੂਬਾਜ਼ੀ, ਠਹਾਕੇ ਅਤੇ ਸਾਰੀ ਮਸਤੀ ਗਾਇਬ ਹੋ ਗਈ ਸੀ। ਉਨ੍ਹਾਂ ਦੀ ਥਾਂ ਤੇ ਹੁਣ ਸਕੂਟਰ ਅਤੇ ਲੇਜ਼ਰ ਪ੍ਰਿੰਟਰ ਤੇ ਬਹਿਣ ਵਾਲੇ, ਜੀਨਸ-ਵੀਅਰ ਵਾਲੇ ਫ਼ੋਰ ਫ਼ਿੱਗਰ ਸੈਲਰੀ ਦੇ ਉੱਤਰ ਆਧੁਨਿਕ ਕੰਪੋਜ਼ੀਟਰਸ ਆ ਚੁੱਕੇ ਸਨ।

ਦੂਜੇ ਯੁੱਗ ਦੇ ਇਸ ਉਥਲ-ਪੁਥਲ ਭਰੇ ਕਿਨਾਰੇ ਤੇ ਖੜ੍ਹੇ ਹਿੰਦੀ ਕਵੀ ਪਾੱਲ ਗੋਮਰਾ ਹੈਰਾਨ-ਪਰੇਸ਼ਾਨ ਸਨ। ਯੂਗੋਸਲਾਵੀਆ, ਜਰਮਨ-ਜਨਵਾਸੀ ਗਣਰਾਜ, ਸੋਵੀਅਤ ਸੰਘ ਵਰਗੇ ਵਿਸ਼ਾਲ ਰਾਸ਼ਟਰ ਅਤੇ ਸੁਪਰ ਪਾਵਰਜ਼ ਪ੍ਰਿਥਵੀ ਦੇ ਰਾਜਨੀਤਿਕ ਨਕਸ਼ੇ ਤੋਂ ਬਿਲਕੁੱਲ ਅਲੋਪ ਹੋ ਚੁੱਕੇ ਸਨ। ਸਮਾਜਵਾਦ ਦਾ ਯੂਰਪ ਤੋਂ ਸਫ਼ਾਇਆ ਹੋ ਚੁੱਕਾ ਸੀ ਅਤੇ ਲੋਕ ਬੇਸਬਰੀ ਨਾਲ ਤੀਜੀ ਦੁਨੀਆਂ ਤੋਂ ਉਸ ਦੇ ਗਾਇਬ ਹੋ ਜਾਣ ਦੀ ਉਡੀਕ ਕਰ ਰਹੇ ਸਨ। ਗੱਲ ਜੇ ਇੰਨੀ ਹੀ ਹੁੰਦੀ ਤਾਂ ਪਾੱਲ ਗੋਮਰਾ ਨੂੰ ਇੰਨੀ ਚਿੰਤਾ ਨਾ ਹੁੰਦੀ। ਉਹ ਇਹ ਦੇਖ ਰਹੇ ਸਨ ਕਿ ਜ਼ਿੰਨੀ ਤੇਜ਼ੀ ਨਾਲ ਦਿੱਲੀ ਤੋਂ ਨਿਕਲਣ ਵਾਲੇ ਹਿੰਦੀ ਦੇ ਅਖ਼ਬਾਰ ਅਤੇ ਪੱਤਰਕਾਵਾਂ ਸਾਫ਼ ਹੋ ਰਹੇ ਸਨ। ਇਨ੍ਹਾਂ ਦੋਵਾਂ ਦੇ ਵਿੱਚ ਕੀ 'ਕੁਨੈਕਸ਼ਨ' ਹੈ, ਇਹ ਉਨ੍ਹਾਂ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ।

ਬਜ਼ਾਰ ਹੁਣ ਸਭ ਚੀਜ਼ਾਂ ਦਾ ਵਿਕਲਪ ਬਣ ਚੁੱਕਾ ਸੀ। ਸ਼ਹਿਰ, ਪਿੰਡ, ਕਸਬੇ ਬੜੀ ਤੇਜ਼ੀ ਨਾਲ ਬਜ਼ਾਰ ਵਿੱਚ ਬਦਲ ਰਹੇ ਸਨ। ਹਰ ਘਰ ਦੁਕਾਨ ਵਿੱਚ ਤਬਦੀਲ ਹੋ ਰਿਹਾ ਸੀ। ਪਿਉ ਆਪਣੇ ਪੁੱਤਰ ਨੂੰ ਇਸ ਲਈ ਘਰੋਂ ਕੱਢ ਕੇ ਭਜਾ ਰਿਹਾ ਸੀ, ਕਿ ਉਹ ਬਾਜ਼ਾਰ ਵਿੱਚ ਕਿਤੇ ਫ਼ਿੱਟ ਨਹੀਂ ਸੀ ਬਹਿ ਰਿਹਾ। ਪਤਨੀਆਂ ਆਪਣੇ ਪਤੀਆਂ ਨੂੰ ਛੱਡ-ਛੱਡ ਕੇ ਭੱਜ ਰਹੀਆਂ ਸਨ ਕਿਉਂਕਿ ਬਜ਼ਾਰ ਵਿੱਚ ਉਹਨਾਂ ਦੇ

ਪਤੀਆਂ ਦੀ ਕੋਈ ਖਾਸ ਮੰਗ ਨਹੀਂ ਸੀ। ਔਰਤ ਵਿਕਾਊ ਅਤੇ ਮਰਦ ਕਮਾਊ ਦਾ ਮਹਾਨ ਚਕਾਚਕ ਯੁੱਗ ਆ ਗਿਆ ਸੀ।

ਅਜੇ ਅੱਠ ਮਹੀਨੇ ਪਹਿਲਾਂ ਕਿਸ਼ਨ ਗੰਜ ਦੇ ਜਨਤਾ ਫ਼ਲੈਟ ਵਿੱਚ ਰਹਿਣ ਵਾਲੀ, ਸਰ ਗੰਗਾਰਾਮ ਹਸਪਤਾਲ ਦੇ ਸਫ਼ਾਈ ਕਰਮਚਾਰੀ ਰਾਮ ਅਵਤਾਰ ਆਰੀਆਂ ਦੀ ਸਤਾਰ੍ਹਾਂ ਸਾਲਾਂ ਦੀ ਧੀ ਸੁਨੀਲਾ ਰਾਤੋ ਰਾਤ ਮਾਲਾ ਮਾਲ ਹੋ ਗਈ ਸੀ ਕਿਉਂਕਿ ਕਿਸੇ ਟੀ.ਵੀ. ਦੇ ਵਿਗਿਆਪਨ ਵਿੱਚ ਉਹ ਅੱਠ ਫੁੱਟ ਬਾਈ ਚਾਰ ਫੁੱਟ ਸਾਈਜ਼ ਦੇ ਵਿਸ਼ਾਲ ਬਲੇਡ ਦੇ ਮਾਡਲ ਤੇ ਨੰਗੀ ਸੌਂ ਗਈ ਸੀ। ਸੁਨੀਲਾ ਨੇ ਆਪਣੇ ਚਿਹਰੇ ਤੇ ਉਸ ਬਰਾਂਡ ਦੇ ਬਲੇਡ ਨਾਲ ਹੋਣ ਵਾਲੇ ਸ਼ੇਵਿੰਗ ਨਾਲ ਉਪਜਣ ਵਾਲੇ, ਚਿੜੀਆਂ ਦੇ ਪਰਾਂ ਦੀ ਛੋਹ ਜਿਹੇ ਸੁੱਖ ਅਤੇ ਅਨੰਦ ਦੀ ਇੰਤਹਾ ਦਾ ਦਸ ਸੈਕਿੰਡ ਦੇ ਅੰਦਰ-ਅੰਦਰ ਇਜ਼ਹਾਰ ਕਰਨਾ ਸੀ। ਇਹ ਕੰਮ ਆਪਣੇ ਚਿਹਰੇ ਦੇ ਕਲੋਜ਼ ਸ਼ਾਟ ਵਿੱਚ ਉਸ ਨੇ ਇੰਨੀ ਮਗਨਤਾ, ਕੁਸ਼ਲਤਾ ਅਤੇ ਭਾਵ ਨਿਪੁੰਨਤਾ ਦੇ ਨਾਲ ਕੀਤਾ ਸੀ ਕਿ ਦੇਸ਼ ਦੇ ਸਭ ਤੋਂ ਵੱਡੇ ਚਿੱਤਰਕਾਰ ਨੇ ਇੱਕ ਅੰਗ੍ਰੇਜ਼ੀ ਅਖ਼ਬਾਰ ਵਿੱਚ ਬਿਆਨ ਦਿੱਤਾ ਸੀ ਕਿ ਉਹ ਇੱਕ ਹਫ਼ਤੇ ਵਿੱਚ ਇਸ ਵਿਗਿਆਪਨ ਨੂੰ ਡੇਢ ਸੌ ਵਾਰ ਦੇਖ ਚੁੱਕੇ ਹਨ ਅਤੇ ਹੁਣ ਆਉਣ ਵਾਲੇ ਦੋ ਸਾਲਾਂ ਤੱਕ ਉਹ ਲਗਾਤਾਰ ਸੁਨੀਲਾ ਦੇ ਨਿਊਡ'ਜ਼ ਹੀ ਬਣਾਉਣਗੇ।

ਇਸੇ ਤਰ੍ਹਾਂ ਬਿਹਾਰ ਦੇ ਛਪਰਾ ਜ਼ਿਲ੍ਹੇ ਦੇ ਪ੍ਰਾਇਮਰੀ ਸਕੂਲ ਦੀ ਟੀਚਰੀ ਦਾ ਕੰਮ ਛੱਡ ਕੇ ਆਪਣੇ ਉਚੱਕੇ ਪ੍ਰੇਮੀ ਨਾਲ ਦਿੱਲੀ ਭੱਜ ਆਉਣ ਵਾਲੀ ਆਸ਼ਾ ਮਿਸ਼ਰਾ ਨਾਂ ਦੀ ਕੁੜੀ ਕੰਨਟੈਸਾ ਕਲਾਸਿਕ ਵਿੱਚ ਸਫ਼ਰ ਕਰ ਰਹੀ ਸੀ। ਉਸਨੇ ਕਿਸੇ ਵਿਗਿਆਪਨ ਵਿੱਚ ਇੱਕ ਤਾਕਤਵਰ ਕਾਲੇ ਰੰਗ ਦੇ ਅਰਬੀ ਘੋੜੇ ਦੀ ਖੁਰਦਰੀ ਪਿੱਠ ਤੇ ਬਹਿ ਕੇ, ਆਪਣੇ ਪਾਰਦਰਸ਼ੀ ਜਾਘੀਏ ਦੇ ਅੰਦਰੋਂ 'ਦ ਬਲੈਕ ਹਾਰਸ' ਨਾਮਕ ਬੀਅਰ ਦੀ ਬੋਤਲ ਕੱਢ ਕੇ ਛਾਤੀਆਂ ਵਿੱਚ ਡੋਲ ਲਈ ਸੀ। ਘੋੜੇ ਦੀ ਪਿੱਠ ਤੇ ਬੈਠੀ ਬੈਠੀ ਉਹ ਖ਼ੁਦ ਬੀਅਰ ਦੀ ਝੱਗ ਵਿੱਚ ਬਦਲ ਗਈ ਸੀ। ਕਾਲੇ ਘੋੜੇ ਦੀ ਖੁਰਦਰੀ ਪਿੱਠ ਤੇ ਸਿਰਫ਼ ਆਸ਼ਾ ਮਿਸ਼ਰਾ ਦਾ ਫ਼ੇਨ ਬਚਿਆ ਸੀ, ਜੋ ਹੌਲੀ-ਹੌਲੀ ਉਸ ਬੀਅਰ ਦੇ ਬ੍ਰਾਂਡ ਵਿੱਚ ਬਦਲ ਰਿਹਾ ਸੀ।

ਇਸ ਵਿਗਿਆਪਨ ਦੀ ਰਾਸ਼ਟਰੀ ਪੱਧਰ ਤੇ ਮੀਡੀਆ ਵਿਸ਼ੇਸ਼ਗਾ ਅਤੇ ਹੋਰ ਬੁੱਧੀਜੀਵੀਆਂ ਦੇ ਵਿੱਚ ਬਹੁਤ ਚਰਚਾ ਹੋਈ ਸੀ। ਪ੍ਰੰਤੂ ਇਸ ਵਿਗਿਆਪਨ ਨੂੰ ਬਣਾਉਣ ਵਾਲੀ 'ਐਡ ਕੰਪਨੀ' ਨੇ ਦਾਅਵਾ ਕੀਤਾ ਸੀ ਕਿ ਆਸ਼ਾ ਮਿਸ਼ਰਾ ਦੇ ਅੰਡਰ ਵੀਅਰ ਤੋਂ ਨਿਕਲਦੀ ਹੋਈ ਬੀਅਰ ਦੀ ਬੋਤਲ ਦਾ ਸ਼ਾੱਟ ਅਤੇ ਛਾਤੀ ਵਿੱਚ ਬੀਅਰ ਉਲਟਦਿਆਂ ਹੀ ਆਸ਼ਾ ਮਿਸ਼ਰਾ ਦੀਆਂ ਦੁੱਧੀਆਂ ਦਾ ਝੱਗ ਵਿੱਚ ਰੂਪਾਂਤਰਣ ਇੰਨਾ ਪ੍ਰਭਾਵਸ਼ਾਲੀ ਹੈ ਕਿ ਇਸ ਨਾਲ ਇਸ ਨਵੇਂ ਬਰਾਂਡ ਦੀ ਮਾਰਕੀਟਿੰਗ ਦਾ ਟੇਕਆਫ਼ ਹੀ ਜ਼ਬਰਦਸਤ ਹੋਵੇਗਾ। ਇਸ ਵਿਗਿਆਪਨ ਦੇ ਪ੍ਰੀਵਿਊ ਸਰਵੇ ਦੇ ਦੌਰਾਨ ਕੰਪਨੀ ਨੂੰ ਪਤਾ ਲੱਗਾ ਕਿ ਵੀਹ ਸੈਕਿੰਡ ਦੇ ਇਸ ਵਿਗਿਆਪਨ ਨੂੰ ਦੇਖਦਿਆਂ ਹੋਇਆਂ ਹਰ ਦਸ ਵਿਚੋਂ ਸੱਤ ਮਰਦਾਂ ਨੇ, ਜਿਨ੍ਹਾਂ ਦਾ ਆਯੂ ਗੁੱਟ 15 ਤੋਂ 60 ਸਾਲ ਦਾ ਸੀ 'ਮਾਸਟਰਬੇਟ' ਦੀ ਇੱਛਾ ਦਾ ਪ੍ਰਭਾਵ ਸਵੀਕਾਰ ਕੀਤਾ ਸੀ।

ਇਸ ਤਰ੍ਹਾਂ ਸਪੇਨ ਦੇ ਪ੍ਰਸਿੱਧ ਅਤਿ ਯਥਾਰਥਵਾਦੀ ਚਿੱਤਰਕਾਰ ਸਲਵਾਦੌਰ ਦਾਲੀ ਦੀਆਂ ਘੜੀਆਂ ਵਾਂਗੂ ਘੋੜੇ ਦੀ ਪਿੱਠ ਤੇ ਬੈਠੀ ਆਸ਼ਾ ਮਿਸ਼ਰਾ ਪਿਘਲ ਕੇ ਬੀਅਰ ਦਾ ਫ਼ੇਨ ਬਣ ਗਈ ਸੀ ਤੇ ਆਪਣੇ ਸਮੇਂ ਦੀ ਸਮੂਹਿਕ ਚੇਤਨਾ ਵਿੱਚ ਚੁੱਪ-ਚਾਪ ਸ਼ਾਮਲ ਹੋ ਗਈ ਸੀ। ਨਤੀਜਾ ਇਹ ਕਿ ਹਰ ਇੱਕ ਕਰੋੜ ਵਿਚੋਂ ਸੱਤਰ ਲੱਖ ਦਰਸ਼ਕਾਂ ਨੇ 'ਸੈਕਸ ਦੀ ਫੀਲਿੰਗ' ਆਪਣੇ ਅੰਦਰ ਮਹਿਸੂਸ ਕੀਤੀ ਅਤੇ 'ਦਾ ਬਲੈਕ ਹਾਰਸ' ਬੀਅਰ ਅੰਦਾਜ਼ਨ ਨਿਸ਼ਾਨੇ ਤੋਂ 27 ਪ੍ਰਤੀਸ਼ਤ ਜ਼ਿਆਦਾ ਵਿਕਰੀ ਦਰਜ ਕਰਵਾ ਗਈ ਸੀ।

ਇਹ ਸਭ ਕੁਝ ਪਾੱਲ ਗੋਮਰਾ ਦੀਆਂ ਅੱਖਾਂ ਦੇ ਸਾਹਮਣੇ, ਉਨ੍ਹਾਂ ਦੇ ਦੇਖਦਿਆਂ-ਦੇਖਦਿਆਂ ਹੋ ਰਿਹਾ ਸੀ। ਯਥਾਰਥ ਮਸ਼ੀਨ ਯੁੱਗ ਵਿਚੋਂ ਨਿਕਲ ਕੇ ਇਲੈਕਟ੍ਰਾਨਿਕ ਅਤੇ ਉਸ ਤੋਂ ਅਗਲੇ ਯੁੱਗ ਵਿੱਚ ਜਾ ਰਿਹਾ ਸੀ ਬੱਚੇ ਜਾਦੂਈ, ਪਰੀ-ਕਥਾਵਾਂ ਅਤੇ ਡਾਇਨਾਸੋਰ ਵਰਗੇ ਪੂਰਵ-ਇਤਿਹਾਸਕ ਜੰਤੂਆਂ ਨਾਲ ਗੁੱਲੀ ਡੰਡਾ ਜਾਂ ਬੇਸਬਾਲ ਖੇਡ ਰਹੇ ਸਨ। ਉਹ ਹਨੂੰਮਾਨ ਜੀ, ਭੀਸ਼ਮ ਪਿਤਾਮਾ ਅਤੇ ਕ੍ਰਿਸ਼ਨ ਜੀ ਨੂੰ ਕੇਡਬਰੀਜ਼ ਦੇ ਚਾਕਲੇਟ ਖਵਾ ਰਹੇ ਸਨ ਅਤੇ ਮੈਕਡਾਵਲ ਸੋਡਾ ਪਿਆ ਰਹੇ ਸਨ। ਸੜਕ ਛਾਪ ਗੁੰਡਿਆਂ ਅਤੇ ਉਚੱਕਿਆਂ ਦੇ ਕੋਲ ਅਜਿਹੇ ਉਪਕਰਣ ਆ ਚੁੱਕੇ ਸਨ ਕਿ ਕੁਝ ਹੀ ਮਿੰਟਾਂ ਵਿੱਚ ਦੇਸ਼ ਭਰ ਦੇ ਤਮਾਮ ਸ਼ਹਿਰਾਂ ਵਿੱਚ ਅਸੰਖ ਇਮਾਰਤਾਂ ਨੂੰ ਧਮਾਕਿਆਂ ਦੇ ਨਾਲ ਮਲਬਿਆਂ ਵਿੱਚ ਬਦਲ

ਸਕਦੇ ਹਨ। ਭੀੜ ਨੂੰ ਮਾਰਨਾ, ਯਾਤਰੀ ਗੱਡੀਆਂ ਨੂੰ ਉਡਾਉਣਾ ਅਤੇ ਹਵਾਈ ਜਹਾਜ਼ਾਂ ਦਾ ਅਪਹਰਣ ਮਾਮੂਲੀ ਲਫੰਗਿਆਂ ਦੀ ਖੇਡ ਹੋ ਗਿਆ ਸੀ।

ਪਾੱਲ ਗੋਮਰਾ ਦੀ ਅੱਖ ਜੋ ਦੇਖ ਰਹੀ ਸੀ ਅਤੇ ਦਿਮਾਗ ਜੋ ਸੋਚ ਰਿਹਾ ਸੀ, ਉਸ ਵਿਚਲਾ ਤਾਲਮੇਲ ਅਤੇ ਤਰਕ ਗੜਬੜਾ ਗਏ ਸਨ। ਸੰਨਿਆਸੀ ਏਅਰ ਕੰਡੀਸ਼ਨ ਗੱਡੀਆਂ ਵਿੱਚ ਤੀਰਥ ਯਾਤਰਾ ਕਰ ਰਹੇ ਸਨ ਅਤੇ ਐਨ.ਆਰ.ਆਈ. ਪੂੰਜੀ ਅਤੇ ਪੈਟਰੋ ਡਾਲਰਾਂ ਨਾਲ ਕਾਰਸੇਵਾ ਕਰਵਾ ਰਹੇ ਸਨ। ਅੰਤਰ ਰਾਸ਼ਟਰੀ ਸਸ਼ਤਰ ਬਾਜ਼ਾਰ ਵਿੱਚ ਤਾਂਤਰਿਕ ਵਿਭਿੰਨ ਦੇਸ਼ਾਂ ਵਿੱਚ ਮਿਜ਼ਾਈਲਾਂ, ਪਨਡੁੱਬੀਆਂ ਅਤੇ ਲੜਾਕੂ ਜਹਾਜ਼ਾਂ ਦੀ ਖ਼ੀਦੋ-ਫ਼ਰੋਖਤ ਵਿੱਚ ਦਲਾਲੀ ਕਰ ਰਹੇ ਸਨ। ਪੱਚੀ ਸਾਲਾਂ ਤੋਂ ਗਲ ਤੱਕ ਟੋਏ ਵਿੱਚ ਧਸੇ ਇੱਕ ਯੋਗੀ ਨੇ ਕਈ ਦੇਸ਼ਾਂ ਦੇ ਕਈ ਸ਼ਹਿਰਾਂ ਵਿੱਚ ਪੰਜ ਤਾਰਾ ਹੋਟਲ ਖੋਲ੍ਹ ਰੱਖੇ ਸਨ ਅਤੇ ਪੰਜਾਹ ਸਾਲਾਂ ਤੋਂ ਦਰਖ਼ਤ ਦੀ ਮਚਾਨ ਤੇ ਟੰਗੇ ਇੱਕ ਬਾਬੇ ਦੇ ਪੈਰ ਦੇ ਅੰਗੂਠੇ ਦੀ ਛਾਪ ਆਪਣੇ ਮੱਥੇ ਤੇ ਲਵਾਉਣ ਲਈ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਸਮੁੱਚਾ ਕੈਬਨਿਟ ਲਾਈਨ ਬੰਨ੍ਹ ਕੇ ਚਿੱਕੜ ਵਿੱਚ ਖੜਾ ਸੀ। ਪ੍ਰਧਾਨ ਮੰਤਰੀ ਇਤਿਹਾਸ ਦੇ ਸਭ ਤੋਂ ਵੱਡੇ ਠੱਗ ਨੂੰ ਸਰਵਜਨਕ ਰੂਪ ਵਿੱਚ ਲਗਾਤਾਰ ਚੁੰਮੀ ਜਾ ਰਿਹਾ ਸੀ। ਪੰਜ ਸਾਲ ਪਹਿਲਾਂ ਇੱਕ ਪਿੰਡ ਵਿੱਚ ਸੁੱਤੇ ਪਏ ਅਠਾਰਾਂ ਬੰਦਿਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਣ ਵਾਲੀ ਡਾਕੂ ਦੀ ਜੀਵਨੀ ਤੇ ਬਣੀ ਫ਼ਿਲਮ ਸੁਪਰ ਹਿਟ ਹੋ ਗਈ ਸੀ ਅਤੇ ਉਸਨੂੰ ਆਸਕਰ ਅਵਾਰਡ ਮਿਲਣ ਵਾਲਾ ਸੀ। ਮਹਾਤਮਾ ਗਾਂਧੀ ਨੂੰ ਅਸ਼ਲੀਲ ਗੱਲਾਂ ਕੱਢ ਕੇ ਰਾਸ਼ਟਰ ਦਾ ਇਕ ਸਨਮਾਨਤ ਸਮਲਿੰਗਕ ਮੀਡੀਆ ਸਟਾਰ ਬਣ ਚੁੱਕਾ ਸੀ।

ਭੂ-ਤਲ ਰਾਜ ਪਰਿਵਹਿਨ ਦੀਆਂ ਹਜ਼ਾਰਾਂ ਖ਼ੂਨੀ ਰੰਗ ਦੀਆਂ ਬੱਸਾਂ ਵਿੱਚ ਨਾਦਿਰ ਸ਼ਾਹ ਦਾ ਜਿੰਨ ਸਵਾਰ ਹੋ ਗਿਆ ਸੀ, ਅਤੇ ਹਰ ਰੋਜ਼ ਦਰਜਨਾਂ ਬੱਚਿਆਂ, ਔਰਤਾਂ ਅਤੇ ਸਧਾਰਣ ਲੋਕਾਂ ਨੂੰ ਆਪਣੇ ਟਾਇਰਾਂ ਦੇ ਹੇਠਾਂ ਕੁਚਲ ਰਿਹਾ ਸੀ। ਚਾਰੇ ਪਾਸੇ ਖ਼ੂਨ, ਭਰਮ, ਅਪਰਾਧ, ਦੰਗੇ, ਦੌਲਤ, ਲਾਲਚ ਅਤੇ ਲਾਸ਼ਾਂ ਫ਼ੈਲ ਰਹੀਆਂ ਸਨ।

ਉਸ ਦਿਨ ਸ਼ਾਮ ਨੂੰ ਅੱਠ ਵੱਜ ਕੇ ਚਾਲੀ ਮਿੰਟ ਤੇ ਕਨਾਟ ਪਲੇਸ ਦੇ ਮਦਰਾਸ ਹੋਟਲ ਦੇ ਪਿੱਛੇ ਜਦ ਗ਼ਾਜ਼ੀਆਬਾਦ ਜਾਣ ਵਾਲੀ ਬੱਸ ਤੇ ਹਰ ਰੋਜ਼ ਵਾਂਗੂ ਪਾੱਲ ਗੋਮਰਾ ਸਵਾਰ ਹੋਏ, ਤਾਂ ਉਹ ਦਿਨ ਭਰ ਕੰਮ ਕਰ ਕੇ ਇੰਨਾ ਥੱਕ ਚੁੱਕੇ ਸਨ ਕਿ ਬੱਸ ਦੀ ਟੁੱਟੀ ਉੱਧੜੀ ਸੀਟ ਦੇ ਚੁੱਭਦੇ ਹੋਏ ਫ਼ਰੇਮ ਦੇ ਬਾਵਜੂਦ ਉਨ੍ਹਾਂ ਨੂੰ ਨੀਂਦ ਆ ਗਈ। ਜਦ ਕੰਡਕਟਰ ਨੇ ਉਨ੍ਹਾਂ ਨੂੰ ਜਗਾਇਆ ਤਾਂ ਉਹ ਬੱਸ ਵਿੱਚ ਇਕੱਲੇ ਬਚੇ ਸਨ ਅਤੇ ਬੱਸ ਕਾਫ਼ੀ ਦੇਰ ਤੋਂ ਗ਼ਾਜ਼ੀਆਬਾਦ ਦੇ ਡੀਪੂ ਵਿੱਚ ਖੜ੍ਹੀ ਹੋਈ ਸੀ। ਡੀਪੂ ਤੋਂ ਕਵੀ ਨਗਰ ਕਲੋਨੀ ਲਗਪਗ ਤਿੰਨ ਕਿਲੋਮੀਟਰ ਦੂਰ ਸੀ।

ਪਾੱਲ ਗੋਮਰਾ ਹਰ ਰੋਜ਼ ਦਫ਼ਤਰ ਜਾਂਦੇ ਹੋਏ ਆਪਣੇ ਨਾਲ ਪਲਾਸਟਿਕ ਦੇ ਚਪਟੇ-ਚੌਰਸ ਲੰਚ ਬਾਕਸ ਵਿੱਚ ਚਾਰ ਰੋਟੀਆਂ, ਅੱਧਾ ਗੰਢਾ, ਅਚਾਰ ਦੀ ਇੱਕ ਫ਼ਾੜੀ ਅਤੇ ਦੋ ਆਲੂਆਂ ਦੇ ਅੱਠ ਟੋਟੇ ਲੈ ਜਾਂਦੇ ਸਨ। ਪ੍ਰੰਤੂ ਪਹਿਲਾਂ ਵਾਂਗੂੰ ਅੱਜ ਫ਼ਿਰ ਇਨ੍ਹਾਂ ਦਾ ਲੰਚ ਤਿੰਨ ਬੰਦਿਆਂ ਵਿੱਚ ਵੰਡਿਆ ਗਿਆ ਸੀ ਅਤੇ ਉਨ੍ਹਾਂ ਦੇ ਹਿੱਸੇ ਸਿਰਫ਼ ਇੱਕ ਰੋਟੀ ਅਤੇ ਆਲੂ ਦਾ ਡੇਢ ਟੋਟਾ ਆਇਆ ਸੀ। ਉਹ ਭੁੱਖੇ ਸਨ ਇਸ ਲਈ ਉਨ੍ਹਾਂ ਨੇ ਤਹਿ ਕਰ ਲਿਆ ਸੀ ਕਿ ਘਰ ਪਹੁੰਚਦਿਆਂ ਹੀ ਉਹ ਸਭ ਤੋਂ ਪਹਿਲਾਂ ਪਤਨੀ ਨੂੰ ਚਾਰ ਰੋਟੀਆਂ ਪਕਾਉਣ ਲਈ ਕਹਿਣਗੇ।

ਪ੍ਰੰਤੂ ਜਦ ਕਵੀ ਨਗਰ ਦੇ ਆਪਣੇ ਐਲ.ਆਈ.ਜੀ. ਫਲੈਟ ਤੱਕ ਪਹੁੰਚ ਕੇ ਉਨ੍ਹਾਂ ਨੇ ਕਾਲ ਬੈਲ ਵਜਾਈ ਅਤੇ ਦਰਵਾਜ਼ਾ ਖੁੱਲ੍ਹਿਆ ਤਾਂ ਉਹ ਡਿੱਗਦੇ ਡਿੱਗਦੇ ਬਚੇ। ਉਨ੍ਹਾਂ ਦੇ ਘਰ ਦਾ ਦਰਵਾਜ਼ਾ ਉਨ੍ਹਾਂ ਦੀ ਪਤਨੀ ਸਨੇਹ ਲਤਾ ਸਕਸੈਨਾ ਨੇ ਨਹੀਂ, ਮਸ਼ਹੂਰ ਮਾਡਲ ਮੇਹਰ ਜੈਸੀਆ ਨੇ ਖੋਲ੍ਹਿਆ ਸੀ। ਰੋਲਰ ਅਤੇ ਕੰਡੀਸ਼ਨਰ ਨਾਲ ਘੁੰਘਰਾਲੇ ਹੋ ਗਏ ਵਾਲ, ਜਿਨ੍ਹਾਂ ਨੂੰ ਡਰਾਇਰ ਨਾਲ ਸੁਕਾ ਕੇ ਚਮਕੀਲਾ ਬਣਾ ਦਿੱਤਾ ਗਿਆ ਸੀ, ਭੂਰੇ ਅਤੇ ਕਥਈ ਹੋ ਕੇ ਪੱਖੇ ਦੀ ਹਵਾ ਨਾਲ ਕੰਬ ਰਹੇ ਸਨ। ਸਾਂਵਲਾ ਰੰਗ ਬਦਲ ਕੇ ਹਲਕਾ ਹਰਾ ਅਤੇ ਅਸਮਾਨੀ ਹੋ ਗਿਆ ਸੀ। ਪਲਕਾਂ ਤੇ ਸੁਨਹਿਰੀ ਸੈਡੋ, ਸਰੀਰ ਵਿੱਚੋਂ ਮਾਂਟ੍ਰੀਅਲ ਦੀ ਪ੍ਰਸਿੱਧ ਯੂ ਡਿ ਕੋਲਨ ਸ਼ੈਂਟਿਲੀ ਦੀ ਖੁਸ਼ਬੂ ਆ ਰਹੀ ਸੀ। ਉਸਨੇ ਹਲਕੇ ਗੁਲਾਬੀ ਅਤੇ ਸਲੇਟੀ ਰੰਗ ਦੀ ਜੋ ਲਿੰਗਰੀ ਪਹਿਨੀ ਹੋਈ ਸੀ ਉਸਦੇ ਮੂਲ ਡੀਜ਼ਾਇਨ ਦੀ ਕਲਪਨਾ ਪੈਰਿਸ ਦੇ ਫ਼ੈਸ਼ਨ ਡਿਜ਼ਾਈਨਰ

ਰੋਮਾ ਕਾਰਤੀਏ ਨੇ ਕੀਤੀ ਸੀ।

ਪਾੱਲ ਗੋਮਰਾ ਦੀ ਨਜ਼ਰ ਅੰਦਰ ਕਮਰੇ ਵਲ ਗਈ। ਅੱਠ ਸਾਲਾਂ ਦਾ ਉਨ੍ਹਾਂ ਦਾ ਪੁੱਤਰ ਮੰਟੂ, ਜਿਸਦੀ ਮੋਚ ਦਾ ਇਲਾਜ ਪਰਸੋਂ ਹੀ ਉਨ੍ਹਾਂ ਨੇ ਨੂਰਾਨੀ ਤੇਲ ਦੀ ਮਾਲਸ਼ ਨਾਲ ਕੀਤਾ ਸੀ ਅਤੇ ਜਿਸਨੂੰ ਉਹ ਵੈਸਾਖ-ਜੇਠ ਦੀ ਦੁਪਹਿਰ ਭੁੰਨੇ ਹੋਏ ਜੌਂ ਅਤੇ ਛੋਲਿਆਂ ਦਾ ਸੱਤੂ ਖਵਾਉਂਦੇ ਹੁੰਦੇ ਸਨ, ਉਹ ਕਮਰੇ ਦੇ ਵਿਚਕਾਰ ਸਟੀਰੀਓ ਡੈੱਕ ਤੇ ਮੈਡੋਨਾ ਦੀ ਕੈਸਿਟ ਚਲਾ ਕੇ ਡਾਂਸ ਕਰ ਰਿਹਾ ਸੀ।

ਹਿੰਦੀ ਕਵੀ ਪਾੱਲ ਗੋਮਰਾ ਨੂੰ ਚੱਕਰ ਆ ਗਿਆ। ਇਹ ਠੀਕ ਤਰ੍ਹਾਂ ਪਤਾ ਨਹੀਂ ਕਿ ਥਕਾਵਟ ਦੇ ਕਾਰਣ ਭੂਮੰਡਲੀਕਰਣ ਦੇ ਵਿਆਪਨ ਕਾਰਨ, ਮੈਡੋਨਾ ਅਤੇ ਮੰਟੂ ਦੇ ਕਾਰਨ ਜਾਂ ਹੁਣੇ ਹੁਣੇ ਘਟਿਤ ਹੋਣ ਵਾਲੇ ਦ੍ਰਿਸ਼ ਆਤਮਕ ਅਘਾਤ ਦੇ ਕਾਰਨ। ਪਰ ਉਹ ਧਮ ਕਰ ਕੇ ਸੋਫ਼ੇ ਤੇ ਡਿੱਗ ਪਏ ਅਤੇ ਉਨ੍ਹਾਂ ਦੀ ਚੇਤਨਾ ਉਦੋਂ ਵਾਪਸ ਆਈ ਜਦੋਂ ਪਤਨੀ ਦੁਆਰਾ ਦਿੱਤੇ ਗਏ ਇੱਕ ਗਿਲਾਸ ਪਾਣੀ ਨੂੰ ਗਲੇ ਰਾਹੀਂ ਗਟ-ਗਟ ਕਰਕੇ ਪੀ ਗਏ।

ਉਸੇ ਰਾਤ ਜਦ ਉਨ੍ਹਾਂ ਦੇ ਤਿੰਨੇ ਜੁਆਕ ਸੁੱਤੇ ਹੋਏ ਸਨ ਅਤੇ ਜਦ ਹਿੰਦੀ ਕਵੀ ਪਾੱਲ ਗੋਮਰਾ ਆਪਣੇ ਟੀ.ਵੀ. ਸੈਟ ਤੇ ਸਟਾਰ ਚੈਨਲ ਦੁਆਰਾ ਦਿਖਾਏ ਗਏ 'ਬੋਲਡ ਐਂਡ ਬਿਊਟੀਫੁੱਲ' ਦੇ ਬਾਦ ਜੈਨ ਟੀ.ਵੀ. ਤੇ 'ਕਿਸ ਮੀ ਗੁਡਬਾਇ' ਨਾਮੀ ਹਾਲੀਵੁੱਡ ਦੀ ਫ਼ਿਲਮ ਦੇਖ ਰਹੇ ਸਨ ਅਤੇ ਸ਼ੈਂਟਿਲੀ ਦੀ ਖ਼ੁਸ਼ਬੋ ਦੇ ਵਿੱਚ, ਹਲਕੇ ਹਰੇ ਅਸਮਾਨੀ ਰੰਗ ਦੀ ਮਾਡਲ ਦੇ ਨਾਲ ਸਹਿਵਾਸ ਕਰ ਰਹੇ ਸਨ, ਉਸੇ ਦੌਰਾਨ ਉਨ੍ਹਾਂ ਦਾ ਵਿਵੇਕ ਜਾਗਰਤ ਹੋਇਆ ਸੀ ਅਤੇ ਉਨ੍ਹਾਂ ਨੇ ਦੋ ਫ਼ੈਸਲੇ ਕੀਤੇ ਸਨ।

ਇਹ ਦੋਵੇਂ ਫ਼ੈਸਲੇ ਹਿੰਦੀ ਕਵੀ ਪਾੱਲ ਗੋਮਰਾ ਦੇ ਜੀਵਨ ਦੇ ਅਤਿਅੰਤ ਮਹੱਤਵਪੂਰਨ ਫ਼ੈਸਲੇ ਸਨ ਅਤੇ ਪ੍ਰਤੀਕਆਤਮਕ ਰੂਪ ਵਿਚ ਇਨ੍ਹਾਂ ਦੋਵਾਂ ਫ਼ੈਸਲਿਆਂ ਦਾ ਘੇਰਾ ਬਹੁਤ ਵਿਆਪਕ ਯੁਗੀਨ ਸੰਦਰਭਾਂ ਨਾਲ ਲਬਰੇਜ਼ ਸੀ।

ਉਨ੍ਹਾਂ ਦੇ ਫ਼ੈਸਲੇ ਦੇ ਅੰਦਰ ਹੀ ਉਨ੍ਹਾਂ ਦੇ ਨਾਂ ਪਾੱਲ ਗੋਮਰਾ ਦੀ ਵਿਉਤਪਤੀ ਦਾ ਰਹੱਸ ਲੁਕਿਆ ਹੋਇਆ ਸੀ, ਕਿਉਂਕਿ ਇਸ ਫ਼ੈਸਲੇ ਤੋਂ ਪਹਿਲਾਂ ਤੱਕ ਉਨ੍ਹਾਂ ਦਾ ਨਾਂ ਪਾੱਲ ਗੋਮਰਾ ਸੀ ਹੀ ਨਹੀਂ। ਜਿੱਥੇ ਤੱਕ ਦੂਜੇ ਫ਼ੈਸਲੇ ਦਾ ਸਬੰਧ ਹੈ, ਤਾਂ ਇਹ ਬਦਲਦੇ ਹੋਏ ਤਕਨੀਕੀ ਸਮਾਜ, ਬਜ਼ਾਰ ਅਤੇ 'ਉੱਤਰ ਆਧੁਨਿਕ-ਉਤਰ ਇਤਿਹਾਸਕ ਯਥਾਰਥ' ਦੇ ਨਾਲ ਤਾਲਮੇਲ ਬਿਠਾਉਣ ਅਤੇ ਸੰਵਾਦ ਰਚਾਉਣ ਦੀ ਉਨ੍ਹਾਂ ਦੀ ਪਹਿਲੀ ਗੰਭੀਰ ਅਤੇ ਮਿੱਥੀ ਹੋਈ ਕੋਸ਼ਿਸ਼ ਨਾਲ ਜੁੜਿਆ ਹੋਇਆ ਸੀ।

ਪਹਿਲਾ ਫੈਸਲਾ

ਪਾੱਲ ਗੋਮਰਾ ਦਾ ਅਸਲੀ ਅਰਥਾਤ ਮੂਲ ਨਾਂ ਉਨ੍ਹਾਂ ਦੇ ਅਧਿਆਪਕ ਪਿਤਾ ਨੇ ਵੀਹਵੀਂ ਸਦੀ ਦੇ ਮੱਧ ਵਿੱਚ ਬਹੁਤ ਪਿਆਰ ਅਤੇ ਚਿੰਤਨ ਮਨਨ ਤੋਂ ਬਾਦ ਰੱਖਿਆ ਸੀ। ਉਨ੍ਹਾਂ ਦੇ ਪਿਤਾ ਰਾਮਪੁਰ ਗ੍ਰੀਅਰਸਨ ਵਰਨੈਕੂਲਰ ਹਾਈ ਸਕੂਲ ਵਿੱਚ ਹਿੰਦੀ ਦੇ ਅਧਿਆਪਕ ਸਨ। ਅਜ਼ਾਦੀ ਤੋਂ ਬਾਦ ਇਹ ਸਕੂਲ ਸਰ ਦੌਲਤ ਰਾਮ ਗੌਰਮਿੰਟ ਇੰਟਰ ਕਾਲਜ ਵਿੱਚ ਬਦਲ ਗਿਆ ਸੀ। ਉਨ੍ਹਾਂ ਨੂੰ ਹਿੰਦੀ, ਬ੍ਰਜ ਭਾਸ਼ਾ, ਅਵਧੀ, ਬੰਗਾਲੀ ਅਤੇ ਸੰਸਕ੍ਰਿਤ ਸਾਹਿਤ ਨਾਲ ਗਹਿਰਾ ਲਗਾਅ ਸੀ। ਉਹ 'ਅਵੰਤਿਕਾ', 'ਸਰਸਵਤੀ', 'ਸੁਕਵੀ', 'ਚਾਂਦ', 'ਮਤਵਾਲਾ' ਵਰਗੀਆਂ ਪੱਤਰਕਾਵਾਂ ਨਿਯਮਿਤ ਮੰਗਵਾਉਂਦੇ ਸਨ। ਉਸ ਸਮੇਂ ਤੱਕ ਨਾ ਤਾਂ ਪਾੱਲ ਗੋਮਰਾ ਦਾ ਜਨਮ ਹੋਇਆ ਸੀ ਅਤੇ ਨਾ ਉਸਦੇ ਇਸ ਵਿਲੱਖਣ ਨਾਂ ਦਾ ਹੀ ਅਸਤਿੱਤਵ ਸੀ।

ਉਸੇ ਕਾਲਜ ਵਿੱਚ ਸੰਸਕ੍ਰਿਤ ਦੇ ਇੱਕ ਪ੍ਰਾ-ਅਧਿਆਪਕ ਸਨ ਸ੍ਰੀ ਕ੍ਰਿਸ਼ਨ ਪਰਮ ਸ਼ਾਸਤਰੀ, ਜੋ ਇੱਕ ਵਾਰ ਦੋ-ਢਾਈ ਮਹੀਨਿਆਂ ਦੇ ਲਈ 'ਕਾਰਜਕਾਰੀ ਪ੍ਰਿੰਸੀਪਲ' ਬਣ ਗਏ ਸਨ। ਆਪਣੇ ਪ੍ਰਧਾਨ ਅਚਾਰੀਆ ਦੇ ਅਤਿਅੰਤ ਮਿਹਨਤੀ ਅਲਪ ਕਾਲ ਵਿੱਚ ਉਨ੍ਹਾਂ ਨੇ ਕਾਲਜ ਦੇ ਵਿੱਚ ਸ਼ਾਸਤਰਾਂ ਵਿੱਚ ਉਦਰਿਤ ਅਨੁਸ਼ਾਸਨ ਦਾ ਅਜਿਹਾ ਔਖਾ ਅਤੇ ਨਾਸਾਧਿਆ ਜਾ ਸਕਣ ਵਾਲਾ ਤਿਉਹਾਰ ਚਲਾਇਆ ਸੀ ਕਿ ਦੋ ਮਹੀਨੇ ਦੇ ਅੰਦਰ-ਅੰਦਰ ਉੱਥੋਂ ਦੇ ਵਿਦਿਆਰਥੀ ਅਤੇ ਕਰਮਚਾਰੀ ਹੜਤਾਲ ਤੇ ਚਲੇ ਗਏ ਸਨ। ਉਨ੍ਹਾਂ ਦਿਨਾਂ ਵਿੱਚ ਰਾਮਪੁਰ ਦੀ ਹਰ ਕੰਧ, ਨੁੱਕੜ ਅਤੇ ਸਟੇਸ਼ਨ ਤੇ ਆਉਣ ਵਾਲੇ ਮਾਲਗੱਡੀ ਦੇ ਡੱਬੇ ਤੇ ਇੱਕ ਨਾਰਾ ਥਾਂ-ਥਾਂ ਲਿਖਿਆ ਦਿਖਾਈ ਦਿੰਦਾ ਸੀ, ਸ਼ਾਸਤਰੀ ਜੀ ਗੁਰੂ ਘੰਟਾਲ, ਜਿਨ੍ਹਾਂ ਦੀ

ਛਾਤੀ ਤੇ ਜੰਮੇ ਹਨ ਵੱਡੇ-ਵੱਡੇ ਵਾਲ'। ਸਪੱਸ਼ਟ ਹੈ, ਇਹ ਨਾਰਾ ਕਿਸ਼ੋਰ ਉਮਰ ਦੇ ਉਨ੍ਹਾਂ ਵਿਦਿਆਰਥੀਆਂ ਦੁਆਰਾ ਲਿਖਿਆ ਗਿਆ ਸੀ, ਜਿਨ੍ਹਾਂ ਦੀ ਬਾਲ ਦ੍ਰਿਸ਼ਟੀ ਵਿੱਚ ਸੰਘਣੇ ਰੋਮਧਾਰੀ ਸ਼ਾਸਤਰਾਂ ਵਿੱਚ ਉਚਰਿਤ, ਮਰਦਾਨਗੀ ਨਾਲ ਲਬਰੇਜ਼ ਬਹੁਤੇ ਵਾਲਾ, ਮੋਟੇ ਢਿੱਡ, ਬੋਦੀ ਵਾਲੇ ਸ਼ਾਸਤਰੀ ਜੀ ਕਿਸੇ ਚਿਪੈਂਜੀ ਜਾ ਗੁਰੀਲੇ ਤੋਂ ਵੱਖ ਨਹੀਂ ਸਨ ਦਿੱਸਦੇ। ਆਦਿਮਾਨਵ ਵੈਦਿਕ ਯੁੱਗ ਨੀਐਂਡਰਥਲ ਮੈਨ।

ਇਹੀ ਸ਼ਾਸਤਰੀ ਜੀ ਜਦ ਢਾਈ ਮਹੀਨਿਆਂ ਦੇ ਅੰਦਰ-ਅੰਦਰ ਮਾੜੀ ਕਿਸਮਤ ਕਾਰਣ ਅਸਨਮਾਨਜਨਕ ਢੰਗ ਨਾਲ ਪ੍ਰਧਾਨ ਅਚਾਰੀਆ ਦੇ ਅਹੁਦੇ ਤੋਂ ਹਟਾ ਦਿੱਤੇ ਗਏ ਤਾਂ ਉਨ੍ਹਾਂ ਵਿੱਚ ਕੁਝ ਅਸੁਭਾਵਿਕ ਲੱਛਣ ਪ੍ਰਗਟ ਹੋਣ ਲੱਗੇ ਸਨ। ਉਦਾਹਰਣ ਲਈ ਇਕਾਂਤ ਵਿੱਚ, ਕਿਤੇ ਬੈਠਿਆ ਹੋਇਆ, ਚਲਦੀ ਹੋਈ ਗੱਲਬਾਤ ਜਾਂ ਜਮਾਤ ਵਿੱਚ ਪੜ੍ਹਾਉਂਦਿਆਂ ਹੋਇਆਂ ਉਹ ਅਚਾਨਕ ਹੀ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਸਨ ਅਤੇ ਲੱਗਪੱਗ ਤੁਰੀਆ ਅਵਸਥਾ ਵਿੱਚ ਲੀਨ ਹੋ ਕੇ 'ਹੇ ਰਾਧੇ, ਹੇ ਰਾਧੇ' 'ਰਾਧੇ ਰਾਧੇ' ਕਰਨ ਲੱਗਦੇ ਸਨ। ਸ਼ਾਸਤਰੀ ਜੀ ਕ੍ਰਿਸ਼ਨ ਭਗਤ ਹੋ ਗਏ ਸਨ, ਸਖੀ ਸੰਪਰਦਾਇ ਦੇ ਸਮਰਪਿਤ ਅਨੁਰਾਗੀ ਅਤੇ ਰਾਮ ਵਿੱਚ ਉਨ੍ਹਾਂ ਦੀ ਇੰਨੀ ਅਰੁਚੀ ਹੋ ਗਈ ਸੀ ਕਿ ਕਿਸੇ ਦੇ 'ਜੈ ਰਾਮ ਜੀ ਦੀ ਸ਼ਾਸਤਰੀ ਜੀ' ਕਹਿੰਦਿਆਂ ਹੀ ਉਹ ਪ੍ਰਚੰਡ ਕ੍ਰੋਧ ਦੀ ਭਾਵ ਦਸ਼ਾ ਵਿੱਚ ਚਲੇ ਜਾਂਦੇ ਸਨ। ਸਰ ਦੌਲਤਰਾਮ ਗੌਰਮਿੰਟ ਇੰਟਰ ਕਾਲਜ, ਰਾਮਪੁਰ ਦੇ ਉਨ੍ਹਾਂ ਦੇ ਸਹਿ-ਕਰਮੀ ਅਧਿਆਪਕਾਂ ਦਾ ਮੰਨਣਾ ਸੀ ਕਿ ਰਾਮ ਦੇ ਪ੍ਰਤੀ ਸ਼ਾਸਤਰੀ ਜੀ ਦੇ ਮਨ ਵਿੱਚ ਭੇਦਭਾਵ ਅਤੇ ਮੋਹ ਭੰਗ ਦੀਆਂ ਜੜ੍ਹਾਂ ਉਨ੍ਹਾਂ ਦੇ ਪ੍ਰਧਾਨਅਚਾਰੀਆ ਦੇ ਅਹੁਦੇ ਤੋਂ ਹਟਣ ਦੀ ਜ਼ਮੀਨ ਵਿੱਚ ਕਿਤੇ ਧਸੀਆਂ ਹੋਈਆਂ ਹਨ।

ਬਾਦ ਵਿੱਚ ਰੀਟਾਇਰਮੈਂਟ ਤੋਂ ਪਿੱਛੋਂ ਮੌਤ ਤੱਕ ਸ਼ਾਸਤਰੀ ਜੀ 'ਜੈ ਰਾਮ ਜੀ ਦੀ' ਦੇ ਨਾਂ ਨਾਲ ਹੀ ਰਾਮਪੁਰ ਵਿੱਚ ਪ੍ਰਸਿੱਧ ਰਹੇ। ਕਹਿੰਦੇ ਹਨ ਕਿ ਸ਼ਾਸਤਰੀ ਜੀ ਨੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਇੱਕ ਲੰਮੀ ਵਿਸਥਾਰਪੂਰਵਕ ਅਤੇ ਤੱਤਗਿਆਨ ਨਾਲ ਭਰਪੂਰ ਜਿਸ ਵਿੱਚ ਕਾਵਿ ਸ਼ਾਸਤਰ, ਪੁਰਾਣ ਅਤੇ ਸਿਮ੍ਰਿਤੀ ਗ੍ਰੰਥਾਂ ਦੇ ਅਰਥਵਾਨ ਉਦਾਹਰਣ ਸਨ- ਚਿੱਠੀ ਲਿਖੀ ਸੀ। ਇਸ ਚਿੱਠੀ ਵਿੱਚ ਉਨ੍ਹਾਂ ਨੇ ਰਾਮਪੁਰ ਦਾ ਨਾਂ ਬਦਲ ਕੇ ਗੋਪਾਲਪੁਰ ਅਥਵਾ ਰਾਧਾ ਗ੍ਰਾਮ ਕਰਨ ਦੇ ਹੱਕ ਵਿੱਚ ਤਰਕ ਦਿੱਤੇ ਸਨ। ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਉਨ੍ਹਾਂ ਨੂੰ ਇਸ ਪੱਤਰ ਦੀ ਪਹੁੰਚ ਰਸੀਦ ਵੀ ਪ੍ਰਾਪਤ ਹੋਈ ਸੀ, ਜਿਸ ਦੇ ਉੱਪਰ ਅਸ਼ੋਕ ਸਤੰਭ ਦੇ ਤਿੰਨ ਸ਼ੇਰ ਅਤੇ ਸਤਿਆਮੇਵ ਜਯਤੇ ਦੀ ਮੁਹਰ ਲੱਗੀ ਸੀ।

ਬਹਿਰਹਾਲ, ਜਦ ਤੱਕ ਸ਼ਾਸਤਰੀ ਜੀ ਜਿਊਂਦੇ ਰਹੇ, ਰਾਮਪੁਰ ਦੇ ਬੱਚੇ ਉਨ੍ਹਾਂ ਨੂੰ ਦੇਖਦਿਆਂ ਹੀ ਸ਼ਹਿਦ ਦੀਆਂ ਮੱਖੀਆਂ ਵਾਂਗੂ ਉਨ੍ਹਾਂ ਦੇ ਪਿੱਛੇ ਪੈ ਜਾਂਦੇ ਅਤੇ ਉਨ੍ਹਾਂ ਦੇ ਚਾਰੇ ਪਾਸੇ ਉੱਡ-ਉੱਡ ਕੇ 'ਜੈ ਰਾਮ ਜੀ ਦੀ, ਜੈ ਰਾਮ ਜੀ ਦੀ ਦੇ ਨਾਹਰੇ ਲਾਉਂਦੇ ਅਤੇ ਸ਼ਾਸਤਰੀ ਜੀ ਕ੍ਰੋਧ-ਅਗਨੀ ਵਿੱਚ ਦੁਰਵਾਸਾ ਬਣੇ ਆਪਣੀ ਜਗਨਨਾਥੀ ਖੂੰਡੀ ਨਾਲ ਉਨ੍ਹਾਂ ਨੂੰ ਸ਼ਹਿਰ ਦੀਆਂ ਗਲੀਆਂ ਵਿੱਚ ਖਦੇੜਦੇ ਅਕਸਰ ਵਿਖਾਈ ਦਿੰਦੇ।

ਪਾੱਲ ਗੋਮਰਾ ਦੇ ਪਿਤਾ ਲਾਲ ਬਹਾਦਰ ਸਕਸੈਨਾ ਨੇ ਸ਼ਾਸਤਰੀ ਜੀ ਦਾ ਹਾਲ ਦੇਖ਼ ਕੇ ਆਪਣੇ ਇਕਲੌਤੇ ਪੁੱਤਰ ਦਾ ਨਾਂ ਰਾਮਗੋਪਾਲ ਸਕਸੈਨਾ ਰੱਖ ਦਿੱਤਾ। ਇਹ ਮੱਧ ਮਾਰਗੀ ਅਤੇ ਮੇਲਜੋਲ ਵਾਲਾ ਹੱਲ ਸੀ, ਅਰਥਾਤ ਰਾਮ ਅਤੇ ਕ੍ਰਿਸ਼ਨ ਦੋਵੇਂ ਇਕੱਠੇ, ਵਿਚ ਬਗੈਰ ਕਿਸੇ ਹਾਈਫ਼ਨ, ਡੰਡੇ ਜਾਂ ਮਾਮਾਸਿਕ (ਜੋੜਨੀ) ਚਿੰਨ੍ਹਾਂ ਦੇ। ਰਾਮ ਭਗਤ ਸ਼ਾਖਾ ਅਤੇ ਕ੍ਰਿਸ਼ਨ ਭਗਤ ਸ਼ਾਖਾ ਦਾ ਸੁਖਦ, ਸੌਹਾਰਦ ਪੂਰਨ, ਪਰਮ ਨਿਰਪੱਖ ਸੁਮੇਲ।

ਤਾਂ ਇਸ ਉਪ-ਕਥਾ ਦੇ ਜ਼ਰੀਏ ਹੁਣ ਤੁਹਾਨੂੰ ਪਤਾ ਲੱਗ ਹੀ ਗਿਆ ਕਿ ਪਾੱਲ ਗੋਮਰਾ ਦਾ ਅਸਲੀ ਨਾਂ ਰਾਮਗੋਪਾਲ ਸਕਸੈਨਾ ਸੀ, ਬਸ ਤਕਨੀਕੀ, ਸਮਾਜਿਕ ਪਰਿਵਰਤਨ, ਭੂਮੰਡਲੀਕਰਨ, ਸੂਚਨਾ ਅਤੇ ਸੰਚਾਰ ਵਿੱਚ ਕ੍ਰਾਂਤੀ, ਸਮਾਜਵਾਦ ਦੇ ਪਤਨ ਅਤੇ ਸਮੁੱਚੀ ਪ੍ਰਿਥਵੀ ਤੇ ਫ਼ੈਲਦੇ ਬਜ਼ਾਰ ਦੇ ਨਵੇਂ ਯਥਾਰਥ ਦੀ ਰੋਸ਼ਨੀ ਵਿੱਚ ਰਾਮਗੋਪਾਲ ਸਕਸੈਨਾ ਨੂੰ ਆਪਣਾ ਨਾਂ ਪ੍ਰੇਮਚੰਦ, ਲੱਲੂ ਲਾਲ, ਸਦਲ ਮਿਸ਼ਰ, ਨਵਜਾਦਿਕ ਲਾਲ, ਹਜ਼ਾਰੀ ਪ੍ਰਸਾਦ, ਕਰੋੜੀ ਮੱਲ, ਕਬੀਰ ਦਾਸ, ਕੇਦਾਰਨਾਥ, ਸਦਾਸੁੱਖ ਲਾਲ ਵਰਗਾ ਪੱਛੜਿਆ ਦਕੀਆਨੂਸ ਅਤੇ ਹੇਠਲੇ ਦਰਜੇ ਦਾ ਲੱਗਣ ਲੱਗਾ ਸੀ। ਅਜਿਹੇ ਨਾਂ ਦਿੱਲੀ ਦੇ

ਸਫ਼ਾਈ ਕਰਮਚਾਰੀਆਂ, ਠੇਕੇ-ਰੇਹੜੀ ਵਾਲਿਆਂ ਅਤੇ ਕੁੱਲੀ-ਕਬਾੜੀਆਂ ਦੇ ਹੁੰਦੇ ਹਨ। ਦਿੱਲੀ ਆਉਣ, ਆਈ.ਟੀ.ਓ. ਪੁਲ ਦੇ ਰਾਸ਼ਟਰੀ ਅਖ਼ਬਾਰ ਵਿੱਚ ਨੌਕਰੀ ਜੁਆਇਨ ਕਰਨ ਤੋਂ ਬਾਦ ਹੀ ਉਨ੍ਹਾਂ ਵਿੱਚ ਆਪਣੇ ਨਾਂ ਨੂੰ ਲੈ ਕੇ ਗਹਿਰਾ ਅੰਤਰ ਦਵੰਦ ਸੀ, ਇਸੇ ਤਰ੍ਹਾਂ ਦਾ ਆਤਮ ਸੰਘਰਸ਼ ਜਿਵੇਂ ਮੁਕਤੀਬੋਧ ਦੀਆਂ ਕਵਿਤਾਵਾਂ 'ਔਰਾਂਗ ਉਟਾਂਗ' ਜਾਂ 'ਬ੍ਰਹਮ ਰਾਕਸਸ' ਵਿੱਚ ਦਿਖਾਈ ਦਿੰਦਾ ਹੈ।

ਉਸ ਰਾਤ, ਉਹ ਆਪਣੇ ਰੰਗੀਨ 'ਹਾਟ ਲਾਈਨ' ਟੀ.ਵੀ. ਸੈੱਟ ਤੇ ਹਾਲੀਵੁੱਡ ਦੀ ਫ਼ਿਲਮ 'ਕਿਸ ਮੀ ਗੁੱਡਬਾਇ' ਦੇਖਦਿਆਂ ਹੋਇਆਂ ਹਾੱਟ ਲਾਈਨ ਕੰਪਨੀ ਦੇ ਮਾਲਕ ਮੁਕੇਸ਼ ਅਗਰਵਾਲ ਦੀ ਹੋਣੀ ਅਤੇ ਵਿਡੰਬਨਾ ਦੇ ਬਾਰੇ ਵਿੱਚ ਸੋਚ ਰਹੇ ਸਨ, ਜੋ ਪਹਿਲਾਂ ਮੇਰਠ ਦੇ ਕਿਸੇ ਵੈਸ਼ਨੋ ਢਾਬੇ ਵਿੱਚ ਕੱਪ ਪਲੇਟਾਂ ਧੋਂਦਾ ਸੀ ਅਤੇ ਬਾਦ ਵਿੱਚ ਸਾਈਕਲ ਦੇ ਮਡਗਾਰਡ ਪਿੱਛੇ ਲੱਗਣ ਵਾਲੀ ਪਲਾਸਟਿਕ ਦੀ ਲਾਲ ਡੱਬੀ ਬਣਾਉਂਦਿਆਂ ਬਣਾਉਂਦਿਆਂ ਇਸ ਉਦਾਰੀਕਰਣ ਅਤੇ ਵਿਸ਼ਵੀਕਰਨ ਦੇ ਨਵੇਂ ਚਮਤਕਾਰ ਨਾਲ 'ਹਾੱਟ ਲਾਈਨ' ਬ੍ਰਾਂਡ ਦਾ ਰੰਗੀਨ ਟੀ.ਵੀ. ਸੈੱਟ ਬਣਾਉਣ ਲੱਗਾ ਸੀ ਅਤੇ ਅਰਬ ਪਤੀ ਬਣ ਗਿਆ ਸੀ। ਪ੍ਰੰਤੂ ਬਾਲੀਵੁੱਡ ਦੀ ਮਸ਼ਹੂਰ ਹੀਰੋਇਨ ਵਿੱਚ ਆਪਣੇ ਬਚਪਨ ਦੀ ਪ੍ਰੇਮਿਕਾ ਨੂੰ ਲੱਭਣ ਦੀ ਤ੍ਰਾਸਦੀ ਕਾਰਣ ਉਸਨੇ ਗਲੇ ਵਿੱਚ ਰੱਸਾ ਪਾ ਕੇ ਆਤਮ ਹੱਤਿਆ ਕਰ ਲਈ ਸੀ।

ਮੁਕੇਸ਼ ਅਗਰਵਾਲ ਦੀ ਤ੍ਰਾਸਦੀ ਬਲੇਡ ਦੇ ਵਿਗਿਆਪਨ ਵਿੱਚ ਸਨਸਨੀ ਪੈਦਾ ਕਰ ਦੇਣ ਵਾਲੀ ਸਰ ਗੰਗਾਰਾਮ ਹਸਪਤਾਲ ਦੇ ਸਫ਼ਾਈ ਕਰਮਚਾਰੀ ਰਾਮ ਅਵਤਾਰ ਆਰੀਆ ਦੀ ਸਤਾਰਾਂ ਸਾਲਾਂ ਦੀ ਧੀ ਸੁਨੀਲਾ ਨਾਮੀ ਮਾਡਲ ਦੀ ਤ੍ਰਾਸਦੀ ਨਾਲ ਮਿਲਦੀ ਜੁਲਦੀ ਸੀ। ਸੁਨੀਲਾ ਨੂੰ ਪਿਛਲੇ ਅੱਠ ਮਹੀਨਿਆਂ ਵਿੱਚ ਤਿੰਨ ਵਾਰ ਟਰਮੀਨੇਸ਼ਨ' ਕਰਵਾਉਣਾ ਪਿਆ ਸੀ ਅਤੇ ਦੋ ਹਫ਼ਤੇ ਪਹਿਲਾਂ ਇੱਕ ਖ਼ਬਰ ਦੇ ਮੁਤਾਬਕ ਉਸ ਵਿੱਚ ਐਚ.ਆਈ.ਵੀ. ਪਾਜ਼ੇਟਿਵ ਲੱਭਿਆ ਗਿਆ ਸੀ ਜਾਂ ਫ਼ਿਰ ਘੋੜੇ ਦੀ ਪਿੱਠ ਤੇ ਪਿਘਲ ਕੇ ਬੀਅਰ ਦਾ ਫ਼ੇਨ ਬਣ ਜਾਣ ਵਾਲੀ ਆਸ਼ਾ ਮਿਸ਼ਰਾ ਦੀ ਤ੍ਰਾਸਦੀ, ਜਿਸ ਨੂੰ ਪਿਛਲੇ ਦਿਨੀਂ ਰਾਜਧਾਨੀ ਦੇ ਸੈਰ-ਸਪਾਟਾ ਵਿਭਾਗ ਦੇ ਇੱਕ ਬਾਰਬੀ-ਕਿਊ ਵਿੱਚ ਟੋਟੇ-ਟੋਟੇ ਕਰਕੇ ਤੰਦੂਰ ਵਿੱਚ ਭੁੰਨ ਦਿੱਤਾ ਗਿਆ ਸੀ।

ਪਾੱਲ ਗੋਮਰਾ ਬੰਦੇ ਦੀ ਹੋਣੀ ਦੇ ਰਹੱਸ ਦੇ ਇਨ੍ਹਾਂ ਹੀ ਤੰਤੂਆਂ ਦੀ ਉਧੇੜ-ਬੁਣ ਵਿੱਚ ਲੱਗੇ ਸਨ, ਤਦੇ ਸ਼ੈਟਿਲੀ ਦੀ ਖ਼ੁਸ਼ਬੋ ਅਤੇ ਰੋਮਾਂ ਕਾਰਤੀਏ ਦੁਆਰਾ ਡਿਜ਼ਾਈਨ ਕੀਤੀ ਲਿੰਗਰੀ ਵਿੱਚ ਲਿਪਟੀ ਹਰੇ-ਅਸਮਾਨੀ ਸਰੀਰ ਦੀ ਮੇਹਰ ਜੈਸੀਆ ਉਨ੍ਹਾਂ ਦੇ ਕੋਲ ਆਈ ਸੀ। ਉਨ੍ਹਾਂ ਦੀਆਂ ਤਿੰਨੇ ਸੰਤਾਨਾਂ ਨੀਂਦ ਦੇ ਆਗ਼ੋਸ਼ ਵਿੱਚ ਨਾਲ ਵਾਲੇ ਕਮਰੇ ਵਿੱਚ ਸਨ। ਪਾੱਲ ਗੋਮਰਾ ਨੇ ਮੇਹਰ ਜੈਸੀਆ ਨੂੰ ਪੰਚਕੁਈਆ ਰੋਡ ਦੀ 'ਮਾਡਰਨ ਫ਼ਰਨੀਚਰ ਸ਼ਾਪ' ਤੋਂ ਅੱਧੀ ਕੀਮਤ ਤੇ ਖਰੀਦੇ ਗਏ ਸੈਕਿੰਡ ਹੈਂਡ, ਮੋਟੇ ਅਤੇ ਸ਼ਪੰਜੀ ਕੁਸ਼ਨ ਵਾਲੇ ਸੋਫ਼ੇ ਤੇ ਖਿੱਚ ਲਿਆ। ਉਹ ਯੱਗ ਬਨਣ ਤੋਂ ਠੀਕ ਇੱਕ ਛਿਣ ਪਹਿਲਾਂ, ਇੱਕ ਸਕਿੱਟ ਦੇ ਬਾਹਰਵੇਂ ਹਿੱਸੇ ਵਿੱਚ ਲਿਸ਼ਕਣ ਵਾਲੇ ਮਿਸ਼ਰਾ ਦੇ ਉੱਜਲੇ ਸਤਨਾਂ ਦੀ ਸਟਿੱਲ ਫ਼ੋਟੋਗ੍ਰਾਫ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਸਨ ਤਦੇ ਠੀਕ ਉਸੇ ਪਲ ਉਨ੍ਹਾਂ ਦੀ ਗਿਆਨਾਤਮਕ ਸੰਵੇਦਨਾ ਜਾਗ੍ਰਤ ਹੋਈ। ਇਹ ਨਵੋਦਿਆ ਦੇ ਬੋਧ ਲੱਛਣਾਂ ਵਿੱਚ ਜਗਮਗਾਉਂਦੇ ਸੂਰਜ ਦੀ ਚਕਾਚੌਂਧ ਰੋਸ਼ਨੀ ਵਾਂਗੂ ਪਰਮ ਆਤਮ ਸਾਕਸ਼ਾਤਕਾਰ ਦਾ ਪਲ ਸੀ। ਠੀਕ ਉਸੇ ਪਲ ਦੇ ਵਿੱਚ ਉਨ੍ਹਾਂ ਨੇ ਆਪਣਾ ਪਹਿਲਾ ਫੈਸਲਾ ਕੀਤਾ।

ਉਨ੍ਹਾਂ ਦਾ ਇਹ ਫ਼ੈਸਲਾ ਆਪਣੇ ਨਾਂ ਨੂੰ ਲੈ ਕੇ ਹੀ ਸੀ। ਉਹਨਾਂ ਨੇ ਵਿਖੰਡਨਵਾਦੀ ਪਾਠ-ਪੱਧਤੀ ਨੂੰ ਅਪਣਾਉਂਦਿਆਂ ਹੋਇਆਂ ਸਿਰਫ ਇਹ ਕੀਤਾ ਕਿ ਆਪਣੇ ਨਾਂ ਰਾਮਗੋਪਾਲ ਦੇ 'ਪਾਲ' ਨੂੰ ਤੋੜ ਕੇ ਵੱਖਰਾ ਕੱਢਿਆ ਅਤੇ ਉਸ ਨੂੰ ਹਲਕਾ ਜਿਹਾ ਡਿਸਟਾਰਟ ਕਰਦਿਆਂ ਹੋਇਆਂ 'ਪਾੱਲ' ਬਣਾ ਦਿੱਤਾ। ਉਸਦੇ ਬਾਦ ਬਾਕੀ ਬਚੇ 'ਰਾਮਗੋ' ਨੂੰ ਉਲਟੇ ਪਾਸਿਉਂ ਪੜ੍ਹ ਦਿੱਤਾ 'ਗੋਮਰਾ'। ਇਸ ਤਰ੍ਹਾਂ ਉਨ੍ਹਾਂ ਦਾ ਜੋ ਨਵਾਂ ਨਾਂ ਬਣਿਆ, ਉਹ ਸੀ- 'ਪਾੱਲ ਗੋਮਰਾ'। ਨਿਰਸੰਦੇਹ ਇਹ ਨਾਂ ਅਪਾਚੀ ਇੰਡੀਅਨ, ਲੂਈ ਬੈਂਕਸ, ਰੇਮੋ ਫ਼ਰਨੀਡਸ, ਸੈਮਪਿਤਰੋਦਾ ਜਾਂ ਟੀ.ਕੇ. ਬੈਂਜੀ ਵਰਗੇ ਨਾਵਾਂ ਨਾਲ ਬਰਾਬਰੀ ਦੀ ਟੱਕਰ ਲੈਂਦਾ ਸੀ। ਟੀ.ਕੇ. ਬੈਂਜੀ ਦਰਅਸਲ ਤੁਸ਼ਾਰ ਕਾਂਤੀ ਬੈਨਰਜੀ ਤੋਂ 'ਬੈਂਜੀ' ਬਣਿਆ ਸੀ। 'ਮੋਕਾਂਜੀ ਵੀ ਮੂਲ ਰੂਪ ਵਿੱਚ ਮੁਖਰਜੀ ਸਨ, ਜੋ ਅੰਗ੍ਰੇਜ਼ੀ ਰਾਜ ਦੌਰਾਨ ਫਰੰਗੀਆਂ ਦੇ ਜਿਮਖਾਨਾ,

ਰੇਸਕੋਰਸ ਅਤੇ ਡਾਈਨਰਸ ਕਲੱਬ ਦੇ ਭਾਰਤੀ ਮੈਂਬਰ ਹੁੰਦੇ ਸਨ। ਚੰਪਾਰਨ ਦੇ ਅੰਗ੍ਰੇਜ਼ ਨੀਲ ਸਾਹਿਬਾ ਦੇ ਉਹ ਵਪਾਰਕ ਏਜੰਟ ਸਨ, ਜੋ ਉੜੀਸਾ, ਤਾਮਿਲਨਾਡੂ ਅਤੇ ਮੱਧ ਪ੍ਰਦੇਸ਼ ਤੋਂ ਨੇਟਿਵ ਮਜ਼ਦੂਰਾਂ ਨੂੰ ਫੜ-ਫੜ ਕੇ ਨੀਲ ਦੇ ਬਗਾਨਾਂ ਦੇ ਕੁੰਡਾਂ ਵਿੱਚ ਕੰਮ ਕਰਵਾਉਂਦੇ ਸਨ। ਸੰਨ 1860 ਈਸਵੀ ਵਿੱਚ ਪ੍ਰਕਾਸ਼ਿਤ ਦੀਨ ਬੰਧੂ ਮਿੱਤਰ ਨੇ ਆਪਣੇ ਬੰਗਾਲੀ ਨਾਟਕ 'ਨੀਲ ਦਰਪਣ' ਵਿੱਚ ਇਸ ਮੋਕਾਂਜੀ ਪਰਿਵਾਰ ਦੀ ਅੰਗ੍ਰੇਜ਼ ਭਗਤੀ ਅਤੇ ਵਿਚਾਰੇ ਮਜ਼ਦੂਰਾਂ ਦੇ ਪ੍ਰਤੀ ਕਰੂਰਤਾ ਅਤੇ ਅਣਮਨੁੱਖੀ ਬਰਬਰਤਾ ਦਾ ਵਰਨਣ ਕੀਤਾ ਹੈ।

'ਨੀਲ ਦਰਪਣ' ਜਿਸ ਤੇ ਅੰਗ੍ਰੇਜ਼ਾਂ ਨੇ ਰੋਕ ਲਾ ਦਿੱਤੀ ਸੀ। ਇਸ ਨਾਟਕ ਨੂੰ ਖੇਡਣ ਅਤੇ ਛਾਪਣ ਤੇ ਸਖ਼ਤ ਪਾਬੰਦੀ ਲਾ ਦਿੱਤੀ ਗਈ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ 7 ਦਸੰਬਰ, 1932 ਨੂੰ ਲਿਖੇ ਇੱਕ ਖ਼ਤ ਵਿੱਚ 'ਨੀਲ ਦਰਪਣ' ਦਾ ਜ਼ਿਕਰ ਕੀਤਾ ਹੈ,'ਆਈ ਮਾਈਟ ਮੈਨਸ਼ਨ ਹੇਅਰ ਦੈਟ ਏ ਡਜ਼ਨ ਈਅਰਸ ਬੀਫ਼ੋਰ ਆਨੰਦ ਸਰ, ਏ ਬੇਂਗਾਲੀ ਪੋਇਟ ਹੈਡ ਕਮ ਆਊਟ ਵਿੱਚ ਕ੍ਰੀਏਟ ਏ ਸਿਟਿਰ- ਦਿਸ ਵਾਜ਼ ਕਾਲਡ 'ਨੀਲ ਦਰਪਣ' ਦਿ ਮਿਰਰ ਆਫ ਇੰਡਗੋ। ਇਟ ਗੇਵ ਏ ਵੇਰੀ ਪੇਨਫ਼ੁੱਲ ਅਕਾਊਂਟ ਆਫ ਦਾ ਬੰਗਾਲ ਪੀਜੈਂਟਰੀ ਅੰਡਰ ਦਾ ਪਲਾਂਟੇਸ਼ਨ ਸਿਸਟਮ।"

ਇਹ ਖ਼ਤ ਉਨ੍ਹਾਂ ਦੀ ਕਿਤਾਬ 'ਗਲਿੰਪਸੇਜ਼ ਆਫ਼ ਵਰਲਡ ਹਿਸਟਰੀ' ਦੇ ਇਲਾਹਬਾਦ ਤੋਂ 1935 ਵਿੱਚ ਪ੍ਰਕਾਸ਼ਤ ਦੂਜੇ ਖੰਡ ਵਿੱਚ ਸ਼ਾਮਲ ਹੈ। ਪ੍ਰੰਤੂ ਇਸ ਖ਼ਤ ਨਾਲ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਵੀ ਭਾਰਤੀ ਸਾਹਿਤ ਦੀ ਸਹੀ ਜਾਣਕਾਰੀ ਨਹੀਂ ਸੀ, ਉਨ੍ਹਾਂ ਨੇ 'ਨੀਲ ਦਰਪਣ' ਨਾਮਕ ਇਸ ਨਾਟਕ ਨੂੰ ਜਿਸ ਨੇ ਉੱਨੀਵੀਂ ਸਦੀ ਵਿੱਚ ਈਸਟ ਇੰਡੀਆ ਕੰਪਨੀ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ, 'ਇੱਕ ਬੰਗਾਲੀ ਕਵਿਤਾ' ਘੋਸ਼ਿਤ ਕਰ ਦਿੱਤਾ।

ਬਹਿਰਹਾਲ, ਅੱਜ ਦਾ ਮੋਕਾਂਜੀ ਇੰਨਡਸਟ੍ਰੀਅਲ ਗਰੁੱਪ ਉਸੇ ਮੋਕਾਂਜੀ ਪਰਿਵਾਰ ਦਾ ਹੈ, ਜਿਸ ਦੇ ਸੱਤਰ ਸਾਲਾਂ ਮੈਨਜਿੰਗ ਡਾਇਰੈਕਟਰ ਕੇ.ਡੀ. ਮੋਕਾਂਜੀ ਨੂੰ ਦੋ ਸਾਲ ਪਹਿਲਾਂ ਰਾਸ਼ਟਰ ਦੇ ਸਰਵਉੱਚ ਸਨਮਾਨ 'ਭਾਰਤ ਰਤਨ' ਨਾਲ ਰਾਸ਼ਟਰਪਤੀ ਨੇ ਅਲੰਕ੍ਰਿਤ ਕੀਤਾ ਸੀ ਅਤੇ ਅਜੇ ਪੰਜ ਮਹੀਨੇ ਪਹਿਲਾਂ ਜਿਸ ਦੀ ਮੌਤ ਤੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਕਈ ਰਾਜਾਂ ਦੇ ਮੁੱਖ ਮੰਤਰੀਆਂ, ਕੇਂਦਰ ਅਤੇ ਕਈ ਰਾਜਾਂ ਦੇ ਮੰਤਰੀਆਂ ਅਤੇ ਕੌਮੀ ਅਖ਼ਬਾਰਾਂ ਦੇ ਸੰਪਾਦਕਾਂ ਨੇ ਆਪਣੀਆਂ ਆਪਣੀਆਂ ਸ਼ਰਧਾਂਜਲੀਆਂ ਵਿੱਚ ਕਿਹਾ ਸੀ ਕਿ ਦੇਸ਼ ਨੇ ਇੱਕ ਮਹਾਨ ਸੁਤੰਤਰਤਾ ਸੰਗਰਾਮੀ ਅਤੇ ਸਮਾਜ ਸੇਵਕ ਨੂੰ ਖੋਹ ਦਿੱਤਾ ਹੈ। ਭਾਰਤ ਰਤਨ ਕੇ.ਡੀ. ਮੋਕਾਂਜੀ ਰਾਸ਼ਟਰ ਦੇ ਵਿਕਾਸ ਅਤੇ ਪ੍ਰਗਤੀ ਦੇ ਇੱਕ ਮਜ਼ਬੂਤ ਅਤੇ ਪੱਕੇ ਥੰਮ ਸਨ।

"ਪਾੱਲ ਗੋਮਰਾ!!"

"ਪਾੱਲ ਗੋਮਰਾ!!!" ਰਾਮਗੋਪਾਲ ਸਕਸੈਨਾ ਨੇ ਉਸ ਰਾਤ ਬੋਧ ਦੇ ਉਨ੍ਹਾਂ ਜਗਮਗ ਛਿਣਾਂ ਵਿੱਚ ਅਚਾਨਕ ਜ਼ੋਰ ਨਾਲ ਕਿਹਾ ਅਤੇ 'ਹਾੱਟ ਲਾਈਨ' ਨੂੰ ਬੰਦ ਕਰਦਿਆਂ ਹੋਇਆਂ ਆਪਣੀ ਪਤਨੀ ਸਨੇਹਲਤਾ ਸਕਸੈਨਾ ਨੂੰ ਨੀਂਦ ਵਿੱਚੋਂ ਹਲੂਣ ਕੇ ਜਗਾ ਦਿੱਤਾ।

ਮੇਹਰ ਜੈਸੀਆ, ਜਿਸ ਦੀ ਲਿੰਗਰੀ ਫ਼ਰਸ਼ ਤੇ ਡਿੱਗੀ ਹੋਈ ਸੀ ਅਤੇ ਚਿਹਰੇ ਦਾ ਮੇਕਅੱਪ ਪੰਚਕੁਈਆਂ ਰੋਡ ਤੋਂ ਅੱਧੀ ਕੀਮਤ ਦੇ ਖ਼ੀਦੇ ਗਏ ਸੋਫ਼ੇ ਦੇ ਸਪੰਜੀ ਕੁਸ਼ਨ ਨਾਲ ਰਗੜ ਖਾ ਕੇ ਪੂੰਝਿਆ ਗਿਆ ਸੀ, ਹੁਣ ਨਾ ਮੇਹਰ ਜੈਸੀਆ ਰਹਿ ਗਈ ਸੀ ਅਤੇ ਨਾ ਠੀਕ-ਠਾਕ ਸਹਾਰਨਪੁਰ ਦੀਆਂ ਗਲੀਆਂ ਵਿੱਚ ਖੇਡੀ, ਪਲੀ-ਪੁਸੀ ਸਨੇਹ ਲਤਾ। ਹੁਣ ਦੋਹਾਂ ਦੇ ਵਿਚਕਾਰਲੀ ਕੋਈ ਸੁਰੀਅਲਿਸਟ ਔਰਤ ਸੀ। ਪੋਟਲਰਜਿਰਤ ਜਾਂ ਐਗਜਿਰਟ ਵਰਗੀਆਂ ਹਾਲੀਵੁੱਡ ਦੀਆਂ ਫ਼ਿਲਮਾਂ ਦੀ ਜਾਦੂ-ਟੂਣਾ, ਵਿਚ ਕਰਾਫ਼ਟ, ਜਾਨਣ ਵਾਲੀ ਔਰਤ, ਜੋ ਅੱਧੀ ਰਾਤ, ਨੀਂਦ ਨਾਲ ਲਾਲ ਹੋਈਆਂ ਚੌੜੀਆਂ ਫ਼ਟੀਆਂ ਭੌਂਚੱਕੀਆਂ ਅੱਖਾਂ ਨਾਲ ਆਪਣਾ ਸਿਰ ਖੁਰਕਦੀ ਹੋਈ ਆਪਣੇ ਪਤੀ ਨੂੰ ਘੂਰ ਰਹੀ ਹੈ। "ਕੀ ਆ?" ਬੜੀ ਮੁਸ਼ਕਲ ਨਾਲ ਉਸ ਔਰਤ ਦੇ ਗ਼ਲੇ ਵਿੱਚੋਂ ਫ਼ਟੀ ਹੋਈ ਅਰਧਨਾਰੀਸ਼ਵਰ ਜਿਹੀ ਖੁਰਦਰੀ ਆਵਾਜ਼ ਨਿਕਲੀ।

"ਪਾੱਲ ਗੋਮਰਾ" ਰਾਮ ਗੋਪਾਲ ਸਕਸੈਨਾ ਨੇ ਜ਼ੋਰ ਨਾਲ ਦੁਹਰਾਇਆ,"ਪਾੱਲ ਗੋ.ਮ.ਰਾ.।"

"ਇਹ ਕੀ ਹੈ? ਹੌਲੀ ਬੋਲੋ। ਬੱਚੇ ਉੱਠ ਜਾਣਗੇ" ਸਨੇਹਲਤਾ ਸਕਸੈਨਾ ਦੀ ਜਾਣੀ ਪਛਾਣੀ ਚਿੰਤਤ ਜਿਹੀ ਆਵਾਜ਼ ਬਾਹਰ ਆਈ।

"ਇਹ ਅੱਜ ਇਸੇ ਪਲ ਤੋਂ ਮੇਰਾ ਨਾਂ ਹੈ। ਦ ਗ੍ਰੇਟ ਲੀਜੈਂਡਰੀ ਹਿੰਦੀ ਪੋਇਟ- ਪਾੱਲ ਗੋਮਰਾ" ਇਹ ਕਹਿੰਦਿਆਂ ਹੋਇਆਂ ਰਾਮ ਗੋਪਾਲ ਸਕਸੈਨਾ ਨੇ ਆਪਣੀ ਪਤਨੀ ਨੂੰ ਮਾਡਰਨ ਫਰਨੀਚਰ ਵਾਲੇ ਸੈਕਿੰਡ ਹੈਂਡ ਸੋਫ਼ੇ ਤੇ ਫ਼ਿਰ ਸੁੱਟ ਲਿਆ ਅਤੇ ਉਹ ਰਾਮ ਗੋਪਾਲ ਤੋਂ ਪਾੱਲ ਗੋਮਰਾ ਬਨਣ ਦੀ ਕੋਸ਼ਿਸ਼ ਵਿੱਚ ਜੁੱਟ ਗਏ।

ਇਸ ਤੋਂ ਲੱਗਪੱਗ ਪਚਵੰਜਾ ਮਿੰਟ ਬਾਦ, ਜਦ ਘੜੀ ਦੀਆਂ ਸੂਈਆਂ ਦੋ ਵਜ ਕੇ ਦਸ ਮਿੰਟ ਦਾ ਸਮਾਂ ਦੱਸ ਰਹੀਆਂ ਸਨ। ਸੂਰਜ ਅਤੇ ਚੰਦ ਦੀ ਗਤੀ ਅਤੇ ਸਥਿਤੀ ਨਾਲ ਨਾ ਜੁੜਨ ਬਾਰੇ ਪੱਛਮੀ ਸਮਾਂ ਸਿਧਾਂਤਾਂ ਦੇ ਅਨੁਸਾਰ, ਜਦ ਪੁਰਾਣੀ ਮਿਤੀ ਦੀ ਥਾਂ ਇੱਕ ਨਵੀਂ ਮਿਤੀ ਦੋ ਘੰਟੇ ਦਸ ਮਿੰਟ ਪਹਿਲਾਂ ਆ ਚੁੱਕੀ ਸੀ, ਪਾੱਲ ਗੋਮਰਾ ਨੇ ਆਪਣੇ ਜੀਵਨ ਦਾ ਦੂਜਾ ਮਹੱਤਵਪੂਰਨ ਫ਼ੈਸਲਾ ਲਿਆ।

ਸਕੂਟਰ ਖ਼ੀਦਣ ਦਾ ਫੈਸਲਾ

ਅਜੇ ਤੱਕ ਪਿਛਲੇ ਲੱਗਪੱਗ ਬਾਈ ਸਾਲਾਂ ਤੋਂ ਉਹ ਗ਼ਾਜ਼ੀਆਬਾਦ ਦੇ ਕਵੀ ਨਗਰ ਮੁਹੱਲੇ ਤੋਂ ਸਵੇਰੇ-ਸਵੇਰੇ ਸੱਤ ਸਾਢੇ ਸੱਤ ਵਜੇ, ਸਟੇਟ ਟ੍ਰਾਂਸਪੋਰਟ ਦੀ ਬੱਸ ਵਿੱਚ ਕਿਸੇ ਤਰ੍ਹਾਂ ਘੁਸ ਕੇ ਜਾਂ ਅਕਸਰ ਲਮਕ ਕੇ ਅਖੌਤੀ ਰਾਸ਼ਟਰ ਭਾਸ਼ਾ ਦੇ ਅਖੌਤੀ ( ) ਕੌਮੀ ਅਖ਼ਬਾਰ ਵਿੱਚ ਸਬ ਐਡੀਟਰ-ਕਮ-ਪਰੂਫ਼ ਰੀਡਰ ਦੀ ਨੌਕਰੀ ਕਰਨ ਦਿੱਲੀ ਦੇ ਆਈ.ਟੀ.ਓ. ਪੁਲ ਤੱਕ ਪਹੁੰਚਦੇ ਸਨ। ਪ੍ਰੰਤੂ ਪਿਛਲੇ ਪੰਜ ਸੱਤ ਸਾਲਾਂ ਤੋਂ ਸਵੇਰ ਦੀ ਇਸ ਬੱਸ ਵਿੱਚ ਦੁੱਧ ਵਾਲੇ, ਸਬਜ਼ੀ ਵਾਲੇ ਅਤੇ ਰੋਜ਼ਾਨਾ ਦਿੱਲੀ, ਗ਼ਾਜ਼ੀਆਬਾਦ ਦੇ ਵਿੱਚ ਅਪ-ਡਾਊਨ ਕਰਨ ਵਾਲੇ ਬਾਊਆਂ, ਕਰਮਚਾਰੀਆਂ, ਮਜ਼ਦੂਰਾਂ ਦੀ ਗਿਣਤੀ ਇੰਨੀ ਵਧ ਗਈ ਸੀ ਕਿ ਲੋਕ ਬੱਸ ਦੇ ਅੰਦਰ ਹੀ ਨਹੀਂ, ਦਰਵਾਜ਼ਿਆਂ, ਛੱਤਾਂ, ਪਾਏਦਾਨ, ਪਿਛਲੀ ਜਾਲੀ ਅਤੇ ਡੰਫ਼ਰ ਤੇ ਵੀ ਲਮਕੇ ਰਹਿੰਦੇ ਸਨ। ਦਿਨੋ ਦਿਨ ਅੱਧਖੜ ਉਮਰ ਤੋਂ ਬੁਢਾਪੇ ਵੱਲ ਖਿਸਕਦੇ ਹਿੰਦੀ ਦੇ ਅਸਫ਼ਲ, ਮਾਮੂਲੀ ਅਤੇ ਛੋਕੇ ਹੋਏ ਕਵੀ ਪਾੱਲ ਗੋਮਰਾ ਦੀ ਥਕਾਵਟ, ਉਮਰ, ਯਾਦਾਂ, ਚਿੰਤਾਵਾਂ ਅਤੇ ਰੋਗਾਂ ਨਾਲ ਭਰੇ ਬੀਮਾਰ ਅਤੇ ਗਰੀਬ ਸਰੀਰ ਦੇ ਲਈ ਬੱਸ ਦੀ ਇਹ ਲੰਮੀ ਯਾਤਰਾ ਔਖੀ ਹੁੰਦੀ ਜਾ ਰਹੀ ਸੀ।

ਸਕੂਟਰ ਖ਼ੀਦਣ ਦੇ ਫ਼ੈਸਲੇ ਦੀ ਪਿੱਠ ਭੂਮੀ ਵਿੱਚ ਉਨ੍ਹਾਂ ਦੀ ਜਨਗਣਨਾ ਦਾ ਵੀ ਹੱਥ ਸੀ। ਜਿਸ ਨੂੰ ਆਪਣੇ ਜੀਵਨ ਨਾਲ ਜੋੜਕੇ ਪਾੱਲ ਗੋਮਰਾ ਡਰ ਗਏ ਸਨ। ਗ਼ਾਜ਼ੀਆਬਾਦ ਤੋਂ ਆਈ.ਟੀ.ਓ. ਪੁਲ ਤੱਕ ਪਹੁੰਚਣ ਵਿੱਚ ਉਨ੍ਹਾਂ ਨੂੰ ਦੋ ਘੰਟੇ ਲੱਗਦੇ ਸਨ। ਇੰਨਾ ਹੀ ਸਮਾਂ ਉਨ੍ਹਾਂ ਨੂੰ ਮੁੜਨ ਵਿੱਚ ਲਗਦਾ ਸੀ ਭਾਵ ਹਰੇਕ ਚੌਵੀਆਂ ਵਿਚੋਂ ਚਾਰ ਘੰਟੇ ਉਨ੍ਹਾਂ ਨੂੰ ਸਟੇਟ ਟ੍ਰਾਂਸਪੋਰਟ ਦੀ ਉਸ ਬੱਸ ਵਿੱਚ, ਠਸਾਠਸ ਅਜਨਬੀ ਮਨੁੱਖੀ ਸਰੀਰਾਂ ਦੇ ਦਬਾਅ, ਪਸੀਨੇ ਅਤੇ ਵਾਯੂ-ਵਿਕਾਰ (ਪੱਦਾਂ) ਦੀ ਅਸਹਿ ਗੰਧ ਦੇ ਵਿੱਚ ਗੁਜ਼ਾਰਨੇ ਪੈਂਦੇ ਸਨ। ਜੇ ਐਤਵਾਰ ਦੀ ਛੁੱਟੀ ਨੂੰ ਛੱਡ ਦਿੱਤਾ ਜਾਵੇ ਤਾਂ ਇਸ ਗਿਣਤੀ ਦੇ ਅਨੁਸਾਰ ਹਰ ਹਫ਼ਤੇ ਉਹ ਚੌਵੀ ਘੰਟੇ ਇੱਕ ਪੂਰੇ ਦਿਵਸ, ਦਿਨ-ਰਾਤ ਉਹ ਇਸ ਬੱਸ ਵਿੱਚ ਸਵਾਰ ਗ਼ਾਜ਼ੀਆਬਾਦ ਤੋਂ ਦਿੱਲੀ ਅਤੇ ਦਿੱਲੀ ਤੋਂ ਗ਼ਾਜ਼ੀਆਬਾਦ ਦੀ ਸੜਕ ਤੇ ਆਉਂਦੇ ਜਾਂਦੇ ਰਹਿੰਦੇ ਸਨ।

ਜੇ ਇੱਕ ਪੂਰੇ ਸਾਲ ਦਾ ਹਿਸਾਬ ਲਾਈਏ ਤਾਂ ਲੱਗਪੱਗ ਬਵੰਜਾ ਦਿਨ ਭਾਵ ਇੱਕ ਮਹੀਨਾ ਬਾਈ ਦਿਨ ਲਗਾਤਾਰ ਉਹ ਇਸ ਬੱਸ ਵਿੱਚ ਹੁੰਦੇ ਸਨ। ਇਸ ਤਰ੍ਹਾਂ ਰਾਜਧਾਨੀ ਦਿੱਲੀ ਦੇ ਬਹਾਦਰ ਸ਼ਾਹ ਜਫ਼ਰ ਮਾਰਗ ਤੇ ਸਥਿਤ ਉਸ ਦਫ਼ਤਰ ਵਿੱਚ ਨੌਕਰੀ ਕਰਨ ਦੇ ਹੁਣ ਤੱਕ ਦੇ ਸਮੇਂ ਵਿੱਚ ਕੁੱਲ ਮਿਲਾ ਕੇ ਤਿੰਨ ਸਾਲ, ਦੋ ਮਹੀਨੇ ਉਸ ਬੱਸ ਵਿੱਚ ਗੁਜ਼ਾਰ ਚੁੱਕੇ ਸਨ।

ਤਿੰਨ ਸਾਲ ਅਤੇ ਦੋ ਮਹੀਨੇ! ਯਾਨੀ ਬਰਸਾਤ, ਪੱਤਝੜ, ਗੁਲਾਬੀ ਮੌਸਮ, ਬਸੰਤ, ਸਰਦੀ ਅਤੇ ਗਰਮੀ ਦੀਆਂ ਤਿੰਨ ਤਿੰਨ ਸਮੁੱਚੀਆਂ ਰੁੱਤਾਂ, ਇੱਕ ਹਜ਼ਾਰ ਇੱਕ ਸੌ ਚਾਲੀ ਦਿਨ। ਤੜਕੇ, ਪਹੁ ਫੁਟਾਲੇ, ਸਵੇਰ, ਦੁਪਹਿਰ, ਬਾਦ ਦੁਪਹਿਰ, ਸੰਧਿਆ, ਸ਼ਾਮ, ਰਾਤ ਦੇ ਤਮਾਮ ਪਹਿਰ ਘੜੀਆਂ, ਪਲ!! ਘੰਟੇ ਮਹੀਨੇ ਸਾਲ!! ਅਤੇ ਇਹ ਸਿਲਸਿਲਾ ਅਜੇ ਭਵਿੱਖ ਵਿੱਚ ਵੀ ਖ਼ਤਮ ਹੋਣ ਵਾਲਾ ਨਹੀਂ ਸੀ।

ਉੱਪਰੋਂ ਸੰਨ ਬਿਆਸੀ ਦੇ ਏਸ਼ੀਆਡ ਤੋਂ ਪਿੱਛੋਂ ਹੋਣ ਵਾਲੀ ਤਕਨੀਕ, ਸੰਚਾਰ, ਕਮਿਊਨੀਕੇਸ਼ਨ ਅਤੇ ਆਦਮੀ ਦੀ ਸਮਝ ਵਿੱਚ ਅਜਿਹਾ ਬੇਤਹਾਸ਼ਾ, ਅਭੂਤਪੂਰਬਕ ਪਰਿਵਰਤਨ।

ਲੋਕੀ ਮਾਰੂਤੀ, ਅਸਟੀਮ, ਸੀਲੋ, ਜੇਨ, ਸਿਓਰਾ, ਸੂਮੋ, ਹੌਂਡਾ, ਕਾਵਾਸਾਕੀ, ਸਜੂਕੀ ਅਤੇ ਪਤਾ ਨਹੀਂ ਕਿੰਨਾਂ ਕਿੰਨਾਂ ਗੱਡੀਆਂ ਵਿੱਚ ਜਾਣ ਲੱਗੇ ਸਨ। ਕਿੱਥੋਂ ਕਿੱਥੇ ਪਹੁੰਚ ਗਏ ਸਨ ਅਤੇ ਪਾੱਲ ਗੋਮਰਾ ਨੂੰ ਸਾਈਕਲ ਤੱਕ ਚਲਾਉਣਾ ਨਹੀਂ ਸੀ ਆਉਂਦਾ। ਉਹ ਸਮਾਜ ਦੇ ਅੱਗੇ-ਅੱਗੇ ਕਬੀਰ, ਪ੍ਰੇਮ ਚੰਦ ਵਾਂਗ ਮਸ਼ਾਲ ਲੈ ਕੇ ਚੱਲਣ ਵਾਲੇ ਮੋਹਰੀ ਲੇਖਕ ਦੀ ਬਜਾਏ ਸਮੇਂ ਦੇ ਪਿੱਛੇ ਪਿੱਛੇ ਕਿਸੇ ਤਰ੍ਹਾਂ ਰੀਗਣ ਘਿਸੜਨ ਵਾਲੇ ਕੰਨ ਖ਼ਜੂਰੇ, ਗੋਜਰ, ਕੇਂਚੂਆ ਜਾਂ ਘੋਘਾ ਬਣਦੇ ਜਾ ਰਹੇ ਸਨ।

ਇਸ ਮੌਜੂਦਾ ਕਾਲ ਦੀ ਅਸਲੀ ਨਬਜ਼ ਤਕਨੀਕ ਵਿੱਚ ਲੁਕੀ ਹੋਈ ਹੈ ਅਤੇ ਜੇ ਤਕਨੀਕ ਦੇ ਇਨ੍ਹਾਂ ਅਸੰਖ ਰੂਪਾਂ ਵਿੱਚੋਂ ਕਿਸੇ ਇੱਕ ਰੂਪ ਨੂੰ ਵੀ ਸਾਧ ਲਿਆ ਜਾਵੇ ਤਾਂ ਉਸ ਤੇ ਕਾਬੂ ਅਤੇ ਪ੍ਰਭੂਤੱਵ ਕਾਇਮ ਕਰ ਕੇ ਉਸਦੀ ਕ੍ਰਿਆਸ਼ੀਲਤਾ ਅਤੇ ਨਿਰਮਾਣ ਦੀ 'ਜੇਨੇਸਿਸ' ਨੂੰ ਸਮਝ ਲਿਆ ਜਾਵੇ, ਤਾਂ ਇਹ ਤਹਿ ਹੈ ਕਿ ਇਸ ਪਰਿਵਰਤਿਤ ਕਾਲ ਨਾਲ ਸੰਵਾਦ ਬਣਾਇਆ ਜਾ ਸਕਦਾ ਹੈ, ਸਮਕਾਲੀਨ ਹੋਇਆ ਜਾ ਸਕਦਾ ਹੈ। ਨਵੀਂ ਸੰਗਿਆ ਨਵੀਂ ਯੁਕਤੀ ਅਤੇ ਆਪਣੀ ਨਵੀਂ 'ਅੰਟੀਨਾ' ਦੇ ਨਾਲ ਅਗਲੀ ਸਦੀ ਵਿੱਚ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਪਾੱਲ ਗੋਮਰਾ ਨੇ ਪ੍ਰਸਿੱਧ ਕਵੀ ਸ਼ਮਸ਼ੇਰ ਦੇ ਦੋ ਕਵਿਤਾ ਸੰਗ੍ਰਿਹਾਂ ਦੇ ਸਿਰਲੇਖਾਂ ਦਾ ਜ਼ੋਰ ਜ਼ੋਰ ਨਾਲ ਇਕੱਠਾ ਉਚਾਰਣ ਕੀਤਾ, "ਅਭੀ ਚੁਕਾ ਭੀ ਹੂੰ ਨਹੀਂ ਮੈਂ, ਕਾਲ ਤੁਝ ਸੇ ਹੋੜ ਹੈ ਮੇਰੀ।"

ਇਸ ਤਰ੍ਹਾਂ ਰਾਜਧਾਨੀ ਦਿੱਲੀ ਦੇ ਸੀਮਾਵਰਤੀ ਉਪਨਗਰ ਗ਼ਾਜ਼ੀਆਬਾਦ (ਉੱਤਰ ਪ੍ਰਦੇਸ਼) ਦੀ ਕਵੀ ਨਗਰ ਕਲੋਨੀ ਦੇ ਐਲ.ਆਈ.ਜੀ. ਫ਼ਲੈਟ ਅਰਥਾਤ ਘੱਟ ਆਮਦਨ ਵਰਗ ਦੇ ਦੋ ਛੋਟੇ-ਛੋਟੇ ਕਮਰਿਆਂ ਵਾਲੇ ਮਕਾਨ (ਜਿਨ੍ਹਾਂ ਵਿੱਚ ਇੱਕ ਕਮਰੇ ਨੂੰ 'ਡਰਾਇੰਗ ਰੂਮ' ਅਤੇ ਦੂਜੇ ਨੂੰ 'ਬੈਡ ਰੂਮ' ਕਹਿਣ ਦਾ ਰਿਵਾਜ ਸੀ) ਨੰਬਰ ਏ 122/4 ਵਿੱਚ, ਉਸ ਰਾਤ ਲੱਗਪੱਗ ਦੋ ਵਜ ਕੇ ਦਸ ਮਿੰਟ ਤੇ ਸਕੂਟਰ ਖ਼੍ਰੀਦਣ ਦਾ ਫ਼ੈਸਲਾ ਕੁਝ ਹੀ ਦੇਰ ਪਹਿਲਾਂ ਰਾਮ ਗੋਪਾਲ ਸਕਸੈਨਾ ਵਿੱਚ ਰੁਪਾਂਤਰਿਤ ਹੋਣ ਵਾਲੇ ਹਿੰਦੀ ਕਵੀ ਪਾੱਲ ਗੋਮਰਾ ਦੁਆਰਾ ਲਿਆ ਗਿਆ। ਇਹ ਰੁਪਾਂਤਰਿਤ ਫ਼ਰਾਂਜ ਕਾਫ਼ਕਾ ਦੀ ਪ੍ਰਸਿੱਧ ਕਹਾਣੀ 'ਮੈਟਾਮਾਰਫ਼ੋਸਿਸ' ਦਾ ਵਿਲੋਮ ਸੀ ਕਿਉਂਕਿ ਇੱਥੇ ਰਾਮ ਗੋਪਾਲ ਸਕਸੈਨਾ ਨਾਮੀ ਇੱਕ ਅਦਨਾ ਜਿਹਾ ਕਾਕਰੋਚ ਪਾੱਲ ਗੋਮਰਾ ਵਰਗੇ 'ਗ੍ਰੇਟ ਲੀਜੈਂਡਰੀ ਹਿੰਦੀ ਪੋਇਟ' ਵਿੱਚ ਬਦਲਿਆ ਸੀ।

ਇੱਕ ਦਿਨ ਦੇ ਫ਼ਰਕ ਪਿੱਛੋਂ, ਸੋਮਵਾਰ ਨੂੰ ਦਫ਼ਤਰ ਪਹੁੰਚਦਿਆਂ ਹੀ ਪਾੱਲ ਗੋਮਰਾ ਨੇ ਆਪਣੇ ਪ੍ਰਾਵੀਡੈਂਟ ਫੰਡ ਵਿੱਚੋਂ ਪੰਜ ਹਜ਼ਾਰ ਰੁਪਏ ਦੀ ਰਕਮ ਕਢਵਾਈ ਅਤੇ ਲੱਗਪੱਗ ਸਾਢੇ ਤਿੰਨ ਵਜੇ ਉਹ ਕਰੋਲ ਬਾਗ ਦੇ ਆਥੋਰਾਈਜ਼ਡ ਬਜਾਜ ਆਟੋ ਮੋਬਾਇਲਜ਼ ਡੀਲਰ ਦੇ ਸਾਹਮਣੇ ਮੌਜੂਦ ਸਨ। ਸਾਰੀਆਂ ਫਾਰਮੈਲਟੀਜ਼ (ਰਸਮਾਂ) ਪੂਰੀਆਂ ਕਰਨ ਵਿੱਚ ਲੱਗਪੱਗ ਦੋ ਘੰਟੇ ਦਾ ਸਮਾਂ ਲੱਗਾ ਅਤੇ ਪੰਜ ਵੱਜ ਕੇ ਚਾਲੀ ਮਿੰਟ ਤੇ ਇੱਕ ਨਵੇਂ ਬਜਾਜ ਸਕੂਟਰ ਦੇ ਮਾਲਕ ਬਣ ਚੁੱਕੇ ਸਨ, ਬਕਾਇਆ ਰਕਮ, ਚਾਰ ਸੌ ਅਠਾਈ ਰੁਪਏ ਦੀਆਂ ਮਾਸਿਕ ਕਿਸ਼ਤਾਂ ਵਿੱਚ ਅਦਾ ਕਰਨ ਦੀ ਸ਼ਰਤ ਨਾਲ।

ਕਿਉਂਕਿ ਪਾੱਲ ਗੋਮਰਾ ਨੂੰ ਸਕੂਟਰ ਚਲਾਉਣਾ ਨਹੀਂ ਸੀ ਆਉਂਦਾ। ਇਸ ਲਈ ਅਗਲੇ ਦਿਨ ਦੁਪਹਿਰ ਬਾਰਾਂ ਵਜੇ ਤੱਕ ਡਿਲੀਵਰੀ ਉਨ੍ਹਾਂ ਦੇ ਕਵੀ ਨਗਰ ਦੇ ਪਤੇ ਤੇ ਪਹੁੰਚਾ ਦੇਣ ਦੀ ਉਨ੍ਹਾਂ ਦੀ ਬੇਨਤੀ ਡੀਲਰ ਨੇ ਹਮਦਰਦੀ ਪੂਰਬਕ ਮੁਸਕਰਾਉਂਦਿਆਂ ਹੋਇਆਂ ਮੰਨ ਲਈ।

ਉਸ ਰਾਤ ਪਾੱਲ ਗੋਮਰਾ ਨੇ ਆਪਣੇ ਟੀ.ਵੀ. ਸੈੱਟ ਤੇ ਸੁਪਨੇ ਵਰਗਾ ਵਿਗਿਆਪਨ ਦੇਖਿਆ। ਬਸਤਰ, ਆਬੂਝਮਾੜ, ਕਿਰਰ ਜਾਂ ਮਯੂਰਭੰਜ ਵਰਗੇ ਕਿਸੇ ਆਦਿਵਾਸੀ ਇਲਾਕੇ ਵਿੱਚ ਆਪਣੇ ਤੀਰ ਧਨੁਸ਼ ਲੈ ਕੇ ਨਿਕਲੇ ਹੋਏ ਆਦਿਵਾਸੀਆਂ ਦਾ ਇੱਕ ਝੁੰਡ ਅਚਾਨਕ ਜੰਗਲ ਵਿੱਚ ਲੋਹੇ ਦਾ ਇੱਕ ਅਜੀਬੋ ਗਰੀਬ ਜਾਨਵਰ ਦੇਖਦਾ ਹੈ। ਉਹ ਉਸ ਤੇ ਆਪਣੇ ਜ਼ਹਿਰ-ਬੁਝੇ ਤੀਰ ਚਲਾਉਣ ਹੀ ਲੱਗਦੇ ਹਨ ਕਿ ਉਨ੍ਹਾਂ ਵਿਚੋਂ ਇੱਕ ਨੌਜਵਾਨ ਆਦਿਵਾਸੀ, ਜੋ ਹਿੰਮਤੀ ਅਤੇ ਨਵੀਆਂ ਚੀਜ਼ਾਂ ਦੇ ਪ੍ਰਤੀ ਆਦਿਮ ਜਿਗਿਆਸਾ ਨਾਲ ਭਰਪੂਰ ਹੈ, ਉਨ੍ਹਾਂ ਨੂੰ ਰੋਕ ਕੇ ਉਸ ਜਾਨਵਰ ਦੇ ਕੋਲ ਪਹੁੰਚਦਾ ਹੈ ਅਤੇ ਉਸ ਨੂੰ ਅਹਿੱਲ ਦੇਖ਼ ਕੇ ਉਸਦੇ ਉੱਪਰ ਚੜ੍ਹ ਜਾਂਦਾ ਹੈ ਅਤੇ ਉਸਦੀ ਪਿੱਠ ਅਤੇ ਪੁੜਿਆ ਤੇ ਟੱਪਣ

ਲੱਗਦਾ ਹੈ ਅਤੇ ਉਹ ਚੀਕਦਾ ਹੈ,"ਹੂ...ਹੂ...ਸਵਾਂਗ ਸੌਂਗ!!"

ਇਹ ਉਸ ਲੋਹੇ ਦੇ ਅਜਨਬੀ ਜਾਨਵਰ ਤੇ ਆਦਿਵਾਸੀਆਂ ਦੀ ਜਿੱਤ ਹੈ। ਹੁਣ ਤੱਕ ਦੀ ਸਭਿਅਤਾ ਦੇ ਇਤਿਹਾਸ ਵਿੱਚ ਮਨੁੱਖ ਦੀਆਂ ਅਸੰਖ ਜਿੱਤਾਂ ਦੀ ਲੜੀ ਦੀ ਇੱਕ ਹੋਰ ਨਵੀਂ ਕੜੀ।

ਜਿੱਤ ਦੇ ਜਨੂੰਨ ਅਤੇ ਖੁਸ਼ੀ ਨਾਲ ਸਾਰੇ ਆਦਿ ਵਾਸੀ ਨੱਚਦੇ ਅਤੇ ਝੂਮਦੇ ਹਨ। ਤਦੇ ਧੋਖੇ ਨਾਲ ਉਸ ਨੌਜਵਾਨ ਆਦਿਵਾਸੀ ਦੀ ਅਣਜਾਣ ਹਰਕਤ ਨਾਲ ਉਹ ਲੋਹੇ ਦਾ ਜਾਨਵਰ ਸਟਾਰਟ ਹੋ ਜਾਂਦਾ ਹੈ ਅਤੇ ਆਪਣੇ ਉੱਪਰ ਸਵਾਰ ਡਰ ਅਤੇ ਹੈਰਾਨੀ ਨਾਲ ਜੜ ਹੋ ਚੁੱਕੇ ਉਸ ਨੌਜਵਾਨ ਆਦਿਵਾਸੀ ਨੂੰ ਲੈ ਕੇ ਰਫ਼ਤਾਰ, ਆਨੰਦ, ਯਾਤਰਾ ਅਤੇ ਰਹੱਸ ਦੇ ਇੱਕ ਨਵੇਂ ਨਛੱਤਰ ਵੱਲ ਲੈ ਜਾਂਦਾ ਹੈ।

ਅਬੂਝਮਾੜ ਜਾਂ ਅਲੀਪੁਰ ਦੇ ਜੰਗਲ ਵਿੱਚੋਂ ਆਇਆ ਉਹ ਲੋਹੇ ਦਾ ਜਾਨਵਰ, ਜਿਸਨੂੰ ਆਦਿਵਾਸੀਆਂ ਨੇ ਉਸ ਦਿਨ ਦੇਖਿਆ ਸੀ, ਕਿਸੇ ਕੰਪਨੀ ਦਾ ਸਕੂਟਰ ਸੀ।

ਠੀਕ ਉਸੇ ਬਿੰਦੂ ਤੇ ਪਾੱਲ ਗੋਮਰਾ ਨੂੰ ਨੀਂਦ ਆ ਗਈ ਸੀ ਅਤੇ ਉਹ ਸੁਪਨੇ ਵਿੱਚ ਆਈ.ਟੀ.ਓ. ਪੁਲ ਤੋਂ ਪ੍ਰਗਤੀ ਮੈਦਾਨ, ਕਨਾਟ ਪਲੇਸ, ਸਾਊਥ ਐਕਸਟੈਂਸ਼ਨ, ਗ੍ਰੀਨ ਪਾਰਕ, ਪੰਡਾਰਾ ਰੋਡ, ਮੰਡੀ ਹਾਊਸ, ਔਰੰਗਜ਼ੇਬ ਰੋਡ, ਪ੍ਰਿਥਵੀਰਾਜ ਰੋਡ, ਇੰਡੀਆ ਗੇਟ, ਨਾਰਥ ਸਾਊਥ, ਐਵੀਨਿਊ ਦੀਆਂ ਸਾਰੀਆਂ ਸੜਕਾਂ ਤੇ ਸਕੂਟਰ ਚਲਾਉਂਦੇ ਹੋਏ ਜਾ ਰਹੇ ਸਨ।

ਦੁਖਾਂਤ ਇਹ ਸੀ ਕਿ ਪਾੱਲ ਗੋਮਰਾ ਨੂੰ ਲਗਾਤਾਰ ਮਹਿਸੂਸ ਹੋ ਰਿਹਾ ਸੀ ਕਿ ਉਨ੍ਹਾਂ ਦੇ ਮੋਢੇ ਤੇ ਤੀਰ-ਕਮਾਨ ਟੰਗਿਆ ਹੈ, ਲੱਕ ਦੇ ਆਲੇ-ਦੁਆਲੇ ਭੇਡ ਦੀ ਖੱਲ ਲਪੇਟੀ ਹੋਈ ਹੈ, ਉਨ੍ਹਾਂ ਦਾ ਰੰਗ ਕਾਲਾ, ਬੁੱਲ੍ਹ ਮੋਟੇ, ਨੱਕ ਚੌੜਾ ਅਤੇ ਵਾਲ ਘੁੰਗਰਾਲੇ ਹਨ ਅਤੇ ਉਨ੍ਹਾਂ ਦੀ ਭਾਸ਼ਾ ਵਿੱਚ ਬਹੁਤ ਘੱਟ ਸ਼ਬਦ ਹਨ। ਜੋ ਸ਼ਬਦ ਹਨ ਵੀ, ਉਹ ਵੀ ਕਿਸੇ ਹੋਰ ਸੱਭਿਅਤਾ ਅਤੇ ਸਮੇਂ ਦੇ ਸ਼ਬਦ ਹਨ। ਜਦ ਵੀ ਉਹ ਦਿੱਲੀ ਦੀ ਕਿਸੇ ਇਮਾਰਤ, ਲੱਕੜੀ ਜਾਂ ਦੁਕਾਨ ਨੂੰ ਦੇਖ ਕੇ ਕੁਝ ਕਹਿਣਾ ਚਾਹੁੰਦੇ, ਉਨ੍ਹਾਂ ਦੇ ਗਲੇ ਵਿੱਚ ਘੋਂ ਘੋਂ, ਹਾ-ਹੂ! ਕੋਇਚਾਂਗ ਭੋਖੇ, ਸੋਖੋ, ਹੋ ਹੋ, ਵਰਗਾ ਕੁਝ ਨਿਕਲਦਾ ਹੈ। ਅੰਤ ਵਿੱਚ ਆਪਣੀ ਭਾਸ਼ਾ ਦੀ ਅਸਮਰਥਾ ਤੋਂ ਹਾਰ ਕੇ ਉਹ ਭਾਰਤ ਦੀ ਰਾਜਧਾਨੀ ਵਿੱਚ ਭੱਜਦੇ ਹੋਏ ਆਪਣੇ ਸਕੂਟਰ ਦੇ ਉੱਪਰ ਨੱਚਣ ਲੱਗਦੇ ਹਨ।

ਪਾੱਲ ਗੋਮਰਾ ਨੇ ਦੇਖਿਆ ਕਿ ਸ਼ੁਰੂ ਵਿੱਚ ਲੋਕ ਉਨ੍ਹਾਂ ਨੂੰ ਕੋਤੂਹਲ ਅਤੇ ਅਸਚਰਜ ਦੇ ਨਾਲ ਦੇਖਦੇ ਰਹੇ ਫ਼ਿਰ ਅਚਾਨਕ ਕੁਝ ਔਰਤਾਂ ਅਤੇ ਬੱਚੇ ਉਨ੍ਹਾਂ ਤੋਂ ਡਰਨ ਜਿਹਾ ਲੱਗੇ। ਫ਼ਿਰ ਇੱਕ ਤੋਂ ਬਾਦ ਇੱਕ ਦੁਕਾਨਾਂ ਧੜਾਧੜ ਬੰਦ ਹੋਣ ਲੱਗੀਆਂ। ਡਿੰਗ ਡਾਂਗ ਡਿੰਗ ਡਾਂਗ ਕਰਦੀਆਂ ਅੱਗ ਬੁਝਾਉਣ ਵਾਲੀਆ ਗੱਡੀਆਂ ਅਤੇ ਪੁਲੀਸ ਦੀਆਂ ਪੀ.ਸੀ.ਆਰ. ਜਿਪਸੀਆਂ ਭੱਜਣ ਲੱਗੀਆਂ। ਫ਼ਿਰ ਹਜ਼ਾਰਾਂ ਦੀ ਗਿਣਤੀ ਵਿੱਚ ਉਨ੍ਹਾਂ ਵੱਲ ਖੂਨੀ ਰੰਗ ਦੀ 'ਰੈੱਡ ਲਾਈਨ' ਨਾਂ ਦੀਆ ਬੱਸਾਂ ਦੀ ਫੌਜ ਭਜਾ ਦਿੱਤੀ ਗਈ।

ਉਨ੍ਹਾਂ ਨੇ ਘਬਰਾ ਕੇ ਸਕੂਟਰ ਦੇ ਉੱਪਰੋਂ ਛਾਲ ਮਾਰ ਦਿੱਤੀ। ਸਕੂਟਰ ਤਾਂ ਸੁਪਨੇ ਵੱਲ ਚਲਾ ਗਿਆ ਪ੍ਰੰਤੂ ਉਹ ਬਿਸਤਰੇ ਤੇ ਪਸੀਨੇ ਨਾਲ ਲੱਥ-ਪੱਥ ਜਾਗ ਪਏ। ਉਨ੍ਹਾਂ ਦਾ ਗਲਾ ਸੁੱਕ ਰਿਹਾ ਸੀ, ਪਿਆਸ ਲੱਗੀ ਸੀ। ਆਪਣੀ ਪਤਨੀ ਸਨੇਹਲਤਾ ਨੂੰ ਅਵਾਜ਼ ਦੇ ਕੇ ਉਨ੍ਹਾਂ ਨੇ ਪਾਣੀ ਮੰਗਵਾਉਣਾ ਚਾਹਿਆ ਪ੍ਰੰਤੂ ਉਨ੍ਹਾਂ ਦੇ ਗਲੇ ਵਿਚੋਂ ਮੁਸ਼ਕਲ ਨਾਲ 'ਘੌਂ-ਘੌਂ, ਖਾਂਸਾ ਖੋਗਾ' ਵਰਗਾ ਕੁਝ ਨਿਕਲਿਆ।

ਅਗਲੇ ਦਿਨ ਦੁਪਹਿਰ ਢਾਈ ਵਜੇ ਡੀਲਰ ਨੇ ਸਕੂਟਰ ਉਨ੍ਹਾਂ ਦੇ ਘਰ ਪਹੁੰਚਾ ਦਿੱਤਾ। ਹਲਕੇ ਰੰਗ ਦਾ ਚਮਕੀਲਾ, ਸੂਰਜ ਦੀਆਂ ਕਿਰਨਾਂ ਨੂੰ ਪਰਿਵਰਤਤ ਕਰਦਾ ਹੋਇਆ, ਪੈਟਰੋਲ ਅਤੇ ਨਵੇਂ ਪੇਂਟ ਦੀ ਨਸ਼ੀਲੀ ਤਾਜ਼ੀ ਗੰਧ ਵਿੱਚ ਡੁੱਬਿਆ ਉਹ ਸਕੂਟਰ ਪਾੱਲ ਗੋਮਰਾ ਦੇ ਐਲ.ਆਈ.ਜੀ. ਫ਼ਲੈਟ ਦੇ ਠੀਕ ਸਾਹਮਣੇ ਖੜ੍ਹਾ ਸੀ, ਕਿਸੇ ਪਾਲਤੂ ਆਗਿਆਕਾਰੀ ਭੋਲੇ, ਖਾਮੋਸ਼ ਪਸ਼ੂ ਵਾਂਗੂ। ਗਹਿਰੇ ਚਮਕੀਲੇ ਕਾਲੇ ਰੰਗ ਦੇ ਰੈਕਜ਼ੀਨ ਦੀ ਗੱਦੀਦਾਰ ਸੀਟ, ਹੈਂਡਲ ਤੇ ਖੱਬੇ ਪਾਸੇ ਲੱਗਿਆ ਹੋਇਆ ਗੋਲ ਸ਼ੀਸ਼ਾ, ਸੀਟ ਦੇ ਹੇਠਾਂ ਅਤੇ ਫੁੱਟ ਬੋਰਡ ਦੇ ਉੱਪਰ ਸਮਾਨ ਵਗੈਰਾ ਰੱਖਣ ਦੇ ਲਈ ਬਣਿਆ ਹੋਇਆ ਰੰਗੀਨ ਜਾਲੀਦਾਰ 'ਬਕੇਟ'।

ਉਨ੍ਹਾਂ ਦੀਆਂ ਤਿੰਨੇ ਉਲਾਦਾਂ ਲਗਾਤਾਰ ਉਸ ਸਕੂਟਰ ਤੇ ਚੜ੍ਹ-ਉੱਤਰ ਰਹੀਆਂ ਸਨ ਅਤੇ ਮੰਮੀ ਸਨੇਹ ਲਤਾ ਸਕਸੈਨਾ ਉਨ੍ਹਾਂ ਨੂੰ ਵਾਰ-ਵਾਰ ਝਿੜਕ ਰਹੀ ਸੀ। ਪਾੱਲ ਗੋਮਰਾ ਦੀਆਂ ਅੱਖਾਂ ਉਸ ਵੇਲੇ

ਭਰ ਆਈਆਂ ਜਦੋਂ ਜੁੱਤੀ ਦੀ ਮਿੱਟੀ ਸਕੂਟਰ ਦੀ ਸੀਟ ਤੇ ਲੱਗ ਗਈ ਸੀ ਅਤੇ ਸਨੇਹਲਤਾ ਨੇ ਆਪਣੇ ਪੱਲੂ ਨਾਲ ਉਸਨੂੰ ਪੂੰਝਿਆ ਇਸ ਤਰ੍ਹਾਂ ਅਬੂਝਮਾੜ ਦੇ ਅਗਿਆਤ ਸੰਘਣੇ ਜੰਗਲ ਤੋਂ ਚਲਦਾ ਹੋਇਆ ਉਹ ਲੋਹੇ ਦਾ ਜਾਨਵਰ ਟੀ.ਵੀ. ਦੇ ਪਰਦੇ ਤੋਂ ਨਿਕਲ ਕੇ ਉਨ੍ਹਾਂ ਦੇ ਸੁਪਨੇ ਵਿੱਚੋਂ ਹੁੰਦਾ ਹੋਇਆ ਹੁਣ ਗ਼ਾਜ਼ੀਆਬਾਦ ਦੇ ਕਵੀ ਨਗਰ ਕਲੋਨੀ ਦੇ ਐਲ.ਆਈ.ਜੀ. ਫ਼ਲੈਟ ਨੰਬਰ ਏ 122/4 ਦੇ ਸਾਹਮਣੇ ਖ਼ਾਮੋਸ਼ ਖੜਾ ਸੀ।

"ਪਾਪਾ, ਤੁਹਾਨੂੰ ਚਲਾਉਣਾ ਤਾਂ ਆਉਂਦਾ ਹੈ ਨਾ?" ਅੱਠ ਸਾਲ ਦੇ ਮੰਟੂ ਨੇ ਪੱਛਿਆ।

ਮੈਨੂੰ ਤਾਂ ਪਾਪਾ ਇਸਦਾ ਕਲਰ ਸਭ ਤੋਂ ਜ਼ਬਰਦਸਤ ਲੱਗਾ", ਬਿੱਪੂ ਨੇ ਨੱਚਦਿਆਂ ਹੋਇਆਂ ਕਿਹਾ।

ਹੁਣ ਇਸਦਾ ਕੀ ਕੀਤਾ ਜਾਵੇ, ਇਹੀ ਪ੍ਰਸ਼ਨ ਵਾਰ-ਵਾਰ ਪਾੱਲ ਗੋਮਰਾ ਦੇ ਦਿਮਾਗ ਵਿੱਚ ਘੁੰਮ ਰਿਹਾ ਸੀ। ਉਨ੍ਹਾਂ ਨੇ ਜ਼ਿੰਦਗੀ ਵਿੱਚ ਕਦੇ ਸਾਈਕਲ ਤੱਕ ਨਹੀਂ ਸੀ ਚਲਾਇਆ। ਉਨ੍ਹਾਂ ਦੇ ਜੀਵਨ ਵਿੱਚ ਮਸ਼ੀਨ ਯੁੱਗ ਦੀ, ਪੈਟਰੋਲ ਬਾਲਣ ਨਾਲ ਚੱਲਣ ਵਾਲੀ ਇਹ ਪਹਿਲੀ ਟੈਕਨਾਲੋਜੀ ਸੀ। ਇਸ ਟੈਕਨਾਲੋਜੀ ਤੇ ਮਾਲਕੀ ਅਤੇ ਨਿਯੰਤਰਣ ਦੇ ਬਾਦ ਉਨ੍ਹਾਂ ਨੂੰ ਰਾਜ ਪਰਿਵਹਿਨ ਦੀ ਕਸ਼ਟਦਾਇਕ, ਨੱਕੋ-ਨੱਕ ਭਰੀ ਬੱਸ ਤੋਂ ਮੁਕਤੀ ਮਿਲ ਰਹੀ ਸੀ। ਹਰ ਰੋਜ਼ ਉਨ੍ਹਾਂ ਦੇ ਸਫ਼ਰ ਦੇ ਚਾਰ ਘੰਟਿਆਂ ਵਿੱਚੋਂ ਦੋ ਘੰਟੇ ਘੱਟ ਹੋ ਰਹੇ ਸਨ। ਸਾਲ ਭਰ ਦੀ ਨੌਕਰੀ ਦੀ ਆਵਾਜਾਈ ਵਿੱਚ ਇੱਕ ਮਹੀਨਾ ਬਾਈ ਦਿਨ ਫ਼ਸੇ ਰਹਿਣ ਦੀ ਥਾਂ ਸਿਰਫ਼ ਛੱਬੀ ਦਿਨ ਹੁਣ ਇਕੱਲੇ ਪੁਰਾਣੀਆਂ ਫ਼ਿਲਮਾਂ ਦੇ ਗੀਤ ਗਾਉਂਦੇ ਅਤੇ ਆਪਣੀਆਂ ਕਵਿਤਾਵਾਂ ਦੀਆਂ ਸਤਰਾਂ ਦੁਹਰਾਉਂਦੇ ਉਨ੍ਹਾਂ ਨੇ ਇਸ ਸਕੂਟਰ ਦੀ ਚਮਕੀਲੀ ਕਾਲੀ, ਗੱਦੀਦਾਰ ਸੀਟ ਤੇ ਹੋਣਾ ਸੀ।

ਪਾੱਲ ਗੋਮਰਾ ਨੇ ਆਪਣੇ ਸਕੂਟਰ ਨੂੰ ਗੌਰ ਨਾਲ ਦੇਖਿਆ। ਹਰਾ ਰੰਗ ਬਿਲਕੁਲ ਹਲਕਾ, ਜਿਵੇਂ ਕਿਸੇ ਰੁੱਖ ਦੀਆਂ ਨਵੀਆਂ-ਨਵੀਆਂ ਪੱਤੀਆਂ ਹੁੰਦੀਆਂ ਹਨ। ਨਵਜਾਤ, ਸਹਿਜਾਤ ਕੁਦਰਤੀ ਅਤੇ ਪ੍ਰਾਕਿਰਤਕ। ਸਕੂਟਰ ਪ੍ਰਾਕਿਰਤੀ ਦਾ ਹੀ ਇੱਕ ਵਿਸਤਾਰ ਹੈ। ਉਸਦਾ ਇੱਕ ਇੱਕ ਪੁਰਜਾ, ਅੰਗ-ਪ੍ਰਤੀਅੰਗ ਜਿਸ ਧਾਤ ਨਾਲ ਬਣਿਆ ਹੈ, ਉਹ ਲੋਹ ਕਣਾਂ ਦੇ ਰੂਪ ਵਿੱਚ ਧਰਤੀ ਦੇ ਗਰਭ ਵਿੱਚੋਂ ਕੱਢਿਆ ਗਿਆ ਹੋਵੇਗਾ। ਉਸ ਵਿੱਚ ਵਰਤੀ ਗਈ ਰਬੜ ਕੇਰਲ ਦੇ ਉਡਿੱਪੀ ਜ਼ਿਲੇ ਜਾਂ ਅਸਾਮ ਦੇ ਕਿਸੇ ਇਲਾਕੇ ਦੇ ਰਬੜ ਦੇ ਰੁੱਖਾਂ ਤੋਂ ਦਿਨ-ਰਾਤ ਰਿਸਦੇ ਰਸ ਤੋਂ ਬਣੀ ਹੋਈ ਹੋਵੇਗੀ। ਜਿਸ ਬਾਲਣ ਨਾਲ ਇਹ ਸਕੂਟਰ ਆਪਣੀ ਰਫ਼ਤਾਰ ਫੜੇਗਾ ਉਹ ਪੈਟਰੋਲੀਅਮ ਹੋਰ ਕੁਝ ਨਹੀਂ ਹਜ਼ਾਰਾਂ ਸਾਲਾਂ ਤੱਕ ਧਰਤੀ ਦੇ ਗਰਭ ਦੀ ਅੱਗ ਅਤੇ ਕੁਦਰਤੀ ਗਰਮੀ ਨਾਲ ਰੂਪਾਂਤਰਿਤ ਬਨਸਪਤੀਆਂ ਦਾ ਹੀ ਤਾਂ ਤਰਲ ਕਾਰਬਨਿਕ ਰੂਪ ਹੈ ਅਤੇ ਇਸ ਦੀ ਤਕਨੀਕ, ਜਿਸਦੇ ਦੁਆਰਾ ਉਸਦੀ ਗਤੀ ਨਿਯੰਤਰਿਤ ਹੁੰਦੀ ਹੈ, ਪਹੀਏ ਘੁੰਮਦੇ ਹਨ ਅਤੇ ਇਹ ਦੌੜਦਾ ਹੈ, ਉਸ ਤਕਨੀਕ ਦਾ ਸਾਰ ਦਾਤੀ ਅਤੇ ਚਰਖੇ ਦੀ ਉਹੀ ਯੰਤਰ ਪ੍ਰਣਾਲੀ ਹੈ ਜਿਸਦੀ ਵਰਤੋਂ ਮਹਾਤਮਾ ਗਾਂਧੀ ਨੇ ਚਰਖੇ ਦੇ ਪ੍ਰਤੀਕਆਤਮਕ ਰੂਪ ਵਿੱਚ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਕੀਤੀ ਸੀ।

ਇਸ ਤਰ੍ਹਾਂ ਸਕੂਟਰ ਪ੍ਰਤੀਕਆਤਮਕ ਰੂਪ ਵਿੱਚ ਉਸ ਨਵ-ਉਪਨਿਵੇਸ਼ਕ, ਭੂ-ਮੰਡਲੀਕ੍ਰਿਤ ਉਪਭੋਗਤਾਵਾਦੀ, ਬਜ਼ਾਰੂ ਸਾਮਾਜਵਾਦ ਦਾ ਸ਼ਕਤੀਸ਼ਾਲੀ ਵਿਰੋਧ ਹੈ। ਜੇ ਗਾਂਧੀ ਜੀ ਨੂੰ ਇਹ ਮੰਨਣ ਦੀ ਅਜ਼ਾਦੀ ਸੀ ਕਿ ਇੰਗਲੈਂਡ ਦੇ ਵਿਸ਼ਾਲ ਮਸ਼ੀਨੀ ਉਦਯੋਗਾਂ ਦੇ ਵਿਰੁੱਧ ਚਰਖਾ ਇੱਕ ਯੰਤਰ ਨਹੀਂ ਬਲਕਿ ਦਸਤਕਾਰਾਂ ਅਤੇ ਜੁਲਾਹਿਆਂ ਜਾਂ ਮਨੁੱਖਾਂ ਦੇ ਹੱਥ ਦਾ ਹੀ ਇੱਕ ਕੁਦਰਤੀ ਵਿਸਤਾਰ ਹੈ, ਤਾਂ ਹਿੰਦੀ ਭਾਸ਼ਾ ਦੇ ਫੱਕੜ ਕਵੀ ਪਾੱਲ ਗੋਮਰਾ ਨੂੰ ਵੀ ਇਹ ਮੰਨਣ ਦਾ ਅਧਿਕਾਰ ਸੀ ਕਿ ਅੱਜ ਦੇ ਯੁੱਗ ਵਿੱਚ ਸਕੂਟਰ ਦਰਅਸਲ ਮਨੁੱਖ ਦੇ ਪੈਰਾਂ ਦਾ ਹੀ ਅਤਿਅੰਤ ਮਨੁੱਖੀ ਵਿਸਤਾਰ ਹੈ।

ਪਾੱਲ ਗੋਮਰਾ ਦਾ ਮੰਨਣਾ ਸੀ ਕਿ ਸਮਾਂ ਭਾਵ ਸ਼ਾਸਵਤ ਵਰਤਮਾਨ ਕਾਲ ਹਰ ਯੰਤਰ ਨੂੰ ਮਨੁੱਖੀ, ਕੁਦਰਤੀ ਅਤੇ ਮਿਥਕ ਰੂਪ ਦੇਣ ਦੀ ਯੋਗਤਾ ਰੱਖਦਾ ਹੈ। ਉਨ੍ਹਾਂ ਨੂੰ ਪੱਕਾ ਵਿਸ਼ਵਾਸ ਸੀ ਕਿ ਮੌਜੂਦਾ ਸਮੇਂ ਵਿੱਚ ਜਿਸ ਤਰ੍ਹਾਂ ਸਾਈਕਲ ਹੁਣ ਯੰਤਰ ਨਹੀਂ ਲੱਗਦਾ, ਸਗੋਂ ਹੋਮਿਓਪੈਥੀ ਜਾਂ ਨੈਚਰੋਪੈਥੀ ਵਾਂਗੂ ਇੱਕ ਪ੍ਰਾਕ੍ਰਿਤਕ ਉਪਕਰਣ ਲੱਗਦਾ ਹੈ, ਉਸੇ ਤਰ੍ਹਾਂ ਟੈਕਨਾਲੋਜੀ ਦੀ ਅਜਿਹੀ ਪ੍ਰਗਤੀ ਨੂੰ ਦੇਖਦਿਆਂ ਹੋਇਆਂ

ਸਕੂਟਰ ਦੇ ਵੀ ਅਯੁਰਵੈਦਿਕ ਹੋ ਜਾਣ ਦੀ ਪੂਰੀ ਸੰਭਾਵਨਾ ਹੈ।

ਪ੍ਰੰਤੂ ਸਮੱਸਿਆ ਤਾਂ ਸਕੂਟਰ ਨੂੰ ਚਲਾਉਣ ਦੀ ਹੈ। ਗਾਂਧੀ ਜੀ ਤਾਂ ਕਪਾਹ ਦੀ ਪੂਣੀ ਬਣਾ ਕੇ ਧਾਗੇ ਨਾਲ ਧੜਾਧੜ ਸੂਤ ਕੱਤ ਲੈਂਦੇ ਸਨ, ਜਦਕਿ ਪਾੱਲ ਗੋਮਰਾ ਨੂੰ ਤਾਂ ਸਾਈਕਲ ਤੱਕ ਚਲਾਉਣਾ ਨਹੀਂ ਸੀ ਆਉਂਦਾ।

ਉਹ ਆਪਣੇ ਦਫ਼ਤਰ ਦੇ ਕੁਲੀਗਜ਼ ਨਾਲ ਆਪਣੇ ਸਕੂਟਰ ਖ਼ਰੀਦ ਲੈਣ ਦਾ ਜਿਕਰ ਕਰਦੇ ਹੋਏ ਉਨ੍ਹਾਂ ਨੂੰ ਬੇਨਤੀ ਕਰਨ ਲੱਗੇ ਕਿ ਉਹ ਉਨ੍ਹਾਂ ਨੂੰ ਚਲਾਉਣਾ ਸਿਖਾ ਦੇਣ ਪ੍ਰੰਤੂ ਉਹ ਸਭ, ਕੋਈ ਫੁਰਸਤ ਦਾ ਦਿਨ ਆਉਣ ਤੱਕ ਇਹ ਕੰਮ ਮੁਲਤਵੀ ਕਰਨ ਦੀ ਗੱਲ ਕਹਿ ਕੇ ਕੰਨੀ ਕੱਟ ਲੈਂਦੇ। ਦਿੱਲੀ ਦੇ ਲੋਕਾਂ ਦੇ ਕੋਲ ਦੂਜਿਆਂ ਨੂੰ ਰਾਹ ਦੱਸਣ ਦਾ ਤਾਂ ਸਮਾਂ ਨਹੀਂ ਸੀ, ਹੁਣ ਉਨ੍ਹਾਂ ਨੂੰ ਭਲਾ ਸਕੂਟਰ ਕੌਣ ਸਿਖਾਵੇ?

ਉਨ੍ਹਾਂ ਨੂੰ ਦਿੱਲੀ ਦੇ ਇੱਕ ਪ੍ਰੈਸ ਵਿੱਚ ਤਿੰਨ ਸਾਲ ਤੱਕ ਪਰੂਫ਼ ਰੀਡਿੰਗ ਕਮ-ਸਬ ਐਡੀਟਰ ਦਾ ਕੰਮ ਕਰਨ ਵਾਲੇ ਧਨੀ ਰਾਮ ਸ਼ਰਮਾ ਅਜੇ ਤੱਕ ਯਾਦ ਸਨ, ਜਿਨ੍ਹਾਂ ਦੇ ਬਾਰੇ ਵਿੱਚ ਦਿੱਲੀ ਦੇ ਲੋਕਾਂ ਦੇ ਵਿੱਚ ਇੱਕ ਕਿੱਸਾ ਚਲਦਾ ਹੈ। ਤਿੰਨ ਦਹਾਕਿਆਂ ਤੱਕ ਦਿੱਲੀ ਵਿੱਚ ਨੌਕਰੀ ਕਰਨ ਦੇ ਬਾਵਜੂਦ ਧਨੀ ਰਾਮ ਸ਼ਰਮਾ ਨੂੰ ਇਹ ਪਤਾ ਨਹੀਂ ਸੀ ਕਿ ਇਸ ਸ਼ਹਿਰ ਵਿੱਚ ਕਨਾਟ ਪਲੇਸ, ਸਾਊਥ ਐਕਸ, ਗ੍ਰੀਨ ਪਾਰਕ, ਤਾਲਕਟੋਰਾ, ਡਿਫੈਂਸ ਕਲੋਨੀ ਵਰਗੀਆਂ ਥਾਵਾਂ ਵੀ ਹਨ। ਉਨ੍ਹਾਂ ਨੇ ਨਾ ਕਦੇ ਕੁਤਬ ਮੀਨਾਰ ਦੇਖਿਆ ਸੀ, ਨਾ ਸਫਦਰਜੰਗ ਦਾ ਮਕਬਰਾ। ਸੰਸਦ ਅਤੇ ਰਾਸ਼ਟਰਪਤੀ ਭਵਨ ਦੇ ਦਰਸ਼ਨ ਇੱਕ ਵਾਰ ਉਨ੍ਹਾਂ ਨੇ ਚੌਦਾਂ ਸਾਲ ਪਹਿਲਾਂ ਤਦ ਕੀਤੇ ਸਨ, ਜਦ ਉਹ ਕਿਸੇ ਅਭਿਨੰਦਨ ਗ੍ਰੰਥ ਦਾ ਪਰੂਫ਼ ਲੈ ਕੇ ਸੰਸਦ ਮਾਰਗ ਤੋਂ ਹੁੰਦੇ ਹੋਏ ਪ੍ਰਿਥਵੀ ਰਾਜ ਰੋਡ ਦੀ ਕਿਸੇ ਕੋਠੀ-ਬੰਗਲੇ ਵਿੱਚ ਗਏ ਸਨ।

ਕਹਿੰਦੇ ਹਨ, ਧਨੀਰਾਮ ਸ਼ਰਮਾ ਇੱਕ ਵਾਰ ਕਿਸੇ ਬੱਸ ਵਿੱਚ ਸੌਂ ਗਏ ਅਤੇ ਅੱਖ ਖੁਲਦਿਆਂ ਹੀ ਜਦ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਸ਼ਾਦੀਪੁਰ ਡੀਪੂ ਹੈ ਤਾਂ ਉਹ ਜ਼ੋਰ-ਜ਼ੋਰ ਦੀ ਰੋਏ ਕਿ ਮੈਂ ਕਿਸ ਸ਼ਹਿਰ ਵਿੱਚ ਆ ਗਿਆ। ਮੇਰੇ ਕੋਲ ਤਾਂ ਵਾਪਸੀ ਦੀ ਟਿਕਟ ਦੇ ਪੈਸੇ ਵੀ ਨਹੀਂ ਹਨ।

ਦਿਨ ਤੇ ਦਿਨ ਗੁਜ਼ਰਦੇ ਗਏ ਅਤੇ ਪਾੱਲ ਗੋਮਰਾ ਦਾ ਸਕੂਟਰ ਉਸੇ ਥਾਂ ਜਿਉਂ ਦਾ ਤਿਉਂ ਖੜ੍ਹਾ ਰਿਹਾ, ਜਿੱਥੇ ਡੀਲਰ ਦੇ ਆਦਮੀ ਨੇ ਖੜਾ ਕੀਤਾ ਸੀ। ਉਸ ਤੇ ਮੀਂਹ ਪੈਂਦਾ, ਧੂੜ ਜੰਮਦੀ, ਬੱਚੇ ਉਸ ਤੇ ਚੜ੍ਹਦੇ ਅਤੇ ਛਾਲਾਂ ਮਾਰਦੇ, ਸਰਦੀ ਵਿੱਚ ਸ਼ੀਤ ਉਸਨੂੰ ਬਰਫ ਬਣਾ ਦਿੰਦੀ। ਤਰੇਲ ਦੀਆਂ ਬੂੰਦਾਂ ਉਸ ਅਹਿੱਲ, ਗੂੰਗੇ ਲੋਹੇ ਦੇ ਜਾਨਵਰ ਤੇ ਚੁੱਪ-ਚਾਪ ਰਾਤ ਭਰ ਡਿੱਗਦੀਆਂ।

ਇਸ ਵਿੱਚ ਖਾੜੀ ਯੁੱਧ ਹੋਇਆ ਅਤੇ ਆਪਣੇ ਟੀ.ਵੀ. ਸੈੱਟ ਤੇ ਪਾੱਲ ਗੋਮਰਾ ਨੇ ਸੀ.ਐਨ.ਐਨ. ਚੈਨਲ ਤੇ ਮੀਰ ਅਨੀਸ ਦੇ ਅਵਧੀ ਵਿੱਚ ਲਿਖੇ ਗਏ ਮਰਸੀਏ ਦਾ ਉਹ ਭਿਆਨਕ ਦ੍ਰਿਸ਼ ਦੇਖਿਆ, ਜਿਸ ਵਿੱਚ ਅਰਬ ਦੇ ਰੇਗਿਸਤਾਨੀ ਭੂਖੰਡ ਵਿੱਚ ਤਿੰਨ ਹਜ਼ਾਰ ਤੋਂ ਜ਼ਿਆਦਾ ਮਨੁੱਖਾਂ ਦਾ ਨਰਸੰਹਾਰ ਤੇਲ ਦੇ ਖੂਹ ਦੀ ਖ਼ਾਤਰ ਕੀਤਾ ਜਾ ਰਿਹਾ ਸੀ। ਸੱਭਿਅਤਾ ਨਵੀਆਂ ਮਿੱਥਕ ਗਾਥਾਵਾਂ ਭਵਿੱਖ ਲਈ ਘੜ ਰਹੀ ਸੀ। ਯੂਰਪ ਇੱਕ ਵਾਰ ਫ਼ਿਰ ਉੱਠਕੇ ਖੜਾ ਹੋ ਰਿਹਾ ਸੀ। ਦੁਨੀਆਂ ਇੱਕ ਧਰੁਵੀ ਹੋ ਗਈ ਸੀ। ਟੀਟੋ, ਨਹਿਰੂ, ਨਾਸਿਰ, ਕਨੈਡੀ ਕਈ ਨਾਂ ਜਿਵੇਂ ਕਿਸੇ ਪੁਰਾਣੀ ਅਤੇ ਭੁੱਲੀ-ਵਿਸਰੀ ਗਾਥਾ ਦੇ ਪਾਤਰ ਲੱਗਦੇ ਸਨ।

ਦਿੱਲੀ ਵਿੱਚ, ਕੋਈ ਡੰਕਲ ਸੀ ਜੋ ਤੁਰਿਆ ਆ ਰਿਹਾ ਸੀ। ਅਤੇ ਕੇਂਦਰ ਸਰਕਾਰ ਦਾ ਵਿੱਤ ਮੰਤਰੀ ਚਾਰ ਪੰਜ ਸਾਲ ਤੋਂ ਬਿਨਾਂ ਖਾਧਿਆਂ, ਬਿਨਾਂ ਪੀਤਿਆਂ, ਬਿਨਾਂ ਸੁੱਤਿਆਂ, ਬਿਨਾਂ ਜਾਗਿਆਂ ਅਤੇ ਬਿਨਾਂ ਸੋਚਿਆਂ ਕਰਜ਼ੇ ਅਤੇ ਵਿਦੇਸ਼ੀ ਕੰਪਨੀਆਂ ਦੇ ਸਾਰਿਆਂ ਸਮਝੌਤਿਆਂ ਤੇ ਧੜਾਧੜ ਦਸਤਖ਼ਤ ਕਰਦਾ ਤੁਰਿਆ ਜਾ ਰਿਹਾ ਸੀ। ਦੇਸ਼ ਦੇ ਸਾਰਿਆਂ ਬੈਂਕਾਂ ਦਾ ਰੁਪਿਆ ਕੱਢ ਕੇ ਇੱਕ ਵਿਸ਼ਾਲ ਸੂਟਕੇਸ ਵਿੱਚ ਭਰ ਦਿੱਤਾ ਗਿਆ ਸੀ, ਜੋ ਸਮੁੱਚੇ ਅਕਾਸ਼ ਤੇ ਟੰਗਿਆ ਸੀ। ਸੂਰਜ ਭਵਿੱਖ ਦੇ ਨਾਲ ਉਸ ਸੂਟਕੇਸ ਦੇ ਪਿੱਛੇ ਢੱਕਿਆ ਗਿਆ ਸੀ ਅਤੇ ਲੋਕ ਹਨੇਰੇ ਵਿੱਚ ਇੱਕ ਦੂਜੇ ਨੂੰ ਟੋਹਦੇ, ਰਾਹ ਪੁੱਛਦੇ, ਟੋਇਆਂ ਅਤੇ ਖਾਈਆਂ ਵਿੱਚ ਡਿੱਗ ਰਹੇ ਸਨ। ਇੱਕ ਭਿਆਨਕ ਰੇਖਾ ਸੀ, ਜਿਸ ਦੇ ਹੇਠਾਂ ਹਰ ਸੌ ਵਿੱਚੋਂ ਛੱਤੀ ਲੋਕ ਡਿੱਗੇ ਹੋਏ ਸਨ। ਹੁਣ ਇਹ ਗਿਣਤੀ ਵੱਧ ਕੇ ਬਤਾਲੀ ਹੋ ਗਈ ਸੀ।

ਪਾੱਲ ਗੋਮਰਾ ਨੇ ਉਸ ਰਾਤ ਇੱਕ ਅਜੀਬੋ ਗਰੀਬ ਨਜ਼ਾਰਾ ਦੇਖਿਆ। ਉਹ ਅੱਧੀ ਰਾਤ ਆਪਣੇ ਸਕੂਟਰ ਦੇ ਕੋਲ ਖੜੇ ਉਸਦੀ ਚਮੜੀ ਨੂੰ ਆਪਣੀਆਂ ਹਥੇਲੀਆਂ ਨਾਲ ਪੂੰਝ ਰਹੇ ਸਨ, ਤਦੇ ਉਹਨਾਂ ਦੀ ਨਜ਼ਰ ਉੱਪਰ ਟੰਗੇ ਹੋਏ ਸੂਟਕੇਸ ਵੱਲ ਗਈ। ਉਸਦਾ ਢੱਕਣ ਥੋੜ੍ਹਾ ਜਿਹਾ ਖੁੱਲ੍ਹਾ ਹੋਇਆ ਸੀ ਅਤੇ ਇੰਡੀਆ ਗੇਟ ਤੋਂ ਇੱਕ ਵਿਸ਼ਾਲ ਪੌੜੀ ਉੱਪਰ ਵੱਲ ਗਈ ਹੋਈ ਸੀ। ਉਸ ਤੇ ਲੋਕ ਕੀੜੀਆਂ, ਚੂਹਿਆਂ ਅਤੇ ਕੋਹੜ ਕਿਰਲੀਆਂ ਵਾਂਗ ਰੀਂਗ ਰਹੇ ਸਨ। ਉਹ ਉਸ ਸੂਟਕੇਸ ਤੱਕ ਜਾਂਦੇ ਅਤੇ ਆਪਣੇ ਦੰਦਾਂ ਵਿੱਚ ਨੋਟਾਂ ਦੀਆਂ ਦੱਥੀਆਂ ਦੱਬ ਕੇ ਹੇਠਾਂ ਛਾਲ ਮਾਰ ਦਿੰਦੇ। ਉਨ੍ਹਾਂ ਦੀ ਪਿੱਠ ਤੇ ਕਾਗਜ਼ ਦੀਆਂ ਛੋਟੀਆਂ ਛੋਟੀਆਂ ਚੇਪੀਆਂ ਚਿਪਕੀਆਂ ਸਨ, ਜਿਨ੍ਹਾਂ ਤੇ ਗ੍ਰਾਮੀਣ ਵਿਕਾਸ, ਰੋਜ਼ਗਾਰ, ਆਵਾਸ, ਸੜਕ, ਸਾਖ਼ਰਤਾ, ਪਲੇਗ, ਗਰੀਬੀ, ਚੇਚਕ, ਪਰਿਵਾਰ ਕਲਿਆਣ, ਰਾਹਤ, ਭੂਚਾਲ, ਪਰਿਆਵਹਿਣ, ਸ਼ੌਚਾਲਯ, ਸੰਸਕ੍ਰਿਤੀ, ਏਡਜ਼, ਸਾਹਿਤ ਆਦਿ ਲਿਖੇ ਹੋਏ ਸਨ। ਹਰ ਸ਼ਬਦ ਦੇ ਅੰਤ ਵਿੱਚ ਇੱਕ ਅੰਤ:ਸਰਗ ਸੀ ਜੋ ਹਰ ਚੇਪੀ ਤੇ ਮੌਜੂਦ ਸੀ- 'ਪਰਿਯੋਜਨਾ'। ਤਦੇ ਪਾੱਲ ਗੋਮਰਾ ਨੂੰ ਚੰਦ ਦਿਖਾਈ ਦਿੱਤਾ। ਸੂਟਕੇਸ ਦਾ ਢੱਕਣ ਖੁੱਲ੍ਹਣ ਨਾਲ ਜੋ ਹਲਕੀ ਜਿਹੀ ਝੀਤ ਬਣ ਗਈ ਸੀ, ਉਸੇ ਵਿੱਚੋਂ ਉਹ ਦਿੱਸਿਆ। ਉਹ ਚੌਂਕ ਗਏ ਕਿਉਂਕਿ ਉਸਦਾ ਮੂੰਹ ਟੇਢਾ ਸੀ।

ਅਤੇ ਉਸੇ ਛਿਣ ਚੰਦ ਦੀ ਹਲਕੀ ਰੋਸ਼ਨੀ ਵਿੱਚ ਉਨ੍ਹਾਂ ਨੇ ਪੌੜੀ ਤੇ ਰੀਂਗਦੇ ਲੋਕਾਂ ਨੂੰ ਦੇਖਿਆ। ਉਹ ਹੈਰਾਨ ਰਹਿ ਗਏ। ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਉਹ ਪਹਿਚਾਣਦੇ ਸਨ। ਅਚਾਨਕ ਗਜਾਨਨ ਮਾਧਵ 'ਮੁਕਤੀਬੋਧ' ਦੀ ਕਵਿਤਾ ਹਨੇਰੇ ਵਿੱਚ ਦੀਆਂ ਸਤਰਾਂ ਪਾੱਲ ਗੋਮਰਾ ਦੇ ਮਨ ਅੰਦਰ ਗੂੰਜਣ ਲੱਗੀਆਂ-

"...ਚਿਹਰੇ ਉਹ ਮੇਰੇ ਜਾਣੇ-ਪਛਾਣੇ ਜਿਹੇ ਲੱਗਦੇ
ਉਨ੍ਹਾਂ ਦੀਆਂ ਫ਼ੋਟੋ ਅਖ਼ਬਾਰਾਂ ਵਿੱਚ ਛਪੀਆਂ ਸਨ।
ਉਨ੍ਹਾਂ ਦੇ ਲੇਖ ਦੇਖੇ ਸਨ
ਇੱਥੋਂ ਤੱਕ ਕਿ ਕਵਿਤਾਵਾਂ ਪੜੀਆਂ ਸਨ
ਬਈ ਵਾਹ!
ਉਨ੍ਹਾਂ ਵਿੱਚ ਕਈ ਪ੍ਰਬੁੱਧ ਆਲੋਚਕ, ਵਿਚਾਰਕ
ਜਗਮਗਾਉਂਦੇ ਕਵੀਗਣ
ਮੰਤਰੀ ਵੀ, ਉਦਯੋਗਪਤੀ ਅਤੇ ਵਿਦਵਾਨ
ਇੱਥੋਂ ਤੱਕ ਕਿ ਸ਼ਹਿਰ ਦਾ ਹੱਤਿਆਰਾ ਬਦਨਾਮ
ਡੋਮਾ ਜੀ ਉਸਤਾਦ..."

ਅਤੇ ਤਦੇ ਉਨ੍ਹਾਂ ਵਿੱਚੋਂ ਇੱਕ ਨੇ ਪਾੱਲ ਗੋਮਰਾ ਨੂੰ ਦੇਖ ਲਿਆ ਅਤੇ ਜ਼ੋਰ ਨਾਲ ਚੀਕਿਆ,"ਮਾਰੋ, ਮਾਰੋ ਸਾਲੇ ਨੂੰ! ਠੰਡਾ ਕਰ ਦਿਉ ਇੱਕਦਮ!"

ਉਹ ਇੱਕ ਕੌਮੀ ਪੱਤਰਕਾਰ ਸੀ, ਜਿਸ ਨੇ ਮੈਨਜਮੈਂਟ ਨੂੰ ਫਾਰੇਨ ਗਿਫ਼ਟ ਦੇ ਕੇ ਸਹਾਇਕ ਸੰਪਾਦਕ ਦੀ ਨੌਕਰੀ ਲਈ ਸੀ ਅਤੇ ਜਿਸਨੇ ਪਿੱਛਲੇ ਤਿੰਨ ਸਾਲਾਂ ਵਿੱਚ ਕੁਸ਼ਟ ਨਿਵਾਰਣ ਪਰਿਯੋਜਨਾ ਦੇ ਅੰਤਰਗਤ ਕਾਫ਼ੀ ਕਮਾਈ ਕੀਤੀ ਸੀ।

"ਗੋਲੀ ਮਾਰ ਦਿਉ। ਇਸ ਨੇ ਸਾਨੂੰ ਦੇਖ ਲਿਆ ਹੈ... ਖ਼ਤਮ ਕਰੋ ਹਰਾਮੀ ਨੂੰ..." ਇਹ ਨੱਕ 'ਚ ਬੋਲਣ ਵਾਲਾ ਰਾਜਧਾਨੀ ਦਾ ਧਰਮ ਨਿਰਪੱਖ ਕਵੀ ਸੀ, ਜੋ ਲੰਮੇ ਅਰਸੇ ਤੋਂ ਇੱਕ ਮੰਤਰੀ ਦੇ ਜੇਬ ਵਿੱਚ ਬੈਠਾ ਹੋਇਆ ਬਦਾਮ ਖਾ ਰਿਹਾ ਸੀ ਅਤੇ ਛਿੱਲੜ ਪਾੱਲ ਗੋਮਰਾ ਦੀਆਂ ਰਚਨਾਵਾਂ ਅਤੇ ਸੁਪਨਿਆਂ ਤੇ ਸੁੱਟ ਰਿਹਾ ਸੀ।

ਡਰ ਨਾਲ ਪਾੱਲ ਗੋਮਰਾ ਦੀ ਅੱਖ ਖੁੱਲ੍ਹ ਗਈ। ਉਹ ਆਪਣੇ ਸਕੂਟਰ ਦੇ ਕੋਲ ਨਹੀਂ, ਸੋਫ਼ੇ ਤੇ ਸੁੱਤੇ ਪਏ ਸਨ ਅਤੇ ਟੀ.ਵੀ. ਤੇ 'ਜ਼ੀ ਹਾਰਰ ਸ਼ੋ' ਆ ਰਿਹਾ ਸੀ। ਉਨ੍ਹਾਂ ਦਾ ਮੱਥਾ ਤਪ ਰਿਹਾ ਸੀ ਅਤੇ ਸਰੀਰ ਪਸੀਨੇ ਨਾਲ ਲਥ ਪਥ ਸੀ। ਉਨ੍ਹਾਂ ਨੂੰ ਯਾਦ ਆਇਆ ਕਿ ਮਕਾਨ ਮਾਲਕ ਇਸ ਫ਼ਲੈਟ ਨੂੰ ਖਾਲੀ ਕਰਨ ਦਾ ਨੋਟਿਸ ਪਿਛਲੇ ਪੰਜ ਮਹੀਨਿਆਂ ਤੋਂ ਦੇ ਰਿਹਾ ਸੀ। ਪਿਛਲੇ ਮਹੀਨੇ ਉਸਨੇ ਦੋ ਗੁੰਡੇ ਵੀ ਭੇਜੇ ਸਨ।

ਜਦ ਸਕੂਟਰ ਨੂੰ ਉਸ ਥਾਂ ਖੜੇ ਛੇ ਮਹੀਨੇ ਤੋਂ ਉੱਪਰ ਹੋ ਚੁੱਕੇ ਸਨ, ਤਦ ਜਾ ਕੇ ਉਨ੍ਹਾਂ ਨੂੰ

ਰਾਜਧਾਨੀ ਵਿੱਚ ਇੱਕ ਅਜਿਹਾ ਸੁਹਿਰਦ ਮਿੱਤਰ ਮਿਲਿਆ ਜੋ ਆਪਣੇ ਰੁਝੇਵਿਆਂ ਭਰਪੂਰ ਅਤੇ ਕੀਮਤੀ ਸਮੇਂ ਵਿੱਚੋਂ ਇੱਕ ਪੂਰਾ ਦਿਨ ਪਾੱਲ ਗੋਮਰਾ ਨੂੰ ਸਕੂਟਰ ਸਿਖਾਉਣ ਲਈ ਦਾਨ ਕਰ ਦੇਣ ਲਈ ਤਿਆਰ ਸੀ। ਪਾੱਲ ਗੋਮਰਾ ਉਸ ਮਿੱਤਰ ਵੱਲ ਕ੍ਰਿਤੱਗਤਾ ਨਾਲ ਡਬਡਬਾਈਆਂ ਅੱਖਾਂ ਅਤੇ ਭਾਵਕਤਾ ਨਾਲ ਕੰਬਦੇ ਦਿਲ ਨਾਲ ਦੇਖ ਰਹੇ ਸਨ। ਇਸ ਦਿਲ ਦਹਿਲਾ ਦੇਣ ਵਾਲੇ ਮਹਾਂਨਗਰ ਵਿੱਚ ਭੋਗਲ ਇਲਾਕੇ ਦੇ ਇੱਕ ਐਮ.ਆਈ.ਜੀ. ਫ਼ਲੈਟ ਵਿੱਚ ਉੱਗੇ ਉਸ ਮਨੁੱਖੀ ਅਤੇ ਸੱਜਣ ਰੁੱਖ ਦਾ ਨਾਂ ਸੀ- ਪ੍ਰੋਫ਼ੈਸਰ ਇਕਬਾਲ ਜਾਫ਼ਰੀ, ਮਸ਼ਹੂਰ ਨਾਟਕਕਾਰ, ਅਫਸਾਨਾਨਿਗਾਰ ਅਤੇ ਸੀਰੀਅਲ ਨਿਰਮਾਤਾ।

ਪ੍ਰੋਫ਼ੈਸਰ ਇਕਬਾਲ ਜਾਫ਼ਰੀ ਨੇ ਸਕੂਟਰ ਸਿਖਾਉਣ ਦੀ ਗੱਲ ਖ਼ੁਸ਼ੀ-ਖ਼ੁਸ਼ੀ ਤੁਰੰਤ ਮੰਨ ਲਈ, ਸਗੋਂ ਉਨ੍ਹਾਂ ਨੇ ਸ਼ਿਕਵਾ ਵੀ ਕੀਤਾ ਕਿ ਇੰਨੇ ਮਹੀਨੇ ਲੰਘ ਗਏ, ਉਨ੍ਹਾਂ ਨੇ ਕਦੇ ਇਤਲਾ ਕਿਉਂ ਨਹੀਂ ਦਿੱਤੀ। ਬੱਸ, ਸ਼ਰਤ ਉਨ੍ਹਾਂ ਨੇ ਇੱਕ ਹੀ ਰੱਖੀ ਕਿ ਸ਼ਨੀਵਾਰ ਦੀ ਸ਼ਾਮ ਨੂੰ ਸਕਾਚ ਦੀ ਇੱਕ ਬੋਤਲ ਅਤੇ ਜਾਮਾ ਮਸਜਿਦ ਲਾਗਲੇ ਮਸ਼ਹੂਰ ਹੋਟਲ ਕਰੀਮ ਵਿੱਚੋਂ ਕਸ਼ਮੀਰ ਦਮਪੁਖ਼ਤ ਸਟੂਵ ਅਤੇ ਕੋਰਮਾ ਮਿੱਟੀ ਦੇ ਸੌਂਧੇ ਕੁੱਲੜਾਂ ਵਿੱਚ ਪੈਕ ਕਰਵਾ ਕੇ ਦਿੱਲੀ ਤੋਂ ਨਾਲ ਲਿਜਾਏ ਜਾਣ। ਰਾਤ ਨੂੰ ਅਮੀਰ ਖ਼ਾਨ, ਮਾਲਿਨੀ ਰਾਜੂਰਕਰ ਅਤੇ ਸਵਿਤਾ ਦੇਵੀ ਦਾ ਗਾਇਣ ਸੁਣਦਿਆਂ ਹੋਇਆਂ ਰਾਸ ਦੁਰਗਾ ਅਤੇ ਠੁਮਰੀ ਦੇ ਵਿੱਚ ਖਾਧਾ ਪੀਤਾ ਜਾਵੇ ਅਤੇ ਅਰਾਮ ਨਾਲ ਐਤਵਾਰ ਨੂੰ ਪੂਰਾ ਦਿਨ ਸਕੂਟਰ ਚਲਾਉਣਾ ਸਿੱਖਿਆ ਸਿਖਾਇਆ ਜਾਵੇ।

ਸ਼ਨੀਵਾਰ ਦੀ ਰਾਤ ਸੰਗੀਤ, ਸਕਾੱਚ ਅਤੇ ਕੋਰਮਾ, ਕਸ਼ਮੀਰੀ ਦਮਪੁਖ਼ਤ ਦੇ ਨਾਲ ਦਿੱਲੀ ਵਿੱਚ ਦਿਨੋਂ ਦਿਨ ਖ਼ਤਮ ਹੁੰਦੀ ਇਨਸਾਨੀਅਤ ਅਤੇ ਦੇਸ਼ ਵਿੱਚੋਂ ਗਾਇਬ ਹੁੰਦੀ ਨੈਤਿਕਤਾ ਅਤੇ ਜ਼ਮੀਰ ਦੇ ਬਾਰੇ ਵਿੱਚ ਸ਼ੋਕਗੀਤ ਵਰਗੀ ਗੱਲਬਾਤ ਵਿੱਚ ਲੰਘੀ। ਅਗਲੇ ਦਿਨ, ਪਾੱਲ ਗੋਮਰਾ ਰਾਤ ਅੱਧੀ ਬੋਤਲ ਚੜ੍ਹਾ ਲੈਣ ਦੇ ਬਾਵਜੂਦ ਬਿਨਾਂ ਕਿਸੇ ਹੈਂਗ ਓਵਰ ਦੇ ਸਵੇਰੇ ਪੰਜ ਵਜੇ ਹੀ ਉੱਠ ਗਏ। ਪ੍ਰੋਫ਼ੈਸਰ ਜਾਫ਼ਰੀ ਦੇ ਤਿਆਰ ਹੋਣ ਅਤੇ ਨਾਸ਼ਤਾ ਕਰਣ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਸਕੂਟਰ ਨੂੰ ਧੋ ਪੂੰਝ ਕੇ ਨਵੇਂ ਵਰਗਾ ਚਮਕਾ ਦਿੱਤਾ।

ਸਕੂਟਰ ਕਵੀ ਨਗਰ ਦੇ ਅੰਬੇਦਕਰ ਪਬਲਿਕ ਸਕੂਲ ਦੇ ਲੰਮੇ ਚੌੜੇ ਖੇਡ ਦੇ ਮੈਦਾਨ ਵਿੱਚ ਲਿਜਾਇਆ ਗਿਆ। ਚਾਬੀ ਘੁੰਮਾ ਕੇ ਸਵਿਚ ਆਨ ਕੀਤਾ ਗਿਆ ਅਤੇ ਤਦ ਪਾੱਲ ਗੋਮਰਾ ਨੇ ਆਪਣੇ ਜੀਵਨ ਵਿੱਚ ਸਕੂਟਰ ਦੀ ਪਹਿਲੀ ਕਿੱਕ ਮਾਰੀ।

ਸਕੂਟਰ ਸਟਾਰਟ ਨਹੀਂ ਹੋਇਆ।

ਉਨ੍ਹਾਂ ਨੇ ਲਗਾਤਾਰ ਕਿੱਕਾਂ ਮਾਰੀਆਂ, ਪ੍ਰੰਤੂ ਇੰਜਨ ਬੇਜਾਨ ਹੀ ਰਿਹਾ। ਉਹ ਜੁਕਾਮ ਹੋਏ ਵਰਗਾ ਨੱਕ ਸੁੜਕ ਕੇ ਖ਼ਾਮੋਸ਼ ਹੋ ਜਾਂਦਾ ਸੀ।

ਪ੍ਰੋਫ਼ੈਸਰ ਇਕਬਾਲ ਜ਼ਾਫ਼ਰੀ ਨੇ ਸਿਆਣਪ ਭਰਪੂਰ ਢੰਗ ਨਾਲ ਮੁਸਕਰਾਂਦਿਆਂ ਹੋਇਆਂ ਦੱਸਿਆ ਕਿ ਇੰਡੀਅਨ ਸਕੂਟਰ ਦੀ ਇਹੀ ਤਕਨੀਕੀ ਖ਼ਾਮੀ ਹੈ ਕਿ ਜਦ ਤੱਕ ਇਸ ਨੂੰ ਸੱਜੇ ਪਾਸੇ ਝੁਕਾ ਕੇ ਲਿਟਾ ਨਾ ਦਿਉ ਤਦ ਤੱਕ ਇਹ ਸਟਾਰਟ ਨਹੀਂ ਹੁੰਦਾ, ਜਦਕਿ ਅਮਰੀਕਾ ਦੇ ਆਪਣੇ ਪ੍ਰਵਾਸ ਕਾਲ ਵਿੱਚ ਉਨ੍ਹਾਂ ਨੇ ਅਜਿਹੇ ਅਜਿਹੇ ਸਕੂਟਰ ਦੇਖੇ ਸਨ, ਜੋ ਤਾੜੀ ਜਾਂ ਚੁਟਕੀ ਵਜਾਉਣ ਨਾਲ ਸਟਾਰਟ ਹੋ ਜਾਂਦੇ ਸਨ।

ਪ੍ਰੋਫ਼ੈਸਰ ਜਾਫ਼ਰੀ ਨੇ ਸਕੂਟਰ ਨੂੰ ਸੱਜੇ ਪਾਸੇ ਅੱਧਾ ਲੰਮਾ ਪਾ ਕੇ ਫ਼ਿਰ ਸਿੱਧਾ ਖੜਾ ਕੀਤਾ ਅਤੇ ਕਿੱਕ ਮਾਰਨ ਲੱਗੇ। ਫ਼ਿਰ ਤਾਂ ਇਹ ਸਿਲਸਿਲਾ ਜਿਹਾ ਬਣ ਗਿਆ। ਸਕੂਟਰ ਨੂੰ ਸਵਾਇਆ ਜਾਂਦਾ, ਚੋਕ ਲਾਈ ਜਾਂਦੀ ਅਤੇ ਫ਼ਿਰ ਕਿੱਕਾਂ ਮਾਰੀਆਂ ਜਾਂਦੀਆਂ।

ਪਾੱਲ ਗੋਮਰਾ ਅਤੇ ਪ੍ਰੋਫ਼ੈਸਰ ਜਾਫ਼ਰੀ ਥੱਕ ਕੇ ਪਸਤ ਹੋ ਚੁੱਕੇ ਸਨ। ਦੋਵਾਂ ਨੂੰ ਧੌਂਕਣੀ ਚੜ ਗਈ ਸੀ। ਫ਼ੇਫੜੇ ਗੁਬਾਰਿਆਂ ਵਾਂਗੂ ਫੁੱਲ-ਚਿਪਕ ਰਹੇ ਸਨ ਅਤੇ ਉਨ੍ਹਾਂ ਨੂੰ ਸਕੂਟਰ ਸਟਾਰਟ ਕਰਨ ਦੀ ਕੋਸ਼ਿਸ਼ ਵਿੱਚ ਲਗਪਗ ਇੱਕ ਘੰਟਾ ਬੀਤ ਚੁੱਕਾ ਸੀ। ਤਦੇ ਲਾਗਲੀਂ ਸੜਕ ਤੇ ਉਨ੍ਹਾਂ ਨੂੰ ਇੱਕ ਆਟੋ ਰਿਕਸ਼ਾ ਦਿਖਾਈ ਦਿੱਤਾ। ਅਵਾਜ਼ ਮਾਰ ਕੇ ਅਤੇ ਹੱਥ ਦੇ ਕੇ ਉਨ੍ਹਾਂ ਨੇ ਆਟੋ ਵਾਲੇ ਨੂੰ ਬੁਲਾਇਆ ਅਤੇ ਫ਼ਿਰ ਉਸ ਨੂੰ ਆਪਣੀ ਸਮੱਸਿਆ ਦੱਸੀ।

ਆਟੋ ਵਾਲੇ ਨੇ ਸਕੂਟਰ ਨੂੰ ਗੌਰ ਨਾਲ ਦੇਖਿਆ ਅਤੇ ਹੈਂਡਲ ਦੇ ਸੱਜੇ ਪਾਸੇ ਜਿੱਥੇ ਹਾਰਨ ਅਤੇ ਹੈਡਲਾਈਟ ਦਾ ਸਵਿੱਚ ਸੀ, ਉਸ ਨੂੰ ਦੇਖ ਕੇ ਮੁਸਕਰਾਇਆ। ਉਸ ਨੇ ਕਿਹਾ,"ਸਕੂਟਰ ਸਟਾਰਟ ਕਿਵੇਂ ਹੋਵੇਗਾ ਸਾੱਬ, ਇਸ ਦਾ ਐਗਨੀਸ਼ਨ ਲਾੱਕ ਅਜੇ ਆੱਨ ਹੀ ਨਹੀਂ ਹੈ।

ਉਸ ਨੇ ਕਿੱਕ ਮਾਰੀ ਅਤੇ ਇੱਕ ਦੋ ਵਾਰ ਪੜਪੜ ਦੀ ਭੱਦੀ ਪਟਾਕੇਦਾਰ ਅਵਾਜ਼ ਕੱਢਣ ਤੋਂ ਬਾਦ ਸਕੂਟਰ ਆਪਣੇ ਇੰਜਣ ਦੇ ਕ੍ਰਮਬੱਧ ਸੰਗੀਤ ਵਿੱਚ ਆ ਗਿਆ। ਕਿੰਨੀ ਸਾਫ਼, ਪਾਰਦਰਸ਼ੀ, ਕੋਮਲ ਅਤੇ ਨਿਮਰ ਅਵਾਜ਼ ਸੀ! ਆਟੋ ਵਾਲੇ ਨੇ ਐਕਸੀਲੇਟਰ ਘੁਮਾਇਆ ਅਤੇ ਸੰਗੀਤ ਥੋੜ੍ਹੀ ਦੇਰ ਦੇ ਲਈ ਗਤੀ ਵਿੱਚ ਆਇਆ। ਪਿਸਟਨ, ਸਪਾਰਕ ਪਲੱਗ ਅਤੇ ਸਾਈਲੈਂਸਰ ਦੀ ਯੋਗ ਸੰਗਤ।

ਆਟੋ ਵਾਲੇ ਨੇ ਹੱਸਦਿਆਂ ਹੋਇਆਂ ਸਕੂਟਰ ਦਾ ਹੈਂਡਲ ਪ੍ਰੋਫੈਸਰ ਇਕਬਾਲ ਜਾਫ਼ਰੀ ਨੂੰ ਫੜਾ ਦਿੱਤਾ ਅਤੇ ਆਟੋ ਰਿਕਸ਼ਾ ਲੈ ਕੇ ਸੀਟੀ ਵਜਾਉਂਦਾ ਚਲਾ ਗਿਆ।

ਪ੍ਰੋਫੈਸਰ ਇਕਬਾਲ ਜਾਫ਼ਰੀ ਕਾਫ਼ੀ ਦੇਰ ਤੱਕ ਸਕੂਟਰ ਦਾ ਹੈਂਡਲ ਫੜੀ ਖੜ੍ਹੇ ਰਹੇ ਜਦਕਿ ਪਾੱਲ ਗੋਮਰਾ ਉਨ੍ਹਾਂ ਨੂੰ ਬੇਨਤੀ ਕਰ ਰਹੇ ਸਨ ਕਿ ਉਹ ਇੱਕ ਵਾਰ ਇਸ ਮੈਦਾਨ ਵਿੱਚ ਇਸਦਾ ਟ੍ਰਾਇਲ ਲੈ ਕੇ ਦੇਖ਼ ਲੈਣ। ਪਾੱਲ ਗੋਮਰਾ ਆਪਣੇ ਸਕੂਟਰ ਨੂੰ ਇੱਕ ਵਾਰ ਚੱਲਦਾ ਹੋਇਆ ਅੰਬੇਦਕਰ ਸਕੂਲ ਦੇ ਮੈਦਾਨ ਦੀ ਸਮਤਲ ਤਹਿ ਤੇ ਬੱਤਖ ਵਾਂਗੂੰ ਤਰਦਿਆਂ ਹੋਇਆਂ, ਅੱਖ ਭਰ ਕੇ ਦੇਖ਼ਣਾ ਚਾਹੁੰਦੇ ਸਨ।

ਪਾੱਲ ਗੋਮਰਾ ਨੇ ਦੇਖਿਆ ਕਿ ਉੱਤਰ ਵੱਲ, ਦੂਰ ਜਿੱਧਰ ਉਨ੍ਹਾਂ ਦਾ ਫ਼ਲੈਟ ਸੀ, ਮੈਦਾਨ ਦੇ ਉਸ ਪਾਰ ਮੰਟੂ, ਨੀਤਾ ਅਤੇ ਬਿਪੂ ਖੜੇ ਸਨ। ਉਤਸੁਕਤਾ ਦੇ ਨਾਲ ਪਾਪਾ ਨੂੰ ਸਕੂਟਰ ਸਿੱਖਦਿਆਂ ਹੋਇਆਂ ਦੇਖਣਾ ਚਾਹੁੰਦੇ ਸਨ।

ਅਤੇ ਉਨ੍ਹਾਂ ਦੇ ਪਿੱਛੇ ਪੱਲੂ ਦਾ ਕੋਨਾ ਮੂੰਹ ਵਿੱਚ ਲਈ ਸਨੇਹਲਤਾ ਸਕਸੈਨਾ ਖੜੀ ਸੀ। ਹੁਣ ਉਹ ਮੇਹਰ ਜੈਸੀਆ ਨਹੀਂ, ਉਹਨਾਂ ਦੀ ਪਤਨੀ ਸੀ।

ਲੱਗਪੱਗ ਪੰਦਰਾਂ ਮਿੰਟ ਤੱਕ ਸਟਾਰਟ ਸਕੂਟਰ ਨੂੰ ਜਿਉਂ ਦਾ ਤਿਉਂ ਥੰਮੀ ਰੱਖਣ ਤੋਂ ਬਾਦ ਪ੍ਰੋਫੈਸਰ ਇਕਬਾਲ ਜਾਫ਼ਰੀ ਨੇ ਆਖਰ ਇਹ ਕਬੂਲ ਕਰ ਲਿਆ ਕਿ ਉਨ੍ਹਾਂ ਨੂੰ ਸਕੂਟਰ ਚਲਾਉਣਾ ਤਾਂ ਖੈਰ ਆਉਂਦਾ ਨਹੀਂ; ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਇਸ ਨੂੰ ਹੁਣ ਬੰਦ ਕਿਵੇਂ ਕੀਤਾ ਜਾਵੇ। ਇਸ ਤੋਂ ਬਾਦ ਲੰਮੇ ਸਮੇਂ ਤੱਕ ਸਕੂਟਰ ਪਾੱਲ ਗੋਮਰਾ ਦੇ ਫ਼ਲੈਟ ਦੇ ਸਾਹਮਣੇ ਕਿਸੇ ਬਿਨਾ ਸਿੰਜੇ, ਨਜਾਇਜ਼ ਖੁਦ-ਬਖੁਦ ਢੰਗ ਨਾਲ ਕਿਤੇ ਵੀ ਉੱਗ ਆਉਣ ਵਾਲੇ ਕਿਸੇ ਜੰਗਲੀ ਪੌਦੇ ਵਾਂਗੂ ਚੁੱਪ ਚਾਪ ਖੜਾ ਰਿਹਾ। ਉਸਨੂੰ ਨਾ ਕਿਸੇ ਨੇ ਪੂੰਝਿਆ, ਨਾ ਘੱਟਾ ਝਾੜਿਆ, ਨਾ ਕਦੇ ਉਸ ਤੋਂ ਉਸਦੀ ਭੁੱਖ-ਪਿਆਸ, ਦੁੱਖ-ਦਰਦ ਦੇ ਬਾਰੇ ਵਿੱਚ ਪੁੱਛਿਆ। ਪਾੱਲ ਗੋਮਰਾ ਰਾਜ ਪਰਿਵਹਿਨ ਦੀ ਬੱਸ ਵਿੱਚ ਚਾਰ ਰੋਟੀਆਂ, ਦੋ ਆਲੂਆਂ ਦੇ ਅੱਠ ਟੋਟੇ ਅਤੇ ਪਿਆਜ਼ ਪਲਾਸਟਿਕ ਦੇ ਚੌਰਸ ਟਿਫ਼ਿਨ ਵਿੱਚ ਲੈ ਕੇ ਨਿਕਲ ਜਾਂਦੇ ਅਤੇ ਰਾਤ ਨੂੰ ਮੁੜਦੇ, ਤਾਂ ਇੰਨੀ ਦੇਰ ਹੋ ਚੁੱਕੀ ਹੁੰਦੀ ਕਿ ਅਗਲੀ ਸਵੇਰੇ ਜਾਗਣ ਦੇ ਲਈ ਸੌਣ ਤੋਂ ਬਿਨਾਂ ਉਨ੍ਹਾਂ ਦੇ ਥੱਕੇ ਹੋਏ ਦਿਮਾਗ ਅਤੇ ਸਰੀਰ ਵਿੱਚ ਕੋਈ ਹੋਰ ਗੱਲ ਨਾ ਆਉਂਦੀ ਸਗੋਂ ਅਜਿਹੇ ਹੀ ਕਿਸੇ ਪਲ ਵਿੱਚ ਅਚਾਨਕ ਪਾੱਲ ਗੋਮਰਾ ਨੂੰ ਲੱਗਾ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਕਵਿਤਾਵਾਂ ਇੱਕ ਥੱਕੇ ਹੋਏ, ਹਾਰੇ ਅਤੇ ਗੈਰ ਪ੍ਰਸੰਗਿਕ ਸਰੀਰ ਦੀਆਂ ਕਵਿਤਾਵਾਂ ਹਨ।

ਉਨ੍ਹਾਂ ਦਾ ਬੇਟਾ ਮੰਟੂ ਜ਼ਰੂਰ ਇਸ ਵਿੱਚ ਕਈ ਵਾਰ ਪਾਪਾ ਦੇ ਇਸ ਲਾਵਾਰਿਸ ਪਏ ਲੋਹੇ ਦੇ ਜਾਨਵਰ ਨੂੰ ਉਤਸੁਕਤਾ ਅਤੇ ਲਾਲਚ ਦੇ ਨਾਲ ਦੇਖਦਾ ਪ੍ਰੰਤੂ ਬਾਬਾ ਸਾਹਿਬ ਅੰਬੇਦਕਰ ਦੇ ਨਾਂ ਤੇ ਸਥਾਪਿਤ ਅੰਗ੍ਰੇਜ਼ੀ ਮਾਧਿਅਮ ਸਕੂਲ ਦਾ ਪਾਠਕ੍ਰਮ ਅਤੇ ਹੋਮ ਵਰਕ ਇੰਨਾ ਜ਼ਿਆਦਾ ਸੀ ਕਿ ਸਕੂਟਰ ਚਲਾਉਣਾ ਤਾਂ ਦੂਰ, ਉਸਨੂੰ ਪਾਖਾਨੇ ਲਈ ਵੀ ਠੀਕ ਤਰ੍ਹਾਂ ਟਾਈਮ ਕੱਢਣਾ ਮੁਸ਼ਕਲ ਹੋ ਜਾਂਦਾ ਸੀ। ਬਾਕੀ ਦੋਵਾਂ ਬੱਚਿਆ ਦਾ ਵੀ ਇਹੀ ਹਾਲ ਸੀ।

ਹੁਣ ਬਚੀ ਸਨੇਹਲਤਾ ਸਕਸੈਨਾ। ਘਰ ਦਾ ਸਾਰਾ ਕੰਮ ਨਿਬੇੜਨ ਤੋ ਬਾਦ ਦੁਪਹਿਰ ਨੂੰ ਜਦ ਉਹ ਆਂਢ-ਗੁਆਂਢ ਦੀਆਂ ਔਰਤਾਂ ਦੇ ਨਾਲ ਅਫ਼ਵਾਹਾਂ ਸੁਨਣ-ਵੰਡਣ ਦੀ ਖੇਡ ਖੇਡਦੀ ਤਦ ਅਕਸਰ ਉਨ੍ਹਾਂ ਦੀਆਂ ਨਜ਼ਰਾਂ ਸਕੂਟਰ ਤੇ ਪੈ ਜਾਂਦੀਆਂ। ਉਸਦੇ ਇਸ ਤਰ੍ਹਾਂ ਨਿਠੱਲਾ ਖੜਾ ਰਹਿਣ ਨਾਲ ਉਸ ਨੂੰ ਕਈ ਤਰ੍ਹਾਂ ਦੇ ਚੁਭਵੇਂ ਪ੍ਰਸ਼ਨਾਂ ਦਾ ਸਾਹਮਣਾ ਕਰਨਾ ਪੈਂਦਾ। ਮਸਲਨ ਇਹੀ ਕਿ "ਕੀ ਤੁਹਾਡੇ ਪਤੀ

ਅੱਜਕੱਲ੍ਹ ਦਫ਼ਤਰ ਨਹੀਂ ਜਾਂਦੇ? ਬੀਮਾਰ ਹਨ?"... "ਬਈ ਇਹ ਸਕੂਟਰ ਕਿਸਦਾ ਹੈ?"... ਜਦ ਚਲਾਉਣਾ ਹੀ ਨਹੀਂ ਸੀ ਆਉਂਦਾ ਤਾਂ ਪੈਸੇ ਫੂਕਣ ਦੀ ਕੀ ਲੋੜ ਸੀ? ਵਗੈਰਾ।

ਇਸ ਲਈ ਇੱਕ ਦਿਨ ਉਸਨੇ ਆਪਣੇ ਪਤੀ ਪਾੱਲ ਗੋਮਰਾ ਨੂੰ ਕਿਹਾ ਕਿ ਜੇ ਇਸ ਨੂੰ ਚਲਾਉਣਾ ਨਹੀਂ ਹੈ ਤਾਂ ਅਸੀਂ ਹਰ ਮਹੀਨੇ ਮੁਫ਼ਤ ਵਿੱਚ ਇਸ ਦੀ ਕਿਸ਼ਤ ਕਿਉਂ ਭਰੀਏ? ਇਹ ਲੋਹੇ ਦਾ ਪਿੰਜਰਾ ਤਾਂ ਇੱਕ ਤਰ੍ਹਾਂ ਨਾਲ ਸਾਡੇ ਗਲ ਹੀ ਪੈ ਗਿਆ ਹੈ। ਉਹ ਪੰਜ ਹਜ਼ਾਰ ਪ੍ਰਾਵੀਡੈਂਟ ਫੰਡ ਵਾਲੇ ਅਤੇ ਹੁਣ ਤੱਕ ਸਾਰੀਆਂ ਕਿਸ਼ਤਾਂ ਜੋੜ ਲਈਏ ਤਾਂ ਦਿੱਲੀ ਦੇ ਜਮੁਨਾ ਪਾਰ ਜਾਂ ਉੱਧਰ ਰੋਹਿਣੀ ਸਾਈਡ ਤੇ ਚੰਗਾ ਖਾਸਾ ਫ਼ਲੈਟ ਮਿਲ ਜਾਂਦਾ। ਫ਼ਿਰ ਨਾ ਤਾਂ ਇਸ ਜੰਜਾਲ ਸਕੂਟਰ ਦੀ ਲੋੜ ਰਹਿੰਦੀ, ਨਾ ਮੁਹੱਲੇ ਦੀਆਂ ਲੱਲੀ-ਸ਼ੱਲੀ ਔਰਤਾਂ ਇਸ ਤਰ੍ਹਾਂ ਬਤੰਗੜ ਬਣਾਉਂਦੀਆਂ।

ਉਸ ਨੇ ਆਪਣੇ ਪਤੀ ਨੂੰ ਕਿਹਾ,"ਕਿਉਂ ਨਾ ਇਹ ਭੁਵਨੇਸ਼ਵਰ ਨੂੰ ਦੇ ਦਿੱਤਾ ਜਾਵੇ। ਉਹ ਕਈ ਵਾਰ ਕਹਿ ਵੀ ਚੁੱਕਾ ਹੈ। ਉਹ ਆਪੇ ਇਸਨੂੰ ਚਲਾਉਂਦਾ ਰਹੇਗਾ ਅਤੇ ਕਿਸ਼ਤਾਂ ਭਰਦਾ ਰਹੇਗਾ। ਜਦ ਤੁਹਾਨੂੰ ਚਲਾਉਣਾ ਆ ਜਾਵੇਗਾ ਤਾਂ ਵਾਪਸ ਲੈ ਲਵਾਂਗੇ।" ਭੁਵਨੇਸ਼ਵਰ ਸਨੇਹਲਤਾ ਸਕਸੈਨਾ ਦਾ ਛੋਟਾ ਭਰਾ ਯਾਨੀ ਪਾੱਲ ਗੋਮਰਾ ਦਾ ਸਾਲਾ ਸੀ ਅਤੇ ਮੇਰਠ ਵਿੱਚ ਟੀ.ਵੀ. ਰਿਪੇਅਰਿੰਗ ਐਂਡ ਗਲਾਸ ਵਰਕਸ ਵਗੈਰਾ ਅਗੜਮ-ਸਗੜਮ ਦੀ ਉਸਦੀ ਇੱਕ ਸ਼ੱਕੀ-ਜਿਹੀ ਦੁਕਾਨ ਸੀ।

"ਨਹੀਂ!" ਪਾੱਲ ਗੋਮਰਾ ਨੇ ਆਪਣੀ ਅਵਾਜ਼ ਵਿੱਚ ਸਾਰੀ ਦ੍ਰਿੜਤਾ ਅਤੇ ਨਿਰਨੈਤਿਕਤਾ ਭਰ ਕੇ ਇਸ ਪ੍ਰਸਤਾਵ ਨੂੰ ਖਾਰਜ ਕਰ ਦਿੱਤਾ। ਕਾਰਣ ਇੱਕ ਤਾਂ ਇਹ ਕਿ ਉਹ ਆਪਣੇ ਸਾਲੇ ਭੁਵਨੇਸ਼ਵਰ ਨੂੰ ਸਿਰ ਤੋਂ ਪੈਰਾਂ ਤੱਕ ਬੁਰੀ ਤਰ੍ਹਾਂ ਨਾਪਸੰਦ ਕਰਦੇ ਸਨ ਅਤੇ ਦੂਜਾ ਇਹ ਕਿ ਜਿਸ ਤਰ੍ਹਾਂ ਦਾ ਅਪਰਿਭਾਸ਼ਿਤ ਅਤੇ ਸ਼ੱਕੀ ਜਿਹਾ ਉਸਦਾ ਧੰਦਾ ਸੀ ਉਸ ਵਿੱਚ ਇੱਕ ਤਾਂ ਪੈਸੇ ਡੁੱਬ ਜਾਣ ਦਾ ਖ਼ਤਰਾ ਸੀ ਅਤੇ ਦੂਜਾ ਇਹ ਕਿ ਦੋ ਚਾਰ ਮਹੀਨਿਆਂ ਵਿੱਚ ਇੱਕ ਨਵੇਂ ਬਜਾਜ ਚੇਤਕ ਨੂੰ ਇੱਥੇ-ਉੱਥੇ ਠੋਕ-ਠਾਕ ਕੇ, ਕਬਾੜ ਬਣਾ ਕੇ ਉਹ ਦੁਬਾਰਾ ਉਨ੍ਹਾਂ ਦੇ ਸਿਰ ਵਿੱਚ ਮਾਰ ਸਕਦਾ ਸੀ।

ਦਫ਼ਤਰ ਵਿੱਚ ਅਤੇ ਦਿੱਲੀ ਦੇ ਉਨ੍ਹਾਂ ਦੇ ਜਾਣ-ਪਛਾਣ ਵਾਲਿਆਂ ਵਿੱਚ ਹੁਣ ਸਕੂਟਰ ਵਰਗੇ ਅਤਿਅੰਤ ਨਿਗੂਣੇ, ਅ-ਸੰਸਕ੍ਰਿਤਕ, ਅ-ਸਮਾਜਿਕ ਅਤੇ ਅ-ਗੰਭੀਰ ਵਿਸ਼ੇ ਤੇ ਕੋਈ ਗੱਲ ਨਹੀਂ ਸੀ ਹੁੰਦੀ, ਜਦਕਿ ਪਾੱਲ ਗੋਮਰਾ ਦੀ ਚੇਤਨਾ ਵਿੱਚ ਉਹ ਹਲਕੇ ਹਰੇ ਰੰਗ ਦਾ ਬਜਾਜ ਚੇਤਕ ਲਗਾਤਾਰ ਮੌਜੂਦ ਰਹਿੰਦਾ। ਪਾੱਲ ਗੋਮਰਾ ਆਪਣੇ ਅਖ਼ਬਾਰ ਲਈ ਕਿਸੇ ਮਹੱਤਵਪੂਰਨ ਘਟਨਾ ਤੇ ਲਿਖੇ ਗਏ ਕਿਸੇ ਧੁਰੰਦਰ ਲਿਖਾੜ ਦੇ ਚਟਪਟੇ ਲੇਖ ਦਾ ਸੰਪਾਦਨ ਕਰ ਰਹੇ ਹੁੰਦੇ ਤਾਂ ਅਚਾਨਕ ਉਸ ਲੇਖ ਦੀਆਂ ਲਾਈਨਾਂ ਦੇ ਵਿੱਚ ਜਾਂ ਕਿਸੇ ਸ਼ਬਦ ਦੇ ਅਰਥ ਦੇ ਅੰਦਰ ਉਹ ਚੁੱਪ-ਚਾਪ ਖੜਾ ਦਿਖਾਈ ਦੇ ਜਾਂਦਾ? ਉਹ ਕਵਿਤਾਵਾਂ ਲਿਖਦੇ ਤਾਂ ਵਿੱਚ ਆ ਜਾਂਦਾ ਅਤੇ ਉਨ੍ਹਾਂ ਦੇ ਸਰੀਰ ਨਾਲ ਲੱਗ ਕੇ ਖੜਾ ਹੋ ਜਾਂਦਾ। ਉਸਦੀਆਂ ਧੜਕਣਾਂ ਤੱਕ ਉਨ੍ਹਾਂ ਨੂੰ ਸੁਣਾਈ ਦਿੰਦੀਆਂ। ਉਹ ਬੇਚੈਨ ਹੋ ਉੱਠਦੇ ਅਤੇ ਕਵਿਤਾਵਾਂ ਅਧੂਰੀਆਂ ਰਹਿ ਜਾਂਦੀਆਂ।

ਚਾਰੇ ਪਾਸੇ ਪਰਿਵਰਤਨ ਦੀ ਰਫ਼ਤਾਰ ਬਹੁਤ ਤੇਜ਼ ਸੀ। ਦਿੱਲੀ ਕੈਲਾਡੀਓਸਕੋਪ ਬਣ ਚੁੱਕੀ ਸੀ। ਲੱਖਾਂ ਤਰ੍ਹਾਂ ਦੇ ਸਾਬਣ, ਹਜ਼ਾਰਾਂ ਟੁੱਥ ਪੇਸਟ, ਕਰੋੜਾਂ ਘੜੀਆ, ਹਜ਼ਾਰਾਂ ਕਾਰਾਂ, ਜਾਂਘੀਏ, ਕ੍ਰੀਮ ਬਰੇਸਰੀ, ਡਿਲਡੋ, ਸੈਨਟਰੀ ਲੈਪਕਿੰਗ, ਸੀ.ਡੀ. ਰਾਈਫ਼ਲਾਂ, ਰਿਮੋਟ, ਕਾਸਮੇਟਿਕਸ, ਲਗਜ਼ਰੀ ਕੰਡੋਮ, ਟ੍ਰੈਕੋਲਾਈਜਰਜ਼ ਟੈਲੀਫੋਨ, ਫੈਕਸ, ਮਾਲਸ਼ ਸੈਂਟਰਜ਼, ਜਿਮ...

ਸਰਕਾਰਾਂ ਬਣਦੀਆਂ ਅਤੇ ਡਿੱਗ ਪੈਂਦੀਆਂ। ਕੋਈ ਪ੍ਰਧਾਨ ਮੰਤਰੀ ਬਣਦਾ, ਫ਼ਿਰ ਜਾਂ ਤਾ ਸੁੱਟ ਦਿੱਤਾ ਜਾਂਦਾ ਜਾਂ ਮਾਰ ਦਿੱਤਾ ਜਾਂਦਾ। ਲੋਕਾਂ ਦਾ ਚੇਤਾ ਉਸ ਕੈਸਟ ਵਾਂਗੂ ਸੀ, ਜਿਸ ਵਿੱਚ ਹਰ ਰੋਜ਼ ਨਵੀਆਂ ਤਸਵੀਰਾਂ ਅਤੇ ਨਵੀਆਂ ਅਵਾਜ਼ਾਂ ਟੇਪ ਕੀਤੀਆਂ ਜਾਂਦੀਆਂ ਅਤੇ ਰਾਤ ਨੂੰ ਉਨ੍ਹਾਂ ਨੂੰ ਪੂੰਝ ਦਿੱਤਾ ਜਾਂਦਾ। ਸਵੇਰੇ ਉਹ ਸਭ ਯਾਦਾਂ ਭੁਲਾ ਕੇ ਉੱਠਦੇ। ਉਨ੍ਹਾਂ ਨੂੰ ਪਿਛਲਾ ਕੁਝ ਵੀ ਯਾਦ ਨਹੀਂ ਸੀ ਰਹਿੰਦਾ।

ਖੁਦ ਪਾੱਲ ਗੋਮਰਾ ਦਾ ਚੇਤਾ ਵੀ ਧੋਖਾ ਦੇਣ ਲੱਗਦਾ। ਭਾਵੇਂ ਉਹ ਉਸਨੂੰ ਬਚਾਈ ਰੱਖਣ ਲਈ ਉਨ੍ਹਾਂ ਨੇ ਇੱਕ ਵਿਲੱਖਣ ਢੰਗ ਦੀ ਖੋਜ ਕੀਤੀ ਸੀ। ਜਦ ਉਹ ਸਭ ਭੁੱਲਣ ਲੱਗਦੇ ਤਾਂ ਆਪਣੀ ਅੱਖ

ਦੀਆਂ ਪੁਤਲੀਆਂ ਨੂੰ ਆਪਣੇ ਨੱਕ ਦੀ ਨੋਕ ਯਾਨੀ ਨਾਸਾਂ ਤੇ ਕੇਂਦਰਿਤ ਕਰਕੇ ਦਿੱਲੀ ਦੇ ਇੱਕ ਮਿਊਜ਼ੀਅਮ ਵਿੱਚ ਰੱਖੇ ਸਫੈਦ ਰੰਗ ਦੇ ਇੱਕ ਦੁਸ਼ਾਲੇ ਤੇ ਆਪਣਾ ਸਮੁੱਚਾ ਧਿਆਨ ਕੇਂਦਰਿਤ ਕਰ ਦਿੰਦੇ। ਇਹ ਇੱਕ ਜਟਿਲ ਅਤੇ ਕਠਿਨ ਪ੍ਰਕ੍ਰਿਆਂ ਸੀ। ਕੁਝ ਚਿਰ ਪਿੱਛੋਂ ਉਨ੍ਹਾਂ ਦੇ ਚੇਤੇ ਵਿੱਚ ਹਲਕੀ ਜਿਹੀ ਰੋਸ਼ਨੀ ਹੋਣ ਲੱਗਦੀ ਅਤੇ ਇੱਕ ਸਸਤੀ ਜਿਹੀ ਚੱਪਲ ਅਤੇ ਕਮਾਨੀਦਾਰ ਐਨਕ ਦੇ ਨੇੜੇ ਰੱਖਿਆ ਉਹ ਦੁਸ਼ਾਲਾ ਉਹਨਾਂ ਦੇ ਸਾਹਮਣੇ ਉੱਭਰਣ ਲੱਗਦਾ। ਤਦ ਉਹ ਹੋਰ ਕਠਿਨ ਪ੍ਰਯਤਨ ਕਰਦੇ ਅਤੇ ਫ਼ਿਰ ਹੌਲੀ-ਹੌਲੀ ਉਨ੍ਹਾਂ ਦੀ ਚੇਤਨਾ ਦੀਆਂ ਅੰਦਰੂਨੀ ਅੱਖਾਂ ਦੇ ਸਾਹਮਣੇ ਉਸ ਦੁਸ਼ਾਲੇ ਤੇ ਲੱਗੇ ਖ਼ੂਨ ਦੇ ਧੱਬੇ ਦਿਖਾਈ ਦੇਣ ਲੱਗਦੇ, ਜਿਨ੍ਹਾਂ ਨੂੰ ਸਮੇਂ ਅਤੇ ਪਰਿਵਰਤਨ ਨੇ ਕਾਲਾ ਕਰ ਦਿੱਤਾ ਸੀ।

ਉਹ ਧੱਬੇ ਸੰਨ 1948 ਈ: ਵਿੱਚ ਹੋਈ ਇੱਕ ਹੱਤਿਆ ਦੇ ਬੱਧੇ ਸਨ।

ਪਾੱਲ ਗੋਮਰਾ ਨੂੰ ਯਾਦ ਆ ਜਾਂਦਾ ਕਿ ਪਿਛਲੇ ਪੰਜ ਸਾਲਾਂ ਵਿੱਚ ਹਿੰਦੀ ਭਾਸ਼ਾ ਦੇ ਉਨ੍ਹਾਂ ਵਰਗੇ ਹੀ ਲੱਗਪੱਗ ਡੇਢ-ਦੋ ਦਰਜਨ ਕਵੀਆਂ-ਲੇਖਕਾਂ ਨੇ ਕੀਟਾਣੂਨਾਸ਼ਕ ਤਰਲ ਪੀ ਕੇ ਜਾਂ ਸੀਲਿੰਗ ਦੀ ਹੁੱਕ ਵਿੱਚ ਰੱਸੀ ਨਾਲ ਫ਼ੰਦਾ ਲਾ ਕੇ ਆਤਮ ਹੱਤਿਆਵਾਂ ਕਰ ਲਈਆਂ ਸਨ। ਕਈਆਂ ਨੂੰ ਅਣਪਛਾਤੇ ਲੋਕਾਂ ਨੇ ਮਾਰ ਦਿੱਤਾ ਸੀ। ਪਾੱਲ ਗੋਮਰਾ ਨੂੰ ਲੱਗਦਾ ਕਿ ਵੱਡੀਆਂ ਵੱਡੀਆਂ ਸੰਸਥਾਵਾਂ, ਉਦਯੋਗ ਸਮੂਹਾਂ, ਸਰਕਾਰੀ ਵਿਭਾਗਾਂ ਨੇ ਸਭ ਕੁਝ ਕਾਬੂ ਕਰ ਲਿਆ ਹੈ ਅਤੇ ਹੁਣ ਉਨ੍ਹਾਂ ਵਰਗੇ ਕਵੀ ਦੇ ਸਾਹਮਣੇ ਫ਼ਲਿੱਟ ਪੀਣ ਜਾਂ ਗਲੇ ਵਿੱਚ ਫ਼ੰਦਾ ਪਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ।

ਚਾਂਦਨੀ ਚੌਂਕ ਦੀ ਇੱਕ ਤੰਗ ਗਲੀ ਵਿੱਚ ਪਾੱਲ ਗੋਮਰਾ ਨੇ ਖੁਦ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਕਿ ਦਿੱਲੀ ਦੇ ਇੱਕ ਬਹੁਤ ਵੱਡੇ ਕਵੀ ਮਿਰਜ਼ਾ ਅਸਦ ਉੱਲਾ ਖ਼ਾਨ ਗ਼ਾਲਿਬ ਦਾ ਮਕਾਨ ਸੀ, ਜਿਸ ਨੂੰ ਕੋਲਾ ਗੁਦਾਮ ਵਿੱਚ ਬਦਲ ਦਿੱਤਾ ਗਿਆ ਸੀ। ਅਤੇ ਉਨ੍ਹਾਂ ਨੇ ਸੁਣਿਆ ਸੀ ਕਿ ਲਖਨਊ ਦੇ ਕੋਲ, ਦਿੱਲੀ ਦੇ ਇੱਕ ਦੂਜੇ ਕਵੀ ਮੀਰ ਤਕੀ ਦੀ ਕਬਰ ਸੀ ਜਿਸ ਦੇ ਬਿਲਕੁਲ ਨਾਲ ਲੋਹੇ ਦੀਆਂ ਲਾਈਨਾਂ ਵਿਛਾ ਦਿੱਤੀਆਂ ਗਈਆਂ ਸਨ, ਜਿਨ੍ਹਾਂ ਤੇ ਦਿਨ-ਰਾਤ ਚੌਵੀ ਘੰਟੇ ਮਾਲ ਅਤੇ ਮੁਸਾਫ਼ਿਰਾਂ ਨੂੰ ਢੋਣ ਵਾਲੀਆਂ ਰੇਲਗੱਡੀਆਂ ਧੜਾ-ਧੜ ਕਰਦੀਆਂ ਹੋਈਆਂ ਭੱਜਦੀਆਂ ਰਹਿੰਦੀਆਂ ਸਨ।

ਉਸ ਕਬਰ ਦੇ ਇੱਕ ਟੁੱਟੇ-ਭੱਜੇ ਪੱਥਰ ਤੇ ਲਿਖਿਆ ਸੀ:-

ਸਿਰਹਾਣੇ ਮੀਰ ਕੇ ਆਹਿਸਤਾ ਬੋਲੋ
ਅਭੀ ਟੁੱਕ ਰੋਤੇ-ਰੋਤੇ ਸੋ ਗਯਾ ਹੈ।

ਦੇਖ਼ਦਿਆਂ ਹੀ ਦੇਖ਼ਦਿਆਂ ਗ਼ਾਜ਼ੀਆਬਾਦ ਅਮਰੀਕਾ ਦੇ ਲਾਂਸ ਏਂਜਲਸ ਤੋਂ ਬਾਦ ਦੁਨੀਆਂ ਦਾ ਦੂਜੇ ਨੰਬਰ ਦਾ ਅਪਰਾਧਾਂ ਦਾ ਸਭ ਤੋਂ ਵੱਡਾ ਸ਼ਹਿਰ ਬਣ ਗਿਆ ਸੀ। ਇਥੇ ਪ੍ਰਤੀ ਘੰਟਾ ਅਗਵਾ, ਲੁੱਟ, ਫ਼ਿਰੌਤੀ, ਬਲਾਤਕਾਰ ਅਤੇ ਹੱਤਿਆ ਦੀਆਂ ਦਰਾਂ ਲਾਂਸ ਏਂਜਲਸ ਤੋਂ ਬਾਦ ਸੰਸਾਰ ਵਿੱਚ ਸਭ ਤੋਂ ਵੱਧ ਹੋ ਗਈਆਂ ਸਨ।

ਅਤੇ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ, ਜੋ ਤਮਾਮ ਪਰਿਵਰਤਨਾਂ ਦਾ ਨਰਵ ਸੈਂਟਰ ਜਾਂ ਨਾੜੀ ਕੇਂਦਰ ਸੀ, ਉੱਥੋਂ ਦੀਆਂ ਘਟਨਾਵਾਂ ਕਿਸੇ ਤੀਜੇ ਦਰਜੇ ਦੇ ਸਸਤੇ ਨਾਵਲ ਜਾਂ 'ਸੱਤਕਥਾਵਾਂ' ਮਾਰਕਾ ਸੜਕ ਛਾਪ ਪੱਤਰਕਾਵਾਂ ਦੇ ਕਿੱਸਿਆਂ ਤੋਂ ਵੱਖ ਨਹੀਂ ਸਨ। ਹਰ ਰੋਜ਼ ਉੱਥੇ ਡੇਢ ਸਾਲ ਤੋਂ ਨੌਂ ਸਾਲ ਤੱਕ ਦੀ ਉਮਰ ਦੀਆਂ ਬੱਚੀਆਂ ਦੇ ਨਾਲ ਬਲਾਤਕਾਰ ਅਤੇ ਗਲਾ ਘੁੱਟਣ ਦੀਆਂ ਖ਼ਬਰਾਂ ਉਸ ਅਖ਼ਬਾਰ ਦੇ ਦਫ਼ਤਰ ਤੱਕ ਪਹੁੰਚਦੀਆਂ ਸਨ ਜਿਸ ਵਿੱਚ ਪਾੱਲ ਗੋਮਰਾ ਕੰਮ ਕਰਦੇ ਸਨ। ਜੋ ਖ਼ਬਰਾਂ ਪਹੁੰਚਦੀਆਂ ਨਹੀਂ ਹੋਣਗੀਆਂ, ਉਨ੍ਹਾਂ ਦੀ ਗਿਣਤੀ ਦੇ ਬਾਰੇ ਵਿੱਚ ਸਿਰਫ ਅੰਦਾਜ਼ਾ ਹੀ ਲਾਇਆ ਜਾ ਸਕਦਾ ਸੀ।

ਅਤੇ ਸਕੱਤਰੇਤ, ਜਿੱਥੇ ਭਾਰਤੀ ਪ੍ਰਸ਼ਾਸਨ ਦੇ ਸਭ ਤੋਂ ਸ਼ਕਤੀਸ਼ਾਲੀ ਅਤੇ ਨਿਰਣਾਇਕ ਨੌਕਰਸ਼ਾਹ ਯਾਨੀ ਇੰਡੀਅਨ ਐਡਮਿਨਸਟਰੇਟਿਵ ਸਰਵਿਸਜ਼ ਦੇ ਚੋਣਵੇਂ ਅਧਿਕਾਰੀਆਂ ਦੇ ਚੈਂਬਰਜ਼ ਸਨ, ਉਨ੍ਹਾਂ ਦੇ ਡੈਟੇ, ਅੰਕੜੇ ਅਤੇ ਤੱਥ ਕਾਫ਼ਕਾ ਦੇ ਡਰਾਉਣੇ-ਸੁਪਨਿਆਂ ਵਰਗੀਆਂ ਕਹਾਣੀਆਂ ਨਾਲ ਮਿਲਦੇ-ਜੁਲਦੇ ਸਨ। ਉੱਥੇ ਇੱਕ ਸਕੱਤਰ ਅਜਿਹਾ ਸੀ ਜੋ ਆਪਣੀ ਅੱਠ ਸਾਲਾਂ ਦੀ ਧੀ ਦੇ ਨਾਲ ਕਿਸੇ ਹੋਟਲ

ਦੇ ਰੂਮ ਵਿੱਚ ਆਪਣੇ ਸਾਥੀਆਂ ਨਾਲ ਅਪ੍ਰਾਕ੍ਰਿਤਕ ਮੈਥੁਨ ਕਰ ਰਿਹਾ ਸੀ, ਦੂਜਾ ਆਪਣੇ ਵਿਭਾਗ ਦੇ ਅਧੀਨ ਮਿਲਣ ਵਾਲੇ ਸਾਰੇ ਇਨਾਮਾਂ, ਅਨੁਦਾਨਾਂ ਅਤੇ ਪਦਵੀਆਂ ਨੂੰ ਆਪਣੀਆਂ ਜੇਬਾਂ ਵਿੱਚ ਭਰ ਰਿਹਾ ਸੀ, ਤੀਜਾ ਕਿਸੇ ਬਦਨਾਮ ਸਮੱਗਲਰ ਅਤੇ ਕਲੋਨਾਈਜ਼ਰ ਨੂੰ ਕਿਸੇ ਪ੍ਰਾਈਮ ਏਰੀਏ ਦਾ ਫਰਜ਼ੀ ਅਧਿਕਾਰ ਪੱਤਰ ਦੇ ਕੇ ਦੱਖਣੀ ਦਿੱਲੀ ਦੇ ਪੌਸ਼ ਇਲਾਕੇ ਵਿੱਚ ਆਪਣਾ ਸ਼ਾਨਦਾਰ ਬੰਗਲਾ ਬਣਵਾ ਰਿਹਾ ਸੀ, ਚੌਥਾ ਮਿਜ਼ਾਈਲ ਅਤੇ ਪਰਮਾਣੂ ਬਾਲਣ ਦੀ ਰਾਸ਼ਟਰੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਤਿਅੰਤ ਗੁਪਤ ਜਾਣਕਾਰੀ ਦੁਸ਼ਮਣ ਦੇਸ਼ ਦੀ ਖੁਫ਼ੀਆ ਏਜੰਸੀ ਨੂੰ ਵੇਚ ਰਿਹਾ ਸੀ, ਪੰਜਵਾਂ ਆਪਣੀ ਮਤਹਿਤ ਦੇ ਚੂਲਿਆਂ ਤੇ ਚੂੰਡੀ ਵੱਢ ਰਿਹਾ ਸੀ, ਛੇਵਾਂ ਆਪਣੇ ਭਰਾ, ਨਾਤੇ-ਰਿਸ਼ਤੇਦਾਰੀ ਅਤੇ ਚਾਪਲੂਸਾਂ ਨੂੰ ਧੜਾਧੜ ਨੌਕਰੀਆਂ, ਫ਼ੈਲੋਸ਼ਿਪ ਅਤੇ ਖ਼ਿਤਾਬ ਵੰਡ ਰਿਹਾ ਸੀ ਅਤੇ ਇਨ੍ਹਾਂ ਸਾਰਿਆਂ ਦੀ ਤਰੱਕੀ ਹੋ ਰਹੀ ਸੀ। ਅਤੇ ਲੋਕਤੰਤਰਿਕ ਰਾਜ ਦੇ ਚੌਥੇ ਪਾਵੇ ਨੇ ਇਸ ਭ੍ਰਿਸ਼ਟ ਅਤੇ ਅਪਰਾਧਕ ਇਮਾਰਤ ਨੂੰ ਮਜ਼ਬੂਤੀ ਨਾਲ ਥੰਮਿਆ ਹੋਇਆ ਸੀ।

ਕਿਤੋਂ ਵੀ ਵਿਰੋਧ ਜਾਂ ਆਲੋਚਨਾ ਦੀ ਚਪੜ-ਚੂ ਨਹੀਂ ਸੀ। ਕਿਸੇ ਵੀ ਤਰ੍ਹਾਂ ਦੇ ਵਿਰੋਧ ਨੂੰ ਯੂਰਪ ਦੇ ਸਮਾਜਵਾਦ ਵਾਂਗੂੰ ਪੱਛੜਿਆਂ ਹੋਇਆਂ ਅਪ੍ਰਸੰਗਿਕ ਹੈਂਗਓਵਰ ਮੰਨ ਲਿਆ ਗਿਆ ਸੀ।

ਇਲਾਹਾਬਾਦ, ਬਨਾਰਸ, ਹੱਥਰਸ ਜਾਂ ਬਰੇਲੀ, ਮਥੁਰਾ ਵਰਗੇ ਕਿਸੇ ਸ਼ਹਿਰ ਤੋਂ ਨਵੀਂ ਦਿੱਲੀ ਆਇਆ ਇੱਕ ਪਾਂਡਾ ਬੌਦੀਨਾ, ਦੇਰਿਦਾ, ਫੂਕੋ, ਬਾਥ ਵਰਗੇ ਸ਼ਬਦਾਂ ਦਾ ਉਚਾਰਣ ਕਰਦਾ ਹੋਇਆ ਸਾਰੀਆਂ ਅਖ਼ਬਾਰਾਂ ਅਤੇ ਰਸਾਲਿਆਂ ਦੇ ਸਫ਼ਿਆਂ ਤੇ ਹਰ ਰੋਜ਼ ਦੰਡ-ਬੈਠਕਾਂ ਮਾਰਦਾ ਹੋਇਆ ਚੀਕ ਰਿਹਾ ਸੀ।

"ਸੁਣੋ, ਸੁਣੋ, ਸੁਣੋ! ਇਤਿਹਾਸ ਦਾ ਹੁਣ ਅੰਤ ਹੋ ਗਿਆ ਹੈ। ਹੁਣ ਇਸ ਨਵੀਂ ਸੱਭਿਅਤਾ ਦੇ ਕੇਂਦਰ ਵਿੱਚ ਮਨੁੱਖ ਨਹੀਂ, ਵਿਵਸਥਾ ਅਤੇ ਸੱਤਾ ਹੈ। ਯਾਨੀ ਸਿਸਟਮ ਐਂਡ ਪਾਵਰ ਮਨੁੱਖ ਤਾਂ ਹੁਣ ਸਿਰਫ਼ ਪਰਿਆਵਰਣ ਦਾ ਹਿੱਸਾ ਹੈ। ਸੱਤਾ ਅਤੇ ਬਜ਼ਾਰ, ਪੂੰਜੀ ਅਤੇ ਵਪਾਰ ਦੀ ਸੇਵਾ ਹੀ ਹੁਣ ਸ਼ਬਦਾਂ ਅਤੇ ਭਾਸ਼ਾ ਦਾ ਧਰਮ ਹੈ। ਹੁਣ ਕਿਤੇ ਕੋਈ ਯਥਾਰਥ ਨਹੀਂ ਹੈ। ਚਾਰੇ ਪਾਸੇ ਸਿਰਫ਼ ਸੂਚਨਾਵਾਂ ਹਨ।

"ਮੁਜ਼ੱਫਰ ਨਗਰ ਦੇ ਕਣਕ ਦੇ ਖੇਤਾਂ ਵਿੱਚ 2 ਅਕਤੂਬਰ 1994 ਨੂੰ ਜਿਨ੍ਹਾਂ ਪੱਚੀ ਉੱਤਰਖੰਡੀ ਔਰਤਾਂ ਨੂੰ ਭਾਰਤਵਰਸ਼ ਦੀ ਪੁਲਿਸ ਨੇ ਭਜਾ-ਭਜਾ ਕੇ ਰੇਪ ਕੀਤਾ, ਇਹ ਸਿਰਫ ਇੱਕ ਸੂਚਨਾ ਹੈ। ਫ਼ਿਲਪਾਈਨ ਦੇ ਸ਼ਹਿਰ ਮਨੀਲਾ ਵਿੱਚ ਦਿੱਲੀ ਦੇ ਵਸੰਤ ਕੁੰਜ ਇਲਾਕੇ ਵਿੱਚ ਰਹਿਣ ਵਾਲੀ ਕੁੜੀ ਸੁਸ਼ਮਿਤਾ ਸੇਨ ਦੇ ਮਿਸ ਯੂਨੀਵਰਸ ਚੁਣੇ ਜਾਣ ਦੀ ਸੂਚਨਾ ਦੇ ਮੁਕਾਬਲੇ ਇੱਕ ਬਿਲਕੁਲ ਫ਼ਟੀਚਰ ਸੂਚਨਾ, ਕਿਉਂਕਿ ਭਾਰਤ ਹੁਣ ਭੂਮੰਡਲੀਕਰਨ ਦੇ ਕਾਰਣ ਅੰਤਰ ਰਾਸ਼ਟਰੀ ਅਰਥਤੰਤਰ ਦਾ ਇੱਕ ਉੱਭਰਦਾ ਹੋਇਆਂ ਖੁੱਲ੍ਹਾ ਮਾਲਗੁਦਾਮ ਅਤੇ ਵਿਸ਼ਾਲ ਉਪਭੋਗਤਾ ਬਜ਼ਾਰ ਬਣ ਗਿਆ ਹੈ। ਮੁਜ਼ੱਫ਼ਰਨਗਰ ਦੀ ਸੂਚਨਾ ਨਾਲ ਇਸ ਮਾਲਗੁਦਾਮ ਦੀ ਜੋ ਔਰਤ ਅੰਤਰਰਾਸ਼ਟਰੀ ਬਜ਼ਾਰ ਵਿੱਚ ਭਿੰਡੀ, ਤਰ, ਆਲੂ ਜਾਂ ਮੂਲੀ ਸਾਬਤ ਹੋ ਰਹੀ ਸੀ, ਮਨੀਲਾ ਦੀ ਸੂਚਨਾ ਨੇ ਉਸਨੂੰ ਸੋਨਾ, ਅਫ਼ੀਮ ਜਾਂ ਯੂਰੇਨੀਅਮ ਵਰਗਾ ਕੀਮਤੀ ਅਤੇ ਮਹਿੰਗਾ ਬਣਾ ਦਿੱਤਾ ਹੈ। ਅਤੇ 2 ਅਕਤੂਬਰ ਦੀ ਤਰੀਕ ਹੁਣ ਕੋਈ ਵੀ ਪ੍ਰਤੀਕ ਬਨਣ ਦੀ ਪੁਰਾਣੀ ਸ਼ਕਤੀ ਗਵਾ ਚੁੱਕੀ ਹੈ ਕਿਉਂਕਿ ਰੱਬ ਹੁਣ ਮਰ ਚੁੱਕਾ ਹੈ।"

ਦਿੱਲੀ ਦੇ ਅਤਿਅੰਤ ਅਣਗੌਲੇ ਨਿਗੂਣੇ ਅਤੇ ਸਕੂਟਰ ਤੱਕ ਚਲਾਉਣਾ ਨਾ ਜਾਨਣ ਵਾਲੇ ਪਾੱਲ ਗੋਮਰਾ ਨੂੰ ਲੱਗਦਾ ਕਿ ਉਹ ਕਿਸੇ ਕਬਰ ਦੇ ਅੰਦਰ ਸੌਂ ਰਹੇ ਹਨ। ਅਤੇ ਉਨ੍ਹਾਂ ਦੇ ਮੱਥੇ ਦੇ ਠੀਕ ਉੱਪਰ ਲੋਹੇ ਦੀਆਂ ਲਾਈਨਾਂ ਵਿਛਾ ਦਿੱਤੀਆਂ ਗਈਆਂ ਹਨ ਜਿਨ੍ਹਾਂ ਤੇ ਸ਼ਤਾਬਦੀ ਮੇਲ ਧੜਧੜਾਉਂਦੀ ਹੋਈ ਭੱਜੀ ਜਾ ਰਹੀ ਹੈ।

ਇੱਕ ਤੋਂ ਬਾਦ ਇੱਕ ਡੱਬੇ। ਅੰਤਹੀਨ।

ਧੜ...ਧੜ...ਧੜ...ਧੜ...ਧੜ...!

ਧੜ...ਧੜ...ਧੜ...ਧੜ...।

ਇਸ ਵਿੱਚ ਪਾੱਲ ਗੋਮਰਾ ਦੀ ਪਹਿਚਾਣ ਰਾਜੀਵ ਮੈਨਨ ਨਾਲ ਹੋ ਗਈ। ਉਹ ਕੋਚੀਨ ਦੇ ਨੇੜੇ

ਇੱਕ ਕਸਬੇ ਊਧਮਪੁਰ ਦਾ ਰਹਿਣ ਵਾਲਾ ਸੀ ਅਤੇ ਰਾਜ ਪਰਿਵਹਿਣ ਦੀ ਉਸੇ ਬੱਸ ਵਿੱਚ ਰੋਜ਼ਾਨਾ ਗ਼ਾਜ਼ੀਆਬਾਦ ਤੋਂ ਦਿੱਲੀ ਜਾਂਦਾ ਸੀ। ਉਹ ਆਈ.ਟੀ.ਓ. ਪੁਲ ਦੇ ਕੋਲ ਹੀ ਮਯੂਰ ਭਵਨ ਵਿੱਚ ਪੈਸਟੀਸਾਈਡਜ਼ ਦੀ ਇੱਕ ਕੰਪਨੀ ਵਿੱਚ ਅਕਾਊਂਟ ਦਾ ਕੰਮ ਕਰਦਾ ਸੀ।

ਕਾਲੇ-ਕਲੂਟੇ, ਦੁਬਲੇ-ਪਤਲੇ ਦਾੜ੍ਹੀ ਵਾਲੇ ਹੱਸਮੁੱਖ ਰਾਜੀਵ ਮੈਨਨ ਨੇ ਪਾੱਲ ਗੋਮਰਾ ਦਾ ਇਹ ਪ੍ਰਸਤਾਵ ਮੰਨ ਲਿਆ ਕਿ ਬੱਸ ਵਿੱਚ ਆਉਣ ਦੀ ਥਾਂ ਹੁਣ ਸਕੂਟਰ ਤੇ ਹੀ ਦਫ਼ਤਰ ਆਇਆ-ਜਾਇਆ ਕਰਨਗੇ।

ਸਕੂਟਰ ਚਲਾਏਗਾ ਰਾਜੀਵ ਮੈਨਨ ਅਤੇ ਪਿਛਲੀ ਸੀਟ ਤੇ ਬੈਠੇ ਹੋਣਗੇ ਉਸ ਦੇ ਮਾਲਕ ਹਿੰਦੀ ਕਵੀ ਪਾੱਲ ਗੋਮਰਾ।

ਇਸ ਤਰ੍ਹਾਂ ਸ਼ੋਫ਼ਰ-ਡ੍ਰਿਵਨ ਬਜਾਜ ਚੇਤਕ ਦੇ ਦੁਆਰਾ ਕਵੀ ਪਾੱਲ ਗੋਮਰਾ ਹਰ ਰੋਜ਼ ਗ਼ਾਜ਼ੀਆਬਾਦ ਤੋਂ ਦਿੱਲੀ ਦੇ ਆਪਣੇ ਦਫ਼ਤਰ ਤੱਕ ਆਉਣ ਜਾਣ ਲੱਗੇ। ਪ੍ਰੰਤੂ ਇੱਕ ਸਮੱਸਿਆ ਇੱਥੇ ਵੀ ਸੀ। ਉਨ੍ਹਾਂ ਦੀ ਡਿਊਟੀ ਤਿੰਨ ਵਜੇ ਦੁਪਹਿਰੇ ਹੀ ਖ਼ਤਮ ਹੋ ਜਾਂਦੀ ਸੀ ਜਦਕਿ ਰਾਜੀਵ ਮੈਨਨ ਪੈਸਟੀਸਾਈਡਜ਼ ਦੇ ਜਿਸ ਪ੍ਰਾਈਵੇਟ ਦਫ਼ਤਰ ਵਿੱਚ ਕੰਮ ਕਰਦਾ ਸੀ, ਉੱਥੇ ਰੋਜ਼ਾਨਾ ਸੱਤ ਅੱਠ ਵੱਜਣਾ ਤਾਂ ਮਾਮੂਲੀ ਗੱਲ ਸੀ। ਮਹੀਨੇ ਵਿੱਚ ਦੋ-ਚਾਰ ਵਾਰ ਜ਼ਿਆਦਾ ਕੰਮ ਹੋਣ ਤੇ ਦਸ ਗਿਆਰਾਂ ਵੀ ਵੱਜ ਜਾਂਦੇ।

ਯਾਨੀ ਆਪਣੀ ਡਿਊਟੀ ਤੋਂ ਫ਼ਾਰਗ ਹੋ ਕੇ ਪਾੱਲ ਗੋਮਰਾ ਲੱਗਭੱਗ ਤਿੰਨ-ਚਾਰ ਘੰਟੇ ਰੋਜ਼ਾਨਾ ਰਾਜੀਵ ਮੈਨਨ ਦੇ ਆਉਣ ਦੀ ਉਡੀਕ ਵਿੱਚ ਬੈਠੇ ਰਹਿੰਦੇ। ਇਸਦਾ ਮਤਲਬ ਇਹ ਕਿ ਸਕੂਟਰ ਖ਼੍ਰੀਦਣ ਦੇ ਪਿੱਛੇ ਉਨ੍ਹਾਂ ਦੀ ਜਿਸ ਕਾਲਗਣਨਾ ਦਾ ਤਰਕ ਸੀ, ਉਹ ਬੇਕਾਰ ਹੋ ਚੁੱਕਾ ਸੀ। ਉਡੀਕ ਦਾ ਇਹ ਸਮਾਂ ਬਿਲਕੁਲ ਵਿਹਲਾ ਸਮਾਂ ਹੁੰਦਾ। ਦਿੱਲੀ ਇੱਕ ਅਜਿਹਾ ਸ਼ਹਿਰ ਸੀ, ਜਿੱਥੇ ਲੋਕ ਸਿਰਫ਼ ਕੰਮ ਪੈਣ ਤੇ ਹੀ ਮਿਲਦੇ ਸਨ। ਉਂਝ ਹੀ ਮਿਲ ਲੈਣ ਨਾਲ ਲੋਕਾਂ ਦੇ ਮਨ ਵਿੱਚ ਉਸ ਬੰਦੇ ਦੇ ਪ੍ਰਤੀ ਧਾਰਨਾਵਾਂ ਖ਼ਰਾਬ ਹੋ ਜਾਂਦੀਆਂ ਸਨ। ਇਸ ਲਈ ਹੌਲੀ-ਹੌਲੀ ਦਿੱਲੀ ਦੇ ਜਾਣ-ਪਛਾਣ ਵਾਲਿਆਂ ਵਿੱਚ ਪਾੱਲ ਗੋਮਰਾ ਦਾ ਅਕਸ ਵਿਗੜਨ ਲੱਗਾ। ਉਹ ਕਿਸੇ ਮਸਖ਼ਰੇ ਅਤੇ ਵਿਹਲੇ ਜਾਂ ਗੈਰਉਪਯੋਗੀ ਚਿਪਕੂ ਦੇ ਰੂਪ ਵਿੱਚ ਪ੍ਰਸਿੱਧ ਹੋਣ ਲੱਗੇ। ਲੋਕ ਉਨ੍ਹਾਂ ਦੇ ਵਿਅਕਤੀਤਵ ਅਤੇ ਉਨ੍ਹਾਂ ਦੀਆਂ ਰਚਨਾਵਾਂ ਵੱਲੋਂ ਅੱਖਾਂ ਫ਼ੇਰ ਲੈਂਦੇ।

ਕਿਹੀ ਤ੍ਰਾਸਦੀ ਸੀ। ਬਚਪਨ ਤੋਂ ਹੀ ਪਾੱਲ ਗੋਮਰਾ ਨੇ ਕੁਝ ਹੋਰ ਨਹੀਂ, ਸਿਰਫ਼ ਕਵੀ ਬਨਣਾ ਚਾਹਿਆ ਸੀ। ਇੱਕ ਬਿਲਕੁਲ ਇਕੱਲਾ ਖ਼ਾਲੀ ਅਤੇ ਸੁੰਨਸਾਨ ਖੇਤਰ। ਸਕੂਲੀ ਕਾਪੀਆਂ ਵਿੱਚ ਕਵਿਤਾਵਾਂ ਲਿਖਣ ਤੇ ਉਨ੍ਹਾਂ ਨੂੰ ਡਾਂਟ ਖਾਣੀ ਪੈਂਦੀ। ਕੋਈ ਨਵਾਂ ਨਵਾਂ ਸ਼ਬਦ ਉਨ੍ਹਾਂ ਨੂੰ ਆਪਣੇ ਜਾਦੂ ਅਤੇ ਨਸ਼ੇ ਵਿੱਚ ਇੰਨਾ ਬੰਨ੍ਹ ਲੈਂਦਾ ਕਿ ਉਹ ਲਗਾਤਾਰ ਉਸ ਨੂੰ ਬੁੜਬੁੜਾਉਂਦੇ ਜਾਂ ਕੰਧਾਂ ਤੇ ਲਿਖਦੇ ਅਤੇ ਘੂਰਦੇ। ਉਹ ਤੁਲਸੀ, ਕਬੀਰ, ਨੇਰੂਦਾ ਜਾਂ ਮੀਰ ਵਰਗਾ ਕਵੀ ਬਨਣਾ ਚਾਹੁੰਦੇ ਸਨ। ਉਹੋ ਜਿਹੀ ਹੀ ਭਾਸ਼ਾ, ਉਸੇ ਤਰ੍ਹਾਂ ਦੇ ਸ਼ਬਦ ਅਤੇ ਦਿਲ ਦੇ ਅੰਦਰ ਤੱਕ ਉੱਤਰ ਜਾਣ ਵਾਲੀ ਉਹੋ ਜਿਹੀ ਹੀ ਕਰੁਣਾ ਦੇ ਕਵੀ... ਅਤੇ ਇਸ ਨਵੇਂ ਯਥਾਰਥ ਨੇ ਉਨ੍ਹਾਂ ਕੋਲੋਂ ਇਹ ਸੁਪਨਾ ਵੀ ਖੋਹ ਲਿਆ ਸੀ।

ਉਹ ਕੁਝ ਨਹੀਂ ਸਨ ਰਹਿ ਗਏ। ਨਾ ਕਵੀ, ਨਾ ਨਾਗਰਿਕ, ਨਾ ਸ਼ਾਇਦ ਠੀਕ-ਠਾਕ ਢੰਗ ਦੇ ਮਨੁੱਖ ਹੀ।

ਇਸ ਦੌਰਾਨ ਰਾਜੀਵ ਮੈਨਨ ਦੀ ਉਡੀਕ ਦੇ ਵਿਹਲੇ ਸਮੇਂ ਨੂੰ ਉਨ੍ਹਾਂ ਨੇ ਕਵਿਤਾਵਾਂ ਲਿਖ-ਲਿਖ ਕੇ ਭਰਿਆ। ਉਨ੍ਹਾਂ ਦੇ ਝੋਲੇ ਵਿੱਚ ਰੱਖੀਆਂ ਡਾਇਰੀਆਂ ਅਤੇ ਰਫ਼ ਕਾਗਜ਼ਾਂ ਤੇ ਸੈਂਕੜੇ ਅੱਧੀਆਂ ਪੁਰੀਆਂ ਕਵਿਤਾਵਾਂ ਲਿਖੀਆਂ ਹੁੰਦੀਆਂ। ਅਕਸਰ ਕੁਝ ਕਾਗਜ਼ਾਂ ਨੂੰ ਉਹ ਸਮੇਟਣਾ ਭੁੱਲ ਜਾਂਦੇ ਅਤੇ ਉਹ ਹਵਾ ਵਿੱਚ ਇੱਧਰ-ਉੱਧਰ ਕਿਤੇ ਉੱਡ ਜਾਂਦੇ।

ਆਈ.ਟੀ.ਓ. ਪੁਲ ਦੇ ਕੋਲ ਬੱਸ ਸਟਾਪ ਤੇ ਲਿਖੇ ਮਿਲੇ ਇੱਕ ਕਾਗਜ਼ ਤੇ ਉਨ੍ਹਾਂ ਦੀ ਇਹ ਅਧੂਰੀ ਕਵਿਤਾ ਲਿਖੀ ਹੋਈ ਸੀ:

"ਮੈਂ ਨਹੀਂ ਬਣ ਸਕਦਾ ਸੀਵਰੇਜ਼ ਪਾਈਪ
ਆਪਣੇ ਅੰਦਰੋਂ ਕਿਤੇ ਲੰਘ ਜਾਣ ਦਿਆਂਗਾ ਮੈਂ

ਇਹ ਸਾਰਾ ਕਿੱਚੜ, ਇਸ ਬੁੱਢੀ ਸਦੀ ਦਾ
ਬਿਸ਼ਟਾ...
ਇੰਨਾ ਪੋਪਲਾ ਅਜੇ ਵੀ ਨਹੀਂ ਹੋਇਆ ਹੈ
ਮੇਰਾ ਮੂੰਹ
ਕਿ ਹਰ ਆਉਂਦੀ ਜਾਂਦੀ ਹਵਾ ਇਸ ਵਿੱਚ ਆਪਣੀ
ਸੀਟੀ ਵਜਾ ਜਾਵੇ..."

ਇੱਕ ਹੋਰ ਕਾਗਜ਼ ਤੇ ਲਿਖਿਆ ਸੀ...

"ਖਾ ਖਾ ਖਾ ਖਾ ਖਾ.... ਖਾ ਖੀ ਖੀ ਖੀ ਖੀ ਖੀ ਖਾ
ਖੂ ਖੂ ਖਾ ਖਾ ਖੂ ਖੂ ਖਾ ਖੂ ਖਾ... ਖਿ ਖੀ ਖਿ ਖੀ
ਖੱ ਖੱ ਖੱ...ਖ਼ਹ ਖ਼ਹ ਖ਼ਹ!!"

ਅਜਿਹੀਆਂ ਕਈ ਹੋਰ ਵੀ ਅੱਧੀਆਂ ਅਧੂਰੀਆਂ ਕਵਿਤਾਵਾਂ ਸਨ ਜੋ ਆਈ.ਟੀ.ਓ. ਪੁਲ ਦੇ ਨੇੜੇ-ਤੇੜੇ ਇੱਥੇ ਉੱਥੇ ਉੱਡਦੇ ਕਾਗਜ਼ਾਂ ਤੇ ਲਿਖੀਆਂ ਹੋਈਆਂ ਮਿਲ ਜਾਂਦੀਆਂ ਸਨ। ਇਨ੍ਹਾਂ ਵਿੱਚ ਅਰਾਜਕਤਾ ਸੀ, ਫ਼ਰਸਟੇਸ਼ਨ ਅਤੇ ਕੁੰਠਾਵਾਂ ਸਨ, ਜਨੂੰਨ ਸੀ, ਪਾਗਲਪਨ ਦੇ ਲੱਛਣ ਸਨ ਜਾਂ ਕਿਸੇ ਡੂੰਘੀ ਪ੍ਰੰਤੂ ਲਾਚਾਰ ਘ੍ਰਿਣਾਂ ਅਤੇ ਨਿਰਵਿਕਲਪ, ਬੰਜਰ ਅਤੇ ਬਾਂਝ ਕ੍ਰੋਧ ਦਾ ਪ੍ਰਗਟਾਵਾ ਸੀ, ਇਹ ਕਹਿਣਾ ਮੁਸ਼ਕਲ ਹੈ।

ਹੁਣ ਤੱਕ ਤੁਸੀਂ ਸਾਰੇ ਹਿੰਦੀ ਕਵੀ ਦੀ ਇਸ ਕਹਾਣੀ ਤੋਂ ਕਾਫ਼ੀ ਬੋਰ ਹੋ ਚੁੱਕੇ ਹੋਵੋਗੇ। ਵਰਨਣ ਵਿੱਚ ਦੁਹਰਾ, ਗੈਰ ਜ਼ਰੂਰੀ ਵਿਸਥਾਰ ਅਤੇ ਵਿੱਚ ਵਿੱਚ ਦੇ ਹੋਰ ਪ੍ਰਸੰਗਾਂ, ਉਪ ਪ੍ਰਸੰਗਾਂ ਤੋਂ ਖਿੱਝ ਵੀ ਗਏ ਹੋਵੋਗੇ। ਇਸ ਲਈ ਇਸ ਕਿੱਸੇ ਨੂੰ ਹੁਣ ਛੇਤੀ ਸਮੇਟ ਲਿਆ ਜਾਵੇ। ਉਂਝ ਵੀ ਹੁਣ ਜੋ ਕੁਝ ਬਚਿਆ ਹੈ, ਉਹ ਅੰਤਿਕਾ ਵਰਗਾ ਹੀ ਹੈ।

ਤਾਂ ਹੋਇਆ ਇਹ ਕਿ ਚਾਰ ਮਹੀਨੇ ਪਹਿਲਾਂ ਇਕ ਦਿਨ ਪਾੱਲ ਗੋਮਰਾ ਨੂੰ ਇੱਕ ਆਯੋਜਨ ਵਿੱਚ ਸ਼ਾਮਲ ਹੋਣ ਦਾ ਇੱਕ ਇਨਵੀਟੇਸ਼ਨ ਕਾਰਡ ਮਿਲਿਆ। ਕਿਸੇ ਮੰਤਰਾਲੇ ਦੇ ਸਕੱਤਰ ਪੱਧਰ ਦੇ ਇੱਕ ਪ੍ਰਸ਼ਾਸਨਿਕ ਅਧਿਕਾਰੀ ਨੂੰ ਇਕੱਠੇ ਪਦਮਸ੍ਰੀ, ਸਾਹਿਤ ਵਿਭੂਸ਼ਨ, ਵੇਦਵਿਆਸ ਸਨਮਾਨ ਅਤੇ ਜਪਾਨੀ ਸਹਿਯੋਗ ਨਾਲ ਭਾਰਤੀ ਕਾਰ ਬਣਾਉਣ ਵਾਲੀ ਮੋਕਾਂਜੀ ਕੰਪਨੀ ਵੱਲੋਂ ਦਸ ਲੱਖ ਰੁਪਏ ਦਾ 'ਸਿਰਜਨ ਸਿਖ਼ਰ' ਪੁਰਸਕਾਰ ਮਿਲਿਆ ਸੀ।

ਜਿਸ ਤਰੀਕ ਨੂੰ ਇਹ ਪ੍ਰੋਗਰਾਮ ਰੱਖਿਆ ਗਿਆ ਸੀ, ਉਸੇ ਦਿਨ ਉਹ ਸਕੱਤਰ ਆਪਣੀ ਉਮਰ ਦੇ ਪੰਜਾਹਵੇਂ ਘਟਨਾਪੂਰਨ ਸਾਲ ਵਿੱਚ ਪ੍ਰਵੇਸ਼ ਕਰ ਰਿਹਾ ਸੀ। ਇਸ ਲਈ ਇਸ ਪ੍ਰੋਗਰਾਮ ਨੂੰ ਨਾਂ ਦਿੱਤਾ ਗਿਆ ਸੀ- 'ਅਨਹਦ ਅਰਧ ਸ਼ਤਾਬਦੀ'। ਇਸ ਸਬੰਧ ਵਿੱਚ ਮੰਤਰਾਲੇ ਦੇ ਅਧੀਨ ਆਉਣ ਵਾਲੀਆਂ ਸਾਰੀਆਂ ਸੰਸਥਾਵਾਂ, ਅਕਾਦਮੀਆਂ ਨੇ ਆਪਣੀਆਂ-ਆਪਣੀਆਂ ਪੱਤਰਕਾਵਾਂ ਦੇ 'ਅਰਧ ਸ਼ਤਾਬਦੀ' ਵਿਸ਼ੇਸ਼ ਅੰਕ ਛਾਪ ਰੱਖੇ ਸਨ, ਜਿਨ੍ਹਾਂ ਦਾ ਵਿਮੋਚਨ ਵੀ ਉਸੇ ਦਿਨ ਹੋਣਾ ਸੀ।

ਪ੍ਰੋਗਰਾਮ ਸਥਾਨ ਸੀ ਦੱਖਣੀ ਦਿੱਲੀ ਦਾ ਇੰਡੀਆ ਇੰਟਰ ਨੈਸ਼ਨਲ ਸੈਂਟਰ। ਰਾਜੀਵ ਮੈਨਨ ਨੂੰ ਜਦ ਪਾੱਲ ਗੋਮਰਾ ਨੇ ਉਸ ਰਾਤ ਪ੍ਰੋਗਰਾਮ ਵਿੱਚ ਚੱਲਣ ਲਈ ਕਿਹਾ ਤਾਂ ਉਸ ਨੇ ਨਾਂਹ ਕੀਤੀ। ਰਾਜੀਵ ਮੈਨਨ ਨੇ ਕਿਹਾ,"ਲਿਸਨ ਪਾੱਲ, ਇਹ ਪ੍ਰੋਗਰਾਮ ਤੇਰੇ ਜਾਣ ਦਾ ਨਹੀਂ ਹੈ। ਇੰਨੇ ਦਿਨਾਂ ਤੋਂ ਤੇਰੇ ਨਾਲ ਰਹਿ ਕੇ ਮੈਂ ਤੇਰੀ ਨੇਚਰ ਸਮਝ ਗਿਆ ਹਾਂ। ਤੇਰੀ ਦੁਨੀਆਂ ਅੱਡ ਹੈ, ਉਨ੍ਹਾਂ ਦੀ ਅੱਡ। ਦੇ ਆਰ ਪਾਵਰ ਫੁੱਲ ਮਨੀਡ ਪੀਪਲ। ਯੂ ਆਰ ਏ ਪੂਅਰ ਸਿੰਪਲ, ਵੀਕ ਹਿੰਦੀ ਪੋਇਟ। ਡੋਂਟ ਗੋ ਦੇਅਰ...।"

ਪ੍ਰੰਤੂ ਪਾੱਲ ਗੋਮਰਾ ਨੇ ਉਲਟਾ ਰਾਜੀਵ ਮੈਨਨ ਤੇ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਕਿਹਾ,"ਮੈਂ ਪਹਿਲੀ ਵਾਰ ਤੈਨੂੰ ਆਪਣੇ ਕਿਸੇ ਕੰਮ ਲਈ ਰੁਕਣ ਲਈ ਕਿਹਾ ਹੈ ਅਤੇ ਤੂੰ ਇਸ ਵਿੱਚ ਵੀ ਬਹਾਨੇ ਬਣਾ ਰਿਹਾ ਹੈ, ਜਦਕਿ ਤੇਰੇ ਕਰ ਕੇ ਮੈਂ ਹਰ ਰੋਜ਼ ਐਵਰੇਜ ਤਿੰਨ-ਚਾਰ ਘੰਟੇ ਖ਼ਾਲੀ ਬੈਠਾ ਰਹਿੰਦਾ ਹਾਂ। ਜਿੱਥੇ ਤੇਰਾ ਦਿਲ ਕਰਦਾ ਹੈ, ਤੂੰ ਮੇਰਾ ਸਕੂਟਰ ਲੈ ਜਾਂਦਾ ਹੈ, ਮੈਂ ਕਦੇ ਮਨਾ ਨਹੀਂ ਕੀਤਾ... ਵਗੈਰਾ।

ਬਹਿਰਹਾਲ, ਉਸ ਰਾਤ ਉਸ ਪ੍ਰੋਗਰਾਮ ਵਿੱਚ ਕੀ ਕੀ ਹੋਇਆ ਇਸ ਦਾ ਪੂਰਾ ਬਿਊਰਾ ਹਾਸਲ ਕਰ ਸਕਣਾ ਤਾਂ ਸੰਭਵ ਨਹੀਂ ਹੈ ਕਿਉਂਕਿ ਇੱਕ ਤਾਂ ਅਜਿਹੇ ਪ੍ਰੋਗਰਾਮ ਵਿੱਚ ਜੋ ਲੋਕ ਸ਼ਾਮਲ ਹੁੰਦੇ ਹਨ, ਉਨ੍ਹਾਂ ਤੱਕ ਪਹੁੰਚਣਾ ਅਤੇ ਉਨ੍ਹਾਂ ਨੂੰ ਮਿਲਣਾ ਮੁਸ਼ਕਲ ਹੁੰਦਾ ਹੈ, ਫ਼ਿਰ ਪੁੱਛਗਿੱਛ ਦੇ ਮਾਮਲੇ ਵਿੱਚ ਅਕਸਰ ਉਹ ਚੁੱਪ ਹੀ ਰਹਿੰਦੇ ਹਨ। ਉਹ ਲੋਕ ਇੰਨੇ ਰੁੱਝੇ ਹੋਏ, ਸਨਮਾਨਤ ਅਤੇ ਉਚੇਰੇ ਹੁੰਦੇ ਹਨ ਕਿ ਉਨ੍ਹਾਂ ਨੂੰ ਸਕੂਟਰ ਦੁਰਘਟਨਾ ਵਰਗੇ ਕਿਸੇ ਮਾਮਲੇ ਦੇ ਬਾਰੇ ਵਿੱਚ ਕੁਝ ਪੁੱਛਣਾ ਠੀਕ ਵੀ ਨਹੀਂ ਲੱਗਦਾ।

ਉਸ ਪ੍ਰੋਗਰਾਮ ਦੀ ਖਬਰ ਅਗਲੀ ਸਵੇਰ ਦਿੱਲੀ ਦੇ ਸਾਰਿਆਂ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਹੋਈ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਪ੍ਰੋਗਰਾਮ ਕਾਫ਼ੀ ਸਫਲ ਅਤੇ ਸ਼ਾਨਦਾਰ ਰਿਹਾ। ਇਸ ਵਿੱਚ ਕੇਂਦਰੀ ਮਾਨਵ ਸੰਸਾਧਨ ਮੰਤਰੀ, ਗ੍ਰਹਿ ਰਾਜ ਮੰਤਰੀ, ਮੋਕਾਂਜੀ ਇੰਨਡਸਟਰੀਅਲ ਗਰੁੱਪ ਦੇ ਸ੍ਰੀ ਡੀ.ਐਲ. ਮੋਕਾਂਜੀ, ਦੁਬਈ ਦੇ ਅਮੀਰ ਖ਼ਾਲਿਲ ਉੱਲ ਤੁਰਫ਼ਾਨੀ, ਕਈ ਪ੍ਰਵਾਸੀ ਭਾਰਤੀ ਉੱਦਮੀ, ਸੂਚਨਾ ਸੰਚਾਰ ਮੰਤਰੀ, ਪ੍ਰਸਿੱਧ ਫ਼ਿਲਮ ਅਭਿਨੇਤਾ ਅਤੇ ਅਭਿਨੇਤਰੀਆਂ, ਕੱਥਕ ਓਡੀਸੀ ਆਦਿ ਦੀਆਂ ਕੁਝ ਨਰਤਕੀਆਂ, ਦਿੱਲੀ ਦੇ ਲੱਗਪੱਗ ਸਾਰੇ ਸਾਹਿਤਕਾਰ, ਕਵੀ ਆਲੋਚਕ ਅਤੇ ਪੱਤਰਕਾਰ ਹਾਜ਼ਰ ਸਨ। ਇਹ ਖ਼ਬਰ ਬਹਾਦਰ ਸ਼ਾਹ ਜ਼ਫ਼ਰ ਮਾਰਗ ਦੇ ਉਸ ਕੌਮੀ ਰੋਜ਼ਾਨਾ ਦੇ ਸਾਂਸਕ੍ਰਿਤਕ ਪੰਨੇ ਤੇ ਵੀ ਪ੍ਰਮੁੱਖਤਾ ਨਾਲ ਛਪੀ ਸੀ, ਜਿਸ ਵਿੱਚ ਪਾੱਲ ਗੋਮਰਾ ਨੌਕਰੀ ਕਰਦੇ ਸਨ। ਆਪਣੀ ਲੱਗਪੱਗ ਤੇਈ-ਚੌਵੀ ਸਾਲ ਦੀ ਨੌਕਰੀ ਦੌਰਾਨ ਪਹਿਲੀ ਵਾਰ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਅਗਲੇ ਦਿਨ ਦਫ਼ਤਰ ਨਹੀਂ ਸਨ ਪਹੁੰਚ ਸਕੇ।

ਇਸ ਆਯੋਜਨ ਵਿੱਚ ਰਾਜਧਾਨੀ ਦੇ ਸਿਖ਼ਰਲੇ ਆਲੋਚਕਾਂ ਅਤੇ ਸੰਪਾਦਕਾਂ ਨੇ ਪਦਮ ਸ੍ਰੀ ਸਕੱਤਰ ਦੀ ਤੁਲਨਾ ਹੋਮਰ, ਗ਼ਾਲਿਬ ਅਤੇ ਕਬੀਰ ਨਾਲ ਕੀਤੀ ਸੀ। ਸਾਹਿਤ ਅਕਾਦਮੀ ਦੇ ਸਕੱਤਰ ਨੇ ਪਦਮਸ੍ਰੀ ਸਕੱਤਰ ਨੂੰ ਆਕਟੋਵੀਓ ਪਾਜ ਅਤੇ ਪਾਬਲੋ ਨੈਰੂਦਾ ਵਰਗੇ ਅਜਿਹੇ ਕਵੀਆਂ ਦੇ ਬਰਾਬਰ ਘੋਸ਼ਤ ਕੀਤਾ ਸੀ, ਜੋ ਜ਼ਿੰਮੇਦਾਰੀਆਂ ਨਾਲ ਭਰਪੂਰ ਉੱਚੀਆਂ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਰਹਿੰਦੇ ਹੋਏ ਵੀ ਆਪਣੀ ਰਚਨਾਤਮਕ ਸੰਵੇਦਨਾ ਅਤੇ ਸਿਰਜਣਸ਼ੀਲ ਕਲਪਨਾ ਨੂੰ ਬਰਕਰਾਰ ਰੱਖ ਸਕੇ। ਪ੍ਰਸਿੱਧ ਪ੍ਰਗਤੀਸ਼ੀਲ ਆਲੋਚਕ ਡਾ. ਲੋਕਨਾਥ ਤ੍ਰਿਵੇਦੀ ਨੇ ਸਕੱਤਰ ਦੀਆਂ ਰਚਨਾਵਾਂ ਵਿੱਚ ਅੰਤਰਵਿਆਪਤ ਅਧਿਆਤਮ ਨੂੰ ਕਬੀਰ, ਰਵੀਦਾਸ, ਅਤੇ ਤੁਕਾਰਾਮ ਦੀ ਵਿਦਰੋਹੀ ਚੇਤਨਾ ਦੀ ਪਰੰਪਰਾ ਦਾ ਨਵਾਂ ਪੜਾਅ ਸਿੱਧ ਕਰਦਿਆਂ ਹੋਇਆਂ ਕਿਹਾ ਕਿ ਪਦਮਸ੍ਰੀ ਸਕੱਤਰ ਦੀਆਂ ਕਵਿਤਾਵਾਂ ਹਿੰਦੀ ਦੀ ਪ੍ਰਗਤੀਸ਼ੀਲ ਕਵਿਤਾ ਦਾ ਅਨਮੋਲ ਵਿਰਸਾ ਹਨ।

ਮਾਨਵ ਸੰਸਾਧਨ ਮੰਤਰੀ ਨੇ ਕਿਹਾ ਸੀ ਕਿ ਸਕੱਤਰ ਦਾ ਸਮੁੱਚਾ ਜੀਵਨ ਹੀ ਇੱਕ ਜੀਵੰਤ ਕਾਵਿਆਤਮਕ ਸਿਰਜਣਾ ਹੈ। ਉਨ੍ਹਾਂ ਨੇ ਘੋਸ਼ਣਾ ਕੀਤੀ ਕਿ ਸਕੱਤਰ ਦੀ ਪ੍ਰਤਿਭਾ ਦੇ ਉੱਚਿਤ ਮੁਲਾਂਕਣ ਅਤੇ ਸਨਮਾਨ ਦੇ ਲਈ ਉਹ ਪੂਰੀ ਕੋਸ਼ਿਸ਼ ਕਰਨਗੇ ਕਿ ਨੋਬਲ ਅਤੇ ਗੋਲਡਨ ਬੁੱਕਰ ਵਰਗੇ ਅੰਤਰ ਰਾਸ਼ਟਰੀ ਪੱਧਰ ਦੇ ਇਨਾਮਾਂ ਵਿੱਚ ਹਿੰਦੀ ਦੀਆਂ ਰਚਨਾਵਾਂ ਵੀ ਰੈਕਮੈਂਡ ਹੋ ਕੇ ਸ਼ਾਮਲ ਹੋਣ।

ਮੋਕਾਂਜੀ ਇੰਨਡਸਟਰੀਅਲ ਗਰੁੱਪ ਦੇ ਵਰਤਮਾਨ ਪ੍ਰਧਾਨ ਡੀ.ਐਲ. ਮੋਕਾਂਜੀ ਨੇ ਦਸ ਲੱਖ ਰੁਪਏ ਦਾ ਡਰਾਫ਼ਟ ਸਕੱਤਰ ਨੂੰ ਦਿੰਦਿਆਂ ਹੋਇਆਂ ਘੋਸ਼ਣਾ ਕੀਤੀ ਕਿ ਚੰਪਾਰਨ ਦੇ ਗਰੀਬ ਕਿਸਾਨਾਂ ਦੀ ਖਿਦਮਤ ਦੇ ਨਾਲ ਉਨ੍ਹਾਂ ਦੇ ਉਦਯੋਗ ਸਮੂਹ ਨੇ ਡੇਢ ਸੌ ਸਾਲ ਪਹਿਲਾਂ ਜਿਸ ਪਰੰਪਰਾ ਦੀ ਸ਼ੁਰੂਆਤ ਕੀਤੀ ਸੀ, ਉਸ ਨੂੰ ਉਹ ਅੱਗੇ ਵਧਾਉਣਗੇ ਅਤੇ ਹੁਣ ਭਾਰਤੀ ਸੰਸਕ੍ਰਿਤੀਆਂ ਦੀਆਂ ਮਹਾਨ ਪਰੰਪਰਾਵਾਂ ਦੇ ਵਾਧੇ ਤੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣਗੇ।

ਹਿੰਦੀ ਦੇ ਅਤਿਅੰਤ ਉੱਚਕੋਟੀ ਦੇ ਮੰਨੇ ਜਾਣ ਵਾਲੇ ਕਵੀ ਸ਼ੁਕਲ ਭਰਾਵਾਂ ਨੇ ਇਸ ਮੌਕੇ ਤੇ ਆਪਣੀਆਂ ਆਪਣੀਆਂ ਕਵਿਤਾਵਾਂ ਦਾ ਪਾਠ ਵੀ ਕੀਤਾ।

ਮੁੱਖ ਘਟਨਾ ਦਾ ਪਹਿਲਾ ਹਿੱਸਾ ਇਸੇ ਦੌਰਾਨ ਵਾਪਰਿਆ ਸੀ।

ਹਿੰਦੀ ਕਵੀ ਪਾੱਲ ਗੋਮਰਾ ਲੋੜ ਤੋਂ ਜ਼ਿਆਦਾ ਸ਼ਰਾਬ ਪੀ ਗਏ ਸਨ ਅਤੇ ਨਸ਼ੇ ਵਿੱਚ ਧੁੱਤ ਹੋ ਕੇ ਜ਼ੋਰ ਜ਼ੋਰ ਨਾਲ ਅੰਟ-ਸ਼ੰਟ ਬੋਲਣ ਲੱਗ ਪਏ ਸਨ। ਭਾਰਤੀਯ ਸਾਂਸਕ੍ਰਿਤਕ ਸੰਬੰਧ ਪ੍ਰੀਸ਼ਦ ਦੁਆਰਾ ਆਯੋਵਾ ਦੀ ਅੰਤਰਰਾਸ਼ਟਰੀ ਕਵਿਤਾ ਕਾਰਜਸ਼ਾਲਾ (ਵਰਕਸ਼ਾਪ) ਵਿੱਚ ਸ਼ਾਮਲ ਹੋ ਕੇ ਹੁਣੇ ਹੀ ਮੁੜਨ

ਵਾਲੇ ਕਵੀ ਮਧੁਰ ਨਾਗਪਾਲ ਨੇ ਦੱਸਿਆ ਸੀ ਕਿ ਬੜੀ ਦੇਰ ਤੱਕ ਤਾਂ ਪਾੱਲ ਗੋਮਰਾ ਸਕੂਟਰ ਤੇ ਹੀ ਭਾਸ਼ਣ ਦਿੰਦੇ ਰਹੇ। ਉਹ ਬਹਿਕ ਗਏ ਸਨ ਅਤੇ ਕਹਿ ਰਹੇ ਸਨ ਕਿ ਸਕੂਟਰ ਇੱਕ ਚਰਖਾ ਹੈ, ਜਿਸ ਤੇ ਸੂਤ ਕੱਤ ਕੇ ਅਮਰੀਕਾ ਦੀਆਂ ਬਹੁਰਾਸ਼ਟਰੀ ਕੰਪਨੀਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਲੋਕਾਂ ਨੇ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਦਿੱਲੀ ਨੂੰ ਹੀ ਸੁੱਟਣ ਲੱਗੇ।

ਭਾਰਤੀ ਇਤਿਹਾਸ ਅਨੁਸੰਧਾਨ ਪ੍ਰੀਸ਼ਦ ਦੇ ਉੱਚ ਅਧਿਕਾਰੀ ਡਾ. ਡੀ.ਆਰ. ਵਾਚਸਪਤੀ ਦੇ ਅਨੁਸਾਰ, ਪਾੱਲ ਗੋਮਰਾ ਨੇ ਕਿਹਾ ਸੀ ਕਿ ਮੈਂ ਮੇਵਾਤੀਆਂ, ਵੰਜਾਰਿਆਂ, ਪਿੰਡਾਂਰਿਆਂ, ਕਬਾਈਲਾਈਆਂ ਅਤੇ ਜੇ.ਜੇ. ਕਾਲੋਨੀ ਵਾਲਿਆਂ ਦੇ ਜਥੇ ਬਣਾ ਕੇ ਬਾਜੀਰਾਓ ਪੇਸ਼ਵਾ ਜਾਂ ਸ਼ੇਰ ਸ਼ਾਹ ਸੂਰੀ ਵਾਂਗੂ ਚਾਰੇ ਪਾਸਿਓਂ ਹਮਲਾ ਕਰਾਂਗਾ। ਉਹ ਅਜ਼ਾਦ ਹਿੰਦ ਫੌਜ ਬਣਾ ਕੇ ਬਰਮਾ ਭੱਜ ਜਾਣ ਦੀ ਗੱਲ ਕਰ ਰਿਹਾ ਸੀ। ਸ੍ਰੀ ਯਸ਼ਵੰਤ ਨਰਾਇਣ ਸਿਨਹਾ ਨੇ, ਜੋ ਭਾਰਤੀ ਪੁਲਿਸ ਪ੍ਰਸ਼ਾਸਨ ਵਿੱਚ ਉਪ-ਸੁਪਰਡੈਂਟ ਸਨ ਅਤੇ ਪ੍ਰਸਿੱਧ ਕਥਾਕਾਰ ਸਨ, ਹੱਸਦਿਆਂ ਹੋਇਆਂ ਦੱਸਿਆ ਸੀ ਕਿ ਬਈ ਉਹ ਬੰਦਾ ਤਾਂ ਅਜੀਬੋ ਗਰੀਬ ਹਰਕਤਾਂ ਕਰ ਰਿਹਾ ਸੀ। ਉਸਨੇ ਕਿਹਾ ਸੀ ਮੈਂ ਦਿੱਲੀ ਦੀਆਂ ਸਾਰੀਆਂ ਸਪਲਾਈ ਲਾਈਨਾਂ ਕੱਟ ਦਿਆਂਗਾ। ਬਾਹਰੋਂ ਇੱਥੇ ਨਾ ਦੁੱਧ ਆਵੇਗਾ, ਨਾ ਮੱਖਣ। ਨਾ ਸਬਜ਼ੀ, ਨਾ ਪਾਣੀ। ਬਿਜਲੀ ਗੁੱਲ ਹੋ ਜਾਵੇਗੀ, ਏ.ਸੀ. ਬੰਦ ਹੋ ਜਾਵੇਗਾ ਤਾਂ ਇਹ ਸਾਰੇ ਦੇ ਸਾਰੇ ਲੋਕ ਵਿਲਾਇਤ ਭੱਜ ਜਾਣਗੇ। ਮੈਂ ਤਾਂ ਖੈਨੀ ਫ਼ੱਕ ਕੇ ਲਾਲ ਕਿਲੇ ਦੇ ਮੈਦਾਨ ਵਿੱਚ ਸੌਂ ਜਾਵਾਂਗਾ।

ਭਾਰਤੀ ਪੁਰਾਤੱਤਵ ਸਰਵੇਖਣ ਸੰਸਥਾਨ ਦੇ ਇੱਕ ਕਿਊਰੇਟਰ ਡਾ. ਐਸ.ਆਰ. ਸਿੱਦੀਕੀ ਦਾ ਕਹਿਣਾ ਸੀ ਕਿ ਪਾੱਲ ਗੋਮਰਾ ਕਹਿ ਰਿਹਾ ਸੀ ਕਿ ਮੋਹਿੰਜੋਦਾੜੋ ਨੇਸਤੋ-ਨਾਬੂਦ ਹੋ ਗਿਆ ਪ੍ਰੰਤੂ ਉਸਦੇ ਨੇੜੇ-ਤੇੜੇ ਦੇ ਪਿੰਡ ਖ਼ਤਮ ਨਹੀਂ ਹੋਏ। ਉਹ ਅੱਜ ਵੀ ਹਨ। ਜਾਓ ਦੀਦੇ ਪਾੜ ਕੇ ਦੇਖ ਲਉ। ਡਾਇਨਾਸੋਰ ਗਾਇਬ ਹੋ ਜਾਂਦਾ ਹੈ, ਕੀੜੀ ਬਚੀ ਰਹਿੰਦੀ ਹੈ, ਹਰਾਮਜ਼ਾਦਿਓ! ਦਿੱਲੀ ਫ਼ਨਾ ਹੋ ਜਾਵੇਗੀ, ਗੁੜਗਾਂਵ ਰਹਿ ਜਾਵੇਗਾ...

ਕਈ ਪੱਤਰਕਾਰਾਂ ਨੇ ਦੱਸਿਆ ਸੀ ਕਿ ਪਾੱਲ ਗੋਮਰਾ ਨੇ ਇੰਡੀਆ ਇੰਟਰਨੈਸ਼ਨਲ ਸੈਂਟਰ ਵਿੱਚ ਉਲਟੀਆਂ ਕੀਤੀਆਂ ਸਨ ਅਤੇ ਕਿਹਾ ਸੀ ਕਿ ਦਿੱਲੀ ਮੇਰੇ ਦੇਸ਼ ਨੂੰ ਤੋੜ ਰਹੀ ਹੈ। ਉਹ ਅਰਾਜਕਤਾ, ਗੁੰਡਾਗਰਦੀ, ਤੋੜ-ਫ਼ੋੜ ਅਤੇ ਪਾਗਲਪਨ ਤੇ ਉੱਤਰ ਆਏ ਸਨ।

ਇੰਡੀਆ ਇੰਟਰਨੈਸ਼ਨਲ ਸੈਂਟਰ ਵਿੱਚ ਜੋ ਵੀ ਹੋਇਆ ਹੋਵੇ, ਇਹ ਸੱਚ ਹੈ ਕਿ ਉਸ ਸਮਾਰੋਹ ਵਿੱਚ ਜਿੰਨੇ ਵੀ ਮੰਨੇ-ਪ੍ਰਮੰਨੇ ਲੋਕ ਸ਼ਾਮਲ ਸਨ, ਕਿਸੇ ਨੇ ਵੀ ਪਾੱਲ ਗੋਮਰਾ ਦੇ ਸਮਰਥਨ ਜਾਂ ਹਮਦਰਦੀ ਵਿੱਚ ਇੱਕ ਵੀ ਸ਼ਬਦ ਨਹੀਂ ਸੀ ਕਿਹਾ, ਸਗੋਂ ਇੱਕ ਕੇਂਦਰੀ ਵਿਸ਼ਵ ਵਿਦਿਆਲੇ ਦੇ ਭੂਤਪੂਰਵ ਵਿਭਾਗੀ ਮੁਖੀ ਡਾ. ਵਿਧਾਤਾ ਸਿੰਘ ਗਹਿੜਵਾਲ ਨੇ, ਜੋ ਹੁਣ ਸੰਤ ਰਵੀਦਾਸ ਸਮਾਰਕ ਸੰਸਥਾਨ ਦੇ ਪ੍ਰਧਾਨ ਵੀ ਹਨ, ਕਿਹਾ ਸੀ ਕਿ ਉਹ ਤਾਂ ਮੋਚੀਆਂ, ਭੰਗੀਆਂ ਅਤੇ ਧੋਬੀਆਂ ਵਰਗੀਆਂ, ਫੂਹੜ ਹਰਕਤਾਂ ਇੱਥੇ ਕਰ ਰਿਹਾ ਸੀ। ਅਜਿਹੇ ਸੜੀਅਲ ਕਵੀਆਂ ਨੂੰ ਤਾਂ ਇਹੋ ਜਿਹੇ ਆਯੋਜਨਾਂ ਵਿੱਚ ਬੁਲਾਉਣਾ ਹੀ ਨਹੀਂ ਚਾਹੀਦਾ। ਉਸਨੇ ਤਾਂ ਸਾਲੀ ਹਿੰਦੀ ਦਾ ਨੱਕ ਹੀ ਵਢਵਾ ਦਿੱਤਾ।

ਵੈਸੇ, ਬਹੁਤ ਸਾਰੀ ਤੱਥਆਤਮਕ ਜਾਣਕਾਰੀ ਰਾਜੀਵ ਮੈਨਨ ਕੋਲੋਂ ਮਿਲ ਸਕਦੀ ਸੀ, ਜੋ ਉਸ ਰਾਤ ਪਾੱਲ ਗੋਮਰਾ ਦੇ ਨਾਲ ਉਸ ਪ੍ਰੋਗਰਾਮ ਵਿੱਚ ਲਗਾਤਾਰ ਮੌਜੂਦ ਸੀ ਅਤੇ ਸਕੂਟਰ ਚਲਾਉਂਦਾ ਹੋਇਆ ਉਨ੍ਹਾਂ ਨੂੰ ਵਾਪਸ ਗ਼ਾਜ਼ੀਆਬਾਦ ਉਨ੍ਹਾਂ ਦੇ ਘਰ ਪਹੁੰਚਾ ਰਿਹਾ ਸੀ। ਪਰ ਰਾਜੀਵ ਮੈਨਨ ਦੀ ਮੌਤ ਹੋ ਚੁੱਕੀ ਸੀ।

ਸੰਖੇਪ ਵਿੱਚ, ਜੇ ਥੋੜੀ ਕਲਪਨਾ ਅੰਦਾਜ਼ੇ ਅਤੇ ਫੈਂਟੈਸੀ ਦਾ ਸਹਾਰਾ ਲਿਆ ਜਾਵੇ, ਤਾਂ ਬਾਦ ਦੀ ਘਟਨਾ ਇਸ ਪ੍ਰਕਾਰ ਬਣਦੀ ਹੈ।

ਇੰਡੀਆ ਇੰਟਰਨੈਸ਼ਨਲ ਸੈਂਟਰ ਵਿੱਚ ਉਸ ਰਾਤ ਪਾੱਲ ਗੋਮਰਾ ਨੇ ਹੰਗਾਮਾ ਮਚਾਇਆ। ਸਿਵਲ ਡਰੈੱਸ ਅਰਥਾਤ ਸਾਦੀ ਵਰਦੀ ਵਿੱਚ ਮੌਜੂਦ ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਗਰਦਨ ਤੋਂ ਫ਼ੜ ਕੇ ਕੂਹਣੀ ਨਾਲ ਸਿੱਖਿਅਤ ਠੋਕਰ ਮਾਰਦਿਆਂ ਹੋਇਆਂ ਜਦ ਉਨ੍ਹਾਂ ਨੂੰ ਗੇਟ ਤੋਂ ਬਾਹਰ ਕੱਢਿਆ। ਜਦ ਰਾਜੀਵ ਮੈਨਨ ਦੇ ਨਾਲ ਆਪਣੇ ਸਕੂਟਰ ਦੀ ਪਿਛਲੀ ਸੀਟ ਤੇ ਬਹਿ ਕੇ ਉਹ ਗ਼ਾਜ਼ੀਆਬਾਦ ਦੇ ਲਈ

ਰਵਾਨਾ ਹੋਏ ਤਾਂ ਉਹ ਬਹੁਤ ਠੀਕ ਮਾਨਸਿਕ ਹਾਲਤ ਵਿੱਚ ਨਹੀਂ ਸਨ। ਸਾਦੀ ਵਰਦੀ ਵਾਲਿਆਂ ਨੇ ਸਿੱਖਿਅਤ ਕੂਹਣੀਆਂ ਅਤੇ ਘਸੁੰਨਾਂ ਨਾਲ ਜੋ ਸੱਟਾਂ ਉਨ੍ਹਾਂ ਨੂੰ ਮਾਰੀਆਂ ਸਨ, ਨਸ਼ੇ ਦੇ ਬਾਵਜੂਦ ਉਨ੍ਹਾਂ ਦਾ ਦਰਦ ਉਹ ਮਹਿਸੂਸ ਕਰ ਰਹੇ ਸਨ। ਦਾਰੂ ਜ਼ਰੂਰ ਉਨ੍ਹਾਂ ਨੂੰ ਬੇਤਹਾਸ਼ਾ ਚੜ੍ਹ ਗਈ ਸੀ ਅਤੇ ਉਹ ਪਿਛਲੀ ਸੀਟ ਤੇ ਬੈਠੇ ਬੈਠੇ ਜ਼ੋਰ-ਜ਼ੋਰ ਨਾਲ ਬਕ ਰਹੇ ਸਨ... "ਸਾਲਾ ਲਾਰਡ ਕਲਾਈਵ, ਪਲਾਸੀ ਦੀ ਲੜਾਈ ਜਿੱਤ ਗਿਆ ਤਾਂ ਸੋਚਦਾ ਹੈ ਸਾਰਾ ਹਿੰਦੋਸਤਾਨ ਜਿੱਤ ਲਵਾਂਗਾ। ਸੁਣੋ ਈਸਟ ਇੰਡੀਆ ਕੰਪਨੀ ਦੇ ਏਜੰਟੋਂ ਅਤੇ ਦਲਾਲੋਂ ਸੁਣੋ ਫਰੰਗੀਆਂ ਦੇ ਆਈ.ਸੀ.ਐਸ. ਅਫ਼ਸਰੋਂ... ਇਹ ਹਿੰਦੀ ਤਾਂ ਮੋਚੀਆਂ, ਜੁਲਾਹਿਆਂ, ਨਾਈਆਂ, ਧੋਬੀਆਂ, ਫ਼ਕੀਰਾਂ ਅਤੇ ਸਾਧੂਆਂ ਦੀ ਹੀ ਭਾਸ਼ਾ ਹੈ...

ਇਹ ਰੇਖ਼ਤਾ ਤੁਹਾਡੀ ਜ਼ੁਬਾਨ ਨਹੀਂ ਹੈ ਪਿਆਰੇ..."

ਰਾਜੀਵ ਮੈਨਨ ਨੂੰ ਵੀ ਇਸ ਘਟਨਾ ਤੋਂ ਪਿੱਛੋਂ ਲਗਾਤਾਰ ਕੋਚੀਨ ਦਾ ਆਪਣਾ ਕਸਬਾ ਊਦਮਪੇਰੂਰ ਯਾਦ ਆ ਰਿਹਾ ਸੀ। ਸਮੁੰਦਰ ਦਾ ਬੈਕ ਵਾਟਰ, ਨਾਰੀਅਲ-ਅੰਬ-ਕਟਹਲ-ਤਾੜ-ਖ਼ਜੂਰ ਦੇ ਰੁੱਖ। ਕਾਜੂ-ਇਲਾਚੀ-ਕਾਲੀ ਮਿਰਚ-ਟੋਡੀ ਅਤੇ ਮੱਛੀਆਂ ਦੀ ਮਹਿਕ। ਉਸਨੂੰ ਕਾਨਨੂਰ ਦਾ ਸਮੁੰਦਰੀ ਤੱਟ ਜਾਂ ਪੱਛਮੀ ਘਾਟ ਦੇ ਮੋਹਲੇਧਾਰ ਮੀਂਹ ਦੀ ਯਾਦ ਤਾਜ਼ਾ ਹੋ ਗਈ ਹੋਵੇਗੀ ਅਤੇ ਉਹ ਮਸਤੀ ਵਿੱਚ ਸੱਠ-ਸੱਤਰ ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਸਕੂਟਰ ਸੜਕ ਦੇ ਵਿਚਕਾਰ ਭਜਾਉਣ ਲੱਗਾ ਹੋਵੇਗਾ।

ਉਸ ਰਾਤ ਮੌਸਮ ਬਹੁਤ ਸੁਹਾਵਨਾ ਹੋ ਗਿਆ ਸੀ। ਹਲਕੀ ਬੂੰਦਾ-ਬਾਂਦੀ ਦੇ ਅਸਾਰ ਸਨ। ਹਵਾ ਵਿੱਚ ਭਾਰੀਪਨ, ਠੰਡ ਅਤੇ ਨਮੀ ਸੀ। ਅਜਿਹੀ ਨਮੀ ਅਤੇ ਠੰਡ, ਜੋ ਮਨੁੱਖ ਦੇ ਸਰੀਰ ਨਾਲ ਆਪਣੀ ਛੋਹ ਨਾਲ ਉਮੰਗ ਅਤੇ ਆਨੰਦ ਭਰਨ ਲੱਗਦੀ ਹੈ। ਪਾੱਲ ਗੋਮਰਾ ਸਕੂਟਰ ਦੀ ਪਿਛਲੀ ਸੀਟ ਤੇ ਬੈਠੇ ਬੈਠੇ ਅਲਾਮਾ ਇਕਬਾਲ ਦਾ ਗੀਤ ਗਾਉਣ ਲੱਗੇ ਹੋਣਗੇ।

ਹਮ ਬੁਲਬੁਲੇ ਹੈ ਇਸਕੀ, ਯੇ ਗੁਲਸਤਾਂ ਹਮਾਰਾ
ਯੂਨਾਨੋ-ਮਿਸਰ-ਰੋਮ, ਸਭ ਮਿਟ ਗਏ ਜਹਾਂ ਸੇ
ਅਬ ਤਕ ਮਗਰ ਹੈ ਬਾਕੀ ਨਾਮੋ-ਨਿਸ਼ਾ ਹਮਾਰਾ
ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ
ਦੁਸ਼ਮਣ ਰਹਾ ਹੈ ਸਦੀਓਂ....

ਬੱਸ ਇਨ੍ਹਾਂ ਸਤਰਾਂ ਦੇ ਨੇੜੇ-ਤੇੜੇ ਉਹ ਐਕਸੀਡੈਂਟ ਹੋਇਆ ਹੋਵੇਗਾ, ਜਿਸ ਵਿੱਚ ਰਾਜੀਵ ਮੈਨਨ ਦੀ ਦੁਰਘਟਨਾ ਸਥਾਨ ਤੇ ਹੀ ਮੌਤ ਹੋ ਗਈ ਹੋਵੇਗੀ ਅਤੇ ਪਾੱਲ ਗੋਮਰਾ ਅਗਲੀ ਸਵੇਰ ਤੱਕ, ਜਦ ਤੱਕ ਉਨ੍ਹਾਂ ਨੂੰ ਦਿੱਲੀ ਪੁਲਿਸ ਦੀ ਪੀ.ਸੀ.ਆਰ. ਜਿਪਸੀ ਨੇ ਲੋਕਨਾਇਕ ਜੈ ਪ੍ਰਕਾਸ਼ ਨਰਾਇਣ ਹਸਪਤਾਲ ਵਿੱਚ ਭਰਤੀ ਨਹੀਂ ਕਰਵਾ ਦਿੱਤਾ ਹੋਵੇਗਾ, ਤਦ ਤੱਕ ਉੱਥੇ ਬੇਹੋਸ਼ ਪਏ ਰਹੇ ਹੋਣਗੇ।

ਐਕਸੀਡੈਂਟ ਕਿਵੇਂ ਹੋਇਆ? ਇਸ ਬਾਰੇ ਵਿੱਚ ਕਈ ਅੰਦਾਜ਼ੇ ਹੋ ਸਕਦੇ ਹਨ। ਦਿੱਲੀ ਉੱਤਰ ਪ੍ਰਦੇਸ਼ ਦੇ ਸੀਮਾਂਵਰਤੀ ਪੁਲਿਸ ਚੈਕ ਪੋਸਟ ਦੇ ਰਜਿਸਟਰ ਨੂੰ ਦੇਖਣ ਨਾਲ ਪਤਾ ਲੱਗਦਾ ਹੈ ਕਿ ਉਸ ਸਮੇਂ ਦੇ ਨੇੜੇ ਤੇੜੇ ਦਰਜਨਾਂ ਟਰੱਕ, ਕਾਰਾਂ ਅਤੇ ਹੋਰ ਗੱਡੀਆਂ ਉੱਥੋਂ ਕਰਾਸ ਹੋਈਆਂ ਸਨ। ਇਨ੍ਹਾਂ ਵਿੱਚੋਂ ਕਿਸੇ ਇੱਕ ਗੱਡੀ ਨੇ ਪਾੱਲ ਗੋਮਰਾ ਦੇ ਸਕੂਟਰ ਨੂੰ ਟੱਕਰ ਮਾਰੀ ਹੋਵੇਗੀ।

ਦੁਰਘਟਨਾ ਰਾਤ ਸਾਢੇ ਗਿਆਰਾਂ ਅਤੇ ਇੱਕ ਵਜੇ ਦੇ ਵਿੱਚ ਕਿਸੇ ਸਮੇਂ ਹੋਈ ਸੀ। ਇਨ੍ਹਾਂ ਡੇਢ ਘੰਟਿਆਂ ਦੇ ਦੌਰਾਨ ਦਿੱਲੀ- ਯੂ.ਪੀ. ਬਾਰਡਰ ਚੈੱਕ ਪੋਸਟ ਦੇ ਰਜਿਸਟਰ ਵਿੱਚ ਬਾਈ ਟਰੱਕ, ਅੱਠ ਟੈਂਪੂ, ਛੇ ਮਾਰੂਤੀ ਵੈਨਾਂ, ਪੰਜ ਪ੍ਰਾਈਵੇਟ ਅਤੇ ਦੋ ਰਾਜ ਪਰਿਵਹਿਨ ਦੀਆਂ ਬੱਸਾਂ, ਸੋਲਾਂ ਮਾਰੂਤੀ ਕਾਰਾਂ, ਦੋ ਟਾਟਾ ਸਿਏਰਾ, ਤਿੰਨ ਫ਼ੀਏਟ ਦੀ ਐਂਟਰੀ ਹੈ। ਸਕੂਟਰਾਂ ਅਤੇ ਮੋਟਰ ਸਾਈਕਲਾਂ ਦੀ ਸੰਖਿਆ ਅਲੱਗ ਹੋਵੇਗੀ।

ਪ੍ਰੰਤੂ ਇਸ ਡੇਢ ਘੰਟੇ ਦੇ ਵਿੱਚ ਅੱਠ ਕਾਰਾਂ ਦੇ ਨਾਲ ਇੱਕ ਵੀ.ਆਈ.ਪੀ. ਐਸਕਾਰਟ ਲੰਘਣ ਦੀ ਗੱਲ ਵੀ ਦਰਜ ਹੈ। ਇਹ ਵੀ.ਆਈ.ਪੀ. ਕਾਫ਼ਲਾ ਉੱਤਰ ਪ੍ਰਦੇਸ਼ ਦੀ ਦਲਿਤ ਸਰਕਾਰ ਦੇ ਇੱਕ

ਮੰਤਰੀ ਦਾ ਸੀ। ਇਹ ਦਲਿਤ ਸਰਕਾਰ ਸਵਰਨਾਂ ਅਤੇ ਸੰਪਰਦਾਇਕਾਂ ਦੇ ਸਮਰਥਨ ਨਾਲ ਸੱਤਾ ਤੇ ਕਾਬਜ਼ ਹੋਈ ਸੀ। ਜਿਸ ਮੰਤਰੀ ਦਾ ਉਹ ਵੀ.ਆਈ.ਪੀ. ਐਸਕਾਰਟ ਸੀ, ਉਸਦਾ ਪਿਛਲਾ ਰਿਕਾਰਡ ਅਪਰਾਧਕ ਸੀ ਅਤੇ ਉਹ ਘੋਸ਼ਤ ਹਿਸਟਰੀ ਸ਼ੀਟਰ ਸੀ। ਮੰਤਰੀ ਬਨਣ ਤੋਂ ਪਹਿਲਾਂ ਤੱਕ ਉਸ ਦੀਆਂ ਫ਼ੋਟੋਆਂ ਪੁਲਿਸ ਥਾਣਿਆਂ ਵਿੱਚ ਟੰਗੀਆਂ ਰਹਿੰਦੀਆਂ ਹਨ। ਇੰਡੀਆ ਇੰਟਰਨੈਸ਼ਨਲ ਸੈਂਟਰ ਵਿੱਚ ਆਯੋਜਤ ਪਦਮ ਸ੍ਰੀ ਸਕੱਤਰ ਦੇ ਸਨਮਾਨ ਸਮਾਰੋਹ ਵਿੱਚ ਉਹ ਮੰਤਰੀ ਸ਼ਾਮਲ ਸੀ ਜਾਂ ਨਹੀਂ ਇਸ ਦੀ ਪੁਸ਼ਟੀ ਨਹੀਂ ਹੋ ਸਕੀ।

ਸੰਭਵ ਹੈ, ਐਕਸੀਡੈਂਟ ਤੇਜ਼ ਰਫ਼ਤਾਰ ਦੇ ਉਸੇ ਵੀ.ਆਈ.ਪੀ. ਕਾਫ਼ਲੇ ਦੇ ਨਾਲ ਹੋਇਆ ਹੋਵੇ। ਜਿਸ ਤਰ੍ਹਾਂ ਪਾੱਲ ਗੋਮਰਾ ਪਾਗਲਪਣ ਅਰਾਜਕਤਾ ਅਤੇ ਨਸ਼ੇ ਦੀ ਹਾਲਤ ਵਿੱਚ ਸਨ, ਇਕਬਾਲ ਦਾ 'ਸਾਰੇ ਜਹਾਂ ਸੇ ਅੱਛਾ' ਗਾ ਰਹੇ ਸਨ, ਉਸ ਨਾਲ ਬਿਲਕੁਲ ਮੁਮਕਿਨ ਸੀ ਕਿ ਦੋਵਾਂ ਨੇ ਦੂਰ ਤੱਕ ਅਤੇ ਦੇਰ ਤੱਕ ਉਨ੍ਹਾਂ ਵੀ.ਆਈ.ਪੀ. ਗੱਡੀਆਂ ਨੂੰ ਸਾਈਡ ਨਾ ਦਿੱਤੀ ਹੋਵੇ, ਸੜਕ ਦੇ ਵਿੱਚਕਾਰ ਸਕੂਟਰ ਚਲਾਉਂਦੇ ਰਹੇ ਹੋਣ, ਸਿਕਓਰਟੀ ਕਮਾਂਡੋਜ਼ ਨਾਲ ਪੰਗਾ ਲੈ ਲਿਆ ਹੋਵੇ ਅਤੇ ਉਹ ਐਕਸੀਡੈਂਟ ਜਾਣਬੁੱਝ ਕੇ ਕਰ ਦਿੱਤਾ ਗਿਆ ਹੋਵੇ।

ਜੋ ਵੀ ਹੋਇਆ ਹੋਵੇ, ਗ਼ਾਜ਼ੀਆਬਾਦ ਦੇ ਕਵੀ ਨਗਰ ਕਾਲੋਨੀ ਦਾ ਐਲ.ਆਈ.ਜੀ. ਫ਼ਲੈਟ ਨੰ. ਏ 122/4 ਹੁਣ ਖ਼ਾਲੀ ਹੈ ਅਤੇ ਪਿਛਲੇ ਹਫ਼ਤੇ ਤੋਂ ਇਸਦੇ ਉੱਪਰ 'ਗਿੱਲ ਐਂਡ ਗਰੋਵਰ ਪ੍ਰਾਪਰਟੀ ਡੀਲਰਜ਼' ਦਾ ਬੋਰਡ ਲਟਕਿਆ ਹੋਇਆ ਹੈ। ਹਿੰਦੀ ਕਵੀ ਪਾੱਲ ਗੋਮਰਾ ਦੀ ਪਤਨੀ ਸਨੇਹਲਤਾ ਸਕਸੈਨਾ, ਜੋ ਇੱਕ ਰਾਤ ਕੁਝ ਘੰਟਿਆਂ ਲਈ ਮੇਹਰ ਜੈਸੀਆ ਬਣੀ ਸੀ, ਆਪਣੇ ਪੁੱਤਰਾਂ ਮੰਟੂ, ਬਿੱਪੂ ਅਤੇ ਧੀ ਨੀਨਾ ਦੇ ਨਾਲ ਸਹਾਰਨਪੁਰ ਆਪਣੇ ਪੇਕਿਆਂ ਤੇ ਚਲੀ ਗਈ ਜਾਂ ਕਿਤੇ ਹੋਰ ਕੋਈ ਨਹੀਂ ਜਾਣਦਾ।

ਤੁਸੀਂ ਸਾਰਿਆਂ ਨੇ ਇੰਨੀ ਬੋਝਲ, ਬੇਕਾਰ ਅਤੇ ਅਕਾਊ ਜਿਹੀ ਹਿੰਦੀ ਪੜ੍ਹੀ। ਅਜਿਹਾ ਧੀਰਜ ਇਸ ਜ਼ਮਾਨੇ ਵਿੱਚ ਮੁਸ਼ਕਲ ਹੈ। ਹੁਣ ਤੁਸੀਂ ਇਹ ਜ਼ਰੂਰ ਜਾਨਣਾ ਚਾਹੁੰਦੇ ਹੋਵੋਗੇ ਕਿ ਆਖ਼ਰ ਪਾੱਲ ਗੋਮਰਾ ਦਾ ਕੀ ਹੋਇਆ? ਬਹੁਤ ਭੱਜ ਦੌੜ, ਪੁੱਛ ਗਿੱਛ ਅਤੇ ਛਾਣਬੀਣ ਕਰਨ ਤੇ ਜੋ ਥੋੜ੍ਹੀ ਬਹੁਤ ਸੂਚਨਾ ਪ੍ਰਾਪਤ ਹੋ ਸਕੀ, ਉਹ ਪ੍ਰਸਤੁਤ ਹੈ:-

ਪਾੱਲ ਗੋਮਰਾ ਨੂੰ ਹਸਪਤਾਲ ਵਿੱਚੋਂ ਤੀਜੇ ਦਿਨ ਹੀ ਛੁੱਟੀ ਦੇ ਦਿੱਤੀ ਗਈ ਸੀ। ਉਸ ਦੇ ਸਿਰ ਵਿੱਚ ਮਾਮੂਲੀ ਜ਼ਖ਼ਮ ਸੀ। ਅੱਠ ਟਾਂਕੇ ਲੱਗੇ ਸਨ। ਪ੍ਰੰਤੂ ਡਾਕਟਰਾਂ ਨੇ ਬਾਕੀ ਟ੍ਰੀਟਮੈਂਟ ਦੇ ਲਈ ਉਨ੍ਹਾਂ ਨੂੰ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਨਿਊਰੋਲਾਜੀ ਵਿਭਾਗ ਨੂੰ ਰੈਫ਼ਰ ਕਰ ਦਿੱਤਾ ਸੀ ਕਿਉਂਕਿ ਕੈਟ ਸਕੈਨਿੰਗ ਤੋਂ ਪਤਾ ਲੱਗਾ ਸੀ ਕਿ ਉਨ੍ਹਾਂ ਦੇ ਦਿਮਾਗ ਵੱਲ ਜਾਣ ਵਾਲੀ ਇਕ ਨਸ ਵਿੱਚ ਕਲਾਟਿੰਗ ਹੈ।

ਪ੍ਰੰਤੂ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਨਿਊਰੋਲਾਜੀ ਵਿਭਾਗ ਵਿੱਚ ਹਿੰਦੀ ਕਵੀ ਪਾੱਲ ਗੋਮਰਾ ਦੇ ਪਹੁੰਚਣ ਦੀ ਕੋਈ ਸੂਚਨਾ ਨਹੀਂ ਹੈ। ਸੰਭਵਤਾ ਜਾਂ ਤਾਂ ਉਹ ਉੱਥੇ ਗਏ ਹੀ ਨਹੀਂ, ਜਾਂ ਫ਼ਿਰ ਉਨ੍ਹਾਂ ਨੂੰ ਉੱਥੋਂ ਭਜਾ ਦਿੱਤਾ ਗਿਆ ਹੋਵੇਗਾ। ਉਂਜ ਵੀ ਆਲ ਇੰਡੀਆ ਮੈਡੀਕਲ ਇੰਨਸਟੀਚਿਊਟ ਦੇ ਬਾਰੇ ਵਿੱਚ ਹਰ ਕੋਈ ਜਾਣਦਾ ਹੈ ਕਿ ਉੱਥੇ ਵੀ.ਆਈ.ਪੀ. ਲੋਕਾਂ, ਉੱਚੇ ਅਫ਼ਸਰਾਂ ਅਤੇ ਅਸਰ-ਰਸੂਖ ਵਾਲਿਆਂ ਦਾ ਹੀ ਇਲਾਜ ਹੁੰਦਾ ਹੈ। ਉੱਥੋਂ ਤਾਂ ਮੁਨਸ਼ੀ ਪ੍ਰੇਮ ਚੰਦ ਤੋਂ ਬਾਦ ਹਿੰਦੀ ਭਾਸ਼ਾ ਦੇ ਦੂਜੇ ਸਭ ਤੋਂ ਵੱਡੇ ਨਾਵਲਕਾਰ ਜੈਨੇਂਦਰ ਨੂੰ ਵੀ ਭਜਾ ਦਿੱਤਾ ਗਿਆ ਸੀ।

ਦਿੱਲੀ ਦੇ ਕਵੀ-ਸਾਹਿਤਕਾਰ ਸਭ ਪਾੱਲ ਗੋਮਰਾ ਨੂੰ ਭੁੱਲਣ ਲੱਗੇ ਹਨ। ਇੱਥੋਂ ਤੱਕ ਕਿ ਆਈ.ਟੀ.ਓ. ਪੁਲ ਦੇ ਕੋਲ ਬਹਾਦਰ ਸ਼ਾਹ ਜ਼ਫ਼ਰ ਮਾਰਗ ਤੇ ਸਥਿਤ ਉਸ ਰਾਸ਼ਟਰੀ ਦੈਨਿਕ ਦੇ ਪੱਤਰਕਾਰ ਵੀ ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਯਾਦ ਕਰ ਸਕਦੇ ਹਨ। ਜਦੋਂ ਉਨ੍ਹਾਂ ਨੂੰ ਯਾਦ ਆਉਂਦਾ ਹੈ ਤਾਂ ਉਹ ਹੱਸਦਿਆਂ ਹੋਇਆਂ ਕਹਿੰਦੇ ਹਨ,"ਓਹ! ਓਹ! ਉਹ ਸਕੂਟਰ ਵਾਲਾ ਪੋਇਟ!"

ਪ੍ਰੰਤੂ ਪਿਛਲੇ ਡੇਢ ਮਹੀਨੇ ਤੋਂ ਦਿੱਲੀ ਤੋਂ ਗ਼ਾਜ਼ੀਆਬਾਦ ਦੇਰ ਰਾਤ ਜਾਣ ਵਾਲੇ ਲੋਕ ਜੋ ਗੱਲਾਂ ਦੱਸਦੇ ਹਨ, ਉਨ੍ਹਾਂ ਤੋਂ ਪਾੱਲ ਗੋਮਰਾ ਦੀ ਇਸ ਕਹਾਣੀ ਵਿੱਚ ਨਵਾਂ ਪੱਖ ਜੁੜਦਾ ਹੈ। ਲੋਕ ਕਹਿੰਦੇ ਹਨ,

ਜੀ.ਟੀ. ਰੋਡ ਤੇ ਅੱਧੀ ਰਾਤ ਅਕਸਰ ਇੱਕ ਅਜੀਬੋ-ਗਰੀਬ ਹੁਲੀਏ ਦਾ ਆਦਮੀ ਅਚਾਨਕ ਨੇੜਲੀਆਂ ਝਾੜੀਆਂ ਜਾ ਪੁਲੀਆ ਦੀ ਆੜ ਵਿੱਚੋਂ 'ਹੂ...ਹੂ...ਖਾਂ...ਖਾਂ...ਸੌਂਗ...' ਕਰਦਾ ਹੋਇਆ ਟੱਪ ਕੇ ਚੱਲਦੀਆਂ ਹੋਈਆਂ ਗੱਡੀਆਂ ਦੇ ਸਾਹਮਣੇ ਆ ਜਾਂਦਾ ਹੈ।

ਹੌਲੀ-ਹੌਲੀ ਹਾਈਵੇ ਤੇ ਟ੍ਰੈਫ਼ਿਕ ਜਾਮ ਲੱਗਣ ਲੱਗਦਾ ਹੈ। ਸ਼ੁਰੂ ਵਿੱਚ ਲੋਕ ਡਰਦੇ ਹਨ ਫ਼ਿਰ ਜਾਣ ਜਾਂਦੇ ਹਨ ਕਿ ਬੁੱਢਾ ਹੁੰਦਾ ਹੋਇਆ ਇਹ ਆਦਮੀ ਪਾਗਲ ਹੋ ਗਿਆ ਹੈ ਅਤੇ ਉਸ ਤੋਂ ਕਿਸੇ ਨੂੰ ਕੋਈ ਖ਼ਤਰਾ ਨਹੀਂ ਹੈ।

ਚਲਦੇ-ਚਲਾਉਂਦੇ ਅੱਧੀ ਰਾਤ, ਹਾਈਵੇ ਤੇ ਇੰਟਰਟੇਨਮੈਂਟ ਹੋ ਰਿਹਾ ਹੈ, ਤਾਂ ਥੋੜ੍ਹੀ ਦੇਰ ਲਈ ਟਰੱਕ ਡਰਾਈਵਰ ਅਤੇ ਦੂਜੇ ਮੁਸਾਫ਼ਰ ਤਮਾਸ਼ਾ ਦੇਖਣ ਲੱਗਦੇ ਹਨ। ਜਦ ਭੀੜ ਨੇੜੇ-ਤੇੜੇ ਇਕੱਠੀ ਹੋ ਜਾਂਦੀ ਹੈ ਤਾਂ ਉਹ ਬੁੱਢਾ ਆਦਮੀ ਲੜਖੜਾਉਂਦਾ ਹੋਇਆ ਸੜਕ ਤੇ ਤੁਰਦਾ ਹੈ। "ਡਾਂਡੀ ਮਾਰਚ, ਡਾਂਡੀ ਮਾਰਚ, ਡਾਂਡੀ ਮਾਰਚ" ਅਤੇ ਗਾਉਂਦਾ ਹੈ, "ਵੈਸ਼ਨਵ ਜਨ ਤੇ ਤੈਣੇ ਕਹੀਏ, ਜੇ ਪੀੜ ਪਰਾਈ ਜਾਣੇ ਰੇ...' ਇਸ ਤੋਂ ਬਾਦ ਅਚਾਨਕ ਉਹ ਫ਼ੌਜੀਆਂ ਵਾਂਗੂ ਪੈਰ ਪਟਕ ਪਟਕ ਕੇ ਲੈਫ਼ਟ-ਰਾਈਟ ਕਰਦਾ ਹੋਇਆ ਮਾਰਚ ਕਰਨ ਲੱਗਦਾ ਹੈ। ਤਦ ਉਹ ਅਜ਼ਾਦ ਹਿੰਦ ਫ਼ੌਜ ਦਾ ਤਰਾਨਾ ਗਾਉਂਦਾ ਹੈ।

"ਕਦਮ-ਕਦਮ ਬੜਾਏ ਜਾ, ਖੁਸ਼ੀ ਕੇ ਗੀਤ ਗਾਏ ਜਾ
ਯੇ ਜ਼ਿੰਦਗੀ ਹੈ ਕੌਮ ਕੀ, ਤੂੰ ਕੌਮ ਪੇ ਲੁਟਾਏ ਜਾ!"

ਇਸ ਤੋਂ ਬਾਦ ਸ਼ੁਰੂ ਹੁੰਦਾ ਹੈ ਉਸਦਾ ਧਾਰਾ ਪ੍ਰਵਾਹ ਭਾਸ਼ਨ, ਜਿਸ ਨੂੰ ਸੁਣ ਕੇ ਲੋਕ ਤਾੜੀਆਂ ਅਤੇ ਸੀਟੀਆਂ ਮਾਰਦੇ ਹਨ। ਉਹ ਆਪਣੇ ਭਾਸ਼ਨ ਵਿੱਚ ਨਾਨਾ ਸਾਹਿਬ, ਧੌਂਦੂ ਪੰਤ, ਤਾਂਤੀਆ ਟੋਪੇ, ਅਜੀਮ-ਉੱਲਾ, ਭਗਤ ਸਿੰਘ, ਫ਼ਰਨਵੀਸ, ਅਸ਼ਫ਼ਾਕ, ਖੁਦੀ ਰਾਮ, ਤੇਗ ਬਹਾਦਰ ਵਰਗੇ ਕਈ ਨਾਵਾਂ ਦਾ ਉਚਾਰਣ ਕਰਦਾ ਹੈ। ਫ਼ਿਰ ਕਹਿੰਦਾ ਹੈ,"ਮੈਂ ਹਾਂ ਦਲਿਤ ਹਿੰਦੀ ਕਵੀ ਰਾਮ ਗੋਪਾਲ। ਮੈਂ ਦਿੱਲੀ ਦਾ ਨਹੀਂ, ਰਾਮਪੁਰ ਅਤੇ ਗ਼ਾਜ਼ੀਆਬਾਦ ਦਾ ਹਾਂ। ਮੈਂ ਸਵਦੇਸ਼ੀ ਅੰਦੋਲਨ ਚਲਾਵਾਂਗਾ।"

ਇਸ ਤੋਂ ਬਾਦ ਉਹ ਗੁੱਸੇ ਵਿੱਚ ਆ ਜਾਂਦਾ ਹੈ। ਨੇੜੇ ਤੇੜੇ ਪਏ ਪੱਥਰਾਂ ਨੂੰ ਚੁੱਕ ਕੇ ਹਨੇਰੇ ਵਿੱਚ ਦਿੱਲੀ ਵੱਲ ਸੁੱਟਦਾ ਹੋਇਆ ਅੰਗ੍ਰੇਜ਼ੀ ਵਿੱਚ ਪੂਰੀ ਤਾਕਤ ਨਾਲ ਨਾਹਰੇ ਮਾਰਨ ਲੱਗਦਾ ਹੈ,"ਕਵਿਟ ਇੰਡੀਆ, ਕਵਿਟ ਇੰਡੀਆ..."

ਜੀ.ਟੀ. ਰੋਡ ਤੇ ਅੱਧੀ ਰਾਤ, ਉਸ ਬੁੱਢੇ ਹੁੰਦੇ ਆਦਮੀ ਦਾ ਤਮਾਸ਼ਾ ਦੇਖਣ ਇਕੱਠੀ ਹੋਈ ਡਰਾਈਵਰਾਂ, ਕਲੀਨਰਾਂ ਅਤੇ ਮੁਸਾਫ਼ਰਾਂ ਦੀ ਭੀੜ ਤਾੜੀਆਂ ਮਾਰਦੀ ਹੋਈ ਉਸਦੇ ਨਾਲ-ਨਾਲ ਦੁਹਰਾਉਂਦੀ ਹੈ, "ਕਵਿਟ ਇੰਡੀਆ, ਕਵਿਟ ਇੰਡੀਆ..."

ਪੱਲ ਗੋਮਰਾ ਦਾ ਸਕੂਟਰ ਜ਼ਰੂਰ ਅਜੇ ਵੀ, ਸ਼ਾਂਤੀਵਣ ਦੇ ਕੋਲ, ਦਰਿਆਗੰਜ ਦੀ ਟ੍ਰੈਫ਼ਿਕ ਕੋਤਵਾਲੀ ਦੇ ਪਿਛਵਾੜੇ ਮੁੜੀ-ਤੁੜੀ ਹਾਲਤ ਵਿੱਚ ਪਿਆ ਹੋਇਆ ਸੀ। ਉਸ ਟੁੱਟੇ-ਫ਼ੁੱਟੇ ਦੁਰਘਟਨਾਗ੍ਰਸਤ ਸਕੂਟਰ ਤੇ ਮ੍ਰਿਤਕ ਰਾਜੀਵ ਮੈਨਨ ਅਤੇ ਵਿਚਾਰੇ ਪੱਲ ਗੋਮਰਾ ਦੇ ਖ਼ੂਨ ਦੇ ਧੱਬੇ ਹਨ, ਜੋ ਸੁੱਕ ਕੇ ਕਾਲੇ ਪੈ ਚੁੱਕੇ ਹਨ। ਅਤੇ ਉਸ ਸਕੂਟਰ ਦੀ ਡਿੱਗੀ ਦੇ ਅੰਦਰ ਅਜੇ ਵੀ ਪੱਲ ਗੋਮਰਾ ਦੀ ਕਵਿਤਾਵਾਂ ਦੀ ਇੱਕ ਡਾਇਰੀ ਬੰਦ ਹੈ। ਉਸਦੇ ਆਖ਼ਰੀ ਪੰਨੇ ਤੇ ਲਿਖਿਆ ਹੈ:-

ਜੋ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ,
ਯਥਾਰਥ ਮਿਟਾ ਰਿਹਾ ਹੈ ਜਿਨ੍ਹਾਂ ਦਾ ਅਸਤਿਤਵ
ਹੋ ਸਕੇ ਤਾਂ ਅਸੀਂ ਉਨ੍ਹਾਂ ਦੀ ਹੱਤਿਆ ਵਿੱਚ ਨਾ ਹੋਈਏ ਸ਼ਾਮਲ
ਅਤੇ ਸੰਭਵ ਹੋਵੇ ਤਾਂ ਸੰਭਾਲ ਕੇ ਰੱਖ ਲਈਏ ਉਨ੍ਹਾਂ ਦੇ ਚਿੱਤਰ...
ਇਹ ਚਿੱਤਰ ਅਤੀਤ ਦੇ ਸਿਮਰਤੀ ਚਿੰਨ੍ਹ ਹਨ...- **ਪੱਲ ਗੋਮਰਾ, 15 ਅਗਸਤ, 1995**

ਉਦੈ ਪ੍ਰਕਾਸ਼, 9/2, ਜੱਜ ਕਲੋਨੀ, ਨਿਆਏ ਮਾਰਗ, ਸੈਟਕਰ-9, ਵੈਸ਼ਾਲੀ, ਗਾਜ਼ੀਆਬਾਦ-201010, ਭਜਨਬੀਰ ਸਿੰਘ ਮੋਬਾਇਲ 98556-75724, # 239, ਪ੍ਰੀਤ ਕਲੋਨੀ, ਜ਼ੀਰਕਪੁਰ-3, ਜ਼ਿਲਾ ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ।

ਗੋਸ਼ਟੀ-

ਬਲਦੇਵ ਸਿੰਘ ਦੇ ਨਾਵਲ 'ਸਤਲੁਜ ਵਹਿੰਦਾ ਰਿਹਾ' 'ਤੇ ਚਰਚਾ

ਮੋਗਾ ਵਿਖੇ ਬਲਦੇਵ ਸਿੰਘ ਦੇ ਨਾਵਲ 'ਸਤਲੁਜ ਵਹਿੰਦਾ ਰਿਹਾ' ਉਪਰ ਇਕ ਗੋਸ਼ਟੀ ਕਰਵਾਈ ਗਈ। ਗੋਸ਼ਟੀ ਵਿਚ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਅਤੇ ਡਾ. ਗੁਰਮੁਖ ਸਿੰਘ ਨੇ ਖੋਜ ਪੱਤਰ ਪੜ੍ਹੇ। ਇਸ ਸਮੇਂ ਡਾ. ਅਨੂਪ ਸਿੰਘ, ਡਾ. ਸੁਖਦੇਵ ਸਿੰਘ, ਡਾ. ਜਸਵਿੰਦਰ ਸਿੰਘ, ਨਾਵਲਕਾਰ ਜਸਵੰਤ ਸਿੰਘ ਕੰਵਲ, ਕਾਮਰੇਡ ਜਗਰੂਪ ਸਿੰਘ ਅਤੇ ਹੋਰਨਾਂ ਵਿਦਵਾਨਾਂ ਨੇ ਇਸ ਵਿਚਾਰ ਚਰਚਾ ਸਮੇਂ ਗੰਭੀਰ ਸੰਵਾਦ ਰਚਾਇਆ। ਪੜ੍ਹੇ ਗਏ ਪਰਚਿਆਂ ਦਾ ਸਾਰ ਅਤੇ ਬਹਿਸ ਦੇ ਵੇਰਵੇ ਪਾਠਕਾਂ ਲਈ ਪੇਸ਼ ਹਨ-

ਡਾ. ਦਵੇਸ਼ਵਰ- ਭਗਤ ਸਿੰਘ ਕੌਮੀ ਸ਼ਹੀਦ ਹੈ। ਉਹ ਪੰਜਾਬੀ ਲੋਕ ਮਾਨਸ ਵਿਚ ਅਮਰ ਲੋਕ-ਗਾਥਾਈ ਸਥਾਨ ਰਖਦਾ ਹੈ। ਪ੍ਰੰਤੂ ਪੰਜਾਬੀ ਨਾਵਲ ਵਿਚ ਇਸ ਮਹਾਂ ਨਾਇਕ ਦਾ ਮਹਾਂ ਕਾਵਿਕ ਰੂਪਾਂਤਰਣ ਪ੍ਰਾਪਤ ਨਹੀਂ ਹੋ ਸਕਿਆ।

ਬਲਦੇਵ ਸਿੰਘ ਪੰਜਾਬੀ ਕਥਾ ਸਾਹਿਤ ਦਾ ਅਜਿਹਾ ਪਹਿਲਾ ਨਾਵਲਕਾਰ ਹੈ, ਜਿਸ ਦੀ ਸੂਝ ਸਮਰੱਥਾ ਤੇ ਸੰਵੇਦਨਾ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜੀਵਨ, ਵਿਚਾਰਧਾਰਕ ਤੇ ਸਮਾਜਕ ਸਭਿਆਚਾਰਕ ਸਥਿਤੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਸਮਝਣ ਅਤੇ ਉਸਦੇ ਨਾਇਕਤਵ ਦੇ ਸਾਰ ਨੂੰ ਪਛਾਨਣ ਦਾ ਯਤਨ ਕੀਤਾ ਹੈ।

ਬਲਦੇਵ ਸਿੰਘ ਇਤਿਹਾਸ ਤੇ ਨਾਵਲ ਵਿਚਲੇ ਅੰਤਰ ਨੂੰ ਸਮਝਦਾ ਹੋਇਆ, ਸੁਤੰਤਰਤਾ ਸੰਗ੍ਰਾਮ ਦੇ ਇਸ ਮਹਾਨ ਯੋਧੇ ਦੇ ਜੀਵਨ ਨੂੰ ਉਸ ਸਮੇਂ ਦੀ ਇਤਿਹਾਸਕ ਧਾਰਾ ਅਤੇ ਇਤਿਹਾਸਕ ਤੱਥਾਂ ਨਾਲ ਅੰਤਰ ਸਬੰਧਿਤ ਕਰਕੇ ਉਸਦੇ ਸੰਘਰਸਮਾਈ ਜੀਵਨ ਦਾ ਅਜਿਹਾ ਮਹਾਂ ਕਾਵਿਕ ਬਿੰਬ ਉਸਾਰਦਾ ਹੈ, ਜਿਹੜਾ ਇਕ ਪਾਸੇ ਭਗਤ ਸਿੰਘ ਦੀ ਵਿਅਕਤੀਗਤ ਚੇਤਨਾ , ਦੂਜੇ ਪਾਸੇ ਭਗਤ ਸਿੰਘ ਤੇ ਉਸਦੇ ਸਾਥੀਆਂ ਵਲੋਂ ਉਸਾਰੀ ਰਾਸ਼ਟਰੀ ਸਮਾਜਵਾਦੀ ਲਹਿਰ ਨੂੰ ਉਸ ਦੀ ਸਮੁਚਤਾ ਜਟਿਲਤਾ ਅਤੇ ਗਤੀਸ਼ੀਲਤਾ ਵਿਚ ਰੂਪਮਾਨ ਕਰਦਾ ਹੈ। ਤੀਜਾ ਪਾਸਾ ਜਿਸ ਬਾਰੇ ਇਤਿਹਾਸ ਬਿਲਕੁਲ ਖਾਮੋਸ਼ ਹੈ, ਉਹ ਹੈ ਭਗਤ ਸਿੰਘ ਦੇ ਪਰਿਵਾਰ ਦੇ ਜੀਆਂ ਦੀ ਕਰੁਣਾ ਮਈ ਸੰਵੇਦਨਾ। ਮਾਨਵੀ ਸੁਭਾਅ ਦਾ ਇਹ ਇਕ ਅਜਿਹਾ ਸੱਚ ਹੈ, ਜਿਸ ਦੀ ਸਿਰਜਣਾ ਇਸ ਨਾਵਲ ਦੀ ਇਕ ਵਿਲੱਖਣ ਪ੍ਰਾਪਤੀ ਹੈ।

ਨਾਵਲ 'ਸਤਲੁਜ ਵਹਿੰਦਾ ਰਿਹਾ' ਬਦਦੇਵ ਸਿੰਘ ਦੀ ਇਤਿਹਾਸਕ ਤੇ ਨਾਵਲੀ ਚੇਤਨਾ ਦੇ ਸੁਮੇਲ ਦੀ ਅਜਿਹੀ ਕਲਾਤਮਕ ਸਿਰਜਣਾ ਹੈ। ਜਿਹੜੀ ਇਤਿਹਾਸਕ ਨਾਵਲ-ਜੀਵਨੀ ਮੂਲਕ ਨਾਵਲ ਦਾ ਪ੍ਰਮਾਣਕ ਮਾਡਲ ਸਥਾਪਤ ਕਰਦੀ ਹੋਈ ਪੰਜਾਬੀ ਇਤਿਹਾਸਕ ਨਾਵਲ ਦੇ ਸੰਰਚਨਾਤਮਕ ਰੂਪ ਨੂੰ ਹੋਰ ਵਿਸਤਾਰ ਦਿੰਦੀ ਹੈ। ... ਨਾਵਲ ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੈ ਕਿ ਇਹ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਚਰਿਤੱਰ ਤੇ ਚੇਤਨਾ ਦੇ ਗਤੀਸ਼ੀਲ ਵਿਕਾਸ਼ ਦੇ ਸਜੀਵ ਗਲਪੀ ਬਿੰਬ ਦਾ ਨਿਰੂਪਣ ਹੀ ਨਹੀਂ ਕਰਦਾ ਸਗੋਂ ਉਸਦੇ ਵਿਕਾਸ ਦਾ ਗਲਪੀ ਵਿਵੇਕ ਵੀ ਸਿਰਜਦਾ ਹੈ।

'ਸਤਲੁਜ ਵਹਿੰਦਾ ਰਿਹਾ' ਨਾਵਲ ਦੀ ਮੁੱਖ ਜੁਗਤ ਵਿਰੋਧੀ ਜੁੱਟਾਂ ਵਿਚਲੇ ਤਣਾਓ ਤੇ ਟਕਰਾਓ ਰਾਹੀਂ ਬਿਰਤਾਂਤਕ ਉਸਾਰੀ ਦੀ ਹੈ। ਇਹ ਵਿਰੋਧ ਜੁੱਟੀ ਤਣਾਓ ਤੇ ਟਕਰਾਓ ਇਸ ਨਾਵਲ ਦੀ ਸਮੁੱਚੀ ਬਿਰਤਾਂਤਕਾਰੀ ਦੀ ਹੋਂਦ ਵਿਧੀ ਦਾ ਆਧਾਰ ਹੀ ਨਹੀਂ ਬਣਦੇ, ਸਗੋਂ ਨਾਵਲ ਫੈਲਾਅ ਵਿਚ ਇਹ ਵਿਰੋਧ ਜੁਟੀ ਸਮੀਕਰਨ ਸਾਮਰਾਜ ਦੇਸੀ ਸਰਮਾਏਦਾਰੀ 'ਚ ਖਾਤਮੇ ਅਤੇ ਰਾਜ ਦੇ ਸਮਾਜਵਾਦੀ ਸਰੂਪ ਦੀ ਉਸਾਰੀ ਦਾ ਗਲਪੀ ਵਿਵੇਕ ਸਿਰਜਦੇ ਹਨ।

ਨਾਵਲ ਦਾ ਮੁੱਖ ਪਾਤਰ ਭਗਤ ਸਿੰਘ ਹੈ, ਉਸਦੇ ਸਾਥੀ ਵੀ ਇਸ ਨਾਵਲ ਦੇ ਅਜਿਹੇ ਇਤਿਹਾਸਕ ਪਾਤਰ ਹਨ, ਜਿਹੜੇ ਆਪਣੇ ਆਪ ਵਿਚ ਨਾਇਕਤਵ ਦਾ ਰੁਤਬਾ ਰਖਦੇ ਹਨ। ਇਸ ਤਰ੍ਹਾਂ ਇਸ ਨਾਵਲ ਦੀ ਵਿਲੱਖਣਤਾ ਤੇ ਪ੍ਰਾਪਤੀ ਇਹ ਵੀ ਹੈ ਕਿ ਇਸ ਦੀ ਪਾਤਰ ਵਿਧਾਨ ਬਹੁ-ਨਾਇਕੀ ਸਿਰਜਣਾ ਦਾ ਹੈ।

ਸੋ ਇਸ ਸਮੁੱਚੇ ਵਰਤਾਰੇ ਦੇ ਅਜਿਹੇ ਸਜੀਵ ਸੁਹਜਾਤਮਕ ਤੇ ਗਤੀਸ਼ੀਲ ਗਲਪੀ ਬਿੰਬਾਂ ਦੀ ਕਲਾਤਮਕ ਉਸਾਰੀ ਹੀ ਇਸ ਨਾਵਲ ਦੀ ਵਿਲੱਖਣ ਤੇ ਵਰਣਨਯੋਗ ਪ੍ਰਾਪਤੀ ਹੈ।

ਡਾ. ਗੁਰਮੁਖ ਸਿੰਘ- ਕਿਸੇ ਇਤਿਹਾਸਕ ਵਰਤਾਰੇ / ਵਿਅਕਤੀ ਨੂੰ ਗਲਪੀ ਬਿੰਬ ਵਿਚ ਢਾਲਣ ਦੀ ਕ੍ਰਿਰਿਆ ਜਟਿਲ ਵੀ ਹੈ ਅਤੇ ਜੋਖ਼ਿਮ ਭਰਪੂਰ ਵੀ। ਲੇਖਕ ਕੋਲ ਸਮੱਗਰੀ ਦੇ ਤਿੰਨ ਸਰੋਤ ਹੁੰਦੇ ਹਨ, ਇਤਿਹਾਸਕ, ਲੋਕਧਾਰਾ ਅਤੇ ਉਸਦੇ ਰਚਨਾਤਮਕ ਖੋਜੀ ਆਪਾ ਨਾਵਲ 'ਸਤਲੁਜ ਵਹਿੰਦਾ ਰਿਹਾ' ਭਗਤ ਸਿੰਘ ਨੂੰ ਸਧਾਰਨ ਭਾਵੁਕ / ਪ੍ਰਤੀਬੱਧ ਨੌਜਵਾਨ ਦੇ ਰੂਪ ਵਿਚ ਚਿਤਰਦਾ ਦੇਸ਼ ਪ੍ਰਤੀ ਉਸਦੇ ਬੌਧਿਕ ਚਿੰਤਨ ਅਤੇ ਇਕਨਲਾਬੀ ਬਦਲਾਅ ਦੀ ਚਾਹਤ ਦੇ ਵਿਭਿੰਨ ਪਾਸਾਰਾਂ ਨੂੰ ਕਲਾਤਮਕ ਗਲਪੀ ਬਿੰਬ ਵਿਚ ਢਾਲਦਾ ਹੈ। ਇਹ ਨਾਵਲੀ ਪ੍ਰਵਚਨ ਭਗਤ ਸਿੰਘ ਹੋਰਾ ਦੇ ਸਾਰ ਨੂੰ ਸਮਝਣ ਦਾ ਯਤਨ ਹੈ। ਇਹ ਭਗਤ ਸਿੰਘ ਨੂੰ 'ਸੁਪਰਮੈਨ' ਵਾਲੀ ਉਸ ਬਿੰਬ ਕਾਰੀ ਤੋਂ ਨਿਖੇੜ ਦਿੰਦਾ ਹੈ ਜਿਹੜੀ ਅਸਲ ਵਿਚ ਇਸ ਨਾਵਲ ਦੀ ਇਕ ਅਹਿਮ ਪ੍ਰਾਪਤੀ ਇਹ ਹੈ ਕਿ ਇਹ ਭਗਤ ਸਿੰਘ ਨੂੰ ਉਸ ਦੀ ਸਾਕਾਦਾਰੀ ਦੇ ਹਵਾਲੇ ਨਾਲ ਚਿਤਰਦਾ ਹੈ। ਭਗਤ ਸਿੰਘ ਨੂੰ ਜਾਨਣ ਲਈ ਉਸਦੀ ਪਰਿਵਾਰਕ ਅਤੇ ਭਾਵੁਕ ਜ਼ਿੰਦਗੀ ਦੀ ਥਾਹ ਪਾਉਣੀ ਜ਼ਰੂਰੀ ਹੈ। ਇਹ ਨਾਵਲ ਇਸ ਥਾਹ ਨੂੰ ਪੂਰੀ ਸਮਰੱਥਾ ਨਾਲ ਪ੍ਰਾਪਤ ਕਰਦਾ ਹੈ। ਨਾਵਲ 'ਚੋਂ ਗੁਜ਼ਰਦਿਆਂ ਭਗਤ ਸਿੰਘ ਦੇ ਪੁੱਤ, ਪੋਤਾ, ਭਰਾ ਤੇ ਦੋਸਤ ਵਾਲੇ ਰੂਪ ਨਜ਼ਰ ਆਉਂਦੇ ਹਨ। ਭਗਤ ਸਿੰਘ ਸਾਨੂੰ ਆਪਣਾ ਆਪਣਾ ਲਗਦਾ ਹੈ।

ਨਾਵਲ ਵਿਚ ਵਿਚਾਰਨ ਵਾਲਾ ਇਕ ਹੋਰ ਪਹਿਲੂ ਭਗਤ ਸਿੰਘ ਤੇ ਗਾਂਧੀ ਦੇ ਵਿਚਾਰਧਾਰਕ ਟਕਰਾਵਾਂ ਦਾ ਹੈ। ਪੰਜਾਬ ਨੇ ਹਮੇਸ਼ਾ ਗਾਂਧੀ ਨੂੰ ਭਗਤ ਸਿੰਘ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਹੈ। ਗਾਂਧੀ ਨੂੰ ਪੰਜਾਬ ਨੇ ਕਦੇ ਵੀ ਆਪਣਾ ਨਹੀਂ ਸਮਝਿਆ।

ਨਾਵਲ ਵਿਚ ਗਾਂਧੀ ਦੀ ਪੇਸ਼ਕਾਰੀ ਅੰਤਿਮ-ਪੱਖੀ, ਇਕ ਪਾਸੜ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਉਕਾਈਆਂ ਭਰਪੂਰ ਹੈ। ਨਾਵਲਕਾਰ ਆਪਣੀ ਖੋਜ ਨੂੰ ਲਾਂਭੇ ਰੱਖਦੇ, ਗਾਂਧੀ ਦੀ ਪੇਸ਼ਕਾਰੀ, ਪਾਪੂਲਰ ਲੋਕ ਦ੍ਰਿਸ਼ਟੀ ਤੋਂ ਕਰਨ ਲਗਦਾ ਹੈ।

ਤਕਨੀਕੀ ਪੱਖ ਤੋਂ ਨਾਵਲ ਵਿਚ ਕਈ ਖ਼ਾਮੀਆਂ ਹਨ। ਗੁਰੂਬਾਣੀ ਦੀ ਟੂਕ ਵਿਚ ਗਲਤੀਆਂ ਹਨ। ਪਰ ਉਕਾਈਆਂ ਦੇ ਬਾਵਜੂਦ ਭਗਤ ਸਿੰਘ ਦੇ ਜੀਵਨ ਨੂੰ ਪੇਸ਼ ਕਰਦੀ ਇਹ ਇਕ ਸਾਰਥਕ ਰਚਨਾ ਹੈ।

ਡਾ. ਅਨੂਪ ਸਿੰਘ- ਪਹਿਲੀ ਗੱਲ, ਬਲਦੇਵ ਸਿੰਘ ਮੁਬਾਰਕ ਦਾ ਹੱਕਦਾਰ ਹੈ। ਉਸਨੇ ਭਗਤ ਸਿੰਘ ਸ਼ਹੀਦ ਉਪਰ ਇਕ ਵੱਡ-ਅਕਾਰੀ ਨਾਵਲ ਲਿਖਣ ਦੀ ਪਹਿਲ ਕੀਤੀ ਹੈ। ਦੂਜੀ ਗੱਲ ਜਿਹੜੀ ਮੈਂ ਕਹਿਣ ਲੱਗਾ, ਸਾਡੇ ਕੋਲ ਦੋ ਨਾਵਲ ਨੇ, ਇਕ 'ਸੂਰਮੇ ਦੀ ਸਿਰਜਣਾ' ਦੂਜਾ 'ਬੁੱਢਾ ਤੇ ਸਮੁੰਦਰ' ਉਹਨਾਂ ਨਾਵਲਾਂ ਵਿਚ ਨਾਇਕ ਦਾ ਮਹਾਂਮਾਨਵੀ ਬਿੰਬ ਉਸਰਦਾ ਹੈ, ਮੈਂ ਬੇਨਤੀ ਕਰਾਂਗਾ, ਪਾਠਕ ਉਹ ਨਾਵਲ ਪੜ੍ਹਨ। ਅੱਜ ਕੱਲ ਪੜ੍ਹਨ ਪੜ੍ਹਾਉਣ ਦੀ ਰਵਾਇਤ ਘਟ ਗਈ ਹੈ। ਭਗਤ ਸਿੰਘ ਵੀ ਸਾਡਾ ਬਹੁਤ ਵੱਡਾ ਮਹਾਂ ਮਾਨਵ ਹੈ। ਇਕ ਗੱਲ ਮੈਂ ਹੋਰ ਕਹਿਣੀ ਹੈ, ਜਿਹੜੀਆਂ ਵੀਹਵੀਂ ਸਦੀ ਦੇ ਪਹਿਲੇ ਮੱਧ ਦੀਆਂ ਘਟਨਾਵਾਂ ਹਨ, ਨੋ ਡਾਊਟ ਇਸ ਨਾਵਲ ਵਿਚ ਇਤਿਹਾਸ ਤੇ ਸਾਹਿਤ ਦਾ ਸੁਮੇਲ ਹੈ। ਉਹਦੇ ਵਿਚ ਨਿੱਕੀਆਂ ਮੋਟੀਆਂ ਉਕਾਈਆਂ ਦੀ ਗੱਲ ਛੱਡੋ, ਜਿਵੇਂ ਡਾ. ਗੁਰਮੁਖ ਨੇ ਗੁਰੂਬਾਣੀ ਦੀ ਟੂਕ ਦਾ ਜ਼ਿਕਰ ਕੀਤਾ ਹੈ। ਪਰ ਏਹਦੇ ਬਾਰੇ ਕੇਅਰ ਫੁੱਲ ਰਹਿਣਾ ਚਾਹੀਦਾ , ਨਹੀਂ ਤਾਂ ਅਕਾਲ ਤਖ਼ਤ ਦੇ ਜੱਥੇਦਾਰਾਂ ਦੀ ਕਰੋਪੀ ਵੀ ਝੱਲਣੀ ਪੈ ਸਕਦੀ ਹੈ। ਨਾਵਲ ਵਿਚ ਜਿੰਨੇ ਬਰੀਕ ਵੇਰਵੇ ਦਿੱਤੇ ਨੇ, ਉਹਦੇ ਵਿਚ ਵੇਲੇ ਦਾ ਸਮਾਜਕ ਰਾਜਨੀਤਕ ਤੇ ਇਤਿਹਾਸਕ ਦ੍ਰਿਸ਼ ਘੱਟ ਰੂਪ ਵਿਚ ਉਭਰਿਆ ਹੈ। ਨਾਵਲ ਦਾ ਆਕਾਰ ਏਥੇ ਸੀਮਾ ਨਹੀਂ ਸੀ ਬਣਨਾ ਚਾਹੀਦਾ। ਇਹਦੇ 'ਚ ਇਕ ਗੱਲ ਮੈਂ ਹੋਰ ਕਰਨੀ ਹੈ, ਜਿਹੜੀ ਗੁਰਮੁਖ ਸਿੰਘ ਨੇ ਉਠਾਈ ਹੈ। ਮਹਾਤਮਾਂ ਗਾਂਧੀ ਦਾ ਇਕ ਰੌਲਾ ਹੈ। ਜ਼ਰਾ ਸੋਚੋ, ਸੌਦਾ ਖ਼ਰਾ ਐ ਭਗਤ ਸਿੰਘ ਦੀ ਦੁਕਾਨ ਦਾ, ਗਾਹਕ ਗਾਂਧੀ ਕੋਲ ਬਹੁਤਾ ਜਾਂਦਾ। ਇਹ ਕੀ ਕਾਰਨ ਹੈ। ਆਫ਼ਟਰ ਆਲ ਰੀਜ਼ਨ ਤਾਂ ਹੋਣਗੇ ਨਾ। ਕਰਾਚੀ ਸ਼ੈਸ਼ਨ ਜਿਹੜਾ ਹੋਇਆ, ਭਗਤ ਸਿੰਘ ਦੀ ਸ਼ਹਾਦਤ ਤੋਂ ਕੁਝ ਦਿਨਾਂ ਬਾਅਦ। ਦੋ ਲੱਖ ਲੋਕਾਂ ਨੇ ਮਾਰਚ ਕੀਤਾ ਗਾਂਧੀ ਨਹਿਰੂ ਦੇ ਖ਼ਿਲਾਫ਼, ਪਟੇਲ ਦੇ ਖ਼ਿਲਾਫ਼ ਨਾਅਰੇ ਲਾਏ। ਇਹ ਬਹੁਤ ਵੱਡੀ ਗੱਲ ਹੈ। ਉਸ ਤਰ੍ਹਾਂ ਦੇ ਵੇਲੇ ਵੀ ਦੋ ਲੱਖ ਲੋਕਾਂ ਦਾ ਮਾਰਚ ਕਰ ਜਾਣਾ। ਮੈਂ ਡਾ. ਗੁਰਮੁਖ ਸਿੰਘ ਨੂੰ ਸਾਫ਼ ਦੱਸਣਾ ਹੈ, ਘੱਟੋ ਘੱਟ ਅੱਜ

ਕਿਸੇ ਵੀ ਤਰ੍ਹਾਂ ਦਾ ਭੁਲੇਖਾ ਨਹੀਂ ਰਹਿਣਾ ਚਾਹੀਦਾ, ਗਾਂਧੀ ਸਾਮਰਾਜ ਦਾ ਪੱਕਾ ਦਲਾਲ ਸੀ। ਉਹ ਸਾਮਰਾਜ ਦੀ ਦਲਾਲੀ ਕਰਦਾ ਸੀ। ਕੁਝ ਗੱਲਾਂ ਐਸੀਆਂ ਨੇ ਤੁਸੀਂ ਰੱਦ ਨਹੀਂ ਕਰ ਸਕਦੇ। ਅਸੰਬਲੀ 'ਚ ਬੰਬ ਸੁੱਟਿਆ ਗਿਆ, ਕਿਸੇ ਇਕ ਵੀ ਬੰਦੇ ਨੂੰ ਝਰੀਟ ਨਹੀਂ ਆਈ। ਗਾਂਧੀ ਦਾ ਬਿਆਨ ਸੀ, ਮੈਨੂੰ ਪੂਰਨ ਵਿਸ਼ਵਾਸ਼ ਹੈ, ਕਾਤਲਾਂ ਨੂੰ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਪਵੇਗੀ, ਸਮਥਿੰਗ ਲਾਈਕ ਦਿਸ। ਬਲਦੇਵ ਸਿੰਘ ਉਪਰ ਇਹ ਇਲਜ਼ਾਮ ਨਹੀਂ ਲਗਣਾ ਚਾਹੀਦਾ ਕਿ ਉਸਨੇ ਗਾਂਧੀ ਨਾਲ ਆਪਣੇ ਨਾਵਲ 'ਚ ਬੇਇਨਸਾਫ਼ੀ ਕੀਤੀ ਹੈ। ਡਾਕੂਮੈਂਟਰੀ ਪਰੂਫ਼ ਹਨ, ਭਗਤ ਸਿੰਘ ਤੇ ਉਸਦੇ ਸਾਥੀ ਗਾਂਧੀ ਬਾਰੇ ਕੀ ਆਖ ਰਹੇ ਸਨ। ਮੈਂ ਇਕ ਲਾਸਟ ਗੱਲ ਕਹਿਣਾ ਚਾਹੁੰਦਾ ਬਹਿਸ ਤਾਂ ਹੁੰਦੀ ਰਹਿਣੀ ਹੈ ਤੇ ਇਹ ਕੋਈ ਅੰਤਮ ਗੱਲ ਨਹੀਂ ਕਿ ਇਸ ਤੋਂ ਬਾਅਦ ਗੱਲ ਨਹੀਂ ਹੋਣੀ, ਮੈਨੂੰ ਦੱਸੋ, ਰਾਜਨੀਤਕ ਵਿਰੋਧੀ ਕਦੇ ਕਿਸੇ ਨੂੰ ਬਖਸ਼ਦਾ ਹੈ? ਗਾਂਧੀ, ਕਾਂਗਰਸ ਬੀ. ਜੇ. ਪੀ. ਦੀ ਗੱਲ ਛੱਡੋ, ਕਮਿਊਨਸਟਾਂ ਨੇ ਕਦੇ ਕਿਸੇ ਦਾ ਲਿਹਾਜ ਕੀਤੈ? ਕਾ. ਜਗਰੂਪ ਜੀ ਬੈਠੇ ਨੇ, ਸਾਨੂੰ ਪੜ੍ਹਾਇਆ ਇਹ ਜਾਂਦੈ ਇਕ ਕਾਮਰੇਡ ਨੇ, ਦੂਜੇ ਕਾਮਰੇਡ ਦੀ ਡਵੈਲਪਮੈਂਟ ਕਰਨੀ ਹੁੰਦੀ ਹੈ। ਪੋਲਿਟ ਬਿਊਰੋ ਦਾ ਮੈਂਬਰ ਬਣਨ ਤੱਕ। ਲੈਨਿਨ ਤੋਂ ਬਾਅਦ ਸਟਾਲਿਟ ਨੇ ਕੀ ਕੀਤਾ? ਆਪਣਾ ਵਿਰੋਧੀ ਕੋਈ ਛੱਡਿਆ ਉਹਨੇ? ਜੇ ਆਪਣੇ ਨਹੀਂ ਛੱਡਦੇ ਤਾਂ ਵਿਰੋਧੀ ਕਿਵੇਂ ਛੱਡਣਗੇ? ਜਹਾਂਗੀਰ ਨੇ ਆਪਣੇ ਮੁੰਡੇ ਖੁਸ਼ਰੋ ਦੀ ਲਾਸ਼ ਤਿੰਨ ਦਿਨ ਦਿੱਲੀ ਦੇ ਦਰਵਾਜ਼ੇ ਵਿਚ ਟੰਗ ਰੱਖੀ। ਕੌਣ ਲਿਹਾਜ ਕਰਦਾ। ਰਾਜਨੀਤੀ ਵਿਚ ਵਿਰੋਧੀ ਦਾ ਕੋਈ ਲਿਹਾਜ ਨਹੀਂ ਕਰਦਾ। ਫਿਰ ਗਾਂਧੀ ਕਿਉਂ ਕਰਦਾ ਬਈ? ਆਸ ਕਰਨੀ ਹੀ ਰੌਂਗ ਹੈ... ਮੇਹਰਬਾਨੀ।

ਗੁਰਮੀਤ ਕੜਿਆਲਵੀ- ਹੁਣ ਬਹਿਸ ਸ਼ੁਰੂ ਹੋ ਗਈ ਹੈ। ਇਕ ਟਿੱਪਣੀ ਮੈਂ ਆਪ ਵੀ ਛੱਡਦਿਆਂ। ਗਾਂਧੀ ਦੇ ਵਿਰੋਧੀ 'ਕੱਲੇ ਇਨਕਲਾਬੀ ਨਹੀਂ ਸਨ। ਨਹਿਰੂ ਅਤੇ ਮੋਤੀਲਾਲ ਵੀ ਸਨ। ਨਾਵਲ ਦੇ ਪੰਨਾ 47 ਤੇ ਨਹਿਰੂ ਮੋਤੀ ਲਾਲ ਦਾ ਜਿਹੜਾ ਸੰਵਾਦ ਚਲਦਾ, ਉਹਦੇ 'ਚ ਕਹਿੰਦਾ, ਸਾਡਾ ਮਹਾਤਮਾ ਪਾਗਲ ਹੋ ਗਿਆ' ਕੋਕਰੀ ਕਾਂਡ ਵੇਲੇ ਅੰਦੋਲਨ ਵਾਪਸ ਲੈਣ ਨਾਲ ਜੋ ਪ੍ਰਤੀਕਰਮ ਹੋਇਆ ਇਤਿਹਾਸਕ ਡਾਕੂਮੈਂਟਸ ਪਏ ਨੇ। ਮੈਂ ਸਮਝਦਾ ਬਲਦੇਵ ਸਿੰਘ ਦਾ ਮਨੋਰਥ ਗਾਂਧੀ ਨੂੰ ਪੇਸ਼ ਕਰਨਾ ਨਹੀਂ ਸੀ ਉਹ ਭਗਤ ਸਿੰਘ ਬਾਰੇ ਨਾਵਲ ਲਿਖ ਰਿਹਾ ਸੀ। ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਡਾ. ਔਲਖ ਜੀਰਾ- ਨਾਵਲ ਉਪਰ ਦੋ ਪੇਪਰ ਪੜ੍ਹੇ ਗਏ ਨੇ। ਦੋਵੇਂ ਹੀ ਵੱਖਰੇ ਵੱਖਰੇ ਐਂਗਲ ਤੋਂ ਹਨ। ਪੂਰੀ ਮਿਹਨਤ ਅਤੇ ਸ਼ਿੱਦਤ ਨਾਲ ਲਿਖੇ ਗਏ ਹਨ। ਮੈਂ ਬਲਦੇਵ ਸਿੰਘ ਦੀ ਸ਼ੈਲੀ ਬਾਰੇ ਗੱਲ ਕਰਨੀ ਹੈ। ਖਾਸ ਕਰਕੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਬਾਰੇ। ਮੈਂ ਉਸ ਨਾਵਲ ਦਾ ਅੱਖਰ ਅੱਖਰ ਪੜ੍ਹਿਆ ਹੈ। ਜਿਹੜੇ ਪਾਠਕ ਇਤਿਹਾਸ ਬਾਰੇ ਕੁਝ ਨਹੀਂ ਜਾਣਦੇ। ਉਹ ਇਹ ਨਾਵਲ ਪੜ੍ਹਕੇ ਬਹੁਤ ਕੁਝ ਜਾਣ ਜਾਣਗੇ। ਡਾ. ਦਵੇਸ਼ਵਰ ਦੇ ਪੇਪਰ ਤੋਂ ਲੱਗਿਆ ਕਿ ਭਗਤ ਸਿੰਘ ਦੀ ਜੀਵਨੀ ਦਾ ਵਰਣਨ ਇਤਿਹਾਸਕ ਪਰੀਪੇਖ ਵਿਚ ਹੋਇਆ ਹੈ। ਡਾ. ਗੁਰਮੁਖ ਸਿੰਘ ਅਨੁਸਾਰ ਨਾਵਲ ਵਿਚ ਇਤਿਹਾਸਕ ਪੱਖ ਤੋਂ ਕੁਝ ਅਣਗਹਿਲੀਆਂ ਹੋਈਆਂ ਨੇ। ਇਹ ਗੱਲਾਂ ਗੰਭੀਰ ਬਹਿਸ ਦੀ ਮੰਗ ਕਰਦੀਆਂ ਨੇ। ਨਾਵਲਕਾਰ ਦਾ ਫ਼ਰਜ਼ ਹੈ, ਉਹ ਗਲਤੀਆਂ ਨੂੰ ਸੁਧਾਰੇ। ਇਉਂ ਨਾਵਲ ਦੀ ਗਤੀ ਵਿਚ ਫ਼ਰਕ ਪੈਂਦਾ ਹੈ। ਡਾ. ਗੁਰਮੁਖ ਸਿੰਘ ਨੇ ਨਿਰਪੱਖ ਹੋਣ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਬਲਦੇਵ ਸਿੰਘ ਦਾ ਲਿਹਾਜ ਨਹੀਂ ਕੀਤਾ। ਬਲਦੇਵ ਸਿੰਘ ਚਰਚਿਤ ਲੇਖਕ ਹੈ। ਉਸਨੂੰ ਰਾਅਇਲੀ ਮਿਲਦੀ ਹੈ। ਵੱਡੇ ਐਵਾਰਡ ਦੇਣ ਵਾਲੇ ਪਤਾ ਨੀ ਕਿਥੇ ਬੈਠੇ ਨੇ? ਮੈਂ ਬਲਦੇਵ ਸਿੰਘ ਨੂੰ ਵਧਾਈ ਦਿੰਦਾ ਹਾਂ। ਉਹ ਪੂਰੀ ਸੁਹਿਰਦਤਾ ਨਾਲ ਆਪਣੇ ਲਿਖਣ ਕਾਰਜ ਵਿਚ ਲੱਗਾ ਹੋਇਆ ਹੈ।

ਜਸਵੀਰ ਸਿੰਘ ਕਲਸੀ- ਨਾਵਲ 'ਸਤਲੁਜ ਵਹਿੰਦਾ ਰਿਹਾ' ਨਾਂ ਦੇ ਪੱਖੋ ਬੜਾ ਢੁਕਵਾਂ ਨਾਂ ਹੈ। ਨਾਵਲ ਦੇ ਪਿੱਛੇ ਲਿਖੀ ਡਾ. ਟੀ. ਆਰ. ਵਿਨੋਦ ਵਲੋਂ ਟਿੱਪਣੀ ਬੜੇ ਗੁੰਦਵੇਂ ਸ਼ਬਦਾਂ ਵਿਚ ਹੈ ਤੇ ਪਾਠਕ ਇਹ ਟਿੱਪਣੀ ਪੜ੍ਹਕੇ ਨਾਵਲ ਪੜ੍ਹੇ ਬਿਨਾ ਰਹਿ ਨਹੀਂ ਸਕਦਾ। ਮੈਂ ਇਹ ਨਾਵਲ ਪਰਿਵਾਰ ਦੇ ਮੈਂਬਰਾਂ ਵਿਚ ਬੈਠ ਕੇ ਸਹਿਜ ਪਾਠ ਵਾਂਗ ਪੜ੍ਹਿਆ ਹੈ। ਨਾਵਲ ਪੜ੍ਹਦਿਆਂ ਹਾਸਾ ਵੀ ਆਉਂਦਾ ਸੀ, ਅੱਖਾਂ ਵੀ ਭਰਦੀਆਂ ਸਨ। ਨਾਵਲ ਦਾ ਬਿਰਤਾਂਤ ਪਾਠਕ ਨੂੰ ਬਹੁਤ ਭਾਵੁਕ ਕਰਦਾ ਹੈ। 'ਪੰਜਵਾਂ ਸਾਹਿਬਜਾਦਾ' ਉਪਰ ਗੋਸ਼ਟੀ ਸਮੇਂ ਇਕ ਘਾਟ ਬਾਰੇ ਜ਼ਿਕਰ ਹੋਇਆ ਸੀ, ਜਿਹੜਾ ਨਾਵਲਕਾਰ ਨੇ ਨਾਵਲ ਵਿਚ ਪੂਰਾ ਕਰ ਦਿੱਤਾ ਹੈ,

‘ਉੱਤਰ ਕਥਾ’ ਦੇ ਰੂਪ ਵਿਚ। ਡਾ. ਦਵੇਸ਼ਵਰ ਨੇ ਆਪਣੇ ਪੇਪਰ ਵਿਚ ਨਾਵਲ ਦੀ ਕਲਾਤਮਕਤਾ ਦਾ ਜ਼ਿਕਰ ਕੀਤਾ ਹੈ। ਡਾ. ਗੁਰਮੁਖ ਸਿੰਘ ਨੇ ਆਪਣੇ ਪਰਚੇ ਵਿਚ ਗਾਂਧੀ ਬਾਰੇ ਟਿਪਣੀਆਂ ਉਪਰ ਇਤਰਾਜ਼ ਕੀਤਾ ਹੈ। ਹੋ ਸਕਦਾ ਹੈ ਇਹ ਗੱਲਾਂ ਵਿਦਵਾਨਾਂ ਨੂੰ ਰੜਕਦੀਆਂ ਹੋਣ। ਪਰ ਜਦੋਂ ਆਮ ਪਾਠਕ ਇਹ ਨਾਵਲ ਪੜ੍ਹਦਾ ਹੈ ਤਾਂ ਕੋਈ ਵੀ ਨੁਕਤਾ ਰੜਕਦਾ ਨਹੀਂ। ਪਾਠਕ ਕਥਾ ਦੇ ਵਹਿਣ ਵਿਚ ਹੀ ਵਹਿ ਜਾਂਦਾ ਹੈ। ਡਾ. ਗੁਰਮੁਖ ਸਿੰਘ ਨੂੰ ‘ਉੱਤਰ ਕਥਾ’ ਬਾਰੇ ਗੱਲ ਕਰਨੀ ਚਾਹੀਦੀ ਸੀ। ਭਗਤ ਸਿੰਘ ਉਪਰ ਇਹ ਰਚਨਾ ਬੇਹੱਦ ਅਰਥ ਭਰਪੂਰ ਹੈ।

ਕੇ. ਐਲ. ਗਰਗ- ‘ਸਤਲੁਜ ਵਹਿੰਦਾ ਰਿਹਾ’ ਉਪਰ ਦੋ ਪਰਚੇ ਪੜ੍ਹੇ ਗਏ ਨੇ। ਇਹਨਾਂ ਦੋਹਾਂ ਪਰਚਿਆਂ ਤੋਂ ਮੈਂ ਲਗਦਾ ਦੋਵੇਂ ਪਰਚੇ ਇਕ ਦੂਜੇ ਦੇ ਐਂਟੀ ਥੀਸਿਸ ਨੇ। ਡਾ. ਦਵੇਸਵਰ ਹਾਂ ਪੱਖੀ ਗੱਲ ਕਰ ਰਿਹਾ ਹੈ। ਡਾ. ਗੁਰਮੁਖ ਸਿੰਘ ਬਿਲਕੁਲ ਨੈਗੇਟਿਵ ਢੰਗ ਨਾਲ ਗੱਲ ਕਰ ਰਿਹਾ ਹੈ। ਹੁਣ ਸਾਨੂੰ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ। ਅਸੀਂ ਦੋਹਾਂ ਵਿਚ ਕਿਹੜੇ ਵਿਦਵਾਨ ਦੀ ਗੱਲ ਮੰਨੀਏ। ਇਕ ਗੱਲ ਸਹੀ ਹੈ, ਅਸੀਂ ਕਿਤਾਬ ਪੜ੍ਹੀਏ ਤੇ ਆਪਣੇ ਨਿਰਣੇ ਆਪ ਤਿਆਰ ਕਰੀਏ। ਡਾ. ਦਵੇਸ਼ਵਰ ਨੇ ਸਵਾਲ ਉਠਾਇਆ ਸੀ ਕਿ 60 ਸਾਲ ਦੀ ਆਜ਼ਾਦੀ ਤੋਂ ਬਾਅਦ ਭਗਤ ਸਿੰਘ ਬਾਰੇ ਐਨੀ ਸਮੱਗਰੀ ਕਿਵੇਂ ਛਪਣ ਲੱਗੀ। ਹਰ ਕੋਈ ਸ਼ਤਾਬਦੀਆਂ ਮਨਾਉਂਦਾ ਹੈ, ਸ਼ਹੀਦਾਂ ਦੀਆਂ। ਹਰ ਕੋਈ ਸ਼ਰਧਾਵਾਨ ਲੋਕ, ਰਾਜਨੀਤਕ ਲੋਕ, ਪੂੰਜੀਵਾਦੀ ਲੋਕ ਆਪਣੇ ਆਪਣੇ ਢੰਗ ਨਾਲ ਸਤਾਬਦੀਆਂ ਮਨਾਉਂਦੇ ਨੇ। ਹੁਣ ਮੈਂ ਨਾਵਲ ਦੀ ਗੱਲ ਕਰਾਂ, ਦੋ ਗੱਲਾਂ ਨੇ। ਜਦੋਂ ਤੁਸੀਂ ਇਤਿਹਾਸਕ ਜਾਂ ਬਾਇਗ੍ਰਾਫੀਕਲ ਨਾਵਲ ਲਿਖਣ ਲਗਦੇ ਹੋ, ਨਾਵਲਕਾਰ ਦੀ ਬਹੁਤ ਵੱਡੀ ਔਖਿਆਈ ਹੁੰਦੀ ਹੈ। ਇਕ ਤਾਂ ਇਤਿਹਾਸ ਨੂੰ ਉਵੇਂ ਸਮੇਟਣਾ, ਦੂਸਰਾ ਉਹਦੇ ਬਾਇਗ੍ਰਾਫੀਕਲ ਤੱਤਾਂ ਨੂੰ ਸਾਂਭਣਾ ਹੈ ਤੀਸਰੀ ਗੱਲ ਲੇਖਕ ਨੇ ਉਸ ਨੂੰ ਫਿਕਸ਼ਨ ਵਿਚ ਢਾਲਣਾ ਹੁੰਦਾ ਹੈ। ਏਸ ਵਾਸਤੇ ਬਹੁਤ ਵੱਡੀ ਵਿਦਵਤਾ ਦੀ ਲੋੜ ਹੈ। ਤੁਹਾਨੂੰ ਕੁਝ ਨਵੀਆਂ ਗੱਲਾਂ ਕਰਨੀਆਂ ਪੈਣਗੀਆਂ। ਭਗਤ ਸਿੰਘ ਦੀ ਜੀਵਨੀ ਬਾਰੇ ਬੜਾ ਕੁਝ ਬਹਿਸ ਦੇ ਰੂਪ ਵਿਚ ਆਇਆ, ਫਿਕਸ਼ਨ ਦੇ ਰੂਪ ਵਿਚ ਆਇਆ ਤੇ ਅਖਬਾਰੀ ਟੁਕੜੀਆਂ ਦੇ ਰੂਪ ਵਿਚ ਵੀ ਆਇਆ। ਬਲਦੇਵ ਸਿੰਘ ਦੀ ਮੈਂ ਸਮਝਦਾ ਵਿਸ਼ੇਸ਼ਤਾ ਇਹ ਹੈ, ਕਿ ਇਹ ਹਰ ਪਾਤਰ ਦੇ ਜਾਂ ਕਰੈਕਟਰ ਦੇ ਕਰੁਣਾ ਪੱਖ ਨੂੰ ਅੱਗੇ ਰਖਦਾ ਹੈ। ਭਗਤ ਸਿੰਘ ਦੇ ਪਰਿਵਾਰ ਦੀ ਸਾਰੀ ਗੱਲ ਜਿਹੜੀ ਡਾ. ਦਵੇਸ਼ਵਰ ਹੋਰਾਂ ਵੀ ਕੀਤੀ ਹੈ ਕਿ ਉਸਦੇ ਪਰਿਵਾਰ ਦੇ ਵੱਖ ਵੱਖ ਜੀਆਂ ਉਹਦੀਆਂ ਮਾਤਾ ਜੀ, ਪਿਤਾ ਜੀ, ਚਾਚੇ, ਚਾਚੀਆਂ, ਭਰਾ, ਭੈਣਾਂ ਉਹਨਾਂ ਸਾਰਿਆਂ ਦੇ ਕਰੁਣਾ ਪੱਖ ਕਮਾਲ ਦੇ ਢੰਗ ਨਾਲ ਇਸ ਨਾਵਲ ਵਿਚ ਪੇਸ਼ ਹੋਏ ਹਨ। ਨਾਵਲ ਵਿਚ ਇਤਿਹਾਸ ਨਾਲ ਜੇ ਕੋਈ ਗੜਬੜ ਹੋਈ ਹੈ, ਜਿਵੇਂ ਡਾ. ਗੁਰਮੁਖ ਸਿੰਘ ਨੇ ਕਿਹਾ ਹੈ, ਗੁਰਬਾਣੀ ਦੀ ਟੂਕ ਵੀ ਗਲਤ ਲਿਖੀ ਗਈ ਹੈ, ਜਾਂ ਹੋਰ ਹੋ ਗਿਆ ਹੋਵੇ, ਇਸ ਤਰ੍ਹਾਂ ਹੋ ਸਕਦਾ ਹੈ। ਗਾਂਧੀ ਵਾਲਾ ਪੱਖ ਵੀ ਮੈਂ ਸਮਝਦਾ ਬਲਦੇਵ ਸਿੰਘ ਨੇ ਓਪਰਾ ਓਪਰਾ ਹੀ ਵਰਨਣ ਕੀਤਾ ਹੈ, ਬਹੁਤੀ ਡੂੰਘਾਈ ਵਿਚ ਨਹੀਂ ਗਿਆ। ਮੈਂ ਸਮਝਦਾ, ਇਸ ਨਾਵਲ ਵਿਚ ਕਰੁਣਾ ਵਾਲਾ ਪੱਖ ਭਗਤ ਸਿੰਘ ਬਾਰੇ ਤੇ ਉਸਦੇ ਪਰਿਵਾਰ ਬਾਰੇ ਬੇ-ਮਿਸਾਲ ਹੈ।

ਡਾ. ਸੁਖਦੇਵ ਸਿੰਘ ਸਿਰਸਾ- ਪਹਿਲੀ ਵਧਾਈ ਲੋਕ ਸਾਹਿਤ ਅਕਾਦਮੀ ਮੋਗਾ ਨੂੰ ਜਿਨ੍ਹਾਂ ਨੇ ‘ਸਤਲੁਜ ਵਹਿੰਦਾ ਰਿਹਾ’ ਉਪਰ ਏਨਾ ਸੰਜ਼ੀਦਾ ਸੰਵਾਦ ਸਿਰਜਿਆ। ਦੂਜੀ ਵਧਾਈ ਬਲਦੇਵ ਸਿੰਘ ਨੂੰ ਜਿਸ ਨੇ ਬੜੇ ਢੁਕਵੇਂ ਸਮੇਂ ਤੇ ਆਪਣੇ ਨਾਵਲ ਰਾਹੀਂ ਭਗਤ ਸਿੰਘ ਦੇ ਬਿੰਬ ਨੂੰ ਫੜ੍ਹਨ ਦਾ ਯਤਨ ਕੀਤਾ। ਵੱਖ ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਰੱਖੇ। ਮਸਲਾ ਏਥੇ ਭਗਤ ਸਿੰਘ ਦੀ ਹੋਂਦ ਦਾ ਵੀ ਹੈ। ਭਗਤ ਸਿੰਘ ਦੀ ਸਿਮ੍ਰਤੀ ਦਾ ਵੀ ਹੈ। ਕਿਉਂਕਿ ਜਿਹੜੀ ਵਿਚਾਰਧਾਰਾ ਲੈ ਕੇ ਭਗਤ ਸਿੰਘ ਤੇ ਉਹਦੇ ਸਾਥੀ ਤੁਰੇ ਸਨ। ਉਹ ਅੱਜ ਦੇ ਸਮੇਂ ਵਿਚ ਵੀ ਉਨੀਂ ਹੀ ਜ਼ਰੂਰੀ ਹੈ। ਬਲਦੇਵ ਸਿੰਘ ਇਸ ਕਰਕੇ ਵਧਾਈ ਦੇ ਕਾਬਲ ਹੈ, ਮੈਂ ਸਮਝਦਾਂ ਭਗਤ ਸਿੰਘ ਦੀ ਸਹਿਮਤੀ, ਉਸਦੀ ਸਹਾਦਤ ਅਤੇ ਵਿਚਾਰਧਾਰਾ ਇਸ ਨਾਵਲ ਵਿਚ ਉਹ ਬਾ-ਖੂਬੀ ਪੇਸ਼ ਕਰਦਾ ਹੈ। ਇਤਿਹਾਸ ਨੂੰ ਬਿਆਨ ਕਰਨ ਵਿਚ ਉਹ ਸਫ਼ਲ ਰਿਹਾ ਹੈ। ਮਸਲਾ ਇਤਿਹਾਸ ਦਾ ਵੀ ਹੈ ਤੇ ਸਾਡੀ ਸਮਝ ਦਾ ਵੀ ਹੈ। ਭਗਤ ਸਿੰਘ ਇਕ ਮਿੱਥ ਬਣ ਗਿਆ ਹੈ। ਸੋਚੋ 11 ਸਤੰਬਰ, 1928 ਤੋਂ ਲੈ ਕੇ 23 ਮਾਰਚ 1931 ਤੱਕ ਜਿੰਨੀਆਂ ਕਿਤਾਬਾਂ ਅਸੀਂ ਭਗਤ ਸਿੰਘ ਦੇ ਸਿਰ ਲਾਉਂਨੇ ਆ, ਉਹਨੇ ਪੜ੍ਹੀਆਂ ਹੋਣਗੀਆਂ, ਕੀ ਇਹ ਸੱਚ ਹੈ? ਅੱਜ ਸਾਨੂੰ ਭਗਤ ਸਿੰਘ ਦੀ ਬੜੀ ਲੋੜ ਹੈ। ਪਰ ਮਿੱਥਾਂ ਨੂੰ ਪਾਰ

ਕਰਕੇ ਸਾਨੂੰ ਬਹੁਤ ਗੱਲਾਂ ਦਾ ਵਿਸ਼ਲੇਸ਼ਣ ਕਰਨਾ ਪਏਗਾ। ਦੋਵੇਂ ਪਰਚਾ ਲੇਖਕਾਂ ਨੂੰ ਮੈਂ ਵਧਾਈ ਦਿੰਦਾ ਹਾਂ। ਸ਼ਤਾਬਦੀ ਨੂੰ ਅਸੀਂ ਇਕ ਬਹਾਨਾ ਮੰਨ ਲਈਏ ਪਰ ਏਸ ਬਾਰੇ ਸਾਡੇ ਕੋਲ ਬੜਾ ਕੁਝ ਨਵਾਂ ਆਇਆ। ਮਹਾਤਮਾ ਗਾਂਧੀ ਬਾਰੇ ਵੀ ਸਾਨੂੰ ਸੋਚਣਾ ਪਏਗਾ। ਇਕ ਵੀ ਖ਼ੂਨ ਦੀ ਬੂੰਦ ਡੋਲ੍ਹੇ ਬਿਨਾਂ ਉਸਨੇ ਅੰਦੋਲਨ ਚਲਾਇਆ। ਬਲਦੇਵ ਸ਼ਾਇਦ ਇਸ ਗੱਲ ਦਾ ਗੁੱਸਾ ਕਰੂਗਾ, ਉਹ ਇਤਿਹਾਸਕਾਰ ਨਹੀਂ। ਨਾ ਹੀ ਸਾਨੂੰ ਇਹ ਤਵੱਕੋ ਕਰਨੀ ਚਾਹੀਦੀ ਹੈ ਕਿ ਨਾਵਲਕਾਰ ਇਤਿਹਾਸ ਨੂੰ ਉਸ ਤਰ੍ਹਾਂ ਪੇਸ਼ ਕਰੇ, ਜਿਸ ਤਰ੍ਹਾਂ ਅਸੀਂ ਚਾਹੁੰਦੇ ਹਾਂ। ਪਰ ਮਹਾਤਮਾਂ ਗਾਂਧੀ ਬਾਰੇ ਇਸ ਨਾਵਲ ਵਿਚ ਸਾਰੀਆਂ ਟਿਪਣੀਆਂ ਚਲੰਤ ਕਿਸਮ ਦੀਆਂ ਟਿਪਣੀਆਂ ਨੇ। ਇਹਨਾਂ ਦੇ ਸ੍ਰੋਤ ਪਤਾ ਨਹੀਂ ਹੈ ਜਾਂ ਨਹੀਂ। ਮੈਂ ਇਕ ਗੱਲ ਵੱਲ ਸੰਕੇਤ ਕਰਨਾ ਚਾਹੁੰਨਾ ਕਿ ਇਹ ਨਾਵਲ ਜਿਸ ਬਿੰਦੂ ਦੁਆਲੇ ਬਹਿਸ ਕੇਂਦਰਿਤ ਕਰਦਾ ਹੈ ਇਸ ਬਿੰਦੂ ਨੂੰ ਫੜਨ ਦੀ ਲੋੜ ਹੈ। ਪਿੱਛੇ ਵੋਟਾਂ ਪਈਆਂ ਕਮਿਊਨਿਸਟ ਪਾਰਟੀ ਦਾ ਜੋ ਹਸ਼ਰ ਹੋਇਆ ਕੀ ਇਹ ਸੁਆਲ ਲੋਕਾਂ ਨੂੰ ਨਹੀਂ ਕਰਨਾ ਵਾਲਾ? ਇਹ ਸੁਆਲ ਕਮਿਊਨਿਸਟ ਪਾਰਟੀਆਂ ਨੂੰ ਹੀ ਕਿਉਂ ਕੀਤਾ ਜਾਵੇ, ਆਮ ਲੋਕਾਂ ਨੂੰ ਕਿਉਂ ਨਹੀਂ? ਮੈਂ ਇਕ ਗੱਲ ਕਹਿਣਾ ਚਾਹੁੰਨ੍ਹਾ ਨਾਵਲਕਾਰ ਨੂੰ ਹਦਾਇਤਾਂ ਦੇਣ ਦੀ ਬਜਾਏ, ਉਸਦੀ ਮਦਦ ਕਰਨੀ ਚਾਹੀਦੀ ਹੈ। ਹੁਣ ਜਦੋਂ ਇਤਿਹਾਸਕ ਨਾਵਲ ਲਿਖਿਆ ਜਾਵੇ, ਉਸ ਨਾਵਲ ਦੀ ਵੈਟਿੰਗ ਹੋਵੇ ਜਾਂ ਘੱਟੋ ਘੱਟ ਜਿਵੇਂ ਬਾਹਰਲੇ ਮੁਲਕਾਂ ਵਿਚ ਹੈ, ਐਡਿਟਿੰਗ ਹੋਵੇ। ਇਹ ਸਾਰੇ ਕੰਮ ਬਲਦੇਵ ਕਿਉਂ ਕਰੇ? ਬਲਦੇਵ ਸਿੰਘ ਨਾਵਲ ਰਚੇ ਬਾਕੀ ਕੰਮ ਅਸੀਂ ਕਰੀਏ, ਜਿਹੜੇ ਮੱਤਾਂ ਦਿੰਨੇ ਆ। ਜੇ ਇਸ ਨਾਵਲ ਦੀ ਵੈਟਿੰਗ ਹੋ ਜਾਂਦੀ ਤਾਂ ਬੜਾ ਕੁਝ ਕੱਢਿਆ ਅਤੇ ਪਾਇਆ ਜਾ ਸਕਦਾ ਸੀ। (ਅੱਗੇ ਟੇਪ ਵਿਚ ਖਰਾਬੀ ਆ ਗਈ) ਇਹ ਨਾਵਲ ਪੜ੍ਹਕੇ ਜੋ ਮੈਨੂੰ ਅਹਿਸਾਸ ਹੋਇਆ ਹੈ ਇਹ ਨਾਵਲ ਆਮ ਲੋਕਾਂ ਤੱਕ ਜਾਣਾ ਚਾਹੀਦਾ ਹੈ। ਬਹੁਤ ਢੁਕਵੇਂ ਸਮੇਂ ਤੇ ਇਹ ਨਾਵਲ ਆਇਆ ਹੈ।

ਕਾ. ਜਗਰੂਪ- ਪੰਜਾਬ ਨੇ ਛੇ ਮਹੀਨਿਆਂ ਵਿਚ 1 ਕਰੋੜ 60 ਲੱਖ ਟਨ ਝੋਨਾ ਪੈਦਾ ਕੀਤਾ ਹੈ। ਪਰ ਪੰਜਾਬ ਨੇ ਇਕ ਸਾਲ ਵਿਚ ਕਿੰਨੇ ਪੰਨੇ ਦਿੱਤੇ ਹਨ ਜੋ ਲੋਕਾਂ ਕੋਲ ਪੜ੍ਹਨ ਲਈ ਜਾਣੇ ਹਨ। ਤੋਲ ਕੇ ਵੇਖੀਏ ਤਾਂ ਪਤਾ ਲੱਗੂ ਅਸੀਂ ਕਿੰਨਾ ਪਿੱਛੇ ਆ। ਜਿਹੜੇ ਕਿਰਤ ਕਰਨ ਵਾਲੇ ਨੇ ਉਹਨਾਂ ਦੇ ਕੰਮ ਸਾਡੇ ਨਾਲੋਂ ਕਿਤੇ ਅੱਗੇ ਨੇ ਜਿੰਨ੍ਹਾਂ ਲਈ ਅਸੀਂ ਪੰਨੇ ਲਿਖਣੇ ਹਨ ਉਹ ਕਿੰਨੇ ਪਿੱਛੇ ਆ। ਜੇ ਝੋਨੇ ਦੇ ਬਰਾਬਰ ਹਿਸਾਬ ਲਾਈਏ ਤਾਂ 1600 ਕਰੋੜ ਪੰਨਾ ਬਣ ਜਾਂਦਾ। ਜਿਹੜਾ ਉਹਨਾਂ ਕੋਲ ਜਾਣਾ ਸੀ, ਉਹਨਾਂ ਨੇ ਪੜ੍ਹਨਾ ਸੀ, ਫੇਰ ਉਹਨਾਂ ਦੀ ਮਾਨਸਿਕਤਾ ਬਣਨੀ ਸੀ। ਮੇਰੇ ਸਾਥੀ ਜਿਹੜੇ ਪਰਚੇ ਪੜ੍ਹਕੇ ਗਏ ਐ, ਚਾਹੇ ਹੱਕ ’ਚ ਚਾਹੇ ਵਿਰੋਧ ’ਚ ਮੈਨੂੰ ਦੋਹਾਂ ਦੇ ਪਰਚਿਆਂ ਵਿਚ ਕੋਈ ਵਿਰੋਧੀ ਗੱਲ ਨਹੀਂ ਥਿਆਈ। ਆਪਣੀ ਗੱਲ ਕਹਿਣ ਲਈ ਜੇ ਸਾਹਿਤਕ ਸ਼ਬਦ ਮੇਰੇ ਕੋਲੋਂ ਨਾ ਲੱਭਣ ਤਾਂ ਮੈਂ ਮਾਫ਼ੀ ਚਾਹੁੰਨਾ, ਮੈਂ ਰਾਜਨੀਤਕ ਵਰਕਰ ਆ। ਇਤਿਹਾਸਕਾਰੀ ਹੋਰ ਚੀਜ ਹੈ। ਨਾਵਲਕਾਰੀ ਹੋਰ ਚੀਜ਼ ਐ। ਮੇਰੀ ਸਮਝ ਹੈ, ਨਾਵਲਕਾਰ ਕੋਲੋਂ ਇਤਿਹਾਸਕਾਰ ਵਾਲੀ ਮੰਗ ਕਰਨੀ ਜਾਇਜ਼ ਨਹੀਂ। ਪਰ ਨਾਵਲਕਾਰ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਨਾ ਕਰੇ। ਮੈਂ ਤੁਹਾਨੂੰ ਦਸ ਦਿਆਂ, ਮੈਂ ਇਹ ਨਾਵਲ ਪੜ੍ਹਿਆ ਹੈ। ਮੈਂ ਪੰਜ ਗੱਲਾਂ ਬਲਦੇਵ ਸਿੰਘ ਦੇ ਨਾਵਲ ਬਾਰੇ ਕਹਿੰਨਾ! ਪਹਿਲੀ ਗੱਲ ਇਹ ਨਾਵਲ ਪਾਠਕਾਂ ’ਤੇ ਅਸਰ ਕਰਦਾ ਹੈ। ਇਹ ਨਾਵਲ ਜਿੰਨੇ ਵੱਧ ਤੋਂ ਵੱਧ ਲੋਕਾਂ ਕੋਲ ਜਾਵੇ, ਚੰਗੀ ਗੱਲ ਹੈ। ਇਕ ਰਾਜਨੀਤਕ ਹੋਣ ਦੇ ਨਾਤੇ ਮੈਨੂੰ ਇਹ ਨਾਵਲ ਕਿਤੇ ਵੀ ਖਟਕਦਾ ਨਹੀਂ ਕਿ ਕੋਈ ਗ਼ਲਤ ਗੱਲ ਕੀਤੀ ਹੈ। ਦੂਜੀ ਗੱਲ ਜਿਹੜੀ ਮੈਂ ਕਹਿਣੀ ਹੈ। ਇਹ ਸਾਦਾ ਵੀ ਹੈ, ਸਰਲ ਵੀ ਹੈ, ਏਹਦੇ ’ਚ ਵਹਾ ਵੀ ਹੈ। ਰੌਚਿਕ ਵੀ ਹੈ, ਤੇ ਪਾਠਕ ਨੂੰ ਆਪਣੇ ਨਾਲ ਤੋਰਦਾ ਵੀ ਹੈ। ਕਮੀ ਕੀ ਹੈ? ਹਾਲੇ ਤੀਕਰ ਮੈਂ ਬਲਦੇਵ ਸਿੰਘ ਤੋਂ ਤਵੱਕੋ ਨਹੀਂ ਕਰ ਸਕਦਾ। ਕਿਉਂਕਿ ਸਾਡੇ ਮਨਾਂ ਵਿਚ ਭਗਤ ਸਿੰਘ ਸ਼ਹੀਦ ਜ਼ਿਆਦਾ ਹੈ, ਜੀਨੀਅਸ ਘੱਟ ਹੈ। ਜੀਨੀਅਸ ਨੂੰ ਮੈਂ ਪੰਜਾਬੀ ’ਚ ‘ਪਰਮਗੁਣੀ’ ਕਹਿੰਨਾ ਜੇ ਪਰਮਵੀਰ ਚੱਕਰ ਹੋ ਸਕਦਾ ਹੈ ਤਾਂ ‘ਪਰਮਗੁਣੀ’ ਕਿਉਂ ਨਹੀਂ ਹੋ ਸਕਦਾ? ਤੀਜੀ ਗੱਲ ਏਥੇ ਇਕ ਨੇ ਕਿਹਾ, ਸਤਾਬਦੀਆਂ ਵਾਲੀ ਇਹ ਹੁੰਦਾ ਮੰਡੀ ਦੀ ਵਸਤੂ ਤੇ ਹੋਰ ਵੀ ਬੜਾ ਕੁਝ ਕਿਹਾ। ਮੈਂ ਕਹਿੰਨਾ ਹਰ ਸਤਾਬਦੀ ਵੇਲੇ ਅਜਿਹਾ ਕੁਝ ਨਹੀਂ ਹੁੰਦਾ। ਕਰਤਾਰ ਸਿੰਘ ਸਰਾਭਾ ਦੀ ਸ਼ਤਾਬਦੀ ਟੱਪ ਗਈ, ਉਹ ਨਾ ਮਨਾ ਲਈ? ਸ਼ਾਇਦ ਯਾਦ ਵੀ ਨੀ ਹੋਣੀ। ... ਏਥੇ ਮੋਗੇ ਮੈਂ 1997 ਤੋਂ ਪੂਰਾ ਅਧਾਰ ਬਣਾ ਕੇ ਸ਼ੁਰੂ ਕੀਤਾ ਸੀ ਕੰਮ ਲਗਾਤਾਰ ਜਾਰੀ ਰਿਹਾ ਤੇ ਪੂਰੀ ਲਹਿਰ ਬਣ ਗਈ ਭਗਤ ਸਿੰਘ ਬਾਰੇ, ਇਹ ਨਾਵਲ ਉਸ ਲਹਿਰ

ਦਾ ਸਿੱਟਾ ਹੈ। ਬਲਦੇਵ ਸਿੰਘ ਵਰਗੇ ਨੂੰ ਧਿਆਨ ਆਇਆ ਭਗਤ ਸਿੰਘ ਤੇ ਇਕ ਨਾਵਲ ਲਿਖਿਆ ਜਾਏ। ਪੰਜਾਬ ਵਿਚ ਹੋਰ ਕਿਸੇ ਪਾਸੇ ਲੇਖਕ ਦੇ ਧਿਆਨ 'ਚ ਕਿਉਂ ਨਾ ਆਇਆ ਬਈ? ਏਥੇ ਮਾੜਾ ਜਾਂ ਈਰਖਾ ਨਾ ਕਰੋ, ਕੰਮ ਕੀ ਪ੍ਰਸੰਸਾ ਕਰੋ। ਚੌਥੀ ਗੱਲ ਗਾਂਧੀ ਬਾਰੇ ਨਾਵਲ ਵਿਚ ਜੋ ਪੇਸ਼ ਹੋਇਆ ਜਿਸ ਤਰ੍ਹਾਂ ਇਨਕਲਾਬੀ ਲੋਕਾਂ ਦੀ ਗਾਂਧੀ ਬਾਰੇ ਜੋ ਮਾਨਸਿਕਤਾ ਬਣ ਚੁੱਕੀ ਸੀ, ਉਹੀ ਪੇਸ਼ ਹੋਣਾ ਸੀ। ਅਸਲੀ ਗੱਲ ਭਗਤ ਸਿੰਘ ਨੂੰ ਮਰਵਾਉਣ ਵਾਲਾ 'ਕੱਲਾ ਗਾਂਧੀ ਨਹੀਂ ਸੀ। ਉਸ ਵੇਲੇ ਭਾਰਤ ਦੀ ਪੂਰੀ ਸਰਮਾਏਦਾਰੀ ਭਗਤ ਸਿੰਘ ਨੂੰ ਮਰਵਾਉਣ ਦੇ ਹੱਕ ਵਿਚ ਸੀ। ਕਿਉਂ ਮਰਵਾਇਆ? ਭਗਤ ਸਿੰਘ ਇਕੋ ਵੇਲੇ ਦੋ ਗੱਲਾਂ ਕਰ ਰਿਹਾ ਸੀ, ਉਹ ਅੱਜ ਵੀ ਰੈਲੇਵਿੰਟ ਨੇ। ਪਹਿਲੀ ਉਹ ਸਾਮਰਾਜਵਾਦ ਮੁਰਦਾਵਾਦ ਕਹਿੰਦਾ ਸੀ, ਦੂਜੀ ਇਨਕਲਾਬ ਜ਼ਿੰਦਾਬਾਦ ਫਾਂਸੀ ਵੇਲੇ ਵੀ ਉਸਨੇ ਦੋਵੇਂ ਨਾਅਰੇ ਲਾਏ। ਸਾਮਰਾਜ ਵਿਤੀ ਸਰਮਾਏ ਦੀ ਧੌਂਸ ਐ। ਭਗਤ ਸਿੰਘ ਕਹਿੰਦਾ ਨਹੀਂ ਕੰਮ ਸਮਾਂ ਘੱਟ ਕਰਕੇ ਹੀ ਅਸੀਂ ਇਸਦਾ ਮੁਕਾਬਲਾ ਕਰ ਸਕਦੇ ਆ। ਕੰਮ ਸਮਾਂ ਘੱਟ ਕਰਨ ਦੀ ਗੱਲ ਉਹ ਕੌਮਾਂਤਰੀ ਪੱਧਰ ਤੇ ਕਰਦਾ ਹੈ। ਗੱਲਾਂ ਹੋਰ ਬੜੀਆਂ ਨੇ। ਏਥੇ ਸਮੇਂ ਦੀ ਸੀਮਾ ਹੈ। ਇਨਕਲਾਬੀ ਦਰਸ਼ਨ ਭਵਿੱਖ ਵਿਚ ਝਾਕਣਾ ਹੈ। ਬਲਦੇਵ ਸਿੰਘ ਕੋਲ ਜਿੰਨੀ ਸਮਝ ਸੀ, ਸਾਧਨ ਸਨ, ਸਮੱਰਥਾ ਸੀ, ਉਸਨੇ ਇਹ ਨਾਵਲ ਲਿਖਣ ਲਈ ਪੂਰਾ ਤਾਣ ਲਾਇਆ ਹੈ, ਉਸ ਨੂੰ ਮੁਬਾਰਕਵਾਦ!

ਡਾ. ਦਵੇਸ਼ਵਰ- ਕਾ. ਜਗਰੂਪ ਨੇ ਕਿਹਾ ਸੀ ਪੇਪਰ ਕੰਟਰਾਡਿਕਟਰੀ ਤੇ ਕੰਪਲੀਮੈਂਟਰੀ ਨੇ। ਇਸ ਵਾਰ ਫੇਰ ਪੜ੍ਹ ਲਓ ਪਲੀਜ਼। ਮੇਰੇ ਲਈ ਇਸ ਨਾਵਲ ਨੂੰ ਪੜ੍ਹਨ ਦੀ ਜਿਹੜੀ ਅਧਿਐਨ ਵਿਧੀ ਸੀ, ਉਹ ਭਗਤ ਸਿੰਧ ਦਾ ਮਾਹੌਲ ਵਿਚਾਰਧਾਰਾ, ਇਤਿਹਾਸ ਤੇ ਸ਼ਹਾਦਤ, ਚਾਰ ਚੀਜ਼ਾਂ ਮੇਰੇ ਜਿਹਨ ਵਿਚ ਸਨ। ਇਸ ਤਰ੍ਹਾਂ ਦੇ ਨਾਵਲਾਂ ਦੀ ਇਸ ਸਮੇਂ ਸਾਨੂੰ ਲੋੜ ਹੈ। ਭੂਮਿਕਾ ਵਿਚ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਹੈ, 'ਅੱਜ ਭਗਤ ਸਿੰਘ ਦੇ ਸਾਰ ਨੂੰ ਸਮਝਣ ਦੀ ਲੋੜ ਹੈ। ਗਾਂਧੀ ਦਾ 'ਇਕ ਮਿਆਨ ਦੋ ਤਲਵਾਰਾਂ' ਵਿਚ ਗਦਰ ਪਾਰਟੀ ਵੇਲੇ ਜੋ ਵਿਰੋਧ ਉੱਠਿਆ, ਲੇਖਕ ਦਾ ਆਪਣਾ ਦ੍ਰਿਸ਼ਟੀਕੋਣ ਵੀ ਹੁੰਦਾ। ਨਾਨਕ ਸਿੰਘ ਹੱਕ 'ਚ ਭੁਗਤ ਰਿਹਾ। ਕਿਉਂਕਿ ਨਾਨਕ ਸਿੰਘ ਦੀ ਦ੍ਰਿਸ਼ਟੀ ਉਹੋ ਜਿਹੀ ਸੀ। ਉਸਦੇ ਮੁਕਾਬਲੇ ਬਲਦੇਵ ਸਿੰਘ ਵਧੇਰੇ ਅਬਜੈਕਟਵ ਹੈ। ਉਹ ਸਭ ਕੁਝ ਸਮਝਦਾ ਹੈ। ਐਸ ਵੇਲੇ ਆਲੋਚਨਾ ਅੱਗੇ ਵਾਲਾ ਕੰਮ ਨਹੀਂ ਰਿਹਾ ਕਿ ਜਾਂ ਤਾਂ ਤੁਸੀਂ ਲੇਖਕ ਨੂੰ ਬਿਲਕੁਲ ਹੀ ਵੱਢ ਦਿਓ ਕਿ ਉਹ ਅੱਗੇ ਤੋਂ ਲਿਖਣ ਜੋਗਾ ਨਾ ਰਹੇ ਜਾਂ ਫਿਰ ਉਸਨੂੰ ਐਨਾ ਚੁੱਕ ਦਿਓ ਉਸਦੇ ਪੈਰ ਜ਼ਮੀਨ ਉਪਰ ਨਾ ਲੱਗਣ। ਮੈਂ ਸਮਝਦਾ ਆਲੋਚਨਾ ਦਾ ਕਾਰਜ ਵਿਆਖਿਆ ਹੈ। ਏਥੇ ਵਿਦਵਾਨ ਦੋਸਤ ਬੈਠੇ ਨੇ। ਮੇਰੀ ਬੇਨਤੀ ਹੈ ਜਿਹੜੀ ਰਚਨਾ ਦੀ ਗੱਲ ਹੋ ਰਹੀ ਹੋਵੇ ਉਹ ਰਚਨਾ ਜ਼ਰੂਰ ਪੜ੍ਹੋ। ਇਹ ਬਹਿਸ ਜਿਵੇਂ ਡਾ. ਅਨੂਪ ਸਿੰਘ ਨੇ ਸ਼ੁਰੂ ਕੀਤੀ ਸੀ ਕੁਝ ਨੁਕਤੇ ਉਠੇ ਨੇ। ਕਿੰਤੂ ਪ੍ਰੰਤੂ ਹੋਏ ਨੇ। ਜੇ ਚਾਹੀਏ ਤਾਂ ਪੂਰੀ ਰਾਤ ਤੱਕ ਬਹਿਸ ਕੀਤੀ ਜਾ ਸਕਦੀ ਹੈ। ਨਾਵਲ ਦੀ ਇਹੀ ਪ੍ਰਾਪਤੀ ਹੈ ਤੇ ਬਲਦੇਵ ਸਿੰਘ ਦੀ ਵੀ ਹੈ। ਤੁਸੀਂ ਸਾਰੇ ਏਸ ਤਰ੍ਹਾਂ ਦਾ ਸੰਵਾਦ ਰਚਾਉਣ ਲਈ ਵਧਾਈ ਦੇ ਹੱਕਦਾਰ ਹੋ।

ਡਾ. ਜਸਵਿੰਦਰ ਸਿੰਘ- ਨਾਵਲ 'ਸਤਲੁਜ ਵਹਿੰਦਾ ਰਿਹਾ' ਤੇ ਬੜੀ ਭਰਪੂਰ ਤੁਸੀਂ ਚਰਚਾ ਸੁਣੀ। ਇਕ ਗੱਲ ਏਥੇ ਵਾਰ ਵਾਰ ਆਈ। ਹੱਕ ਤੇ ਵਿਰੋਧ ਵਾਲੀ। ਕਈ ਦਫਾ ਲਿਖਦਿਆਂ ਜਾਂ ਸਾਹਿਤਕ ਗੋਸ਼ਟੀਆਂ ਕਰਦਿਆਂ ਉਹਦੇ ਲਈ ਵਿਚਾਰਾਂ ਦਾ ਮੰਥਨ ਹੁੰਦਾ ਤੇ ਵਿਚਾਰਾਂ ਦਾ ਤਕਰਾਰ ਹੁੰਦਾ ਤੇ ਆਮ ਬੰਦੇ ਨੂੰ ਇੰਜ ਲੱਗਣ ਲੱਗ ਜਾਂਦੈ ਜਿਵੇਂ ਕੁਝ ਵਿਰੋਧੀ ਤੇ ਕੁਝ ਹੱਕ ਵਾਲੇ ਹੁੰਦੇ ਨੇ। ਮੈਂ ਵਾਰ ਵਾਰ ਕਹਿੰਨਾ ਹੁੰਨਾ ਇਹ ਇਸ ਤਰ੍ਹਾਂ ਨਹੀਂ ਹੁੰਦਾ। ਅਸੀਂ ਜ਼ੋਰ ਦਿੰਦੇ ਆ ਰਹੇ ਹਾਂ ਕਿ ਕਦੇ ਵੀ ਨਿੱਜੀ ਨਿੰਦਿਆਂ ਜਾਂ ਨਿੱਜੀ ਪ੍ਰਸੰਸਾ ਸਾਡੇ ਵੱਡੇ ਕੰਮਾਂ ਦੇ ਜਾਂ ਵੱਡੀਆਂ ਸਰਗਰਮੀਆਂ ਦੇ ਸਾਹਮਣੇ ਨਹੀਂ ਆਉਣੀ ਚਾਹੀਦੀ। ਜਦੋਂ ਮੇਰੇ ਦੋਸਤ ਬਲਦੇਵ ਸਿੰਘ ਦੀ ਰਚਨਾ ਤੇ ਗੱਲ ਕਰ ਰਹੇ ਨੇ, ਉਹ, ਰਚਨਾ ਦੇ ਅੰਦਰਵਾਰ ਕੀ ਪਿਆ ਹੈ, ਕਿਹੜੀਆਂ ਕਿਹੜੀਆਂ ਮੁਤਫ਼ਿਕ ਨਹੀਂ ਹੋ ਰਹੇ, ਕਿਥੇ ਕਿਥੇ ਤੁਹਾਨੂੰ ਲਗਦਾ ਹੈ ਜੇ ਇਹ ਰਚਨਾ ਇੰਜ ਨਾ ਹੁੰਦੀ ਇੰਜ ਹੁੰਦੀ ਤਾਂ ਸ਼ਾਇਦ ਇਹ ਹੋਰ ਵੀ ਚੰਗੀ ਬਣ ਜਾਂਦੀ। ਇਹ ਇਕ ਸੰਵਾਦ ਹੁੰਦਾ, ਜਿਹੜਾ ਅਸੀਂ ਕਰਦੇ ਐ। ਏਥੇ ਅਸੀਂ ਕੋਈ ਰਾਜਸੀ ਮਤਾ ਪਾਸ ਕਰਨ ਨਹੀਂ ਆਏ ਕਿ ਇਹ ਨਾਵਲ ਬਹੁਤ ਵਧੀਆ ਹੈ ਜਾਂ ਇਹ ਨਾਵਲ ਬਹੁਤ ਮਾੜਾ ਹੈ। ਕਿਉਂਕਿ ਏਹ ਨਾਵਲ ਬਹੁਤ ਵਧੀਆ ਹੈ, ਏਸ ਕਰਕੇ ਅਸੀਂ ਚਾਹੁੰਦੇ ਹਾਂ ਏਹਦੇ 'ਤੇ ਚਰਚਾ ਹੋਵੇ ਤੇ ਪੰਜਾਬੀ ਦੇ ਬਾਕੀ ਪਾਠਕ ਵਰਗ ਨੂੰ ਪਤਾ ਲੱਗੇ, ਕਿ ਇਕ ਐਹੋ ਜਾ ਨਾਵਲ ਆਇਐ, ਸ਼ਹੀਦ ਭਗਤ ਸਿੰਘ ਬਾਰੇ, ਜਿਹੜਾ ਪੜ੍ਹਣ ਯੋਗ ਹੈ। ਪੜ੍ਹਨ-ਯੋਗ ਦਾ ਮਤਲਬ ਇਹ ਨਹੀਂ

ਹੁੰਦਾ ਤੁਸੀਂ ਓਹਦੇ ਨਾਲ ਮੁਤਫ਼ਿਕ ਹੋ ਜਾਓ। ਪੜ੍ਹਨ-ਯੋਗ ਦਾ ਮਤਲਬ ਹੁੰਦਾ ਤੁਸੀਂ ਉਸਤੋਂ ਪ੍ਰਭਾਵਿਤ ਹੋਵੋ। ਹੋਰ ਚੰਗੇ ਕੰਮ ਕਰੋ। ਹੋਰ ਚੰਗੀਆਂ ਲਿਖਤਾਂ ਲਿਖੋ। ਹੋਰ ਚੰਗੇ ਜੀਵਨ ਦੇ ਮੰਤਵਾਂ ਨਾਲ ਜੁੜੋ। ਮਤਭੇਦ ਹੋ ਸਕਦੇ ਨੇ। ਸਾਡੇ ਪੰਜਾਬੀਆਂ ਦੀ ਰਾਇ ਇਹ ਹੁੰਦੀ ਹੈ, ਜਦੋਂ ਅਸੀਂ ਕਿਸੇ ਨੂੰ ਚੱਕਣਾ ਹੁੰਦਾ, ਗੱਲਾਂ ਬਾਤਾਂ ਨਾਲ ਚੱਕੀ ਜਾਨੇ ਐ, ਜਦੋਂ ਕਿਸੇ ਨੂੰ ਰੱਦਣਾ ਹੁੰਦਾ, ਬਿਨਾ ਮਤਬਲ ਤੋਂ ਰੱਦੀ ਜਾਨੇ ਐ। ਨਤੀਜਾ ਕੁਝ ਵੀ ਚੰਗਾ ਨਹੀਂ ਹੋ ਰਿਹਾ ਹੁੰਦਾ। ਸਿਰਫ ਆਪਣੀ ਮਾਨਸਿਕਤਾ ਦੀ ਆਜੀਬ ਕਿਸਮ ਦੀ ਸੰਤੁਸ਼ਟੀ ਕਰ ਲੈਂਦੇ ਆ। 'ਸਤਲੁਜ ਵਹਿੰਦਾ ਰਿਹਾ' ਇਕ ਇਤਿਹਾਸਕ ਨਾਵਲ ਹੈ। ਪੰਜਾਬੀ ਵਿਚ ਇਤਿਹਾਸਕ ਨਾਵਲ ਲਿਖਿਆ ਜਾਣਾ ਬਹੁਤ ਔਖਾ ਹੈ। ਮੈਂ ਪੰਜਾਬੀ ਵਿਚ ਨਹੀਂ, ਸਾਰੇ ਭਾਰਤੀ ਪ੍ਰਸੰਗ ਵਿਚ ਜਿਹੜਾ ਸਾਡਾ ਭਾਰਤੀਆਂ ਦਾ ਇਤਿਹਾਸ ਬਾਰੇ ਓਵਰਆਲ ਸੰਕਲਪ ਹੈ, ਉਹ ਏਨਾ ਨਿਕੰਮਾ ਹੈ, ਮੈਂ ਆਮ ਬੰਦਿਆਂ ਦੀ ਗੱਲ ਕਰ ਰਿਹਾ, ਚੇਤਨ ਬੰਦਿਆਂ ਦੀ ਗੱਲ ਨਹੀਂ ਕਰ ਰਿਹਾ, ਅਸੀਂ ਇਤਿਹਾਸ ਨੂੰ ਸਮਝਣਾ ਹੀ ਨਹੀਂ ਚਾਹੁੰਦੇ। ਏਸ ਕਰਕੇ, ਜਾਂ ਅਸੀਂ ਭੂਤ ਦੇ ਸੋਹਲੇ ਗਾਈ ਜਾਨੇ ਆ, ਜਾਂ ਅਸੀਂ ਭੂਤ ਨੂੰ ਰੱਦੀ ਜਾਨੇ ਆ ਵਧੀਆਂ ਰਚਨਾ ਉਹ ਹੁੰਦੀ ਹੈ ਜੋ ਉਹਦੇ 'ਚ ਜਿੰਦਾ ਹੈ ਜੋ ਜਾਗਦਾ ਹੈ, ਜਿਹੜਾ ਅੱਜ ਵੀ ਸਾਡੀ ਜ਼ਿੰਦਗੀ ਲਈ ਸਾਰਥਕ ਹੈ, ਜਿਹੜਾ ਅੱਜ ਵੀ ਸਾਨੂੰ ਟੁੰਬਦਾ ਹੈ ਹੋਰ ਵਧੀਆਂ ਇਨਸਾਨ ਬਣਨ ਲਈ, ਉਹ ਸਾਡੇ ਸਾਹਮਣੇ ਪੇਸ਼ ਕਰੇ। ਉਹਦੇ ਵਿਚ ਜੋ ਖਾਰਜ ਕਰਨ ਯੋਗ ਹੈ, ਉਸ ਨੂੰ ਖਾਰਜ ਵੀ ਕਰੇ। ਏਸੇ ਕਰਕੇ ਕਿਹਾ ਹੈ ਪੰਜਾਬੀ ਵਿਚ ਇਤਿਹਾਸਕ ਨਾਵਲ ਲਿਖਣਾ ਔਖਾ ਹੈ। ਸਾਡੇ ਬਹੁਤੇ ਬੰਦੇ, ਉਹਦੇ 'ਚੋਂ ਇਤਿਹਾਸ ਲੱਭਣ ਲੱਗ ਪੈਂਦੇ ਨੇ ਜਾਂ ਉਹਨਾਂ ਦੀ ਮਨ-ਮਰਜ਼ੀ ਮੁਤਾਬਕ ਨਹੀਂ ਹੁੰਦਾ। ਇਤਿਹਾਸਕ ਨਾਵਲ ਉਪਰ ਇਕ ਨਹੀਂ ਦੋ ਨਹੀਂ ਤਿੰਨ ਕੰਡੀਸ਼ਨਾਂ ਲੱਗੀਆਂ ਹੁੰਦੀਆਂ। ਇਕ ਤਾਂ ਉਸਨੇ, ਉਸ ਪਾਤਰ ਨੂੰ ਚਿਤਰਨਾ ਹੁੰਦਾ, ਜਿਸ ਬਾਰੇ ਅਸੀਂ ਸਾਰੇ ਥੋੜਾ ਜਾਂ ਬਹੁਤਾ, ਠੀਕ ਜਾਂ ਗ਼ਲਤ ਜਾਣਦੇ ਹੁੰਦੇ ਆ। ਸਾਡੇ ਸਾਰਿਆਂ ਕੋਲ ਆਪਣਾ ਆਪਣਾ ਭਗਤ ਸਿੰਘ ਹੈ। ਸਾਡੇ ਸਾਰਿਆਂ ਕੋਲ ਸੁੰਤਤਰਤਾ ਲਹਿਰ ਦੀਆਂ ਕੁਝ ਚੀਜਾਂ ਨੇ, ਜਿਹੜੀਆਂ ਅਸੀਂ ਆਪਣੇ ਵਿਚਾਰਧਾਰਕ ਪ੍ਰਸੰਗ ਵਿਚ ਰਾਜਨੀਤਕ ਪ੍ਰਸੰਗ ਵਿਚ ਤੇ ਇਤਿਹਾਸਕ ਪ੍ਰਸੰਗ ਵਿਚ ਗ੍ਰਹਿਣ ਕਰਦੇ ਆ ਰਹੇ ਆਂ। ਦੂਸਰਾ ਨਾਵਲਕਾਰ ਨੂੰ ਸਮਝ ਹੁੰਦੀ ਹੈ, ਉਹ ਇਕ ਗਲਪ ਰਚਨਾ ਕਰ ਰਿਹੈ, ਉਹ ਸਾਡੇ ਵਿਚੋਂ ਉਨੀਆਂ ਚੀਜ਼ਾਂ ਹੀ ਚੁਣਦਾ ਹੈ, ਜਿਸਨੂੰ ਉਹ ਫੋਕਸ ਵਿਚ ਲਿਆਉਣਾ ਚਾਹੁੰਦਾ ਜਾਂ ਅਗਲੀਆਂ ਪੀੜ੍ਹੀਆਂ ਵਾਸਤੇ ਧਿਆਨ ਵਿਚ ਲਿਆਉਣਾ ਚਾਹੁੰਦਾ। ਤੀਸਰੀ ਗੱਲ ਹੈ, ਲੇਖਕ ਇਕ ਕਲਾਕ੍ਰਿਤ ਸਿਰਜ ਰਿਹੈ, ਜਿਸ ਕਲਾ ਕ੍ਰਿਤ ਵਿਚ ਉਸ ਬੰਦੇ ਦੀ ਆਪਣੀ ਛਾਪ ਹੈ, ਜਿਸਦਾ ਹਰ ਸ਼ਬਦ ਹਰ ਵਾਕ ਬਲਦੇਵ ਸਿੰਘ ਦੇ ਜਿਹਨ ਵਿਚੋਂ, ਬਲਦੇਵ ਸਿੰਘ ਦੀ ਸਮਝ ਵਿਚੋਂ ਆ ਰਿਹਾ ਹੈ। ਇਸ ਲਈ ਇਤਿਹਾਸਕ ਨਾਵਲ ਨੂੰ ਪਰਖਣਾ ਬਹੁਤ ਔਖਾ ਹੈ। ਇਤਿਹਾਸਕ ਨਾਵਲ ਨੂੰ ਲਿਖਣਾ ਉਸ ਤੋਂ ਵੀ ਔਖਾ ਹੈ। ਮੈਂ ਏਸ ਕਰਕੇ ਬਲਦੇਵ ਸਿੰਘ ਨੂੰ ਮੁਬਾਰਕਬਾਦ ਦਿੰਨਾ ਕਿ ਪੰਜਾਬੀ 'ਚ ਬਹੁਤ ਔਖੀ ਸਿਨਫ਼ ਬਹੁਤ ਔਖਾ ਰੂਪਾਕਾਰ... ਇਤਿਹਾਸਕ ਨਾਵਲ ਨੂੰ ਉਸਨੇ ਹੱਥ ਪਾਇਆ ਹੈ। ਵਧੀਆਂ ਰਚਨਾ ਕੋਈ ਵੀ ਕਰਨੀ ਹੋਵੇ, ਔਖੀ ਹੁੰਦੀ ਹੈ, ਇਹ ਚੈਲਿਜਿੰਗ ਸਬਜੈਕਟ ਸੀ, ਵਿਵਾਦ ਹੋ ਸਕਦਾ ਸੀ। ਇਹ ਮੈਂ ਸਾਰਾ ਕੁਝ ਤਾਂ ਕਹਿ ਰਿਹਾ ਕਿ ਬਲਦੇਵ ਨੇ ਏਸ ਕੰਮ ਨੂੰ ਹੱਥ ਹੀ ਨਹੀਂ ਪਾਇਆ ਇਸ ਨੂੰ ਵਧੀਆਂ ਢੰਗ ਨਾਲ ਨਿਭਾਇਆ ਵੀ ਹੈ। ਯਕੀਨਨ ਉਹ ਪ੍ਰਸੰਸਾ ਦਾ ਹੱਕਦਾਰ ਹੈ। ਕਿਉਂ ਹੱਕਦਾਰ ਹੈ? ਦੋ ਗੱਲਾਂ ਕਰਕੇ, ਪਹਿਲੀ ਗੱਲ ਤਾਂ ਇਹ ਉਸ ਨੇ ਭਗਤ ਸਿੰਘ ਵਰਗੀ ਉਸ ਸ਼ਖਸ਼ੀਅਤ ਨੂੰ ਚੁਣਿਆ, ਜਿਹੜੀ ਕਿਸੇ ਨਾ ਕਿਸੇ ਪੱਧਰ ਤੇ ਹਰ ਪੰਜਾਬੀ ਨੂੰ ਤੇ ਭਾਰਤੀ ਨੂੰ ਟੁੰਬਦੀ ਆ ਰਹੀ ਹੈ। ਉਹ ਦੋ ਗੱਲਾਂ ਕਰਕੇ ਟੁੰਬਦੀ ਹੈ, ਇਕ ਤਾਂ ਆਪਣੀ ਬੇ-ਮਿਸਾਲ ਕੁਰਬਾਨੀ ਕਰਕੇ, ਜਿਹੜੀ ਕੁਰਬਾਨੀ ਏਸ ਜ਼ਮਾਨੇ ਵਿਚ ਦਿਨੋ ਦਿਨ ਘਟ ਰਹੀ ਹੈ। ਮਧ-ਵਰਗ ਕਿੰਨੀਆਂ ਵੀ ਕੁਰਬਾਨੀਆਂ ਜਾਂ ਇਨਕਲਾਬ ਦੀ ਗੱਲ ਕਰੇ, ਆਖ਼ਰ ਵਿਚ ਖਿਸਕ ਜਾਂਦਾ ਹੈ। ਇਸ ਕਰਕੇ ਲੇਖਕ ਨੇ ਉਸ ਨਾਇਕ ਨੂੰ ਚੁਣਿਆ ਜਿਹੜਾ ਅਜੇ ਵੀ ਸਾਡੇ ਮਨਾਂ ਵਿਚ ਵਸਿਆ ਹੈ। ਕਿਸੇ ਵਿਅਕਤੀ ਦੇ ਲੋਕ-ਨਾਇਕ ਬਣਨ ਲਈ ਤਿੰਨ ਗੱਲਾਂ ਜ਼ਰੂਰੀ ਹੁੰਦੀਆਂ, ਕਲਚਰ ਹੀਰੋ, ਪੁਲੀਟੀਕਲ ਹੀਰੋ ਤੇ ਆਈਡੀਆਲੋਜੀਕਲ ਹੀਰੋ। ਭਗਤ ਸਿੰਘ ਵਿਚ ਇਹ ਸਾਰੀਆਂ ਡਾਈਮੈਨਸ਼ਨ ਸਨ। ਇਕ ਤੋਂ ਵੱਧ ਦਿਸ਼ਾਵਾਂ। ਜਿਸਦਾ ਕਾ. ਜਗਰੂਪ ਨੇ ਜ਼ਿਕਰ ਕੀਤਾ ਹੈ। 'ਪਰਮਗੁਣੀ' ਮੈਂ ਉਸ ਪਾਸੇ ਨਹੀਂ ਜਾਂਦਾ। ਪਰ ਤਿੰਨ ਗੱਲਾਂ ਬੜੀਆਂ ਜ਼ਰੂਰੀ ਨੇ। ਉਹ ਕਿਸੇ ਵੀ ਕੌਮ ਦੇ ਭਾਈਚਾਰੇ ਦੇ ਸੱਚੇ ਸੁੱਚੇ ਸੁਪਨਿਆਂ ਦੀ ਤਰਜਮਾਨੀ

ਕਰਦਾ ਹੈ। ਜਿਹੜੇ ਸੁਪਨੇ ਅਸੀਂ ਚਾਹੁੰਨੇ ਹਾਂ ਪੂਰੇ ਹੋਣ। ਜੇ ਸੁਪਨੇ ਪੂਰੇ ਹੋ ਜਾਂਦੇ ਤਾਂ ਸ਼ਾਇਦ ਸਾਨੂੰ ਭਗਤ ਸਿੰਘ ਏਨਾ ਯਾਦ ਨਾ ਆਉਂਦਾ। ਭਗਤ ਸਿੰਘ ਦੇ ਸੁਪਨਿਆਂ ਨੂੰ ਪੂੰਜੀਪਤੀ ਵਰਗ ਨੇ ਅਮੀਰ ਵਰਗ ਨੇ ਕਿਵੇਂ ਸਾਬੋਤਾਜ ਕੀਤਾ ਬਹੁਤ ਗੱਲਾਂ ਹੋ ਸਕਦੀਆਂ ਨੇ ਕਾ. ਜਗਰੂਪ ਕਰਕੇ ਗਏ ਨੇ, ਮੈਂ ਏਥੇ ਜ਼ਿਕਰ ਨਹੀਂ ਕਰਾਂਗਾ। ਮੈਂ ਸਮਝਦਾ ਜੋ ਭਗਤ ਸਿੰਘ ਨੇ ਭਾਰਤ ਲਈ ਚਾਹਿਆ ਉਹ ਬਣਿਆ ਨਹੀਂ। ਉਹ ਦੇਸ਼ ਦੀ ਅਜ਼ਾਦੀ ਲਈ ਨਹੀਂ ਸੀ ਲੜ ਰਿਹਾ, ਉਹ ਲੋਕਾਂ ਦੀ ਆਜ਼ਾਦੀ ਲਈ ਲੜ ਰਿਹਾ ਸੀ। ਭਗਤ ਸਿੰਘ ਨੂੰ ਪਤਾ ਸੀ ਜੇ ਲੋਕਾਂ ਦੀ ਅਜ਼ਾਦੀ ਆਉਣੀ ਹੈ ਤਾਂ ਮੁਲਕ ਦਾ ਲੋਟੂ ਤਬਕਾ ਅਜਾਦੀ ਦੀ ਲਹਿਰ ਨੂੰ ਸੀਮਤ ਮੰਤਵਾਂ ਤੱਕ ਰੱਖਣਾ ਚਾਹੇਗਾ। ਲੋਕਾਂ ਦੀ ਮੁਕਤੀ ਦਾ ਇਕ ਸੰਕਲਪ ਸਮਾਜਵਾਦ ਹੈ। ਸਮਾਜਵਾਦ ਸਾਡੇ ਲੋਕਾਂ ਦੀ ਮੁਕਤੀ ਦਾ ਅੰਤਮ ਸੰਕਲਪ ਨਹੀਂ ਹੈਗਾ। ਸਾਨੂੰ ਬਹੁਤੇ ਭੁਲੇਖਿਆਂ ਵਿਚ ਨਹੀਂ ਪੈਣਾ ਚਾਹੀਦਾ। ਸਮਾਜਵਾਦ ਏਸ ਸੱਤਾ ਨੂੰ ਬਦਲ ਕੇ ਅਗਲੇਰੇ ਪੜਾ ਵਲ ਤੋਰਦਾ ਹੈ। ਸੋ ਹਰ ਭਾਰਤੀ ਬੰਦਾ ਜਿਹੜਾ ਲੁੱਟ-ਘਸੁੱਟ ਅਮਾਨਵੀ ਕਦਰਾਂ ਕੀਮਤਾਂ ਤੋਂ ਦੁੱਖੀ ਹੈ ਉਸ ਨੂੰ ਹਰ ਵੇਲੇ ਭਗਤ ਸਿੰਘ ਯਾਦ ਆਏਗਾ। ਭਗਤ ਸਿੰਘ ਦੀ ਦੂਸਰੀ ਖੂਬੀ ਇਹ ਹੈ, ਉਹ ਸਿਰਫ਼ ਸਹਾਦਤ ਦਾ ਪ੍ਰਤੀਕ ਨਹੀਂ ਹੈ। ਉਹ ਚੇਤੰਨਤਾ ਦਾ ਪ੍ਰਤੀਕ ਵੀ ਹੈ। ਉਸ ਨਾਲੋਂ ਜ਼ਿਆਦਾ ਵੱਡਾ ਲੀਡਰ ਚੰਦਰ ਸ਼ੇਖਰ ਅਜ਼ਾਦ ਸੀ, ਭਗਤ ਸਿੰਘ ਕਹਿੰਦਾ ਸੀ। ਪਰ ਇਹਦੇ ਕੋਲ, ਦੂਸਰੇ ਇਨਕਲਾਬੀਆਂ ਨਾਲੋਂ ਜਾਂ ਸਾਥੀਆਂ ਨਾਲੋਂ ਇਕ ਵੱਖਰੀ ਨੀਤੀ ਸੀ, ਉਹ ਸੀ ਨਵੇਂ ਸਮਾਜਵਾਦੀ -ਯੁੱਗ ਦੀ ਸਥਾਪਨਾ ਦਾ ਸੰਕਲਪ। ਅੱਜ ਜੇ ਅਸੀਂ ਭਾਰਤ ਨੂੰ ਨਾਇਕ ਮੰਨਦੇ ਹਾਂ, ਉਹਦੀ ਸ਼ਹਾਦਤ ਕਰਕੇ ਨਹੀਂ ਮੰਨਦੇ, ਸ਼ਹਾਦਤ ਦੇ ਪਿੱਛੇ ਜੋ ਉਸਦੀ ਸੋਚ ਹੈ, ਉਸ ਕਰਕੇ ਮੰਨਦੇ ਹਾਂ। ਉਹ ਦੇਸ਼ ਦੀ ਅਜ਼ਾਦੀ ਵੀ ਚਾਹੁੰਦਾ, ਲੋਕਾਂ ਦੀ ਅਜ਼ਾਦੀ ਵੀ ਚਾਹੁੰਦਾ ਤੇ ਅਜ਼ਾਦੀ ਤੋਂ ਬਾਅਦ ਉਹ ਸਮਾਜਵਾਦ ਸਥਾਪਤ ਕਰਨਾ ਚਾਹੁੰਦਾ। ਉਹ ਸਮਾਜਵਾਦ ਜਿਸ ਵਿਚ ਹਰ ਬੰਦਾ ਬਰਾਬਰ ਦੇ ਹੱਕ ਲੈ ਕੇ ਜੰਮੇ, ਬਰਾਬਰਤਾ ਦੇ ਹੱਕ ਲਵੇ। ਬਾਅਦ ਦੀਆਂ ਗੱਲਾਂ ਇਹ ਹਕੀਕਤਾ ਨੇ, ਸੁਪਨੇ ਨੇ ਇਹ ਟਕਰਾਓ, ਹਰ ਵਧੀਆਂ ਲਿਖਤ ਵਿਚ ਹੁੰਦਾ। ਅਸੀਂ ਬਹੁਤ ਸਾਰੇ ਮਾਮਲਿਆਂ ਬਾਰੇ ਜੋ ਨਾਵਲ ਵਿਚ ਨੇ, ਮਤ-ਭੇਦ ਕਰ ਸਕਦੇ ਆ। ਏਸੇ ਕਰਕੇ ਭਗਤ ਸਿੰਘ ਅੱਜ ਰੈਲੇਵਿੰਟ ਹੈ ਕਿ ਅੱਜ ਸਾਨੂੰ ਸਾਰਿਆਂ ਨੂੰ ਸੁਪਨਿਆਂ ਦੀ ਲੋੜ ਹੈ। ਇਹ ਸੁਪਨਾ ਭਗਤ ਸਿੰਘ ਦੀ ਸ਼ਹਾਦਤ ਦੇ ਬਾਵਜੂਦ ਤੇ ਹੋਰ ਹਜ਼ਾਰਾਂ ਕੁਰਬਾਨੀਆਂ ਦੇ ਬਾਵਜੂਦ ਪੂਰਾ ਨਹੀਂ ਹੋਇਆ। ਇਸਨੂੰ ਮੁੜ ਮੁੜ ਪੁਕਾਰਨਾ, ਜਿਵੇਂ ਬਲਦੇਵ ਸਿੰਘ ਨੇ 'ਸਤਲੁਜ ਵਹਿੰਦਾ ਰਿਹਾ' ਰਾਹੀਂ ਪੁਕਾਰਿਆ ਹੈ। ਇਹਦੀ ਸਾਨੂੰ ਲੋੜ ਹੈ। ਏਹ ਨਾਵਲ ਸਾਨੂੰ ਏਸ ਪਾਸੇ ਤੋਰਦਾ ਹੈ। ਮੈਂ ਸਮਝਦਾ ਅਜਿਹੀ ਰਚਨਾ ਦਾ ਬਹੁਤ ਵੱਡਾ ਮੁੱਲ ਹੁੰਦਾ ਹੈ। ਏਸ ਪ੍ਰਸੰਗ ਵਿਚ ਇਸ ਨਾਵਲ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ। ਤੀਸਰੀ ਗੱਲ ਜਿਹੜੀ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਹੈ, ਉਹ ਇਹ ਹੈ, ਜਦੋਂ ਕੋਈ ਨਾਵਲਕਾਰ ਨਾਵਲ ਲਿਖਦਾ ਹੈ, ਉਸਦੇ ਸਾਹਮਣੇ ਕਈ ਮਸਲੇ ਹੁੰਦੇ ਨੇ, ਜਦੋਂ ਉਹ ਕੋਈ ਇਤਿਹਾਸਕ ਨਾਵਲ ਲਿਖਦਾ ਹੈ, ਉਸਦੇ ਸਾਹਮਣੇ ਮਸਲਿਆਂ ਦੇ ਢੇਰ ਹੁੰਦੇ ਨੇ। ਜਿਹੜੀਆਂ ਗੱਲਾਂ ਏਥੇ ਭਗਤ ਸਿੰਘ ਬਾਰੇ ਜਾਂ ਗਾਂਧੀ ਬਾਰੇ ਹੋਈਆਂ, ਏਥੇ ਹੱਕ ਜਾਂ ਵਿਰੋਧ ਦੀ ਗੱਲ ਨਹੀਂ ਹੈ। ਗੱਲ ਇਹ ਹੈ ਜੇ ਤੁਸੀਂ ਸਰਮਾਏਦਾਰੀ ਘੋਲਾਂ ਦਾ ਖਾਸਾ ਸਮਝਣਾ ਹੈ ਤਾਂ ਤੁਹਾਨੂੰ ਮਹਾਤਮਾ ਗਾਂਧੀ ਨੂੰ ਸਮਝਣਾ ਪੈਣਾ। ਜੇ ਭਾਰਤ ਵਿਚ ਸਰਮਾਏਦਾਰੀ ਦੀਆਂ ਜੜ੍ਹਾਂ ਰਾਜਨੀਤਕ ਤੌਰ ਤੇ ਤਕੜੀਆਂ ਹੁੰਦੀਆਂ ਨੇ ਤਾਂ ਉਹ ਕਿਸ ਤਰ੍ਹਾਂ ਆਪਣੇ ਜਮਾਤੀ-ਹਿੱਤ ਕਾਇਮ ਰੱਖ ਕੇ ਲੋਕਾਂ ਨੂੰ ਭੁਲਾਵੇਂ ਵਿਚ ਪਾਈ ਰੱਖਦਾ ਹੈ, ਇਹ ਵੀ ਜਾਨਣ ਦੀ ਲੋੜ ਹੈ। ਮੈਂ ਸਮਝਦਾ, ਜਿੰਨਾ ਵਧੀਆਂ ਮਹਾਤਮਾਂ ਗਾਂਧੀ ਨੂੰ ਨਾਵਲ ਵਿਚ ਪੇਸ਼ ਕੀਤਾ ਜਾਂਦਾ, ਭਗਤ ਸਿੰਘ ਦਾ ਬਿੰਬ ਓਨਾ ਹੀ ਵਧੀਆਂ ਬਣਨਾ ਸੀ। ਗਾਂਧੀ ਇਕ ਨਾਂ ਨਹੀਂ ਸੀ, ਉਹ ਪੂਰੀ ਦੀ ਪੂਰੀ ਭਾਰਤੀ ਸੋਚ ਦਾ ਪ੍ਰਤੀਕ ਸੀ। ਮਹਾਂਤਮਾ ਗਾਂਧੀ ਦਾ ਅਜ਼ਾਦੀ ਦੇ ਇਤਿਹਾਸ ਵਿਚ ਇਕ ਲੀਡਿੰਗ ਰੋਲ ਹੈ। ਉਹ ਵੱਧ ਪਰੈਕਟੀਕਲ ਹੈ। ਪਰ ਪਰੈਕਟੀਕਲ ਉਹ ਆਪਣੇ ਐਂਗਲਾ ਤੋਂ ਸੀ, ਆਪਣੇ ਜਮਾਤੀ ਦ੍ਰਿਸ਼ਟੀਕੋਣ ਤੋਂ ਸੀ, ਅਜ਼ਾਦੀ ਮਿਲਣ ਸਾਰ, ਉਸਨੇ ਪਹਿਲੀ ਗੱਲ ਕਹੀ ਸੀ, 'ਕਾਂਗਰਸ ਭੰਗ ਕਰ ਦਿਓ।" ਉਸਨੂੰ ਪਤਾ ਸੀ ਤਾਕਤ ਸਾਡੇ ਕੋਲ ਆ ਗਈ ਹੈ। ਹੁਣ ਕੀ ਵਾਪਰਨਾ ਹੈ। ਗਾਂਧੀ ਦੇ ਆਪਣੇ ਸੁਪਨੇ ਸੀ ਆਪਣੀਆਂ ਲੋੜਾਂ ਸੀ। ਮੈਂ ਸਮਝਦਾਂ ਏਸ ਪੱਖ ਤੋਂ ਥੋੜੀ ਜਿਹੀ ਗੱਲ ਭਾਵੇਂ ਨਾਵਲ ਦੇ ਵੇਰਵਿਆਂ ਵਿਚ ਆਵੇ, ਭਾਵੇਂ ਨਾ ਆਵੇ, ਪਰ ਜਿਸ ਬੰਦੇ ਨੇ ਵੀ ਭਗਤ ਸਿੰਘ ਬਾਰੇ ਲਿਖਣਾ ਹੈ, ਉਸਨੂੰ ਇਹ ਗੱਲਾਂ ਧਿਆਨ ਵਿਚ ਰੱਖਣੀਆਂ ਪੈਣਗੀਆਂ ਚੌਥੀ ਗੱਲ ਇਸ ਨਾਵਲ ਬਾਰੇ

ਜਿਹੜੀ ਹੈ, ਉਹ ਹੈ, ਲੇਖਕ ਜਦੋਂ ਨਾਵਲ ਲਿਖ ਰਿਹਾ ਹੁੰਦਾ, ਉਸ ਕੋਲ ਬਹੁਤ ਸਾਰਾ ਰਾ-ਮਟੀਰੀਅਲ ਹੁੰਦਾ, ਜਿਹੜੀ ਸਮੱਗਰੀ ਉਸਨੇ ਇਕੱਠੀ ਕੀਤੀ ਹੁੰਦੀ ਹੈ। ਹੋਰ ਵੀ ਕਰਨੀ ਹੁੰਦੀ ਹੈ, ਜਿਵੇਂ 'ਚ ਦਵੇਸ਼ਵਰ ਹੋਰਾਂ ਗੱਲ ਕੀਤੀ ਹੈ ਕਿ ਸਾਡੇ ਨਾਵਲ ਪਿਓਰ ਕਲਪਨਾ ਦੇ ਅਧਾਰ ਤੇ ਹੁੰਦੇ ਨੇ। ਉਹਨਾਂ ਵਿਚ ਤੁਹਾਡਾ ਅਨੁਭਵ ਜਿੰਨਾ ਵਧੇਰੇ ਹੋਵੇ, ਉਨੀ ਉਹਦੇ 'ਚ ਨੇੜਤਾ ਆ ਜਾਂਦੀ ਹੈ। ਸੰਘਣਤਾ ਆ ਜਾਂਦੀ ਹੈ। ਪਰ ਜਦੋਂ ਤੁਸੀਂ ਕਿਸੇ ਵੱਡੇ ਇਤਿਹਾਸਕ ਘਟਨਾਵਾਂ ਵਾਲੇ ਵਿਸ਼ੇ ਨੂੰ ਹੱਥ ਪਾਉਂਦੇ ਹੋ ਤਾਂ ਤੁਸੀਂ ਬਹੁਤ ਸਾਰੀ ਸਮੱਗਰੀ ਇਕੱਠੀ ਕਰਦੇ ਓ। ਇਹਦੇ 'ਚ ਮੈਂ ਸਮਝਦਾ ਬਲਦੇਵ ਸਿੰਘ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਉਸਨੇ ਬੜੀ ਦੂਰ ਤੱਕ ਸਰੋਤ ਇਕੱਠੇ ਕੀਤੇ ਨੇ। ਬਹੁਤ ਸਾਰੀਆਂ ਚੀਜ਼ਾਂ ਸਾਨੂੰ ਪਹਿਲੀ ਵਾਰ ਪਤਾ ਲੱਗੀਆਂ ਨੇ। ਏਸ ਨਾਵਲ ਦੇ ਹਵਾਲੇ ਨਾਲ ਇਹ ਵਧੀਆਂ ਗੱਲ ਹੈ। ਦੂਜੀ ਗੱਲ ਜਿਹੜੀ ਮੈਂ ਇੰਪਾਰਟੈਂਟ ਸਮਝਦਾਂ, ਬੜੇ ਸੰਕਟ ਤੇ ਤਰਕ ਵਾਲਾ ਕਾਰਜ ਹੈ ਕਿ ਉਸ ਸਮੱਗਰੀ ਵਿਚੋਂ ਕਿੰਨਾ ਕੁ ਨਾਵਲ ਵਿਚ ਪੇਸ਼ ਹੋਣ ਯੋਗ ਹੈ, ਤੇ ਉਹਦੇ ਵਿਚ ਕਿੰਨਾ ਕੁ ਅਜਿਹਾ ਹੈ ਜਿਹੜਾ ਨਾਵਲ ਦੀ ਕਲਾਤਮਕ ਖਿੰਡ ਨੂੰ ਖਿਲਾਰ ਦੇਵੇਗਾ। ਏਸ ਨਾਵਲ ਨੂੰ ਇਤਿਹਾਸਕ ਵੇਰਵਿਆਂ ਕਰਕੇ ਨਹੀਂ ਜਾਣਿਆ ਜਾਏਗਾ। ਇਹ ਨਾਵਲ ਹੀ ਰਹੇਗਾ ਔਰ ਇਹ ਬਲਦੇਵ ਸਿੰਘ ਦਾ ਲਿਖਿਆ ਨਾਵਲ ਰਹੇਗਾ। ਇਸ ਕਰਕੇ ਇਸਨੂੰ ਇਤਿਹਾਸਕ ਦਸਤਾਵੇਜ਼ ਬਨਾਉਣ ਦੀ ਲੋੜ ਨਹੀਂ ਹੈ। ਹਾਂ ਇਹ ਇਤਿਹਾਸ ਦੀ ਰੂਹ ਨੂੰ, ਇਤਿਹਾਸ ਦੀ ਅੰਤਰਧਾਰਾ ਨੂੰ, ਇਤਿਹਾਸ ਦੇ ਵੱਡੇ ਦਵੰਦਾਂ ਨੂੰ ਆਪਣੀ ਦ੍ਰਿਸ਼ਟੀ ਤੋਂ ਖ਼ੂਬਸੂਰਤ ਢੰਗ ਨਾਲ ਪੇਸ਼ ਕਰੇ, ਇਹ ਅਸੀਂ ਮੰਗ ਕਰਾਂਗੇ। ਔਰ ਇਸਨੇ ਇਸ ਪਾਸੇ ਬਹੁਤ ਵਧੀਆ ਯਤਨ ਕੀਤਾ ਹੈ। ਭਗਤ ਸਿੰਘ ਬਾਰੇ ਏਨੀਆਂ ਕਿਤਾਬਾਂ ਲਿਖੀਆਂ ਗਈਆਂ, ਲਿਖੀਆਂ ਜਾ ਰਹੀਆਂ ਨੇ, ਲਿਖੀਆਂ ਜਾਣਗੀਆਂ ਇਹ ਸੰਭਾਵਨਾ ਬਣੀ ਰਹੇਗੀ ਪਰ ਭਗਤ ਸਿੰਘ ਨੂੰ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ। ਕਿਉਂਕਿ ਕਈ ਅਜਿਹੇ ਪੱਖ ਨੇ ਜਿਹੜੇ ਲਾਈਮ-ਲਾਇਟ ਤੇ ਨਹੀਂ ਆ ਰਹੇ। ਬਹੁਤ ਚੀਜ਼ਾਂ ਨਹੀਂ ਲੱਭ ਰਹੀਆਂ। ਉਹਨਾਂ ਦੇ ਕਈ ਲੇਖ ਨੇ ਜਿਹੜੇ ਅਜੇ ਵੀ ਪੰਜਾਬੀ 'ਚ ਛਪੇ ਨਹੀਂ। ਏਥੇ ਜਿੰਨੀਆਂ ਗੱਲਾਂ ਨਾਵਲ ਬਾਰੇ ਹੋਈਆਂ ਨੇ, ਉਹਦੇ 'ਚ ਇਹਨਾ ਨੂੰ ਸਮਝਿਆ ਜਾਵੇ, ਸਾਨੂੰ ਬਲਦੇਵ ਸਿੰਘ ਦੀ ਸਮਰੱਥਾ ਤੇ ਸ਼ੱਕ ਹੈ। ਬਲਦੇਵ ਸਿੰਘ ਦੀ ਜਿਹੜੀ ਕਲਾਤਮਕ ਪ੍ਰਤਿਭਾ ਇਸ ਨਾਵਲ ਰਾਹੀਂ ਪੇਸ਼ ਹੋਈ ਹੈ, ਉਹਦੇ 'ਚ ਕੋਈ ਸ਼ੰਕਾ ਨਹੀਂ। ਮੈਂ ਖ਼ੁਦ ਇਸ ਬਾਰੇ ਬਹੁਤ ਸਖ਼ਤ ਹੁੰਦਾ ਕਿ ਜੇ ਪੰਜਾਬੀ 'ਚ ਚੰਗੀ ਲਿਖਤ ਪੈਦਾ ਕਰਨੀ ਹੈ। ਤਾਂ ਸਾਨੂੰ ਹਰ ਚੀਜ਼ ਬਾਰੇ, ਅੱਖਰ ਅੱਖਰ ਬਾਰੇ ਦੋ ਵਾਰ ਨਹੀਂ, ਤਿੰਨ ਵਾਰੀ ਨਹੀਂ, ਵਾਰ ਵਾਰ ਸੋਚਣ ਦੀ ਲੋੜ ਹੋਵੇਗੀ। ਨਹੀਂ ਤਾਂ ਤੁਸੀਂ ਆਲੋਚਕਾ ਨੂੰ ਜਿੰਨੀਆਂ ਮਰਜ਼ੀ ਗਾਲ੍ਹਾਂ ਕੱਢੀ ਜਾਓ, ਜਿੰਨਾ ਮਰਜ਼ੀ ਪਾਠਕਾਂ ਨੂੰ ਗਾਹਲਾਂ ਕੱਢੀ ਜਾਓ, ਏਥੇ ਲਿਖਤ ਦਾ ਓਨਾ ਮੁੱਲ ਨਹੀਂ ਪੈਣਾ। ਇਹ ਮੁੱਲ ਰਚਨਾ ਦੇ ਅੰਦਰ ਹੁੰਦਾ। ਛੇਕੜ ਮੈਂ ਇਕ ਗੱਲ ਕਹਿਣੀ ਹੈ, ਮੈਂ ਸਮਝਦਾ ਏਹ ਨਾਵਲ ਏਸ ਵੇਲੇ ਬਹੁਤ ਮੁੱਲਵਾਨ ਹੈ, ਆਉਣ ਵਾਲੇ ਸਮੇਂ ਵੀ ਮੁੱਲਵਾਨ ਹੋਵੇਗਾ। ਇਹਦਾ ਇਤਿਹਾਸਕ ਮਹੱਤਵ ਵੀ ਹੈ। ਜਦੋਂ ਅਸੀਂ ਵਿਕਸਤ ਪੂੰਜੀਵਾਦ ਦੇ ਵਿਸ਼ਵੀਕਰਣ ਦੇ ਔਰ ਸਾਮਰਾਜ ਦੇ ਇਕ ਤਰਫਾ ਸਮਾਜ ਦੇ ਉਹ ਝਮੇਲਿਆ, ਤੇ ਖੱਪ ਖਾਨਿਆਂ ਵਿਚ ਉਲਝੇ ਹੋਏ ਆ, ਜਿਨ੍ਹਾਂ ਕੀ ਅਸੀਂ ਕਦੇ ਤਵੱਕੋ ਨਹੀਂ ਕੀਤੀ ਸੀ। ਅੱਜ ਤੋਂ 15 ਸਾਲ ਪਹਿਲਾਂ ਜਿਹੜੇ ਰੂਸ ਨੂੰ ਸਾਮਰਾਜ ਕਹਿਕੇ ਰੌਲਾ ਪਾਉਂਦੇ ਹੁੰਦੇ ਸੀ, ਉਹ ਹੁਣ ਏਨਾ ਕੁ ਤਾਂ ਮੰਨੇ ਹਨ, ਸਾਰਾ ਸੰਸਾਰ ਯੂਨੀਫਾਰਮ ਹੋ ਗਿਆ, ਰੂਸ ਸੀਮਾਂ ਕਦੇ ਕਦੇ ਘੁਰਕੀ ਤਾਂ ਦੇ ਦਿੰਦਾ ਸੀ। ਮੇਰੇ ਕਹਿਣ ਦਾ ਮਤਲਬ ਹੈ ਜਿਸ ਕਿਸਮ ਦੇ ਸਮਾਜਵਾਦੀ ਜਾਂ ਵਿਕਸਤ ਪੂੰਜੀਵਾਦੀ ਦੌਰ ਵਿਚ ਅਸੀਂ ਗੁਜ਼ਰ ਰਹੇ ਹਾਂ, ਏਸ ਸਮੇਂ ਸਾਨੂੰ ਇਹੋ ਜੇਹੀਆਂ ਲਿਖਤਾਂ ਤੇ ਇਹਨਾਂ ਪਿਛੇ ਜੁੜਿਆ ਫਲਸਫਾ, ਇਹਨਾਂ ਲਿਖਤਾਂ ਪਿਛੇ ਜੁੜੀ ਜੀਵਨ ਸ਼ੈਲੀ ਬਹੁਤ ਪ੍ਰੇਰਿਤ ਕਰੇਗੀ। ਕਿਉਂਕਿ ਜ਼ਿੰਦਗੀ ਦਾ ਦੂਜਾ ਪੱਖ ਸਿਰਫ਼ ਨਿਰਾਸ਼ਾ ਦਾ ਹੈ। ਦੇਹ ਵਾਦ ਹੈ, ਸੈਕਸਵਾਦ ਦਾ ਹੈ ਤੇ ਹੋਰ ਸਾਰੀਆਂ ਬੀਮਾਰੀਆਂ ਦਾ ਹੈ। ਇਸ ਲਈ ਚੰਗੀ ਲਿਖਤ ਨਾਲ, ਸਿਹਤਮੰਦ ਲਿਖਤ ਨਾਲ ਜਿੰਦਗੀ ਨੂੰ ਨਵੇਂ ਸੁਪਨੇ ਜੋੜਨ ਵਾਲੀ ਲਿਖਤ ਦਾ ਸਾਨੂੰ ਸਵਾਗਤ ਕਰਨਾ ਚਾਹੀਦਾ ਹੈ ਤੇ ਏਸੇ ਕਰਕੇ ਮੈਂ ਬਲਦੇਵ ਸਿੰਘ ਨੂੰ ਤਹਿ ਦਿਲੋਂ ਵਧਾਈ ਦਿੰਦਾ ਹਾਂ, ਇਹ ਨਾਵਲ ਲਿਖਣ ਲਈ।

ਬਲਦੇਵ ਸਿੰਘ- ਜਿਹੜੇ ਮਕਸਦ ਲਈ ਨਾਵਲ 'ਸਤਲੁਜ ਵਹਿੰਦਾ ਰਿਹਾ' ਉਪਰ ਗੋਸ਼ਟੀ ਦਾ ਪ੍ਰਬੰਧ ਕੀਤਾ ਗਿਆ ਸੀ। ਮੇਰੇ ਹਿਸਾਬ ਨਾਲ ਉਹ ਮਕਸਦ ਪੂਰਾ ਹੋ ਗਿਆ ਹੈ। ਇਕ ਸੰਵਾਦ ਰਚਾਉਣਾ ਸੀ ਤੇ

ਨਾਵਲ ਦੇ ਬਹਾਨੇ ਤੁਹਾਡੇ ਵਿਚਾਰ ਸੁਣਨੇ ਸਨ। ਇਥੇ ਭਾਰਤੀ ਰਾਜਨੀਤੀ ਦੀਆਂ ਗੱਲਾਂ ਹੋਈਆਂ ਰਾਜਨੀਤਕ ਲੀਡਰਾਂ ਦੇ ਕਿਰਦਾਰਾਂ ਬਾਰੇ ਗੱਲਾਂ ਹੋਈਆਂ ਨੇ। ਇਹ ਗੱਲਾਂ ਹੋਣ ਦੀ ਸੰਭਾਵਨਾ ਸੀ। ਕੋਈ ਵੀ ਲਿਖਤ ਆਖ਼ਰ ਨਹੀਂ ਹੁੰਦੀ। ਨਾ ਹੀ ਕਿਸੇ ਕਲਾ ਦਾ ਆਖਰ ਹੁੰਦਾ ਹੈ। ਬਹਿਸ ਤੇ ਵਿਚਾਰ ਚਰਚਾ ਵੀ ਆਖਰ ਨਹੀਂ ਹੁੰਦੀ। ਤਬਦੀਲੀਆਂ ਅਤੇ ਵਾਧਿਆਂ ਘਾਟਿਆਂ ਦੀ ਗੁੰਜਾਇਸ਼ ਸਦਾ ਬਣੀ ਰਹਿੰਦੀ ਹੈ। ਮੈਂ ਦੋਹਾਂ ਵਿਦਵਾਨਾਂ ਡਾ. ਦਵੇਸ਼ਵਰ ਅਤੇ ਡਾ. ਗੁਰਮੁਖ ਸਿੰਘ ਦਾ ਰਿਣੀ ਹਾਂ। ਉਹਨਾਂ ਨੇ ਬਹੁਤ ਸੁਚੇਤ ਹੋ ਕੇ ਨਾਵਲ ਬਾਰੇ ਗੱਲਾਂ ਕਹੀਆਂ ਨੇ। ਮੈਂ ਇਹਨਾਂ ਤੋਂ ਬੜਾ ਕੁਝ ਸਿੱਖਿਆ ਹੈ। ਨਾ ਮੈਂ ਇਤਿਹਾਸਕਾਰ ਹਾਂ, ਨਾ ਮੈਂ ਗੁਰਬਾਣੀ ਦਾ ਚੰਗਾ ਗਿਆਤਾ ਹਾਂ। ਮੈਂ ਜੀਨੀਅਸ ਵੀ ਨਹੀਂ ਜਿਸ ਨੂੰ ਕਾ. ਜਗਰੂਪ 'ਪਰਮਗੁਣੀ' ਆਖਦੇ ਨੇ। ਤੁਸੀਂ ਸਭ ਨੇ ਏਸ ਗੋਸ਼ਟੀ 'ਤੇ ਨਾਵਲ ਤੇ ਐਨੇ ਵਿਚਾਰ ਦਿੱਤੇ ਤੁਹਾਡਾ ਧੰਨਵਾਦ।

ਜਸਵੰਤ ਸਿੰਘ ਕੰਵਲ-ਤੁਸੀਂ ਸਾਰੇ ਬਹੁਤ ਚੰਗੇ ਲਗਦੇ ਓ। ਬੜੀ ਸੰਜੀਦਗੀ ਨਾਲ ਸਾਰੇ ਸੰਵਾਦ ਨੂੰ ਸੁਣਿਆ ਵੀ, ਵਿਚਾਰਿਆ ਵੀ। ਮੈਂ ਇਹ ਨਾਵਲ ਪੜ੍ਹਿਆ ਨਹੀਂ। ਕੁਝ ਰੁਝੇਵੇਂ ਵੀ ਰਹੇ। ਜੋ ਏਥੇ ਸੁਣਿਆ ਹੈ ਉਸ ਬਾਰੇ ਪ੍ਰਸੰਸਾ ਹੀ ਕਰ ਸਕਦਾ ਹਾਂ। ਚੰਗੀਆਂ ਗੱਲਾਂ ਨਾਵਲ ਬਾਰੇ ਹੋਈਆਂ ਨੇ। ਆਪਾਂ ਰਲ ਮਿਲ ਕੇ ਇਸ ਨੂੰ ਹੋਰ ਅੱਗੇ ਵਧਾਈਏ। ਬਲਦੇਵ ਸਿੰਘ ਤਕੜਾ ਬੰਦਾ। ਜਿਹੜਾ ਨੁਕਤਾਚੀਨੀ ਸਹਿ ਕੇ ਵੀ ਕਹਿੰਦਾ, ਮੈਂ ਅੱਗੇ ਵਧਾਂਗਾ। ਸਾਰਿਆਂ ਨੂੰ ਇਹ ਗੱਲ ਮਨ ਵਿਚ ਵਸਾ ਲੈਣੀ ਚਾਹੀਦੀ ਹੈ, ਗਲਤੀਆਂ ਵੱਡੇ ਬੰਦਿਆਂ ਤੋਂ ਵੀ ਹੁੰਦੀਆਂ ਨੇ। ਗਲਤੀਆਂ ਨੇ ਹੀ ਮਨੁੱਖ ਨੂੰ ਸਿੱਧੇ ਰਾਹ ਪਾਇਆ ਹੈ। ਮੈਂ ਆਪਣੀ ਜ਼ਿੰਦਗੀ 'ਚ ਜਿੰਨਾਂ ਆਪਣੀਆਂ ਗਲਤੀਆਂ ਤੋਂ ਸਿੱਖਿਆ ਹੈ, ਓਨਾਂ ਸ਼ਾਇਦ ਛੋਟੀਆਂ ਛੋਟੀਆਂ ਕਾਮਯਾਬੀਆਂ ਤੋਂ ਨਹੀਂ ਸਿੱਖਿਆ। ਸੋ ਨੇਕੀ ਨੇ ਬਦੀ ਦੀ ਜੰਗ ਵਾਂਗ ਇਹ ਗਲਤੀਆਂ ਵੀ ਜ਼ਿੰਦਗੀ ਨੂੰ ਸੁਖਾਵੇਂ ਅਤੇ ਪੱਧਰੇ ਰਾਹ ਤੇ ਪਾਉਂਦੀਆਂ ਨੇ ਮੈਂ ਬਲਦੇਵ ਸਿੰਘ ਹੋਰਾਂ ਨੂੰ ਵਧਾਈ ਦੇਨਾਂ ਹਾਂ ਕਿ ਉਹਨਾਂ ਦਾ ਇਰਾਦਾ ਹਾਲੇ ਬਹੁਤ ਕੁਸ਼ ਕਰਨ ਦਾ ਹੈ ਤੇ ਤਕੜਾ ਹੈ। ਅੱਜ ਦੇ ਪਰਚਾ ਲੇਖਕਾਂ ਨੇ ਅਤੇ ਮਿੱਤਰਾਂ ਨੇ ਜੋ ਚੰਗੇ ਸੁਝਾ ਦਿੱਤੇ ਨੇ, ਅਸੀਂ ਲਿਖਣ ਵਾਲੇ ਉਹਨਾਂ ਤੋਂ ਬੜਾ ਕੁਝ ਸਿਖਾਂਗੇ। ਸਾਨੂੰ ਗ਼ਿਲਾ ਹੈ, ਅਜ਼ਾਦੀ ਹੋਣ ਤੋਂ ਬਾਅਦ ਭਾਰਤ ਜੋ ਬਣਨਾ ਸੀ ਨਹੀਂ ਬਣ ਸਕਿਆ। ਚੀਨ ਪਿਛੋਂ ਆਜ਼ਾਦ ਹੋ ਕੇ ਸਾਡੇ ਨਾਲੋਂ ਵੱਡੀਆਂ ਮੱਲਾਂ ਮਾਰ ਗਿਆ। ਚੀਨੀ ਲੋਕਾਂ ਨੇ ਆਪਣੇ ਦੇਸ਼ ਨੂੰ ਸੰਭਲਿਆ ਹੈ, ਸਾਡੇ ਲੋਕਾਂ ਨੇ ਦੇਸ਼ ਨੂੰ ਉਜਾੜਿਆ ਔਰ ਖਾਧਾ ਹੈ। ਅਸੀਂ ਲਿਖਣ ਵਾਲੇ ਫ਼ਖਲ ਮਹਿਸੂਸ ਕਰਦੇ ਹਾਂ ਕਿ ਅਸੀਂ ਐਨੀਆਂ ਗਲਤੀਆਂ ਨਹੀਂ ਕੀਤੀਆਂ। ਜਿੰਨੀਆਂ ਸਾਡੇ ਲੀਡਰਾਂ ਨੇ ਕੀਤੀਆਂ ਨੇ। ਜਿਉਂਦੇ ਰਹੋ, ਡਟੇ ਰਹੋ, ਸਦਾ ਲੋਕਾਂ ਦੀ ਗੱਲ ਕਰੋ।

-ਸਕ੍ਰਿਪਟ-ਗੁਰਮੀਤ ਕੜਿਆਲਵੀ

'ਕਹਾਣੀ ਧਾਰਾ' ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ	ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ
2. ਪ੍ਰਕਾਸ਼ਨ ਕਾਲ	ਤ੍ਰੈ-ਮਾਸਿਕ
3. ਛਾਪਕ, ਪ੍ਰਕਾਸ਼ਕ ਤੇ ਮਾਲਕ	ਸੁਖਵਿੰਦਰ
4. ਕੌਮੀਅਤ	ਭਾਰਤੀ
5. ਪਤਾ	ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ
6. ਸੰਪਾਦਕ	ਭਗਵੰਤ ਰਸੂਲਪੁਰੀ
7. ਕੌਮੀਅਤ	ਭਾਰਤੀ
8. ਪਤਾ	ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ।

ਮੈਂ ਸੁਖਵਿੰਦਰ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 25 ਫਰਵਰੀ, 2009 — ਦਸਤਖਤ

ਸੁਖਵਿੰਦਰ, ਪ੍ਰਕਾਸ਼ਕ

ਜਨ ਬੋਧ

ਸੰਘ ਪਰਿਵਾਰ ਅਤੇ ਅੰਬੇਡਕਰ ਫਲਸਫਾ/ ਡਾ. ਆਨੰਦ ਤੇਲਤੁੰਬੜੇ

ਜਦੋਂ ਸੰਘ ਪਰਿਵਾਰ ਬਾਬਾ ਸਾਹਿਬ ਅੰਬੇਡਕਰ ਨੂੰ ਅਪਣਾਉਂਦਾ ਹੈ ਤਾਂ ਉਹ ਬੜੀ ਚਾਲਾਕੀ ਨਾਲ, ਉਨ੍ਹਾਂ ਦੇ ਜਾਤ-ਜਾਤ ਦੇ ਬੀਜ ਨਾਸ ਦੇ ਮਿਸ਼ਨ ਦੀ ਗੱਲ ਨਹੀਂ ਕਰਦਾ ਜਾਂ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ 'ਤੇ ਆਧਾਰਿਤ ਭਾਰਤ ਰਚਨਾ ਦੇ ਨਜ਼ਰੀਏ ਨੂੰ ਅਣਗੌਲਿਆ ਕਰਦਾ ਹੈ। ਪੂਰਾ-ਪੂਰਾ ਸੰਘ ਪਰਿਵਾਰ ਦਾ ਪ੍ਰਾਪੇਗੰਡਾ ਹਰੇਕ ਉਸ ਸਮੱਸਿਆ ਨੂੰ ਅਣਗੌਲਿਆ ਕਰਦਾ ਹੈ, ਜਿਨ੍ਹਾਂ ਦੇ ਹੱਲ ਲਈ ਅੰਬੇਡਕਰ ਨੇ ਆਪਣਾ ਜੀਵਨ ਦਾਅ 'ਤੇ ਲਾ ਦਿੱਤਾ ਸੀ। ਮਿਸਾਲ ਵਜੋਂ, ਹਿੰਦੂ ਸਮਾਜ 'ਚ ਜਾਤੀ ਪ੍ਰਬੰਧ ਨੂੰ ਉਹ ਅਸਲੀ ਹਕੀਕਤ ਮੰਨਦੇ ਨਜ਼ਰ ਆਉਂਦੇ ਹਨ, ਜੋ ਇੱਛਾ (ਸ਼ਕਤੀ) ਨਾਲ ਖ਼ਤਮ ਕੀਤੀ ਜਾ ਸਕਦੀ ਹੈ, ਇੱਕ ਬੇਬੁਨਿਆਦ ਰੀਤੀ ਜਿਹੜੀ ਬਸ ਢਾਹੁਣ ਨਾਲ ਹੀ ਖ਼ਤਮ ਹੋਈ ਸਮਝੋ। ਖਾਸ ਦੋ-ਮੂੰਹੇਪਣ ਨਾਲ, ਇਕ ਜਣਾ ਇਸ ਜਾਤੀ ਪ੍ਰਬੰਧਕੀ ਢਾਂਚੇ ਦੀ ਜ਼ੋਰਦਾਰ ਵਕਾਲਤ ਕਰਨ ਲਈ ਅੱਗੇ ਆਉਂਦਾ ਹੈ ਅਤੇ ਕਦੀ-ਕਦੀ ਘਿਰਣਾਜਨਕ ਬੇਮੌਕੇ ਦਾ ਮੁਲਜ਼ਮ/ਗੁਆਹ, ਅਖੇ-ਮੱਧਕਾਲ 'ਚ ਮੁਸਲਿਮ ਹਮਲਿਆਂ ਤੋਂ ਹਿੰਦੂ ਸਮਾਜ ਨੂੰ ਬਚਾਉਣ ਲਈ ਇਹ ਇੱਕ ਬਚਾਉ ਦੀ ਤਰਕੀਬ ਸੀ। ਇਸ ਨੇ ਕਦੀ ਵੀ ਸਾਫ਼-ਸਾਫ਼ ਸ਼ਬਦਾਂ 'ਚ ਆਪਣੇ ਦਬਾਊ ਅਤੀਤ 'ਤੇ ਕੋਈ ਸ਼ਰਮਿੰਦਗੀ ਜਾਂ ਅਫ਼ਸੋਸ ਜ਼ਾਹਿਰ ਨਹੀਂ ਕੀਤਾ। ਨਾ ਹੀ ਕਦੀ ਜਾਤੀਆਂ ਖ਼ਤਮ ਕਰਨ ਦੇ ਕਿਸੇ ਠੋਸ ਪ੍ਰੋਗਰਾਮ ਨੂੰ ਅੱਗੇ ਲਿਆਉਣ ਦੀ ਚਿੰਤਾ ਪ੍ਰਗਟਾਈ ਹੈ। ਇਹ ਸਿਰਫ ਵੱਡੇਰਿਆਂ ਵਾਲੇ ਘੁਮੰਡ ਦੀ ਤੋਤਾ-ਰੱਟ ਲਾਉਂਦਾ ਹੈ, ਅਖੇ,"ਅਸੀਂ ਸਾਰੇ ਹਿੰਦੂ ਹਾਂ, ਅਛੂਤਪੁਣਾ ਕਿੱਥੇ ਹੈ? ਜਾਤ-ਪਾਤ ਕਿੱਥੇ ਹੈ? ਅਸੀਂ ਸਾਰੇ ਇੱਕ ਹਾਂ, ਸਾਡਾ ਇੱਕ ਵਰਣ ਅਤੇ ਇੱਕ ਜਾਤੀ ਹੈ-ਉਹ ਹੈ ਹਿੰਦੂ।" ਜਾਤ-ਪਾਤ ਦੀ ਸਮੱਸਿਆ ਦਾ ਕਿੰਨਾ ਆਸਾਨ ਹੱਲ ਹੈ! ਇਹ ਡਾ. ਅੰਬੇਡਕਰ ਦੀ ਅਸਲ ਬੇਇੱਜ਼ਤੀ ਹੈ, ਜਿਸ ਨੇ ਜਾਤ-ਪਾਤ ਦੇ ਵਿਰੁੱਧ ਸੰਘਰਸ਼ 'ਚ ਆਪਣੀ ਸਾਰੀ ਜ਼ਿੰਦਗੀ ਲਗਾ ਦਿੱਤੀ ਸੀ। ਜਿਥੋਂ ਤੱਕ ਉਸ ਦੇ ਨਜ਼ਰੀਏ ਦਾ ਸੁਆਲ ਹੈ, ਸੰਘ ਪਰਿਵਾਰ ਆਪਣੀ ਫਾਸ਼ੀ ਬੰਸਾਵਲੀ ਸਮੇਤ ਸਮਾਨਤਾ ਸੁਤੰਤਰਤਾ ਅਤੇ ਭਾਈਚਾਰੇ ਦੇ ਵਿਚਾਰਾਂ ਸਾਹਮਣੇ ਬਿਲਕੁਲ ਨਗਨਤਾ ਨਾਲ ਵਿਰੋਧ 'ਚ ਖੜਾ ਹੈ। ਸੰਘ ਪਰਿਵਾਰ ਦੇ ਇਹ ਵਿਵੇਕਹੀਣ ਲੋਕ ਜਨਤਾ ਦੀ ਹਰ ਇੱਕ ਸਮੱਸਿਆ ਨੂੰ (ਬੰ) ਇਸੇ ਢੰਗ ਨਾਲ ਲੈਂਦੇ ਹਨ ਅਤੇ ਵੈਸ਼ਵਿਕ (ਸੰਸਾਰ ਪੱਧਰ ਦੀ) ਦਵਾ ਵਜੋਂ ਹਿੰਦੂਤਵ ਪੇਸ਼ ਕਰਦੇ ਹਨ।

ਇਸ ਤਰ੍ਹਾਂ ਅੰਬੇਡਕਰ ਨੂੰ ਮੁਸਲਮਾਨਾਂ ਦੇ ਵਿਰੋਧੀ ਵਜੋਂ ਨਿੰਦਣ ਦੀ ਇਹ ਕੋਈ ਪਹਿਲੀ ਵਾਰੀ ਨਹੀਂ ਹੈ। ਇਸ ਤਰ੍ਹਾਂ ਦੇ ਨਿੰਦਣ ਦੀ ਕਾਰਵਾਈ ਕਰਨ ਵਾਲਾ ਮਿ. ਵਿਨੈ ਕਟਿਆਰ ਜਿਹਾ ਪਹਿਲਾ ਆਦਮੀ ਨਹੀਂ ਹੈ। ਵਿਨੈ ਕਟਿਆਰ ਦੇ ਇਹ ਸਨਕਪੂਰਣ ਸ਼ਬਦ, ਜਿਸ ਕਰਕੇ ਧਿਆਨ ਦੇਣ ਦੀ ਮੰਗ ਕਰਦੇ ਹਨ, ਉਹ ਹੈ ਸੰਦਰਭ ਅਤੇ ਉਤਾਵਲਾਪਣ, ਜਿਸ ਨਾਲ ਉਸ ਨੇ ਇਸ ਨੂੰ ਲਹਿਰ ਦੇ ਰੂਪ 'ਚ ਲਿਆਂਦਾ। ਉਂਝ ਅੰਬੇਡਕਰ ਦੀ ਮਹਾਨ ਹਸਤੀ ਬਾਰੇ ਗੱਲ ਕਰਨ ਲਈ ਵਿਨੈ ਕਟਿਆਰ ਨੂੰ ਇੱਕਾ-ਦੁੱਕਾ ਗੈਰ-ਮੁਨਾਸਿਬ ਮੰਨਿਆ ਜਾ ਸਕਦਾ ਸੀ। ਬਲਾਤਕਾਰ ਦੇ ਕੇਸ 'ਚ ਅਪਰਾਧੀ ਕਹੇ ਜਾਂਦੇ ਅਤੇ ਆਪਣੇ ਹੀ ਸਾਧੂ-ਸੰਤਾਂ ਵੱਲੋਂ ਹੇਰਾਫੇਰੀ ਦਾ ਦੋਸ਼ੀ ਮੰਨੇ ਹੋਏ ਵਿਅਕਤੀ ਨਾਲੋਂ ਸ਼ਾਇਦ ਹੀ ਹੋਰ ਕੋਈ ਅਯੋਗ ਵਿਅਕਤੀ ਹੋਵੇ, ਜੋ ਬਾਬਾ ਸਾਹਿਬ ਜਿਹੀ ਮਹਾਨ ਸ਼ਖ਼ਸੀਅਤ ਬਾਰੇ ਗੱਲ ਕਰ ਸਕੇ। ਘੱਟੋ-ਘੱਟ ਉਸ ਦੇ ਵਿਚਾਰਾਂ ਦੀ ਵਿਆਖਿਆ ਕਰਨ ਲਈ ਤਾਂ ਉਹ ਬਿਲਕੁਲ ਹੀ ਯੋਗ ਨਹੀਂ ਪ੍ਰੰਤੂ ਜਿਵੇਂ ਰਾਮ ਭਗਤ ਆਣੇ ਦੁਆਲੇ ਬੰਦਰਾਂ ਨੂੰ ਇਕੱਠਾ ਕਰਨ ਲਈ ਮਸ਼ਹੂਰ ਹਨ ਜਦੋਂਕਿ ਸ਼ੈਤਾਨ ਵੀ ਉਧਰੋਂ ਜਾਣੋ ਡਰਦੇ ਹਨ, ਵਿਨੈ ਕਟਿਆਰ ਨੇ ਇਹੀ ਕੀਤਾ। ਫਿਰ ਵੀ ਵਿਨੈ ਕਟਿਆਰ ਦੀ ਬੰਸਾਵਲੀ ਮੁੱਢਲੇ ਤੌਰ 'ਤੇ ਬਜਰੰਗ ਦਲ 'ਚ ਪਾਈ ਜਾਂਦੀ ਹੈ। ਯਕੀਨ ਨਾਲ ਆਪਣੀ ਹੀ ਕਿਸਮ ਦੀ ਆਗਿਆਨਤਾ ਦੇ ਬਣਦਿਆਂ ਉਸ ਨੇ ਆਪਣੀ 'ਵਿਦਵਤਾ' ਵਾਲਾ ਜ਼ੋਰ ਜਾਰੀ ਰੱਖਿਆ, ਭਾਵੇਂ ਕਿ ਸ਼ੁਰੂਆਤ 'ਚ ਆਲੋਚਨਾ ਨੇ ਉਸ ਦਾ ਧਿਆਨ ਉਸ ਤਿਲਕਵੀਂ ਜ਼ਮੀਨ, ਜਿਸ 'ਤੇ ਉਹ ਖੜਾ ਸੀ, ਵੱਲ ਜ਼ਰੂਰ ਦੁਆਇਆ। ਸੰਦਰਭ ਜਿਸ ਨੇ ਧਿਆਨ ਖਿੱਚਿਆ, ਉਹ ਸੀ ਮੁਸਲਿਮ ਵਿਰੋਧੀ ਆਦਮਖੋਰ ਹਿੰਦੂਤਵ ਲਹਿਰ, ਜਿਸ ਦਾ ਆਪਣਾ ਰੂਪ ਗੁਜਰਾਤ ਵਿੱਚ ਇਸ ਦੇ ਪਹਿਲੇ ਸਫ਼ਲ ਤਜਰਬੇ 'ਚ ਜ਼ਾਹਿਰ ਹੋਇਆ,

ਜਿਥੇ ਇਸ ਨੇ ਹਜ਼ਾਰਾਂ ਹੀ ਬੇਗੁਨਾਹ ਮੁਸਲਮਾਨਾਂ ਨੂੰ ਨਿਗਲ ਲਿਆ ਅਤੇ ਤਬਾਹ ਕੀਤਾ ਗਿਆ। ਸਭ ਤੋਂ ਵੱਧ ਧਿਆਨ ਦੇਣ ਵਾਲੀ ਵਿਸ਼ੇਸ਼ਤਾ ਇਹ ਸੀ ਕਿ ਗੁਜਰਾਤ ਦੇ ਇਸ ਤਜਰਬੇ 'ਚ ਕਬੀਲਿਆਂ ਅਤੇ ਦਲਿਤਾਂ ਦੀ ਸ਼ਮੂਲੀਅਤ। ਪਹਿਲੜਾ ਅਣਛੂਹਿਆ ਚੋਣ ਖੇਤਰ ਸੀ ਅਤੇ ਸੱਤਾ ਦੇ ਭੁੱਖੇ ਸੰਘ ਪਰਿਵਾਰ ਵੱਲੋਂ ਦੂਸਰਿਆਂ ਦੀ ਗੈਰਹਾਜ਼ਰੀ ਕਾਰਨ, ਏਕਾਧਿਕਾਰ ਕਰਨ 'ਤੇ ਕਈਆਂ ਨੂੰ ਹੈਰਾਨੀ ਨਹੀਂ ਹੋਈ। ਪ੍ਰੰਤੂ ਦਲਿਤਾਂ ਨੇ, ਜਿਨ੍ਹਾਂ ਬਾਰੇ ਅਨੁਮਾਨਿਆ ਜਾਂਦਾ ਹੈ ਕਿ ਉਹ ਸਵਰਨ ਜਾਤੀ ਹਿੰਦੂਆਂ, ਜੋ ਹਿੰਦੂਤਵ ਦੀਆਂ ਤਾਕਤਾਂ ਹਨ, ਨਾਲ ਵਿਪਰੀਤ ਵਿਰੋਧਤਾਵਾਂ 'ਚ ਰਹਿੰਦੇ ਹਨ, ਜ਼ਰੂਰ ਹੈਰਾਨ ਕੀਤਾ ਅਤੇ ਲੋਕਾਂ ਨੂੰ ਧੱਕਾ ਲੱਗਾ। ਇਨ੍ਹਾਂ ਤੱਥਾਂ ਦੇ ਬਾਵਜੂਦ ਕਿ ਗੁਜਰਾਤ ਦੇ ਦਲਿਤ ਵੱਡੀ ਪੱਧਰ 'ਤੇ ਗਾਂਧੀਵਾਦ ਦੇ ਵਡੇਰਿਆਂ ਵਰਗੇ ਅਸਰ ਅਧੀਨ ਰਹੇ ਹਨ, ਜਦੋਂਕਿ ਅੰਬੇਡਕਰੀ-ਅੰਦੋਲਨ ਨੇ ਪੂਰੇ ਦੇਸ਼ ਦੀ ਆਤਮਾ ਨੂੰ ਝੰਜੋੜਿਆ, ਅਜੇ ਥੋੜ੍ਹੇ ਸਾਲ ਪਹਿਲਾਂ ਦੂਰ-ਦੂਰ ਤੱਕ ਫੈਲੇ ਰਾਖਵੇਂਕਰਨ ਸਬੰਧੀ ਦੰਗੇ, ਜਿਨ੍ਹਾਂ ਵਿੱਚ ਉਹ (ਦਲਿਤ) ਸੰਘ ਪਰਿਵਾਰ ਵੱਲੋਂ ਬੁਰੀ ਤਰ੍ਹਾਂ ਨਾਲ ਕੁਚਲੇ ਗਏ ਹਨ, ਵੱਲੋਂ ਉਮੀਦ ਕੀਤੀ ਜਾਂਦੀ ਸੀ ਕਿ ਘੱਟੋ-ਘੱਟ ਹਿੰਦੂਤਵ ਦੀ ਫਿਰਕੂ ਸਕੀਮ ਤੋਂ ਜ਼ਰੂਰ ਪਰ੍ਹਾਂ ਰਹਿਣਗੇ। ਹਿੰਦੂਤਵ ਬ੍ਰਿਗੇਡ ਵੱਲੋਂ ਮੁਸਲਮਾਨਾਂ ਦੇ ਵਿਰੁੱਧ ਫਿਰਕੂ ਹੱਤਿਆਕਾਂਡ 'ਚ ਇਨ੍ਹਾਂ ਵੱਲੋਂ ਪੈਦਲ ਸੈਨਾ ਦਾ ਕੰਮ ਕਰਨਾ ਅਸਲ 'ਚ ਸਦਮੇ ਦੀ ਗੱਲ ਸੀ।

ਸੰਘ ਪਰਿਵਾਰ ਦਾ ਜਾਣਿਆ-ਪਛਾਣਿਆ ਖੇਲ ਹੈ ਡਾ. ਅੰਬੇਡਕਰ ਨੂੰ ਇਕ ਕੌਮਪ੍ਰਸਤ ਵਜੋ ਪੇਸ਼ ਕਰਨਾ। ਕੁਝ ਕਰਕਸ਼ੀਲ ਬੁੱਧੀਜੀਵੀਆਂ ਵਲੋਂ ਫੈਲਾਈ ਗਈ ਝੂਠੀ ਅਫ਼ਵਾਹ ਅਖੇ, ਡਾ. ਅੰਬੇਡਕਰ ਬ੍ਰਿਤਾਨੀ ਸਾਮਰਾਜ ਦੀ ਕਠਪੁਤਲੀ ਸੀ ਅਤੇ ਭਾਰਦ ਦੀ ਆਜ਼ਾਦੀ ਦੇ ਸੰਗਰਾਮ ਦਾ ਵਿਰੋਧੀ ਸੀ। ਇਸ ਨੂੰ ਚੁੱਪਗੁੱਪ ਸਮਰਥਨ ਦੇਣ ਦੇ ਇਸ ਪਹਿਲੇ ਪੈਂਤੜੇ ਦਾ ਇਹ ਦਰਅਸਲ ਉਲਟਾ ਅਸਰ ਹੈ। ਉਹ ਉਸਦੀ ਵਿਰੋਧਤਾ ਜਾਰੀ ਨਹੀਂ ਰੱਖ ਸਕੇ। ਕਿਉਂਕਿ ਡਾ. ਅੰਬੇਡਕਰ ਸਾਰੇ ਦਲਿੱਤਾਂ ਲਈ ਇਕ ਦੇਵਤਾ ਸਮਾਨ ਸ਼ਕਤੀ ਅਤੇ ਜੋ ਕੁਝ ਵੀ ਭਾਰਤ 'ਚ ਪ੍ਰਗਤੀਸ਼ੀਲ ਹੈ ਉਸ ਲਈ ਇਕ ਸੱਚਾ ਪ੍ਰਤੀਕ ਬਣ ਚੁੱਕਾ ਹੈ। ਝੂਠੀਆਂ ਅਫ਼ਵਾਹਾਂ ਨਾਲ ਇਸ ਦੇ ਮੋਢੀਆਂ ਦਾ ਬੜੀ ਆਸਾਨੀ ਨਾਲ ਹੋਰ ਨੁਕਸਾਨ ਹੋ ਸਕਦਾ ਸੀ, ਜਿਸਦਾ ਸੰਘ ਪਰਿਵਾਰ, ਹੋਰਾਂ ਨਾਲ ਜ਼ਿਆਦਾ ਹੱਕਦਾਰ ਹੈ। ਡਾ. ਅੰਬੇਡਕਰ ਦਾ ਸਿੱਧਿਆਂ ਵਿਰੋਧ ਕਰਨਵ 'ਚ ਜਦੋਂ ਇਕ ਵਾਰ ਇਨ੍ਹਾਂ ਨੇ ਮੁਸ਼ਕਿਲ ਮਹਿਸੂਸ ਕੀਤੀ, ਉਨ੍ਹਾਂ ਨੇ ਰਲ੍ਹਾ ਲੈਣ ਦੀ ਪ੍ਰਸਿੱਧ ਚਾਲ ਚੱਲੀ। ਉਦੋਂ ਤੋਂ ਹੀ ਲੈ ਕੇ ਤਰਕੀਬ ਨਾਲ ਉਸ ਨੂੰ ਕੇਸਰੀ ਰੰਗ 'ਚ ਵਿਖਾਉਣ ਦਾ ਕੰਮ ਤੇਜ਼ੀ ਨਾਨ ਕਰੀ ਜਾ ਰਹੇ ਹਨ। ਇਕ ਗੱਲ ਇਸਤੇ ਜ਼ੋਰ ਦਿੱਤਾ ਜਾਂਦਾ ਹੈ, ਉਹ ਹੈ ਡਾ. ਅੰਬੇਡਕਰ ਦਾ ਰਾਸ਼ਟਰਵਾਦ। ਅੰਬੇਡਕਰ ਤੇ ਮੜ੍ਹਿਆ ਹੋਇਆ ਰਾਸ਼ਟਰਵਾਦ ਉਹ ਪੱਥਰ (ਤੀਰ) ਹੈ ਜਿਸ ਨਾਲ ਕਈਆਂ ਨੂੰ ਨਿਸ਼ਾਨਾ ਬਣਾਉਣ ਹੈ। ਇਕ, ਇਹ ਇਕ ਆਦਰਯੋਗ ਸਮ੍ਰਿਤੀ ਲੇਖ ਹੈ, ਕਿਉਂ ਡਾ. ਅੰਬੇਡਕਰ ਦੀ ਸਤੁਤੀ ਕਰਨ ਦਾ ਕਿਸੇ ਵੀ ਵਿਰੋਧੀ ਵਲੋਂ ਐਵੇਂ ਹੀ ਇਤਰਾਜ ਨਹੀਂ ਕੀਤਾ ਜਾ ਸਕਦਾ। ਦੂਸਰਾ ਇਹ ਉਨਵਾਂ ਦੇ ਲੀਡਰ ਨੂੰ ਅਲੰਕ੍ਰਿਤ ਕਰਨ ਨਾਲਸ, ਆਮ ਤੌਰ ਤੇ ਦਲਿਤ ਖੁਸ਼ ਹੋਣਗੇ ਅਤੇ ਸੰਘ ਪਰਿਵਾਰ ਵੱਲ ਉਨ੍ਹਾਂ ਦ0ਾ ਰੁੱਖ ਨਰਮ ਪਵੇਗਾ। ਤੀਸਰਾ, ਇਉਂ ਉਨ੍ਹਾਂ ਦੀ ਰਵਾਇਤੀ ਪ੍ਰਤੀਕਿਰਿਆਵਾਦੀ ਦਿੱਖ ਬਦਲਦੇ ਪ੍ਰਗਤੀਸ਼ੀਲ ਰਾਸ਼ਟਰ ਪ੍ਰਗਤੀਵਾਦੀ ਦਿੱਖ 'ਚ ਹੋ ਜਾਵੇਗੀ, ਚੌਥੇ, ਉਨ੍ਹਾਂ ਦੇ ਚੋਣ ਹਲਕੇ ਦਾ ਵਿਸਤਾਰ ਹੋਵੇਗਾ, ਤੇ ਇੰਜ ਹੀ ਹੋਰ ਤੋਂ ਹੋਰ ਅਗਾਂਹ ਵੀ। ਇਹ ਗੁੰਝਲਦਾਰ ਬਣ ਰਿਹਾ ਸੀ, ਇਸ ਲਈ ਕੁਝ ਸਾਲ ਪਹਿਲਾਂ 600 ਪੰਨਿਆਂ ਦੀ ਆਪਣੀ ਬੇਕਾਰ ਕਿਤਾਬ 'ਵਰਸਿਪਿੰਗ ਫ਼ਾਲਸ ਗਾੱਡਸ' ਰਾਹੀਂ ਮੁੜ ਝੂਠਾ ਜਿਹਾਦ ਸ਼ੁਰੂ ਕਰਨ ਲਈ ਅਰੁਣ ਸ਼ੋਰੀ ਨੂੰ ਸੰਪਰਕ 'ਚ ਲਿਆ। ਪ੍ਰਸਿੱਧ ਪ੍ਰਤੀਕਿਰਿਆਵਾਦੀ ਅਰੁਣ ਸ਼ੋਰੀ ਜੋ ਇਸਾਈਆਂ ਮੁਸਲਮਾਨਾਂ ਅਤੇ ਕਮਿਊਨਿਸਟਾਂ ਸੰਬੰਧੀ ਆਪਣੀ ਨਾਕਾਰਾਤਮਕ ਲਿਖਤਾਂ ਰਾਹੀਂ ਹਿੰਦੂਤਵ ਅਜੰਡੇ ਦੀ ਸੇਵਾ ਕਰ ਰਿਹਾ ਸੀ, ਡਾ. ਅੰਬੇਡਕਰ ਨੂੰ ਨੀਵਾਂ ਵਿਖਾਉਣ ਲਈ ਬੜਾ ਉਤਾਵਲਾ ਸੀ। ਆਪਣੀ ਕਿਸਮ ਦੀ ਹਲਕੀ ਪੱਤਰਕਾਰੀ ਢੰਗ ਨਾਲ ਉਸਨੇ ਬਾਕੀ ਗੱਲਾਂ ਦੇ ਨਾਲ ਨਾਲ, ਰਾਸ਼ਟਰਵਾਦ ਦੀ ਘਾਟ ਦਾ ਦੋਸ਼ ਮੜ੍ਹਿਆ। ਉਲਟਾ, ਅਰੁਣ ਸ਼ੋਰੀ ਨੂੰ ਬੀ.ਜੇ.ਪੀ. ਵਾਲੀ ਐਨ.ਡੀ.ਏ. ਸਰਕਾਰਾਂ 'ਚ ਵਧੇਰੇ ਮਹੱਤਤਾ ਵਾਲੇ ਮਹਿਕਮੇ ਦੇ ਕੇ ਕੈਬਨਿਟ ਮੰਤਰੀ ਦਾ ਅਹੁੱਦਾ ਵੀ ਬਖ਼ਸ਼ਿਆ। ਬਿਨਾਂ ਸ਼ੱਕ, ਇਹ ਸਾਬਿਤ ਹੋ ਗਿਆ ਕਿ ਸੰਘ ਪਰਿਵਾਰ 'ਚ ਉਸਨੇ ਆਸਾਧਾਰਣ ਉੱਚੀ, ਪੱਦਵੀ ਪ੍ਰਾਪਤ ਕੀਤੀ ਅਤੇ ਆਪਣੇ ਤੋਂ ਪਹਿਲਾਂ ਦੀਆਂ ਘਟਨਾਵਾਂ ਨੂੰ ਉਘਾੜਿਆ। ਜੇ ਇਹ ਸੰਘ ਪਰਿਵਾਰ ਦੀਆਂ ਚਾਲਾਂ ਦਾ ਹਿੱਸਾ ਨਹੀਂ ਕਿ ਕਿਸੇ ਇਕ ਮਸਲੇ ਤੇ ਅਵਾਮ ਦੀ ਪ੍ਰਤੀਕ੍ਰਿਆ ਦਾ

ਪਤਾ ਲਾਇਆ ਜਾਵੇ, ਤਾਂ ਅਰੁਣ ਸ਼ੋਰੀ ਦਾ ਇਹ ਕੰਮ ਬਿਨਾਂ ਵਜ਼ਾਹਤ (ਬਿਨਾਂ ਵਿਆਖਿਆ)ਦੇ ਰਹਿ ਜਾਵੇਗੀ।

ਅਰੁਣ ਸ਼ੋਰੀ ਦੀ ਮੰਦੀ ਭਾਸ਼ਾ ਦੇ ਬਾਵਜੂਦ, ਸੰਘ ਪਰਿਵਾਰ ਅਜੇ ਵੀ ਇਹ ਪ੍ਰਚਾਰ ਕਰਨ 'ਚ ਲੱਗਿਆ ਹੋਇਆ ਹੈ ਕਿ ਡਾ. ਅੰਬੇਡਕਰ ਇਕ ਮਹਾਨ ਰਾਸ਼ਟਰਵਾਦੀ ਸਨ। "ਉਹ ਹਿੰਦੂਵਾਦ ਦੇ ਵੱਡੇ ਹਿਤੈਸ਼ੀ ਸੀ" ਅਜਿਹੀ ਪ੍ਰਸੰਸਾ ਵੀ ਬੁਨਿਆਦੀ ਤੌਰ ਤੇ ਰਾਸ਼ਟਰਵਾਦ ਦੀ ਭਾਵਨਾ 'ਚ ਚੰਗੀ ਹੋਣੀ ਹੈ। ਇਸ ਦੀ ਵਿਆਖਿਆ ਇਉਂ ਹੈ "ਸਾਰੀ ਜ਼ਿੰਦਗੀ ਗੈਰਮਨੁੱਖੀ ਜਾਤੀ ਭੇਦ-ਭਾਵ ਦੀਆਂ ਜਾਰੀ ਪੀੜਾ ਦੇ ਬਾਵਜੂਦ, ਡਾ. ਅੰਬੇਡਕਰ ਨੇ ਹਿੰਦੂ ਸੱਭਿਆਚਾਰ ਅਤੇ ਹਿੰਦੂ ਰਾਸ਼ਟਰ ਦਾ ਅਹਿੱਤ ਨਹੀਂ ਚਾਹਿਆ, ਉਹ ਬੜੀ ਆਸਾਨੀ ਨਾਲ ਇਲਾਹੀ ਜਾਂ ਇਸਲਾਮ (ਧਰਮ) ਜੋ ਦਲਿਤਾਂ ਦੀ ਭਲਾਈ ਲਈ ਬਹੁਤ ਭੌਤਿਕ ਸਹਾਇਤਾ ਦੇਣ ਲਈ ਵਚਨਬੱਧ ਸੀ, ਆਪਣਾ ਸਕਦੇ ਸੀ ਅਤੇ ਹਿੰਦੂ ਧਰਮ ਨੂੰ ਕਦੀ ਨਾ ਪੂਰੇ ਹੋਣ ਵਾਲੀ ਹਾਨੀ ਪੁਚਾ ਕੇ ਆਪਣੇ ਨਾਲ ਹੋਈ ਬੇਇਨਸਾਫ਼ੀ ਦਾ ਬਦਲਾ ਲੈ ਸਕਦੇ ਸੀ, ਪਰੰਤੂ ਇਸ ਦੇ ਬਜਾਏ ਉਨ੍ਹਾਂ ਹਿੰਦੂਵਾਦ ਦੇ ਇਕ ਅੰਗ, ਬੁੱਧਇਜਮ ਨੂੰ ਅਪਣਾਇਆ ਕਿਉਂਕਿ ਉਹ ਭਾਰਤੀ ਸੱਭਿਆਚਾਰ ਨੂੰ ਪਿਆਰ ਕਰਦੇ ਸਨ, ਉਹ ਸੱਭਿਆਚਾਰ ਕੌਮੀਵਾਦ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦੇ ਸਨ। ਇਹ ਵੱਖਰੀ ਗੱਲ ਹੈ ਕਿ ਉੱਕਾ-ਦੁੱਕਾ ਰਾਜਨੀਤਿਕ ਬਿਆਨਾਂ, ਜਿਨ੍ਹਾਂ 'ਚ ਅਜਿਹੇ ਅਪਰਤੱਖ ਵਿਚਾਰ ਦਿਸੇ, ਫੇਰ ਸਾਰੀ ਉਹ ਸਾਮਹਾਰੀ (ਪ੍ਰਾਪਤ) ਹੈ ਜੋ ਬੁੱਧ ਧਰਮ ਅਪਨਾਉਣ ਦੇ ਅਸਲ ਕਾਰਣਾਂ ਇਸਦੇ ਅਧੁਨਿਕ ਵਿਗਿਆਨਕ ਦਿੱਖ ਨਾਲ ਅਨੁਰੂਪਤਾ(ਸੰਮਤੀ) ਉਨ੍ਹਾਂ ਦੇ ਨਜ਼ਰੀਏ ਨਾਲ ਇਸ ਦੀ ਕੇਂਦਰ-ਮੁੱਖਤਾ, ਅਤੇ ਆਜ਼ਾਦੀ, ਅਤੇ ਭਾਈਚਾਰਕ ਵਿਚਾਰਧਾਰਾ,(ਆਦਿ) ਨੂੰ ਸਪਸ਼ਟ ਕਰਦੀ ਹੈ। ਆਖ਼ੀਰੀ ਲਾਈਨ(ਮੁੱਕਦੀ ਗੱਲ) ਇਹ ਹੀ ਹੈ ਕਿ ਸੰਘ ਪਰਿਵਾਰ ਫਿਰ ਵੀ ਮੰਨਦਾ ਹੈ ਕਿ ਡਾ. ਅੰਬੇਡਕਰ ਇਕ ਮਹਾਨ ਰਾਸ਼ਟਰਵਾਦੀ ਹਨ।

ਡਾ. ਅੰਬੇਡਕਰ ਸੱਚਮੁਚ ਰਾਸ਼ਟਰਵਾਦੀ ਸਨ? ਬਹੁਤੇ ਲੋਕ ਅਜਿਹੀ ਸ਼ੋਰੀ ਮਾਰਕਾ ਨਿੰਦਿਆ ਤੋਂ ਹੈਰਾਨ ਹੋਣਗੇ। ਕਿਉਂਕਿ ਸਾਡੇ ਦਿਮਾਗ 'ਚ ਇਹ ਗੱਲ ਵੱਸੀ ਹੋਈ ਹੈ ਕਿ ਰਾਸ਼ਟਰਵਾਦ ਆਜ਼ਾਦੀ ਸੰਗਰਾਮ ਅਤੇ ਆਪਣੇ ਸ਼ਹੀਦਾਂ ਦਾ ਲਹੂ ਨਾਲ ਨੇੜਿਓਂ ਜੁੜਿਆ ਹੋਇਆ ਹੈ। ਹਮੇਸ਼ਾਂ ਹੀ ਇਹ ਨਿੱਘੀ ਪ੍ਰਸੰਸਾ ਦਾ ਵਿਸ਼ਾ ਅਤੇ ਉੱਤਮ ਭਾਵਨਾ ਵਜੋਂ ਵਿਚਾਰਿਆ ਜਾਂਦਾ ਰਿਹਾ ਹੈ। ਬਿਨਾਂ ਇਹ ਪੁਛਣਾ ਗਵਾਰਾ ਕਰਦਿਆਂ ਕਿ ਦੇਸ਼ ਬਣਦਾ ਕਿੰਨਾ ਚੀਜ਼ਾਂ ਨਾਲ ਹੈ, ਹਰ ਕੋਈ ਇਸਨੂੰ ਵਿਸ਼ਵ ਪੱਧਰ ਜੋ ਲੋੜੀਂਦੇ ਗੁਣ ਵਡੋਂ ਪ੍ਰਾਪਤ ਕਰਨਾ ਚਾਹੁੰਦਾ ਹੈ। ਕੀ ਦੇਸ਼ ਮਿੱਟੀ ਜਾਂ ਧਰਤੀ ਤੇ ਇਕ ਜਗ੍ਹਾ ਹੈ ਜਿੱਥੇ ਅਸੀਂ ਜਨਮ ਲਿਆ ਹੈ, ਬਿਰਖ਼, ਦਰਿਆ ਜਾਂ ਪਰਬਤ ਜੋ ਇਸਦੇ ਨਕਸ਼ੇ ਤੇ ਹਨ, ਜੱਗਲ ਜਾਂ ਖੇਤ-ਖਲਿਹਾਨ ਹਨ, ਜੋ ਇਸ ਤੇ ਫੈਲੇ ਹੋਏ ਹਨ? ਦੇਸ਼ ਦੇ ਜੀਵਿਤ ਅਰਥ ਲੋਕ, ਜੋ ਇਸ ਦੀਆਂ ਹੱਦਾਂ ਅੰਦਰ ਵੱਸਦੇ ਹਨ। ਪਰ ਉਹ ਲੋਕ ਹੈ ਕੌਣ? ਕੀ ਲੋਕ ਇਕ ਸਜਾਤੀ ਇਕੱਠ ਹੈ? ਰਾਸ਼ਟਰਵਾਦ ਨੇ ਲੋਕਾਂ ਨੂੰ ਆਪਣੀ ਆਜ਼ਾਦੀ ਵਾਸਤੇ ਲੜਨ ਆਤਮ ਨਿਰਭੈ ਦੇ ਅਧਿਕਾਰ ਲਈ ਜ਼ੋਰ ਪਾਉਣ ਲਈ ਅਤੇ ਕੌਮੀ ਵਤਨ ਪ੍ਰਾਪਤ ਕਰਨ ਤੋਂ ਬਾਅਦ ਇਸ ਦਾ ਕੀ ਫ਼ਰਕ ਹੈ? ਦੇਸ਼ ਨੂੰ ਪਿਆਰ ਕਰਨ ਦਾ ਰਾਸ਼ਟਰਵਾਦੀ ਫ਼ੁਰਮਾਨ ਪੱਕੇ ਤੌਰ ਕੇ ਰਾਜਪ੍ਰਤੀ, ਅਧਿਕਾਰ ਅਤੇ ਕਾਬੂ ਰੱਖਣ ਦੇ ਪ੍ਰਬੰਧ ਪ੍ਰਤੀ ਨਤੀਜੇ ਵਜੋਂ ਦਬਾਉਣ ਦੇ ਢਾਂਚੇ ਪ੍ਰਤੀ ਵਫ਼ਾਦਾਰੀ 'ਚ ਸੁੰਗੜ ਜਾਂਦਾ ਹੈ। ਕੀ ਕੌਮੀਵਾਦ ਅਜੇ ਵੀ ਪੂਰੀ ਤਰ੍ਹਾਂ ਚੰਗਿਆਈ, ਇਕ ਗੁਣ ਹੈ? ਪਹਿਲੜੇ ਪ੍ਰਸ਼ਨ "ਕੀ ਡਾ. ਅੰਬੇਡਕਰ ਰਾਸ਼ਟਰਵਾਦੀ ਸਨ? ਦੀ ਉਚਿੱਤਤਾ ਲਈ ਇਹ ਕੁਝ ਪ੍ਰਸ਼ਨ ਹਨ, ਜੋ ਕਿ ਜੇ ਪੁੱਛਣੇ ਬਣਦੇ ਹਨ।

ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਰਾਸ਼ਟਰਵਾਦ ਸਦੀਵੀ ਅੱਛਾਈ ਨਹੀਂ ਹੈ। ਇਹ ਪ੍ਰਗਤੀਸ਼ੀਲ ਅਤੇ ਪਿਛਾਂਹਖਿਚੂ, ਉਸਾਰੂ ਅਤੇ ਢਾਊ ਹੋ ਸਕਦਾ ਹੈ। ਮੁਢਲੇ ਤੌਰ ਤੇ ਇਹ ਸਮਾਜ ਵਿੱਚ ਆਤਮ ਨਿਰਣੈ ਦੀ ਚੰਗੀ ਇੱਛਾ ਵਜੋਂ ਜਾਂ ਆਪਣੇ ਵਿਕਾਸਪੂਰਣ ਪ੍ਰਕਿਰਿਆ ਦੇ ਹਿੱਸੇ ਵਜੋਂ ਉਭਰ ਸਕਦਾ ਹੈ। ਪਰੰਤੂ ਇਸ ਤੋਂ ਬਾਅਦ ਇਹ ਅਲੋਪ ਨਹੀਂ ਹੁੰਦਾ, ਸਗੋਂ ਭਵਿੱਖ 'ਚ ਸਮਾਜ ਦੀ ਕਾਰਜਸ਼ੀਲਤਾ 'ਚ ਜੜ੍ਹ ਸਥਾਪਿਤ ਕਰ ਲੈਂਦਾ ਹੈ। ਇਹ ਰਾਸ਼ਟਰੀ ਪਹਿਚਾਣ ਦੇ ਐਲਾਨ ਤੱਕ ਰਹਿ ਜਾਂਦਾ ਹੈ। ਮਨਪਸੰਦ ਰਾਜਨੀਤੀ ਦੇ ਵਿਰੋਧ 'ਚ ਪਹਿਚਾਣ ਦੀ ਰੀਜਨੀਤੀ ਨੂੰ ਉਤਾਂਹ ਚੁੱਕਦਾ ਹੈ। ਰਾਸ਼ਟਰਵਾਦ, ਬੁਨਿਆਦੀ ਤੌਰ ਤੇ ਕੁਲੀਨ ਵਰਗ ਵਲੋਂ ਚਲਾਈ ਜਾਂਦੀ ਜਨ ਲਹਿਰ ਹੈ। ਕੁਲੀਨ ਵਰਗ ਇਸਨੂੰ ਸਮਾਜੀ ਗਤੀਸ਼ੀਲਤਾ-ਯਾਨੀ ਪੁਨਰ ਪਰਿਭਾਸ਼ਾ ਦੇ ਢੰਗ, ਦੇ ਵਾਹਕ ਵਜੋਂ ਇਸਤੇਮਾਲ

ਕਰਦਾ ਹੈ। ਇਉਂ ਉਹ ਪ੍ਰਬੰਧ ਰਾਹੀਂ ਸਿੱਧਿਆਂ ਹੀ ਜੋੜ ਤੋੜ ਰਾਹੀਂ ਕਰਦਾ ਹੈ। ਰਾਸ਼ਟਰਵਾਦ, ਇਸ ਤਰ੍ਹਾਂ, ਫਾਸ਼ੀਵਾਦ, ਨਾਜ਼ੀਵਾਦ ਜਾਂ ਹਿੰਦੂਤਵ ਦੀ ਆਪਣੀ ਭਾਸ਼ਾ ਵਿੱਚ, ਪ੍ਰਤੀਕਿਰਿਆ ਵਾਦੀ ਨਸਲਾਂ ਦੇ ਰੂਪ 'ਚ ਗਿਰਾਵਟ ਵੱਲ ਜਾਣ ਲੱਗਦਾ ਹੈ। ਪਾਠਕਾਂ ਲਈ ਦਿਲਚਸਪ ਹੋਵੇਗਾ ਕਿ ਡਾ. ਅੰਬੇਡਕਰ ਰਾਸ਼ਟਰਵਾਦ ਦੀਆਂ ਅਜਿਹੀਆਂ ਖਾਈਆਂ ਤੋਂ ਸੁਚੇਤ ਸਨ ਅਤੇ ਇਸੇ ਕਰਕੇ, ਕਈਆਂ ਧਿਰਾਂ ਵਲੋਂ ਪ੍ਰਚਾਰੇ ਜਾਂਦੇ ਵਿਚਾਰ ਪ੍ਰਤੀ ਅੱਖਾਂ ਮੀਟ ਕੇ ਟੇਟੇ ਨਹੀਂ ਚੜ੍ਹੇ। ਇਸ ਦੀ ਬਜਾਏ, ਉਨ੍ਹਾਂ ਨੇ ਸਦੀਵੀ ਜੋੜ ਨਾਲ ਅਛੂਤਾਂ ਦੀ ਮੁਕਤੀ ਦੇ ਕਠਿਨ ਨਿਸ਼ਾਨੇ ਦੀ ਪ੍ਰਾਪਤੀ ਦਾ ਰਾਹ ਚੁਣਿਆ।

ਡਾ. ਅੰਬੇਡਕਰ ਦਾ ਮਕਸਦ ਸੀ ਲੋਕ, ਦਲਿਤ ਲੋਕ ਅਤੇ ਉਨ੍ਹਾਂ ਦੀ ਭਲਾਈ, ਨਾ ਕਿ ਕੌਮ, ਕੌਮੀਵਾਦ ਜਾਂ ਦੇਸ਼ ਵਰਗਾ ਕੁਝ ਮਿਲਵਾਂ ਜੁਲਵਾਂ ਅਮਰੂਤ ਵਿਚਾਰ। ਉਦਹਾਰਣ ਲਈ ਉਹ ਲਿਖਦੇ ਹਨ "ਦੇਸ਼ ਦੀ ਆਜ਼ਾਦੀ ਅਤੇ ਦੇਸ਼ ਵਿੱਚ ਲੋਕਾਂ ਦੀ ਆਜ਼ਾਦੀ ਦੇ ਦਰਮਿਆਨ ਵੱਖਰੇਵਾਂ ਨਾ ਕਰਨਾ, ਕਿਸੇ ਨੂੰ ਜੇ ਧੋਖਾ ਦੇਣਾ ਨਹੀਂ ਤਾਂ ਗੁੰਮਰਾਹ ਹੋਣ ਦੀ ਆਗਿਆ ਤਾਂ, ਹੈ ਹੀ। ਕਿਉਂਕਿ ਸਮਾਜ, ਕੌਮ ਅਤੇ ਦੇਸ਼ ਵਰਗੇ ਸ਼ਬਦ ਜੇ ਅਨਿਸਚਿਤ ਨਹੀਂ ਤਾਂ, ਬੇਡੋਲ ਜ਼ਰੂਰ ਹਨ।ਇਸ ਤੋਂ ਕੋਈ ਇਨਕਾਰ ਨਹੀਂ ਕਿ ਇਕ ਸ਼ਬਦੀ ਕੌਮ ਦੇ ਅਰਥ ਹਨ ਕਈ ਸ਼੍ਰੇਣੀਆਂ। ਦਾਰਸ਼ਨਿਕ ਤੌਰ ਤੇ ਕੌਮ ਨੂੰ ਇਕ ਇਕਾਈ ਮੰਨਣਾ ਸੰਭਵ ਹੋ ਸਕਦਾ ਹੈ, ਪਰੰਤੂ ਸਮਾਜੀ ਤੌਰ ਤੇ ਬਹੁਤੀਆਂ ਸ਼੍ਰੇਣੀਆਂ ਹੋਇ ਕਰਕੇ ਨਹੀਂ ਮੰਨਿਆ ਜਾ ਸਕਦਾ। ਅਤੇ ਕੌਮ ਦੀ ਆਜ਼ਾਦੀ, ਜੇ ਇਸ ਨੇ ਅਸਲੀਅਤ ਬਨਣਾ ਹੈ, ਇਸ ਵਿਚਲੀਆਂ ਵੱਖ ਵੱਖ ਸ਼੍ਰੇਣੀਆਂ ਦੀ ਆਜ਼ਾਦੀ ਦੀ ਗਰੰਟੀ ਹੋਣੀ ਚਾਹੀਦੀ ਹੈ, ਤੇ ਖਾਸ ਕਰਕੇ ਉਨ੍ਹਾਂ ਦੀ ਜਿਨ੍ਹਾਂ ਨਾਲ ਅਧੀਨ ਸ਼੍ਰੇਣੀਆਂ ਵਾਲਾ ਵਰਤਾਓ ਕੀਤਾ ਜਾਂਦਾ ਹੈ।"94 ਉਹ ਅਗਾਂਹ ਲਿਖਦੇ ਹਨ,"ਲੋਕਾਂ ਨੂੰ ਵਿਸ਼ਵਾਸ਼ ਦੁਆਇਆ ਜਾਂਦਾ ਹੈ ਕਿ ਜੇ ਉਨ੍ਹਾਂ ਕੌਮੀ ਆਜ਼ਾਦੀ ਪ੍ਰਾਪਤ ਕਰਨੀ ਹੈ, ਉਹ ਏਕਤਾ ਬਣਾਉਣ ਕਿ ਅਸੈਂਬਲੀਆਂ, ਕਾਰਜਪਾਲਿਕਾਵਾਂ ਅਤੇ ਪਬਲਿਕ ਸੇਵਾਵਾਂ 'ਚ ਰਾਖਵੇਂਕਰਨ ਨਾਲ ਸੰਬੰਧਿਤ ਪ੍ਰਸ਼ਨ ਰਾਸ਼ਟਰੀ ਏਕਤਾ ਲਈ ਘਾਤਕ ਹਨ, ਅਤੇ ਜੋ ਕੋਈ ਵੀ ਰਾਸ਼ਟਰੀ ਏਕਤਾ ਦਾ ਹਾਮੀ ਹੈ, ਉਸ ਲਈ ਅਜਿਹੇ ਰਾਖਵੇਂਕਰਣ ਦੀ ਗੱਲ ਕਰਨ ਵਾਲਿਆਂ ਦੀ ਹਾਮੀ ਭਰਨਾ ਪਾਪ ਹੈ।" ਇਹ ਭਾਰਤ 'ਚ ਰਾਜਕਰਦੀ ਸ਼੍ਰੇਣੀ ਦਾ ਰੁਝਾਨ ਹੈ। ਇਹ ਰਾਸ਼ਟਰਵਾਦ ਦਾ ਦੁਰਉਪਯੋਗ ਹੈ। ਪਰੰਤੂ ਰਾਜਕਰਦੀ ਸ਼੍ਰੇਣੀ ਇਸ ਦੁਰ-ਉਪਯੋਗ ਵਾਸੇਤ ਕੋਈ ਖੇਦ ਮਹਿਸੂਸ ਨਹੀਂ ਕਰਦੀ। 95

ਰਾਸ਼ਟਰਵਾਦੀ ਦੀ ਚੜ੍ਹਤ ਸਮੇਂ, ਡਾ. ਅੰਬੇਡਕਰ ਨੇ ਇਸ ਨੂੰ ਦਲਿਤ ਲੋਕਾਂ ਨੂੰ ਦਬਾਉਣ ਲਈ ਸ਼ਾਸ਼ਕ ਸ਼੍ਰੇਣੀ ਦੇ ਹੱਥਾਂ 'ਚ ਇਕ ਹਥਿਆਰ ਵਜੋਂ ਵੇਖਿਆ। ਆਪਣੀ ਜਮਾਤ ਅੰਦਰ ਦੁਸ਼ਮਣ ਨੂੰ ਵੇਖਣ ਲਈ ਸੰਕੀਰਣ ਸੰਵੇਦਨਾਵਾਂ ਰਾਹੀਂ ਮਦਹੋਸ਼ ਕਰਦਿਆਂ ਲੋਕਾਂ ਦੇ ਅਸਲ ਮਸਲਿਆਂ ਤੋਂ ਜ਼ੋਰਦਾਰ ਚਕਮਾ ਦੇਣ ਲਈ ਇਸ ਦਾ ਇਸਤੇਮਾਲ ਕੀਤਾ ਗਿਆ। ਉਹ ਲਿਖਦੇ ਹਨ,"ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਸਰਕਾਰ ਇਸ ਵਲੋਂ ਸੁਚੇਤ ਹੈ ਕਿ ਵਰਗ ਦਰਸ਼ਨ ਵਰਗ ਦੇ ਹਿੱਤਾਂ, ਵਰਗ ਦੇ ਮਸਲਿਆਂ ਅਤੇ ਵਰਗਾਂ ਦੇ ਖੜਰਾਉ ਤੇ ਅਧਾਰਿਤ ਰਾਜਨੀਤਕ ਲਹਿਰ ਆਪਣੇ ਮੋਢੇ ਡਿੱਗ ਪਵੇਗੀ। ਉਹ ਜਾਣਦੀ ਹੈ ਕਿ ਜਿਸ ਤਰ੍ਹਾਂ ਕੌਮੀ ਏਕਤਾ ਅਤੇ ਰਾਸ਼ਟਰਵਾਦ ਦੀਆਂ ਭਾਵਨਾਵਾਂ ਨਾਲ ਖੇਡਦਿਆਂ ਕਿਵੇਂ ਗੁਲਾਮ-ਸ਼੍ਰੇਣੀਆਂ ਨੂੰ ਲਾਂਭੇ ਕਰਨਾ ਅਤੇ ਬੇਵਕੂਫ ਬਨਾਉਣਾ ਹੈ,ਅਤੇ ਮਹਿਸੂਸ ਕਰਦੀ ਹੈ ਕਿ ਸਿਰਫ਼ ਇਕ ਕਾਂਗਰਸ ਪਲੇਟਫਾਰਮ ਹੀ ਇਕ ਅਜਿਹਾ ਪਲੇਟਫਾਰਮ ਹੈ ਜੋ ਸੱਭ ਤੋਂ ਵੱਧ ਅਸਰਦਾਇਕ ਢੰਗ ਨਾਲ ਰਾਜ ਕਰਦੀ ਜਮਾਤ ਨੂੰ ਹਿੱਤਾਂ ਦੀ ਰਾਖੀ ਕਰ ਸਕਦਾ ਹੈ। ਕਿਉਂਕਿ ਜੋ ਕੋਈ ਪਲੇਟਫਾਰਮ ਹੈ ਜੋ ਅਮੀਰ ਅਤੇ ਗਰੀਬ, ਬ੍ਰਾਹਮਣ ਅਤੇ ਗੈਰ ਬ੍ਰਾਹਮਣ ਜਗੀਰਦਾਰ ਤੇ ਵਟਾਈਦਾਰ, ਸੂਦਖੋਰ ਤੇ ਕਰਜਾਈ, ਜੋ ਸਰਕਾਰ ਨੂੰ ਨਹੀਂ ਭਾਉਂਦੇ, ਉਨ੍ਹਾਂ ਦੇ ਦਰਮਿਆਨ ਤਣਾਓ ਦੀ ਸਾਰੀ ਗੱਲ ਕਾਂਗਰਸ ਦੇ ਪਲੇਟਫਾਰਮ ਰਾਹੀਂ ਰੋਕੀ ਜਾ ਸਕਦੀ ਹੈ, ਜੋ ਇਕ ਕੌਮੀ ਏਕਤਾ ਅਤੇ ਰਾਸ਼ਟਰਵਾਦ ਦਾ ਪ੍ਰਚਾਰ ਕਰਨਾ ਹੀ ਕਰਨਾ ਹੈ ਜੋ ਕਿ ਰਾਜਕਰਦਾ ਜਮਾਤਾਂ ਚਾਹੁੰਦੀਆਂ ਹਨ, ਅਤੇ ਜਿਨ੍ਹਾਂ ਤੇ ਉਨ੍ਹਾਂ ਦੀ ਸੁਰੱਖਿਆ ਪੂਰੀ ਤਰ੍ਹਾਂ ਨਿਰਭਰ ਹੈ। ਪਰੰਤੂ ਜੋ ਇਸ ਪਲੇਟਫਾਰਮ 'ਚੋਂ ਪ੍ਰਚਾਰੇ ਜਾਂਦੇ ਰਾਸ਼ਟਰਵਾਦ ਨਾਲ ਮੇਲ ਨਾ ਖਾਂਦੀ ਕਿਸੇ ਵਿਚਾਰਧਾਰਾ ਨੂੰ ਪ੍ਰਚਾਰਨ ਦੀ ਆਗਿਆ (ਬੇ) ਨਹੀਂ ਦਿੰਦੀ?" 96 ਗਲਿਆਰੇ 'ਚ ਕਾਂਗਰਸੀ ਮੰਚ ਸੱਚਮੁਚ ਕਿਸੇ ਵੀ ਰਾਜਕਰਦੀ ਜਮਾਤ ਪਾਰਟੀ ਲਈ ਮੁਖਤਾਰਨਾਮਾ ਹੈ, ਅਤੇ ਅੱਜ ਦੇ ਸੰਦਰਭ 'ਚ ਬੀ.ਜੇ.ਪੀ. ਵੀ ਸ਼ਾਮਿਲ ਹੈ।

- ਅਨੁਵਾਦ ਡਾ. ਤਰਸੇਮ ਸਾਗਰ

ਪੁਸਤਕ ਰਿਵਿਊ-



ਰੂਟਸ (ਨਾਵਲ) ਐਲੈਕਸ ਹੇਲੀ, ਅਨੁਵਾਦਕ ਦਲਜੀਤ ਸਿੰਘ
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਕ, ਲੁਧਿਆਣਾ

ਰੂਟਸ ਨਾਵਲ ਅਫ਼ਰੀਕੀ ਖਿੱਤੇ ਵਿਚ ਰਹਿ ਰਹੇ ਅਫ਼ਰੀਕਨ ਲੋਕਾਂ ਦਾ ਇਤਿਹਾਸਕ ਦਸਤਾਵੇਜ਼ ਹੈ, ਜਿਸ ਨੂੰ ਹੇਲੀ ਨੇ 1976 ਵਿਚ ਪ੍ਰਕਾਸ਼ਿਤ ਕੀਤਾ। 828 ਪੰਨਿਆਂ ਵਿਚ ਫੈਲੇ ਇਸ ਨਾਵਲ ਨੂੰ ਹੁਣ ਤੱਕ 271 ਇਨਾਮ ਮਿਲ ਚੁੱਕੇ ਹਨ ਤੇ ਇਸ ਤੇ ਕਈ ਫਿਲਮਾਂ ਬਣ ਚੁੱਕੀਆਂ ਹਨ ਅਤੇ 37 ਭਾਸਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਕਾਲੇ ਅਫ਼ਰੀਕਨ ਜੋ ਅਮਰੀਕਾ ਵਿਚ ਰਹਿ ਰਹੇ ਪਰਿਵਾਰ ਹਨ ਉਸ ਦੀ ਵੀਰ ਗਾਥਾ ਹੈ। ਛੇ ਪੁਸ਼ਤਾਂ ਵਿਚ ਫੈਲੀ ਪਰਿਵਾਰ ਦੀ ਕਹਾਣੀ 1767 ਵਿਚ ਸ਼ੁਰੂ ਹੁੰਦੀ ਹੈ। ਇਸ ਪਰਿਵਾਰ ਦਾ ਮੁੱਢਲਾ ਮੈਂਬਰ ਕੂੰਤਾ ਕਿੰਤੇ ਨੂੰ ਅਫ਼ਰੀਕਾ ਦੇ ਗੈਂਬੀਆਂ ਵਿਚੋਂ ਗ਼ੁਲਾਮ ਬਣਾ ਕੇ ਅਮਰੀਕਾ ਦੀ ਧਰਤੀ ਤੇ ਲਿਆਂਦਾ ਜਾਂਦਾ ਹੈ ਤੇ ਇਸ ਕਿਸਾਨ ਕੋਲ ਵੇਚ ਦਿੱਤਾ ਜਾਂਦਾ ਹੈ। ਉਸ ਨਾਵਲ ਵਿਚ ਗੁਲਾਮਾ ਦੀ ਆਜ਼ਾਦੀ ਲਈ ਕੀਤਾ ਘੋਲ ਦੀ ਰੌਂਗਟੇ ਖੜੇ ਕਰ ਦੇਣ ਵਾਲਾ ਇਤਿਹਾਸ ਹੈ। ਇਸ ਇਤਿਹਾਸਕ ਨਾਵਲ ਵਿਚ ਇਕ ਅਫਰੀਕਨ ਪਾਤਰ ਕੂੰਤਾ ਕਿੰਤੇ ਦੀ ਤੇ ਉਸ ਦੇ ਪਰਿਵਾਰ ਦੀਆਂ ਪੀੜ੍ਹੀਆਂ ਦੀ ਕਹਾਣੀ ਹੈ ਜੋ ਅਮਰੀਕਾ ਵਿਚ ਜਾ ਵਸੇ ਸਨ। ਅਮਰੀਕਾ ਵਿਚ ਗੁਲਾਮ ਬਣਾ ਕੇ ਲਿਆਂਦੇ ਅਫਰੀਕਨ ਦੀ ਪੁਸ਼ਤ ਦਰ ਪੁਸ਼ਤ ਦੀ ਕਹਾਣੀ ਹੈ ਇਸ ਨਾਵਲ ਵਿਚ। ਕਈ ਪੀੜ੍ਹੀਆਂ ਉਪਰੰਤ ਉਹ ਆਜ਼ਾਦ ਹੋ ਜਾਂਦੇ ਹਨ। ਇਸ ਤਰ੍ਹਾਂ ਨਾਵਲ ਗੁਲਾਮੀ ਦਾ ਅਤੇ ਕਾਲੇ ਲੋਕਾਂ ਦੇ ਸਮਾਜਿਕ ਇਤਿਹਾਸ ਦੀ ਗੱਲ ਕਰਦਾ ਹੈ। ਅਫ਼ਰੀਕਨ ਕੁਨਬਾ ਸੰਯੁਕਤ ਪਰਿਵਾਰ ਵਿਚ ਰਹਿੰਦਾ ਹੈ ਅਤੇ ਇਸ ਸਾਂਝ ਹੀ ਇਸ ਕਬੀਲੇ ਦੀ ਸ਼ਕਤੀ ਹੈ। ਕਾਲੇ ਅਫ਼ਰੀਕਨ ਦੇ ਗੁਲਾਮੀ ਦਾ ਜੀਵਨ ਤੇ ਅਜ਼ਾਦੀ ਦਾ ਕਹਾਣੀ ਕਹਿਣਾ ਵੀ ਗਲਤ ਨਹੀਂ। ਹੇਲੀ ਦਾ ਇਹ ਨਾਵਲ ਸਵੈ ਜੀਵਨੀ ਮੂਲਕ ਹੈ। ਫਿਕਸ਼ਿਨ ਵਿਚ ਲਿਖਿਆ ਅਫ਼ਰੀਕਨ ਕਾਲੇ ਗੁਲਾਮਾ ਦਾ ਇਤਿਹਾਸ ਜੋ ਅਮਰੀਕਾ ਵਿਚ ਗਏ। ਜਦੋਂ ਇਹ ਨਾਵਲ ਪ੍ਰਕਾਸ਼ਤ ਹੋਇਆ ਤਾਂ ਇਸ ਉੱਤੇ ਤਿੱਖੇ ਹਮਲੇ ਵੀ ਹੋਏ। ਹੇਲੀ ਨੇ ਇਕ ਇਤਿਹਾਸਕਾਰ ਦੇ ਤਿੰਨ ਪਹਿਰੇ ਨਾਵਲ 'ਚ ਦੇਣ ਬਦਲੇ ਉਸ ਲੇਖਕ ਨੂੰ ਪੰਜ ਲੱਖ ਡਾਲਰ ਦਾ ਸਮਝੌਤਾ ਕੀਤਾ। ਪ੍ਰੰਤੂ ਇਸ ਦੇ ਬਾਵਜੂਦ ਵੀ ਹੇਲੀ ਦੇ ਇਸ ਨਾਵਲ ਦੀ ਮਕਬੂਲੀਅਤ ਅਸਮਾਨ ਨੂੰ ਛੂਹਣ ਲੱਗ ਪਈ। ਇਹ ਅਜੇ ਵੀ ਸਕੂਲਾਂ ਤੇ ਯੂਨੀਵਰਸਿਟੀਆਂ ਵਿਚ ਇਤਿਹਾਸ ਤੇ ਫਿਕਸ਼ਨ ਦੇ ਸਲੇਬਸ ਵਿਚ ਪੜ੍ਹਾਇਆ ਜਾਂਦਾ ਹੈ। ਸਾਰਾ ਨਾਵਲ ਅਮਰੀਕਾ ਦੇ ਗਾਂਬੀਆਂ ਖਿੱਤੇ ਨਾਲ ਜੁੜਿਆ ਹੋਇਆ ਹੈ ਜਿਥੇ ਇਹ ਗੁਲਾਮ ਅਫ਼ਰੀਕਨ ਕਬੀਲਾ ਰਿਹਾ। ਇਸ ਖਿਤੇ ਦੀ ਆਂਚਲਿਕਤਾ ਅਤੇ ਉਥੋਂ ਦੀ ਉਪ ਭਾਸ਼ਾ ਨੇ ਨਾਵਲ ਦਾ ਕੱਦ ਵੱਡਾ ਕੀਤਾ ਹੈ। ਇਸ ਅਨੁਵਾਦ ਦਲਜੀਤ ਸਿੰਘ ਨੇ ਬਹੁਤ ਮਿਹਨਤ ਨਾਲ ਕੀਤਾ ਹੈ। ਹਿਲਾ ਕੇ ਰੱਖ ਦੇਣ ਵਾਲਾ ਇਹ ਨਾਵਲ ਹਰ ਪੰਜਾਬੀ ਨੂੰ ਪੜ੍ਹਨ ਦੀ ਮੈਂ ਬੇਨਤੀ ਕਰਦਾ ਹਾਂ। ਅਜਿਹੀਆਂ ਕਿਤਾਬਾਂ ਬਹੁਤ ਥੋੜੀਆਂ ਹਨ ਜੋ ਦੇਰ ਤੱਕ ਜਿਉਂਦੀਆਂ ਰਹਿੰਦੀਆਂ ਹਨ, ਰੂਟਸ ਵਰਗੀ ਕਿਤਾਬ ਜੋ ਐਪਿਕ ਦਾ ਦਰਜਾ ਪ੍ਰਾਪਤ ਕਰ ਜਾਵੇ ਕਦੇ ਨਹੀਂ ਮਰਦੀ ਇਹ ਸਦਾਂ ਅਮਰ ਹੁੰਦੀ ਹੈ ਤੇ ਹਰ ਵਰਗ ਦੇ ਪਾਠਕਾਂ ਤੇ ਗਹਿਰਾ ਅਸਰ ਕਰਦੀ ਹੈ।

ਨਿੱਕੇ ਨਿੱਕੇ ਯੁੱਧ (ਨਾਵਲ) ਬਲਬੀਰ ਪਰਵਾਨਾ
ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ

ਇਸ ਨਾਵਲ ਵਿਚ ਪਰਵਾਨਾ ਨੇ ਪੰਜਾਬ ਦੀ ਖੱਬੇ ਪੱਖੀ ਲਹਿਰ ਦਾ ਉਭਰਨਾ ਤੇ ਨਿਘਰਨਾ ਨੂੰ ਅਜੋਕੇ ਸੰਦਰਭ ਵਿਚ ਪੇਸ਼ ਕੀਤਾ ਹੈ। ਇਸ ਦੇ ਨਾਲ ਨਾਲ ਨਾਵਲ ਕੇ ਮੁੱਖ ਪਾਤਰ ਗਿੰਦਰ ਦੀਆਂ ਖ਼ਹਿਸ਼ਾਂ ਅਤੇ ਸੁਪਨਿਆਂ ਦੇ ਟੁੱਟ ਜਾਣ ਦਾ ਚਿਤਰਨ ਵੀ ਕੀਤਾ ਹੈ। ਉਹ ਸੁਪਨੇ ਚਾਹੇ ਪਿਆਰ ਦੇ ਸਨ ਜਾਂ ਖੱਬੇ

ਪੱਖੀ ਲਹਿਰ ਨਾਲ ਜੁੜੇ ਸਨ। ਲਹਿਰ ਦਾ ਐਨਾ ਕੰਮ ਕਰ ਵੀ ਉਹਨੂੰ ਐਨੀ ਮਾਨਤਾ ਨਹੀਂ ਮਿਲਦੀ ਜਿਸ ਕਰਨ ਉਹ ਅੰਦਰੋ ਟੁੱਟ ਜਾਂਦਾ ਹੈ ਨਿਰਾਸ਼ਾ ਉਹਨੂੰ ਘੇਰ ਲੈਂਦੀ ਹੈ ਇਸੇ ਕਰਕੇ ਉਹਨੂੰ ਪਰਾਈ ਔਰਤ ਦਾ ਸੰਬੰਧਾ ਤੋਂ ਵੀ ਅਲਰਜੀ ਹੈ। ਉਸ ਪਾਤਰ ਨੂੰ ਲੇਖਕ ਨੇ ਪਹਿਲਾ ਚੰਗਾ ਬਣਾਇਆ ਹੈ ਫਿਰ ਉਹ ਪਰਤ ਦਰ ਪਰਤ ਸੰਕਟਾਂ ਵਿਚ ਘਿਰ ਜਾਂਦਾ ਹੈ। ਪਿਓ ਦੇ ਮਾੜੇ ਚਰਿਤਰ ਦਾ ਸੰਕਟ ਹੈ, ਪਿਆਰ ਦਾ ਸੰਕਟ ਹੈ, ਲਹਿਰ ਵਿਚ ਮਾਨਤਾ ਨਾ ਮਿਲਣ ਦਾ ਸੰਕਟ ਹੈ ਅਤੇ ਲਹਿਰ ਵਿਚ ਉਹਦੇ ਕੰਮ ਬਦਲੇ ਉਹਨਾ ਮਾਨਤਾ ਨਾਲ ਮਿਲਣ ਦਾ ਸੰਕਟ ਹੈ। ਇੰਝ ਪਰਵਾਨਾ ਮੁੱਖ ਪਾਤਰ ਨੂੰ ਸੰਕਟ ਵਿਚ ਫਸਾ ਕੇ ਕਰੁਣਾ ਪੈਦਾ ਕਰਕੇ ਦੁਖਾਂਤ ਨਾਵਲ ਬਣਾ ਕੇ ਪਾਠਕਾਂ ਨੂੰ ਭਾਵੁਕ ਕਰ ਜਾਂਦਾ ਹੈ। ਇਸ ਲਹਿਰ ਨੂੰ ਪੇਂਡੂ ਰਹਿਤਲ ਨਾਲ ਜੋੜ ਕੇ ਪਾਰਵਾਨਾ ਨਾਵਲੀ ਬਿਰਤਾਂਤ ਉਸਾਰਦਾ ਹੈ। ਇਸ ਦੇ ਨਾਲ ਨਾਲ ਪਰਵਾਨਾ ਨੇ ਕਮਿਊਨਿਸਟ ਲਹਿਰ ਦੇ ਪੱਤਣ ਦੀ ਬੜੀ ਦਲੀਲ ਨਾਲ ਪੜਚੋਲ ਕੀਤੀ ਹੈ। ਕਮਿਊਨਿਸਟ ਦੇ ਪੰਜਾਬ ਵਿਚ ਆਧਾਰ ਦੇ ਖੋਰੇ ਨੂੰ ਬਲਬੀਰ ਨੇ ਇਸ ਨਾਵਲ ਵਿਚ ਬੜੀ ਸਮਰੱਥਾ ਨਾਲ ਚਿਤਰਿਆ ਹੈ।

ਕਲਰ ਕੇਰੀ ਛਪੜੀ (ਨਾਵਲ) ਚੰਦਨ ਨੇਗੀ

ਪ੍ਰਕਾਸ਼ਕ : ਆਰਸ਼ੀ ਪਬਲਿਸ਼ਰਜ਼, ਦਿੱਲੀ

ਚੰਦਨ ਨੇਗੀ ਨੇ ਇਸ ਨਾਵਲ ਵਿਚ ਦਲਿਤ, ਮੁਸਲਮਾਨ, ਇਸਾਈ ਲੋਕਾਂ ਨੂੰ ਆਪਣੇ ਨਜ਼ਰੀਏ ਤੋਂ ਬੜੀ ਇਮਾਨਦਾਰੀ ਨਾਲ ਚਿਤਰਿਆ ਹੈ। ਇਸ ਨਾਵਲ ਦੀ ਕਹਾਣੀ ਦਲਿਤ ਬਸਤੀ ਦੀ ਗਲੀ ਵਿਚ ਵਾਪਰਦੀ ਹੈ। ਜਿਸ ਵਿਚ ਸਰਲਾ, ਗੋਮਾ, ਪ੍ਰੋਫੈਸਰ ਗੁਪਤਾ ਤੇ ਸ਼ਹਿਜ਼ਾਦੀ ਤੁਲਸੀ ਆਦਿ ਪਾਤਰਾਂ ਨੂੰ ਬੜੀ ਬਰੀਕੀ ਨਾਲ ਚਿਤਰਿਆ ਹੈ। ਇਹ ਨਾਵਲ ਰਵਾਇਤੀ ਪੰਜਾਬੀ ਨਾਵਲ ਦੇ ਕਿਸਾਨੀ ਵਾਲੇ ਜਮੂਦ ਨੂੰ ਤੋੜਦਾ ਹੈ। ਚੰਦਨ ਨੇ ਹਿੰਦੂ, ਮੁਸਲਮਾਨ ਤੇ ਈਸਾਈ ਪਾਤਰਾਂ ਨੂੰ ਨਾਵਲ ਵਿਚ ਲਿਆਂਦਾ ਹੈ। ਨਾਵਲ ਵਿਚ ਤਿੰਨ ਪੀੜ੍ਹੀਆਂ ਦੀ ਕਹਾਣੀ ਉਸਾਰੀ ਗਈ ਹੈ। ਹਿੰਦੂ, ਸਿੱਖ, ਮੁਸਲਮਾਨ, ਇਸਾਈ ਆਦਿ ਦਾ ਸਮਾਜਕ ਸਭਿਆਚਾਰ, ਲੋਕ ਵਿਸ਼ਵਾਸ, ਸੰਸਕਾਰ, ਉਨ੍ਹਾਂ ਦੇ ਕਬੀਲੇ ਦੇ ਵੇਰਵੇ, ਦੁੱਖ-ਦਰਦ, ਤਣਾਓ, ਆਦਿ ਨੂੰ ਚੰਦਨ ਨੇ ਚਿਤਰਿਆ ਹੈ। ਇਸ ਨਾਵਲ ਦੀ ਇਕ ਹੋਰ ਵੱਖਰਤਾ ਮਹਿਸੂਸ ਹੁੰਦੀ ਹੈ ਨਾਵਲ ਔਰਤ ਦੇ ਪੱਖ ਵਿਚ ਨਹੀਂ ਭੁਗਤਦਾ। ਨਾਵਲ ਮਰਦ ਦੀ ਸੱਤਾ ਤੇ ਖੜਾ ਹੈ। ਨਾਵਲ ਵਿਚ ਗੁਲਜ਼ਾਰੀ ਤੇ ਜਮਨਾ ਆਦਿ ਪਾਤਰ ਵਿਦਰੋਹੀ ਸੁਰ ਲੈ ਕੇ ਆਉਂਦੇ ਹਨ। ਸੇਠ ਜਗਤ ਰਾਮ ਤੇ ਉਸ ਦੀ ਪਤਨੀ ਗੁਲਜ਼ਾਰੀ ਦਾ ਤਣਾਓ ਨਾਵਲ ਨੂੰ ਮੋੜ ਦਿੰਦਾ ਹੈ। ਸੇਠ, ਗੁਲਜ਼ਾਰੀ ਤੇ ਜ਼ੁਲਮ ਕਰਦਾ ਹੈ। ਨਾਵਲ ਵਿਚ ਇਕ ਹੋਰ ਔਰਤ ਪਾਤਰ ਹੈ ਜਮਨਾ ਜਿਹੜੀ ਅੰਗਰੀਣ ਫੌਜੀ ਮੰਗਲ ਦੀ ਬਹੂ ਹੈ। ਪਰ ਫ਼ੌਜੀ ਆਪਣੀ ਭਰਜਾਈ ਨਾਲ ਸੰਬੰਧ ਬਣਾ ਲੈਂਦਾ ਤੇ ਉਸ ਦੇ ਬੱਚੇ ਦਾ ਬਾਪ ਬਣ ਜਾਂਦਾ ਹੈ। ਇਹ ਬਿਰਤਾਂਤ ਦੋਹਾਂ ਵਿਚ ਤਣਾਓ ਸਿਰਜਦਾ ਹੈ। ਮੁਸਲਮਾਨਾਂ ਦਾ ਕਲਚਰ ਨਾਵਲ ਵਿਚ ਪਹਿਲੀ ਵਾਰ ਪੇਸ਼ ਹੋਇਆ ਹੈ। ਨਾਵਲੀ ਬਿਰਤਾਂਤ ਵਿਚ ਨਾਇਕ-ਨਾਇਕਾ ਦੀ ਮਿੱਥ ਨੂੰ ਵੀ ਤੋੜਿਆ ਗਿਆ ਹੈ। ਨਾਵਲ ਵਿਚ ਇਸ ਗੱਲ ਨੂੰ ਉਭਾਰਿਆ ਗਿਆ ਹੈ ਕਿ ਪਾਤਰ ਊਚ-ਨੀਚ, ਜਾਤ-ਪਾਤ ਦੇ ਵਿਤਕਰੇ ਕਰਦਾ ਸਹਿੰਦੇ ਹੋਏ ਵੀ ਗਲੀ ਦੇ ਲੋਕ ਆਪਸੀ ਸਾਂਝ ਕਾਇਮ ਰੱਖਦੇ ਹਨ। ਡੋਗਰੀ ਬੋਲੀ ਤੇ ਇਥੋਂ ਦੇ ਸਭਿਆਚਾਰ ਨੂੰ ਚੰਦਨ ਨੇ ਇਸ ਨਾਵਲ ਵਿਚ ਪੇਸ਼ ਕੀਤਾ ਹੈ। ਨਾਵਲ ਦੀ ਤਕਨੀਕ ਰਵਾਇਤੀ ਨਾਵਲਾ ਤੋਂ ਹੱਟ ਕੇ ਹੈ। ਨਾਵਲ ਵਿਚ ਕੋਈ ਰੱਹਸ ਨਹੀਂ, ਨਾ ਕੋਈ ਸਿਖ਼ਰ ਹੈ ਨਾ ਅਚੰਭੇ ਭਰਿਆ ਅੰਤ। ਬਹੁ-ਜਾਤੀ ਜਿੰਦਗੀ ਦਾ ਬਹੁ ਸਭਿਆਚਾਰ ਨੂੰ ਇਸ ਨਾਵਲ ਵਿਚ ਪੇਸ਼ ਕੀਤਾ ਹੈ।

- ਭਗਵੰਤ ਰਸੂਲਪੁਰੀ

ਦੋ ਪੱਤਣਾਂ ਦਾ ਤਾਰੂ (ਨਾਵਲ) ਅਜਾਇਬ ਕਮਲ

ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਨਾਵਲ 'ਦੋ ਪੱਤਣਾਂ ਦਾ ਤਾਰੂ' ਪ੍ਰਸਿੱਧ ਗ਼ਜ਼ਲਗੋ ਤੇ ਸ਼ਾਇਰ ਅਜਾਇਬ ਕਮਲ ਦਾ ਦੂਜਾ ਨਾਵਲ ਹੈ। ਇਸ ਨਾਵਲ ਦਾ ਬਿਰਤਾਂਤਕ ਕਾਲ 20 ਵੀਂ ਸਦੀ ਦੇ ਪਹਿਲੇ ਅੱਧ ਦੇ ਆਸ ਪਾਸ ਫੈਲਦਾ ਹੈ ਜਦੋਂ ਭਾਰਤ ਵਾਂਗ ਏਸ਼ੀਆਂ ਤੇ ਅਫਰੀਕਾ ਦੇ ਬਹੁਤ ਸਾਰੇ ਮੁਲਕ ਅੰਗਰੇਜ਼ ਬਸਤੀਵਾਦੀ ਵਿਕਾਸ ਦੀ ਗ੍ਰਿਫ਼ਤ ਵਿਚ ਆ ਜਾਂਦੇ ਹਨ। ਇਸ ਵਿਕਾਸ ਕਾਰਨ ਇਕ ਪਾਸੇ ਕਿਰਤ ਕਮਾਈ ਕਰਨ ਲਈ ਮਿਹਨਤਕਸ਼ ਮਨੁੱਖ ਸਥਾਨ ਦੀ ਤਬਦੀਲੀ ਦੇ ਰਾਹ ਤੁਰਦਾ ਹੈ ਦੂਜੇ ਪਾਸੇ ਉਹ ਜੀਵਨ ਦੀ ਸਧਾਰਨ ਗੁਜ਼ਰ ਬਸਰ ਤੋਂ ਖੁਸ਼ਹਾਲ ਜੀਵਨ ਜੀਣ ਦੇ ਸੁਪਨੇ ਵਿਚ ਪ੍ਰਵੇਸ਼ ਕਰਦਾ ਹੈ। ਨਾਵਲਕਾਰ ਨੇ ਪ੍ਰਤਾਪੇ ਨਾਂ ਦੇ ਕੇਂਦਰੀ ਪਾਤਰ ਰਾਹੀਂ ਉਪਰੋਕਤ ਸਥਿਤੀ ਨੂੰ ਵੱਡੇ ਕੈਨਵਸ ਉੱਤੇ ਚਿਤਰਨ ਦਾ ਯਤਨ ਕੀਤਾ ਹੈ। ਇਹ ਨਾਵਲ ਇਸ ਕਰਕੇ ਵੀ ਮਹੱਤਵਪੂਰਨ ਹੈ ਕਿ ਇਸ ਦਾ ਗਲਪੀ ਜਗਤ ਬਾਹਰਲੇ ਬਸਤੀਵਾਦੀ ਮੁਲਕਾਂ ਖਾਸ ਤੌਰ 'ਤੇ ਅਫਰੀਕਨ ਮੁਲਕਾਂ ਵਿਚ ਰਹਿ ਕੇ ਮਿਹਨਤ ਮੁਸ਼ੱਕਤ ਕਰਨ ਵਾਲੇ ਪੰਜਾਬੀ ਮਨੁੱਖ ਦੇ ਸੰਕਟ ਨੂੰ ਪੇਸ਼ ਕਰਨ ਦੇ ਨਾਲ ਨਾਲ ਉਸ ਦੇ ਮਨੋਭਾਵਾਂ ਨੂੰ ਕਈ ਕੋਨਾਂ ਤੋਂ ਬਾਖੂਬੀ ਪ੍ਰਸਤੁਤ ਕਰਦਾ ਹੈ। ਮਨੋਭਾਵੀ ਬਿਰਤਾਂਤ ਦਾ ਇਕ ਵੇਰਵਾ ਉਪਕਥਾ ਦੇ ਰੂਪ ਵਿਚ ਕੇਂਦਰੀ ਕਥਾ ਦੇ ਨਾਲ ਨਾਲ ਚੱਲਦਾ ਹੈ ਜਿਸ ਵਿਚ ਲੇਖਕ ਦੀ ਭੂਮਿਕਾ ਨਿਭਾ ਰਿਹਾ ਇਕ ਪਾਤਰ ਆਪਣੇ ਆਪ ਨਾਲ ਜੂਝਦਾ ਦਿਖਾਈ ਦਿੰਦਾ ਹੈ।

'ਦੋ ਪੱਤਣਾਂ ਦੇ ਤਾਰੂ' ਅਸਲ ਵਿਚ ਇਕ ਮੈਟਾਫ਼ਰ ਬਣ ਕੇ ਉਪਰੋਕਤ ਦੋਹਾਂ ਕਥਾਵਾਂ ਦੇ ਸੰਕਟ ਨੂੰ ਸਮਝਣ ਦਾ ਜ਼ਰੀਆ ਬਣਦਾ ਹੈ। ਲੇਖਕ ਪਾਤਰ ਦੇ ਮਾਨਸਿਕ ਸੰਕਟ ਨਾਲ ਇਸ ਦਾ ਸੰਬੰਧ ਉਸਦੀ ਵਿਚਾਰਧਾਰਾ ਤੇ ਪ੍ਰਤਿਬੱਧਤਾ ਵਿਚਲੇ ਅੰਤਰ ਨਾਲ ਹੈ। ਭਾਵ ਲੇਖਕ ਦੀ ਕਥਨੀ ਤੇ ਕਰਨੀ ਵਿਚਲੇ ਅੰਤਰ ਨੂੰ ਨਾਵਲਕਾਰ ਨੇ ਇਸ ਅਜਿਹੇ ਮਸਲੇ ਦੇ ਰੂਪ ਵਿਚ ਉਠਾਇਆ ਹੈ ਕਿ ਇਹ ਪਾਤਰ ਆਪਣੇ ਦੋ ਪੱਤਣੀ ਕਿਰਦਾਰ ਨੂੰ ਲੈ ਕੇ ਤਣਾਉ ਦਾ ਸ਼ਿਕਾਰ ਹੈ। ਨਾਵਲਕਾਰ ਇਸ ਪਾਤਰ ਦੇ ਦੋ ਪਾਤਣੀ ਤਾਰੂ ਦੇ ਕਿਰਦਾਰ ਨੂੰ ਖੋਰ ਕੇ ਇਕ ਪਾਤਣੀ ਭਾਵ ਕਥਨੀ ਤੇ ਕਰਨੀ ਦੇ ਸੁਮੇਲ ਨੂੰ ਬਣਾਉਣ ਦਾ ਯਤਨ ਕਰਦਾ ਹੈ। ਦੂਜੇ ਪਾਸੇ ਪ੍ਰਧਾਨ ਕਥਾ ਦੇ ਵਿਚ ਇਹ ਮੈਟਾਫ਼ਰ ਪ੍ਰਤਾਪੇ ਨਾਂ ਦੇ ਪਾਤਰ ਦੇ ਉਸ ਜੀਵਨ ਨਾਲ ਸੰਬੰਧਤ ਹੈ ਜਿਸ ਵਿਚ ਉਹ ਮਿਹਨਤ ਮੁਸ਼ੱਕਤ ਕਰਕੇ ਆਪਣੇ ਜੀਵਨ ਦੀ ਤੋਰ ਨੂੰ ਵਧੀਆ ਬਣਾ ਲੈਂਦਾ ਹੈ ਪਰ ਘਰਵਾਲੀ ਦੀ ਮੌਤ ਉਪਰੰਤ ਦੂਜਾ ਵਿਆਹ ਕਰ ਕੇ ਜਿਸਮਾਨੀ ਸੁੱਖ ਦੀ ਪ੍ਰਾਪਤੀ ਵਿਚ ਦੁਖਾਂਤ ਦਾ ਸ਼ਿਕਾਰ ਬਣ ਬਹਿੰਦਾ ਹੈ। ਇਸ ਬਿਰਤਾਂਤ ਦੀ ਪੇਸ਼ਕਾਰੀ ਲਈ ਨਾਵਲਕਾਰ ਅਜਿਹੀਆਂ ਸਥਿਤੀਆਂ ਦੀ ਉਸਾਰੀ ਕਰਦਾ ਹੈ ਜਿਸ ਵਿਚ ਉਸ ਦੀ ਘੱਟ ਉਮਰ ਦੀ ਸੁੰਦਰ ਜਵਾਨ ਦੂਜੀ ਘਰਵਾਲੀ ਕਾਮ ਦੀ ਅਪੂਰਤੀ ਕਾਰਨ ਉਸ ਤੋਂ ਬਗਾਵਤ ਕਰਕੇ ਪਰਾਏ ਮਰਦ ਨਾਲ ਨਾਤਾ ਜੋੜ ਲੈਂਦੀ ਹੈ। ਇਹੀ ਨਹੀਂ ਉਹ ਪ੍ਰਤਾਪੇ ਦੀਆਂ ਵਧੀਕੀਆਂ ਦਾ ਬਦਲਾ ਲੈਣ ਲਈ ਮਾਨਸਿਕ ਤੇ ਸਰੀਰਕ ਤਸ਼ੱਦਦ ਕਰਨ ਤੇ ਉਤਰ ਆਉਂਦੀ ਹੈ।

ਇਉ ਨਾਵਲ ਅੰਦਰ 'ਦੋ ਪੱਤਣਾਂ ਦੇ ਤਾਰੂ' ਨਾਂਹ ਵਾਚਕ ਅਰਥਾਂ ਦਾ ਸੰਚਾਰ ਕਰਦਾ ਹੈ। ਚਾਹੇ ਉਹ ਲੇਖਕ ਦੇ ਦਾਇਤਵ ਤੇ ਲੇਖਣੀ ਵਿਚਲੇ ਅੰਤਰ ਦਾ ਹੋਵੇ ਤੇ ਚਾਹੇ ਪ੍ਰਤਾਪੇ ਦੇ ਜੀਵਨ ਸੰਘਰਸ਼ ਅਤੇ ਦੁਹਾਜੂ ਵਿਆਹੁਤਾ ਸੰਬੰਧਾਂ ਕਾਰਨ ਹੋਵੇ। ਪਰੰਤੂ ਇਥੇ ਵਿਚਾਰਨਯੋਗ ਨੁਕਤਾ ਉੱਠਦਾ ਹੈ ਕਿ ਅੱਜ ਦੇ ਮਨੁੱਖ ਦੀ ਹੋਣੀ 'ਦੋ ਪੱਤਰਾਂ ਦੇ ਤਾਰੂ' ਵਰਗੀ ਬਣਦੀ ਜਾ ਰਹੀ ਹੈ। ਗਲੋਬਲੀ ਸੰਸਾਰ ਅੰਦਰ ਸਮਾਜਿਕ ਸੰਬੰਧਾਂ ਦੀ ਟੁੱਟ-ਭੱਜ ਵਿਚੋਂ ਪੈਦਾ ਹੋ ਰਹੀ ਜਿਸਮਾਨੀ ਭੁੱਖ ਤੇ ਇਸਨੂੰ ਮਿਟਾਉਣ ਲਈ ਹੋਂਦ ਵਿਚ ਆਉਣ ਵਾਲੇ ਰਿਸ਼ਤੇ ਅੱਜ ਦੇ ਮਨੁੱਖ ਦੀ ਹੋਣੀ ਨੂੰ ਸਿਰਜ ਰਹੇ ਹਨ। ਦੂਜੇ ਪਾਸੇ ਲੇਖਕ ਦੀ ਕਥਨੀ ਤੇ ਕਰਨੀ

ਵਿਚਲਾ ਪਾੜਾ ਪੀੜਤ ਮਨੁੱਖ ਦੀ ਅਵਾਜ਼ ਬਣਨ ਤੋਂ ਕਿਨਾਰਾਕਸ਼ੀ ਕਰ ਰਿਹਾ ਹੈ। ਇਸ ਵਰਤਾਰੇ ਅੰਦਰ ਉਹ ਮਨੁੱਖ ਜਿਹੜਾ ਇਕ ਪੱਤਣੀ ਤਾਰੂ ਬਣੇ ਰਹਿਣ ਦੇ ਉੱਤੇ ਵਿਸ਼ਵਾਸ਼ ਤੇ ਗੌਰਵ ਮਹਿਸੂਸ ਕਰਦਾ ਸੀ ਦਾ ਆਦਰਸ਼ਕ ਬਿੰਬ ਤਿੜਕ ਗਿਆ ਹੈ। ਇਥੋਂ ਹੀ ਵਿਅਕਤੀ ਤੇ ਸਮਾਜ ਦਾ ਸੰਕਟ ਖੜ੍ਹਾ ਹੁੰਦਾ ਹੈ। ਇਨ੍ਹਾਂ ਸਵਾਲਾਂ ਪ੍ਰਤੀ ਨਾਵਲਕਾਰ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ।

ਇਸ ਨਾਵਲ ਦੀ ਵਿਧੀ ਬਿਆਨੀਆ ਹੋਣ ਦੇ ਨਾਲ ਨਾਲ ਰੂਪਾਕਾਰਕ ਵਿਲੱਖਣਤਾ ਵਾਲੀ ਹੈ। ਗਲਪ ਨਾਟ ਵਾਂਗੂੰ ਨਾਵਲਕਾਰ ਘਟਨਾਵਾਂ, ਪਾਤਰਾਂ ਅਤੇ ਸਥਾਨ ਦੀ ਤਬਦੀਲੀ ਬਾਰੇ ਸੂਚਨਾ ਦਿੰਦਾ ਹੋਇਆ ਗਲਪੀ ਬਿਰਤਾਂਤ ਵਿਚ ਨਾਟਕੀ ਅੰਸ਼ਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਲੈ ਲੈਂਦਾ ਹੈ ਜੋ ਕਿ ਰੌਚਕ ਬਣ ਜਾਂਦੀ ਹੈ। ਉਪਰੋਕਤ ਵਿਚਾਰ ਚਰਚਾ ਤੋਂ ਇਹ ਗੱਲ ਨਿਖਰਦੀ ਹੈ ਕਿ ਲੇਖਕ ਜਿਥੇ ਵਿਸ਼ੇ ਦੀ ਗੰਭੀਰਤਾ ਪ੍ਰਤੀ ਸੁਚੇਤ ਰਹਿੰਦਾ ਹੈ ਉਥੇ ਗਲਪੀ ਕਥਾ ਅੰਦਰਲੇ ਵਸਤੂਗਤ ਯਥਾਰਥ ਨੂੰ ਰੌਚਕ ਗਿਆਨਵਾਨ ਤੇ ਦਾਰਸ਼ਨਿਕ ਛੋਹਾਂ ਪ੍ਰਦਾਨ ਕਰ ਦਿੰਦਾ ਹੈ। ਇਸ ਨਾਵਲ ਅੰਦਰਲੀ ਵਸਤੂਗਤ ਸਮੱਗਰੀ ਦੀ ਕਲਾਤਮਕ 'ਪੇਸ਼ਕਾਰੀ ਪੰਜਾਬੀ ਨਾਵਲਕਾਰੀ ਅੰਦਰ ਨਵੇਂਪਣ ਦਾ ਅਹਿਸਾਸ ਕਰਵਾਉਂਦੀ ਹੈ।

-ਡਾ. ਗੁਰਮੇਲ ਸਿੰਘ

ਸਰਘੀ (ਨਾਵਲ) ਸੰਤੋਖ ਧਾਲੀਵਾਲ

ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ



ਇਸ ਸੰਤੋਖ ਧਾਲੀਵਾਲ ਦਾ ਨਵਾਂ ਨਾਵਲ ਹੈ। ਪਾਤਰ ਪ੍ਰਧਾਨ ਨਾਵਲ ਲਿਖਣ ਦੀ ਪ੍ਰੰਪਰਾ ਪੰਜਾਬੀ ਨਾਵਲ ਵਿਚ ਬੜੀ ਰਵਾਇਤੀ ਹੈ। ਪਾਤਰਾਂ ਦੇ ਨਾਂ ਤੇ ਪੰਜਾਬੀ ਵਿਚ ਬਹੁਤ ਸਾਰੇ ਨਾਵਲ ਲਿਖੇ ਜਾ ਚੁੱਕੇ ਹਨ। ਉਸ ਪ੍ਰੰਪਰਾ ਦੀ ਕੜੀ ਹੈ ਇਹ ਨਾਵਲ 'ਸਰਘੀ' । ਨਾਵਲ ਦਾ ਕਥਾਨਕ ਨਾਜਾਇਜ਼ ਰਿਸ਼ਤਿਆਂ ਵਿਚੋਂ ਉਸਰਦਾ ਹੈ। ਇਸ ਰਿਸ਼ਤਿਆਂ ਵਿਚੋਂ ਸਰਘੀ ਨਾਂ ਕੀ ਕੁੜੀ ਉਭਰਦੀ ਹੈ ਜੋ ਸਮਾਜਿਕ ਤੇ ਪਰਿਵਾਰਕ ਮਾਨਤਾ ਦਾ ਤਰਸੇਵਾ ਸਾਰੀ ਉਮਰ ਭੋਗਦੀ ਹੈ। ਸਰਘੀ ਦੀ ਮਾਂ ਗੋਰੀ ਹੈ ਤੇ ਬਾਪ ਇੰਡੀਅਨ। ਦੋਹਾਂ ਦਾ ਸੰਬੰਧ ਯੂਨੀਵਰਸਿਟੀ ਵਿਚ ਬਣ ਜਾਂਦਾ ਹੈ। ਤੇ ਉਨ੍ਹਾਂ ਦੇ ਸੰਬੰਧਾ ਤੋਂ ਸਰਘੀ ਦਾ ਜਨਮ ਹੁੰਦਾ ਹੈ। ਉਸ ਨੂੰ ਸਾਧੂ ਸਿੰਘ ਦਾ ਪਰਿਵਾਰ ਪਾਲਦਾ ਹੈ। ਉਨ੍ਹਾਂ ਦੀ ਬੇਟੀ ਸ਼ੀਲਾ ਹੈ ਜੋ ਪੱਛਮੀ ਕਲਚਰ 'ਚ ਧਸ ਜਾਂਦੀ ਹੈ ਤੇ ਬਦਮਾਸ਼ਾਂ ਹੱਥੋਂ ਮਾਰੀ ਜਾਂਦੀ ਹੈ। ਸਰਘੀ ਨੂੰ ਉਸਦੀ ਅਸਲੀ ਮਾਂ ਕੋਲ ਭੇਜਣ ਤੇ ਨਾਵਲ ਮੋੜ ਕੱਟਦਾ ਹੈ। ਸਰਘੀ ਦਾ ਮਾਂ ਪੈਟਰੀਸ਼ਾ ਗਿਬਸਨ ਆਪਣੀ ਨਜਾਇਜ ਧੀ ਨੂੰ ਆਪਣੇ ਕੋਲ ਰੱਖ ਨਹੀਂ ਸਕਦੀ, ਕਿਉਂਕਿ ਉਸ ਦਾ ਪਤੀ ਬੜਾ ਕੱਟੜ ਵਿਚਾਰਾ ਵਾਲਾ ਹੈ। ਫਿਰ ਸਰਘੀ ਨੂੰ ਕਿਸੇ ਸਕੂਲ ਵਿਚ ਦਾਖਲ ਕਰਾ ਦਿੱਤਾ ਜਾਂਦਾ ਹੈ। ਲੇਖਕ ਨੇ ਭਾਰਤੀ ਸਭਿਆਤਾ ਅਤੇ ਪੱਛਮੀ ਸਭਿਆਤਾ ਦੇ ਟਕਰਾ ਨੂੰ ਨਾਵਲ ਵਿਚ ਚੰਗੇ ਤਰੀਕੇ ਨਾਲ ਬਿਆਨ ਕੀਤਾ ਹੈ। ਪੱਛਮੀ ਮੂਲ ਦੇ ਪਾਤਰ ਜਿੰਦਗੀ ਜਿਉਣੀ ਚਾਹੁੰਦੇ ਹਨ, ਤੇ ਨਿੱਜੀ ਆਜ਼ਾਦੀ ਅਤੇ ਨਿਰਪੱਖ ਰਹਿਣ ਵਾਲੇ ਹਨ ਜਦ ਕਿ ਭਾਰਤੀ ਪਾਤਰ ਦਵੰਦ ਵਿਚ ਜੀਉਂਦੇ ਹਨ ਤੇ ਐਸ਼ੀ ਬਿਰਤੀ ਵਾਲੇ ਹਨ। ਸਰਘੀ ਦੀ ਮਾਂ ਪੈਟਰੀਸ਼ਾ ਦਾ ਆਪਣਾ ਪਰਿਵਾਰ ਹੈ ਤੇ ਉਹ ਸਰਘੀ ਨੂੰ ਵੀਚਹੁੰਦੀ ਹੈ। ਉਸ ਦਾ ਦਵੰਧ ਨਾਵਲ ਵਿਚੋਂ ਉਭਰਦਾ ਹੈ। ਜਦੋਂ ਸਰਘੀ ਨੂੰ ਕੋਈ ਨਹੀ ਝੱਲਦਾ ਤਾਂ ਉਹ ਆਪਣੀ ਸਹੇਲੀ ਦਾ ਭਰਾ ਡੇਵ ਨਾਲ ਸੰਬੰਧ ਬਣਾ ਲੈਂਦੀ ਹੈ। ਨਾਵਲ ਇਹ ਲੁਕਵਾ ਸੰਦੇਸ਼ ਦਿੰਦਾ ਹੈ ਕਿ ਗਲਤ ਰਾਹ ਤੇ ਤੁਰ ਕੇ ਮਨੁੱਖ ਦਾ ਭਲਾ ਨਹੀਂ ਹੁੰਦਾ। ਉਹ ਦਰ ਦਰ ਭਟਕਦਾ ਰਹਿੰਦਾ ਹੈ। ਨਾਵਲ ਦਾ ਬਿਰਤਾਂਤ ਪਾਠਕ ਨੂੰ ਬੰਨੀ ਰੱਖਦਾ ਹੈ। ਪੱਛਮੀ ਕਲਚਰ ਨੂੰ ਸਮਝਣ ਵਾਲਾ ਇਹ ਇਕ ਚੰਗਾ ਨਾਵਲ ਹੈ।

ਛੋਟੇ ਵੱਡੇ ਰੱਬ (ਕਹਾਣੀਆਂ) ਬੀ. ਐੱਸ. ਬੀਰ

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ।

ਪੱਤਰਕਾਰੀ ਕਿੱਤੇ ਨਾਲ ਜੁੜੇ ਬੀਰ ਦਾ ਇਹ ਨਵਾਂ ਕਹਾਣੀ ਸੰਗ੍ਰਹਿ ਹੈ। ਜਿਸ ਵਿਚ ਉਸ ਨੇ 25 ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਪੱਖ ਤੋਂ ਜੇ ਦੇਖਿਆ ਜਾਵੇ ਤਾਂ ਇਨ੍ਹਾਂ ਦੇ ਵਿਸ਼ੇ ਬਹੁਤ ਵਿਸ਼ਾਲ ਹਨ। ਕੈਨਵਸ ਵੱਡਾ ਹੈ। ਉਸ ਨੇ ਬਿਮਾਰ ਮਾਨਸਿਕਤਾ ਵਾਲੇ ਪਾਤਰ ਕਹਾਣੀਆਂ ਵਿਚ ਲਏ ਹਨ। ਜਿਨ੍ਹਾਂ ਕਰਕੇ ਰਿਸ਼ਤਿਆਂ ਦਾ ਮਿਥ ਭੰਨਜ ਹੁੰਦਾ ਹੈ। ਅਤੇ ਮਾਨਵੀ ਸੰਵੇਦਨਾ ਮਨਫ਼ੀ ਹੁੰਦੀ ਹੈ। ਪੁਸਤਕ ਵਿਚ ਪਹਿਲੀ ਕਹਾਣੀ 'ਚੌਕੀਦਾਰ' ਹੈ ਜੋ ਇਸਾਈ ਕਲਚਰ ਵਿਚ ਵਿਚਰਦੇ ਕੋਰਲੀਆ ਮੈਂਡਿਜ਼ ਤੇ ਜੋਸਫ਼ ਮੈਂਡਿਜ਼ ਦੋ ਬਜ਼ੁਰਗਾਂ ਦਾ ਦੁਖਾਂਤ ਪੇਸ਼ ਕਰਦੀ ਹੈ। ਬਜ਼ੁਰਗੀ ਦੀ ਇਕੱਲਤਾ, ਵੇਦਨਾ, ਲਚਾਰੀ ਆਦਿ ਨੂੰ ਕਹਾਣੀ ਵਿਚ ਉਭਾਰਿਆ ਹੈ। ਕਰੁਣਾ ਰਸ ਹਾਵੀ ਹੋਣ ਕਰਕੇ ਪਾਠਕ ਨੂੰ ਨਾਲ ਤੋਰਨ ਵਿਚ ਸਫ਼ਲ ਹੋ ਜਾਂਦੀ ਹੈ। ਬੀਰ ਦੀ ਇਕ ਹੋਰ ਕਹਾਣੀ ਹੈ 'ਬਲੈਕ ਟੀ' ਔਰਤ ਦੇ ਦੁਖਾਂਤ ਦੀ ਕਹਾਣੀ ਜੋ ਸ਼ੱਕੀ ਪਤੀ ਹੱਥੋ ਸੰਤਾਪ ਝੱਲਦੀ ਹੈ। ਔਰਤ ਦੀ ਹੋਣੀ ਨੂੰ ਬਿਆਨ ਕਰਦੀ ਇਕ ਹੋਰ ਕਹਾਣੀ ਹੈ "ਖਰੀ ਨਿਮਾਣੀ" ਜੋ ਜਵਾਨੀ ਵਿਚ ਬੜੀ ਦਲੇਰ ਅਤੇ ਦਬੰਗ ਰਹਿੰਦੀ ਹੈ। ਪਰ ਅੰਤਲੇ ਸਮੇਂ ਵਿਚ ਉਹ ਵੀ ਦੁਖਾਂਤ ਭੋਗਣ ਲਈ ਬੇਵੱਸ ਹੋ ਜਾਂਦੀ ਹੈ। 'ਬਖਸ਼ੀਸ਼' ਕਹਾਣੀ ਵਿਦੇਸ਼ੀ ਦੀ ਚਮਕ ਦੇ ਭਰਮ ਜਾਲ ਦੀ ਕਹਾਣੀ ਹੈ ਜਿਸ ਚਮਕ ਵਿਚ ਅਮੀਰ ਜ਼ਿੰਮੀਂਦਾਰ ਦਾ ਮੁੰਡਾ ਚਲੇ ਜਾਂਦਾ ਹੈ। 'ਸਿਲਵੱਟਾ' ਕਹਾਣੀ ਵਿਚ ਬੀਰ ਨੇ ਔਰਤ ਦੇ ਦੁਖਾਂਤ ਨੂੰ ਬਾਖੂਬੀ ਨਾਲ ਚਿਤਰਿਆ ਹੈ। 'ਛੋਟੇ ਵੱਡੇ ਰੱਬ' ਭ੍ਰਿਸ਼ਟਾਚਾਰ ਵਿਚ ਖੁੱਭੇ ਅਜਿਹੇ ਪਾਤਰ ਦੀ ਕਹਾਣੀ ਹੈ,ਜਿਸ ਵਿਚ ਲੇਖਕ ਨੇ ਬੜਾ ਤੇਜ਼ ਤੇ ਸ਼ਾਤਰ ਪਾਤਰ ਉਸਾਰਿਆ ਹੈ। ਬੀਰ ਦੀਆਂ ਹੋਰ ਕਹਾਣੀਆਂ ਕਾਹਦੇ ਲਈ ਜਾਈਏ?, ਜਿਨ ਉਪਾਈ ਮੇਦਨੀ, ਕਲਾਕਾਰ, ਮੇਰਾ ਹੀਰੋ, ਕੱਦਾਵਰ, 'ਸਿਲਵੱਟਾ', 'ਦਰਿਆ ਦੇ ਵਹਿਣ' ਅਤੇ 'ਅਤਵਾਰ' ਕਹਾਣੀ ਵਿਚ ਸਮਾਜਿਕ ਸੱਚ ਨੂੰ ਸੈਕੂਲਰ ਨਜ਼ਰੀਏ ਨਾਲ ਉਭਾਰਿਆ ਹੈ। ਬੀਰ ਨੇ ਔਰਤ ਦੇ ਦੁਖਾਂਤ ਨੂੰ ਸਮਾਜਿਕ ਪ੍ਰਬੰਧ ਦੇ ਇਤਿਹਾਸਕ ਹਵਾਲਿਆ ਨਾਲ ਚਿਤਰਿਆ ਹੈ। ਉਸ ਦੀ ਕਹਾਣੀ ਦਾ ਬਿਰਤਾਂਤ ਨਟਕੀਅਤਾ ਵਾਲਾ ਹੈ। ਪਾਤਰਾਂ ਦੇ ਵਰਤਾਲਾਪ ਨਾਲ ਉਹ ਕਹਾਣੀ ਉਸਾਰਦਾ ਹੈ। ਅਤੇ ਸਮੱਸਿਆ ਦਾ ਅਹਿਸਾਸ ਕਰਵਾ ਕੇ ਕਹਾਣੀ ਖਤਮ ਕਰ ਦਿੰਦਾ ਹੈ। ਉਸ ਦੀ ਕਹਾਣੀ ਭਾਵੇਂ ਫੈਲਦੀ ਨਹੀਂ ਪਰ ਉਸ ਦੇ ਅਰਥ ਪਾਠਕ ਦੇ ਮਨ ਵਿਚ ਬਹੁਤ ਫੈਲਦੇ ਹਨ। ਇਹ ਉਸ ਦੀ ਪ੍ਰਾਪਤੀ ਹੈ। **- ਸਰੋਜ**

ਮੇਰਾ ਨਾਟਕੀ ਸਫ਼ਰ (ਸਾਹਿਤਕ ਸਵੈ-ਜੀਵਨੀ) ਨਾਟਕਕਾਰ ਚਰਨਦਾਸ ਸਿੱਧੂ

ਪ੍ਰਕਾਸ਼ਕ : ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ

ਸਾਹਿਤ ਅਕੈਡਮੀ ਐਵਾਰਡ ਜੇਤੂ ਚਰਨਦਾਸ ਸਿੱਧੂ ਦੀ ਆਪਣੇ ਨਾਟਕੀ ਸਫ਼ਰ ਦੀ ਬਾਤ ਪਾਉਂਦੀ ਇਹ ਰੌਚਿਤ ਪੁਸਤਕ ਹੈ। ਸਿੱਧੂ ਨੇ ਪਹਿਲੇ ਭਾਗ ਵਿਚ ਆਪਣੇ ਨਾਟਕੀ ਸਫ਼ਰ ਨਾਲ ਸੰਬੰਧਿਤ 12 ਲੇਖ ਪੁਸਤਕ ਵਿਚ ਪ੍ਰਕਾਸ਼ਤ ਕੀਤੇ ਹਨ। ਜਿਸ ਵਿਚੋਂ ਸਿੱਧੂ ਦੀ ਨਾਟਕੀ ਸਮਝ, ਨਾਟਕੀ ਪ੍ਰੇਰਨਾ ਸਰੋਤ, ਪੰਜਾਬੀ ਰੰਗ ਮੰਚ ਬਾਰੇ ਪ੍ਰਤੀਕਰਮ, ਪੱਛਮੀ ਨਾਟਕ ਬਾਰੇ ਆਪਣੇ ਵਿਚਾਰ, ਯੋਰਪ ਅੰਦਰ ਚਲ ਰਹੇ ਨਾਟਕ ਦੀ ਸਥਿਤੀ, ਸਿੱਧੂ ਨੇ ਕਿਵੇਂ ਆਪਣੀ ਨਾਟਕ ਟੋਲੀ ਸਥਾਪਤ ਕੀਤੀ, ਅੰਗਰੇਜ਼ੀ ਨਾਟਕਾਂ ਦੀ ਨਿਰਦੇਸ਼ਨਾ ਕਿਵੇਂ ਕੀਤੀ। ਨਾਟਕ ਦੀ ਬਣਤਰ ਬਾਰੇ ਬਹੁਮੁੱਲੇ ਲੇਖ ਹਨ। ਸਿੱਧੂ ਨੇ ਆਪਣੇ ਚਰਚਿਤ ਨਾਟਕਾਂ ਵਿਚ ਕਿਹੜੇ ਕਿਹੜੇ ਤਜਰਬੇ ਕੀਤੇ ਬਾਰੇ ਵੀ ਵੇਰਵੇ ਹਨ। ਲੇਖਾਂ ਦੇ ਨਾਲ ਨਾਲ ਸਿੱਧੂ ਨੇ ਨਾਟਕਾਂ ਦੇ ਦ੍ਰਿਸ਼ਾ ਦੀਆਂ ਤਸਵੀਰਾ ਵੀ ਦਿੱਤੀਆਂ ਹਨ। ਦੂਜੇ ਭਾਗ ਵਿਚ ਤਰਸੇਮ ਦੇ 40 ਸਵਾਲਾਂ ਦੇ ਜੁਵਾਬ ਚਰਨਦਾਸ ਸਿੱਧੂ ਨੇ ਦਿੱਤੇ ਹਨ। ਆਖਰੀ ਭਾਗ 'ਭੂੰਗਾ ਵਿਚ ਸਿੱਧੂ ਨੇ ਆਪਣੇ ਨਾਟਕੀ ਲਿਖਤਾ ਦਾ ਵੇਰਵਾ ਦਿੱਤਾ ਹੈ। ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੁੰਦੀ ਹੈ ਪੰਜਾਬ ਵਿਚ ਸਰਗਰਮ ਨਾਟ ਟੋਲੀਆਂ ਚਰਨਦਾਸ ਸਿੱਧੂ ਦੇ

ਨਾਟਕ ਕਿਉਂ ਨਹੀਂ ਖੇਡ ਰਹੀਆਂ। ਹਲਾਂ ਕਿ ਉਸ ਨੇ ਆਪਣੇ ਨਾਟਕਾਂ ਵਿਚ ਜਿਹੜੇ ਦਲਿਤ ਸਮਾਜ ਨੂੰ ਉਸ ਦੀ ਠੇਠ ਬੋਲੀ ਨਾਲ ਚਿਤਰਿਆ ਹੈ ਉਹੋ ਜਿਹੋ ਨਾਟਕ ਹੋਰ ਕੋਈ ਪੰਜਾਬੀ ਦਾ ਨਾਟਕ ਕਾਰ ਨਹੀਂ ਚਿੱਤਰ ਸਕਿਆ। ਸਿੱਧੂ ਦਾ ਨਾਟਕੀ ਸਫ਼ਰ ਬੜਾ ਕਠਿਨ ਰਿਹਾ। ਉਸ ਨੇ 38 ਸਾਲ ਨਾਟਕ ਲਿਖਣ ਅਤੇ ਫਿਰ ਉਸ ਨੂੰ ਸਟੇਜ 'ਤੇ ਖੇਡਣ ਵਿਚ ਬੜੀ ਮਿਹਨਤ ਕੀਤੀ। ਇਸ ਡਰਾਮੇਬਾਜ਼ੀ ਵਿਚ ਉਹ ਆਪਣੇ ਆਪ ਨੂੰ, ਆਪਣੇ ਟੱਬਰ ਨੂੰ, ਆਂਢੀਆਂ-ਗੁਆਂਢੀਆਂ ਤੇ ਯਾਰਾਂ-ਦੋਸਤਾਂ ਨੂੰ ਵੀ ਘੜੀਸਦਾ ਰਿਹਾ। ਇਸ ਕਰਕੇ ਉਸ ਨੇ ਆਪਣੇ ਨਾਟਕ ਆਪ ਹੀ ਨਿਰਦੇਸ਼ਨ ਕੀਤਾ ਅਤੇ ਮਕਬੂਲੀਅਤ ਹਾਸਲ ਕੀਤੀ। ਇਸ ਨਾਟਕੀ ਸਫ਼ਰ ਵਿਚ ਜੋ ਮੁਸ਼ਕਲਾ ਆਈਆਂ ਉਸ ਦੀ ਦਾਸਤਾਨ ਹੈ ਇਹ ਪੁਸਤਕ। ਇਸ ਕਿਤਾਬ ਵਿਚ ਸਿੱਧੂ ਇਸ ਗੱਲ ਦਾ ਇਕਬਾਲ ਕਰਦਾ ਹੈ ਕਿ ਉਹ 34 ਨਾਟਕ ਲਿਖਣ, ਖੇਡਣ, ਛਾਪਣ ਉੱਤੇ ਬਾਰਾਂ ਲੱਖ ਖ਼ਰਚ ਕਰ ਚੁੱਕਾ ਹੈ। ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਕਿਸੇ ਸਰਕਾਰੀ ਅਦਾਰੇ ਨੇ ਸਿੱਧੂ ਦੀ ਕਲਮ ਦਾ ਮੁੱਲ ਕਿਉਂ ਨਹੀਂ ਪਇਆ। ਸਾਡਾ ਭਾਸ਼ਾ ਵਿਭਾਗ ਪੰਜਾਬ ਨੇ ਕਈ ਫਰਾਡ ਕਿਸਮ ਦੇ ਤੇ ਤਿਕੜਮਬਾਜ਼ ਲੇਖਕਾਂ ਨੂੰ ਲੱਖਾਂ ਰੁਪਏ ਦੇ ਇਨਾਮ ਦੇ ਦਿੱਤੇ ਹਨ। ਪਰ ਸਿੱਧੂ ਵਰਗੇ ਲੇਖਕ ਵੱਲ ਉਸ ਦੀ ਨਜ਼ਰ ਨਹੀਂ ਪਈ। ਨਾਟਕ ਨਾਲ ਜੁੜੇ ਹਰ ਪਾਠਕ ਨੂੰ ਇਹ ਕਿਤਾਬ ਪੜ੍ਹਨੀ ਬਹੁਤ ਜ਼ਰੂਰੀ ਹੈ।



ਬਾਬਾ ਬੂਝਾ ਸਿੰਘ (ਜੀਵਨੀ) ਅਜਮੇਰ ਸਿੱਧੂ

ਪ੍ਰਕਾਸ਼ਕ : ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ



ਅਜਮੇਰ ਸਿੱਧੂ ਨੇ ਹਨੇਰੇ ਵਿਚ ਗਵਾਚੇ ਗ਼ਦਰੀ ਬਾਬਾ ਬੂਝਾ ਸਿੰਘ ਦੀ ਜੀਵਨੀ ਲਿਖ ਕੇ ਨਕਸਲੀਆਂ ਲਈ ਪੁੰਨ ਦਾ ਕੰਮ ਕੀਤਾ ਹੈ। ਬਾਬਾ 40 ਸਾਲ ਤੱਕ ਖੱਬੇ ਪੱਖੀ ਲਹਿਰ ਨਾਲ ਜੁੜ ਕੇ ਲੋਕਾਂ ਨੂੰ ਲਾਮਬੰਦ ਕਰਦਾ ਰਿਹਾ ਅਤੇ ਅੰਤ 1970 ਵਿਚ ਪੁਲਿਸ ਨੇ ਨਕਸਲਬਾੜੀ ਹੋਣ ਕਰਕੇ ਉਸ ਨੂੰ ਮੁਕਾਬਲਾ ਬਣਾ ਕੇ ਮਾਰ ਦਿੱਤਾ। ਬਾਬਾ ਬੂਝਾ ਸਿੰਘ ਜਵਾਨੀ ਵਿਚ ਚੀਨ, ਪਾਨਾਮਾਂ, ਅਰਜਨਟਾਇਨਾ ਵਿਚ ਵਿਚਰਦਿਆਂ ਗ਼ਦਰ ਲਹਿਰ ਵਿਚ ਸ਼ਾਮਿਲ ਹੋ ਗਿਆ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਉਸ ਨੇ ਚੰਗੇ ਸਮਾਜ ਦੀ ਸਿਰਜਣਾ ਦੇ ਸੁਪਨੇ ਨੂੰ ਪੁਰਾ ਕਰਨ ਲਈ ਆਮ ਜਨਤਾ ਨੂੰ ਲਾਮਬੰਦ ਕਰਦਾ ਰਿਹਾ। ਸਿੱਧੂ ਨੇ ਪੁਸਤਕ ਨੂੰ ਚਾਰ ਭਾਗਾ ਵਿਚ ਵੰਡਿਆ ਹੈ। ਪਹਿਲਾ ਭਾਗ ਬਾਬੇ ਦੇ ਜੀਵਨ ਬਾਰੇ ਹੈ, ਦੂਜਾ ਗ਼ਦਰ ਤੇ ਕਿਰਤੀ ਪਾਰਟੀ ਦੀ ਸਰਗਰਮੀ ਬਾਰੇ ਹੈ ਤੇ ਤੀਜੇ ਭਾਗ ਵਿਚ ਵੱਖ ਵੱਖ ਵਿਦਵਾਨਾ ਦੇ ਬਾਬੇ ਬਾਰੇ ਵਿਚਾਰ ਹਨ। ਚੌਥਾ ਭਾਗ ਵਿਚ ਸਿੱਧੂ ਨੇ ਬਾਬੇ ਬਾਰੇ ਕੁਝ ਦਸਤਾਵੇਜ਼ ਦਿੱਤੇ ਹਨ। ਇਸ ਤਰ੍ਹਾਂ ਸਿੱਧੂ ਨੇ ਬਾਬੇ ਬਾਰੇ ਸਾਰੀ ਸਮੱਗਰੀ ਇਕੋ ਥਾਂ ਇਕੱਠੀ ਕਰ ਦਿੱਤੀ ਹੈ। ਇਕ ਤਰ੍ਹਾਂ ਇਹ ਕਿਤਾਬ ਨਾ ਤਾਂ ਜੀਵਨੀ ਬਣ ਸਕੀ ਅਤੇ ਨਾ ਹੀ ਇਤਿਹਾਸਕ ਸਰੋਤ ਪੁਸਤਕ ਦੀ ਵੰਨਗੀ ਵਿਚ ਆ ਸਕੀ। ਇਹ ਸਾਰਾ ਕੁਝ ਦ੍ਰਿਸ਼ਟੀ ਦੇ ਧੁੰਦਲਕੇ ਕਰਕੇ ਹੋ ਜਾਣਾ ਸੁਭਾਵਿਕ ਹੈ। ਪੁਸਤਕ ਵਿਚ ਕਿਤੇ ਕਿਤੇ ਦੁਹਰਾਓ ਇਸ ਲਈ ਆ ਗਿਆ ਕਿਉਂਕਿ ਇਕ ਭਾਗ ਤਾਂ ਲੇਖਕ ਲਿਖਦਾ ਹੈ ਬਾਕੀ ਭਾਗ ਹੋਰ ਲਿਖਦੇ ਹਨ। ਜੇ ਅਜਮੇਰ ਸਿੱਧੂ ਇਸ ਨੂੰ ਜੀਵਨੀ ਵਿਧਾ ਵਿਚ ਲਿਖਦਾ ਤਾਂ ਉਸ ਦਾ ਪ੍ਰਭਾਵ ਬੱਝਵਾ ਪੈਣਾ ਸੀ। ਜੋ ਹੋਰ ਦਸਤਾਵੇਜ਼ ਹਨ ਉਸ ਨੂੰ ਵੱਖਰੀ ਸਰੋਤ ਪੁਸਤਕ ਵਜੋ ਬਣਾ ਦਿੱਤਾ ਜਾਂਦਾ। ਪ੍ਰੰਤੂ ਸਿੱਧੂ ਨੇ ਜੋ ਜਤਨ ਕੀਤਾ ਹੈ ਉਹ ਬਹੁਤ ਮਿਹਨਤ ਦਾ ਕੰਮ ਹੈ। ਇਕ ਹਾਸ਼ੀਏ ਤੇ ਪਏ ਦੇਸ਼ ਭਗਤ ਬਾਰੇ ਸਾਰੀ ਸਮੱਗਰੀ ਇਕੱਠੀ ਕਰਨੀ ਅਤੇ ਫਿਰ ਉਸ ਨੂੰ ਤਰਤੀਬ ਦੇਣੀ ਬੜਾ ਔਖਾ ਕਾਰਜ ਹੈ।

ਮਾਰਕਸਵਾਦ ਤੇ ਪੰਜਾਬੀ ਨਾਵਲ (ਆਲੋਚਨਾ) ਸੁਰਜੀਤ ਗਿੱਲ

ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ

ਸੁਰਜੀਤ ਗਿੱਲ ਦੀ ਇਹ ਪੁਸਤਕ ਉਸ ਦੇ ਪੰਜਾਬੀ ਦੇ 35 ਨਾਵਲਾਂ ਦੀ ਆਲੋਚਨਾ ਪੁਸਤਕ ਹੈ। ਇਸ ਵਿਚ ਉਸ ਨੇ ਨਾਨਕ ਸਿੰਘ ਤੋਂ ਲੈ ਕੇ ਦਰਸ਼ਨ ਗਿੱਲ ਦੇ ਨਾਵਲ ਦੀ ਸਮੀਖਿਆ ਮਾਰਕਸਵਾਦੀ ਦ੍ਰਿਸ਼ਟੀ ਤੋਂ ਕੀਤੀ ਹੈ। ਉਸ ਦੀ ਇਕੋ ਸੀਮਤ ਪਾਠਕੀ ਦ੍ਰਿਸ਼ਟੀ ਹੋਣ ਕਰਕੇ ਨਾਵਲ ਦੇ ਪਾਠ ਨੂੰ ਪੁਨਰ-ਸੁਰਜੀਤ ਕਰਨ ਦੀ ਥਾਂ ਸੀਮਿਤ ਕਰ ਦਿੰਦਾ ਹੈ। ਇਹ ਆਲੋਚਨਾ ਲੇਖ ਉਸ ਨੇ ਸਮੇਂ ਸਮੇਂ ਲਿਖੇ ਹੋਏ ਹਨ। ਕਈ ਥਾਂਵਾਂ ਉਤੇ ਉਹ ਨਾਵਲ ਵਿਚੋਂ ਵਿਆਪਕ ਅਰਥ ਕੱਢਣ ਦੀ ਥਾਂ ਨਾਵਲ ਦੇ ਅਰਥਾ ਨੂੰ ਸੀਮਤ ਵੀ ਕਰ ਦਿੰਦਾ ਹੈ। ਗਿੱਲ ਨੇ ਇਕ ਇਕ ਲੇਖਕ ਦੇ ਤਿੰਨ ਤਿੰਨ ਨਾਵਲਾਂ ਦਾ ਵਿਸ਼ਲੇਖਣ ਵੀ ਕੀਤਾ ਹੈ ਅਤੇ ਕਈ ਨਾਵਲਕਾਰਾਂ ਦੇ ਇਕ ਨਾਵਲ ਦਾ ਵੀ ਨਹੀਂ। ਇਹ ਗਿੱਲ ਦੀ ਸੀਮਾ ਹੈ ਉਹ ਹਰ ਨਾਵਲ ਵਿਚੋਂ ਸਮਾਜਵਾਦੀ ਯਥਾਰਥਵਾਦ ਲੱਭ ਲੱਭ ਕੇ ਉਸ ਦਾ ਵਿਸ਼ਲੇਖਣ ਕਰਦਾ ਹੈ ਚਾਹੇ ਉਹ ਯਥਾਰਥ ਨਾਵਲ ਵਿਚ ਮੱਧਮ ਹੀ ਹੋਵੇ, ਸਮਾਜਿਕ ਯਥਾਰਥ ਨੂੰ ਨਜ਼ਰ ਅੰਦਾਜ਼ ਕਰ ਦਿੰਦਾ ਹੈ। ਉਹ ਪੰਜਾਬੀ ਨਾਵਲ ਵਿਚ ਪਈ ਸਮਾਜਿਕ ਵੰਡ ਨੂੰ ਸ਼੍ਰੇਣੀ ਵੰਡ ਦੇ ਨਜ਼ਰੀਏ ਤੋਂ ਪਰਖਦਾ ਹੈ ਜਦ ਕਿ ਸਮਾਜਕ ਵੰਡ ਨੂੰ ਜਾਤੀ ਵੰਡ ਤੋਂ ਬਿਨਾ ਸਮਝਿਆ ਹੀ ਨਹੀਂ ਜਾ ਸਕਦਾ। ਉਹ ਉਸ ਦੀ ਆਲੋਚਨਾ ਦੀ ਸੀਮਾ ਵੀ ਬਣ ਜਾਂਦੀ ਹੈ। ਸੁਰਜੀਤ ਗਿੱਲ ਦੀ ਆਲੋਚਨਾ ਆਕੈਡਿਮਕ ਕਿਸਮ ਦੀ ਆਲੋਚਨਾ ਨਹੀਂ ਹੈ। ਇਹ ਆਲੋਚਨਾ ਇਕ ਪਾਠਕੀ ਪ੍ਰਤੀਕਰਮ ਹੈ ਸਾਇਦ ਇਸ ਕਰਕੇ ਉਹ ਆਪਣੇ ਆਲੋਚਨਾ ਲੇਖਾਂ ਨੂੰ ਬਹੁਤਾ ਵਿਸਥਾਰ ਨਹੀਂ ਦੇ ਸਕਿਆ। ਪੰਜਾਬੀ ਗਲਪ ਦਾ ਵਿਸ਼ਲੇਸ਼ਣ ਇਸੇ ਕਰਕੇ ਬਹੁਤੇ ਵਿਆਪਕ ਪੱਧਰ ਤੇ ਨਹੀਂ ਹੋ ਸਕਿਆ ਕਿਉਂਕਿ ਗਲਪ ਦੀ ਬਹੁਤੀ ਆਲੋਚਨਾ ਮਾਰਕਸੀ ਐਂਗਲ ਤੋਂ ਹੋਈ ਹੈ, ਬਾਕੀ ਐਂਗਲਾਂ ਤੋਂ ਅਜੇ ਹੋਣੀ ਬਾਕੀ ਤਾਂ ਹੀ ਅਸੀਂ ਗਲਪ ਨੂੰ ਵਿਸ਼ਾਲ ਅਰਥਾ ਵਿਚ ਸਮਝ ਨਹੀਂ ਸਕੇ। ਉਸ ਦੀ ਆਲੋਚਨਾ ਦਾ ਮੁੱਖ ਅਜੰਡਾ ਸਮਾਜਿਕ ਯਥਾਰਥ ਹੈ।

ਇਸ ਆਲੋਚਨਾ ਪੁਸਤਕ ਵਿਚ ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਕਰਮਜੀਤ ਕੁੱਸਾ, ਇੰਦਰ ਸਿੰਘ ਖ਼ਾਮੋਸ਼, ਰਾਮ ਸਰੂਪ ਅਣਖੀ, ਮਿਤਰ ਸੈਨ ਮੀਤ, ਅਵਤਾਰ ਸਿੰਘ ਬਿਲਿੰਗ, ਬਲਦੇਵ ਸਿੰਘ, ਕੁਲਦੀਪ ਸਿੰਘ ਬੇਦੀ, ਦਰਸ਼ਨ ਗਿੱਲ, ਕੇਵਲ ਕਲੋਟੀ, ਕੇ. ਐਲ. ਗਰਗ, ਕਰਨੈਲ ਸਿੰਘ ਨਿੱਝਰ, ਜਸਦੇਵ ਸਿੰਘ ਧਾਲੀਵਾਲ, ਬਲਜੀਤ ਕੌਰ ਬੱਲੀ ਆਦਿ ਦੇ ਨਾਵਲਾਂ ਦੀ ਪਰਖ ਕਰਦਾ ਹੈ। ਪੰਜਾਬੀ ਵਿਚ ਪਾਠਕੀ ਪ੍ਰਤੀਕਰਮ ਦੇਣ ਦਾ ਰੁਝਾਨ ਨਹੀਂ ਹੈ। ਸੁਰਜੀਤ ਗਿੱਲ ਨੇ ਪਹਿਲ ਕੀਤੀ ਹੈ। ਭਵਿੱਖ ਵਿਚ ਸੁਰਜੀਤ ਗਿੱਲ ਵਰਗੇ ਹੋਰ ਪਾਠਕ ਵੀ ਇਸ ਤਰ੍ਹਾਂ ਦੇ ਯਤਨ ਕਰਨ । **- ਡਾ. ਰਵੀ ਪਾਲ**

ਕਿਹੜੀ ਰੁੱਤੇ ਆਏ (ਨਾਵਲ) ਨਛੱਤਰ ਸਿੰਘ ਬਰਾੜ

ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣ

ਇਹ ਨਾਵਲ 'ਕਿਹੜੀ ਰੁੱਤੇ ਆਏ' ਦੋ ਆਦਰਸ਼ਵਾਦੀ ਪ੍ਰੇਮੀਆਂ ਦੀ ਸੱਚੀ ਪ੍ਰੇਮ ਕਹਾਣੀ ਹੈ। ਜਿਸ ਵਿਚੋਂ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸੋਚ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੀ ਝਲਕ ਮਿਲਦੀ ਹੈ। ਏਅਰਫੋਰਸ ਦੇ ਏਅਰਮੈਨ ਪੰਜਾਬੀ ਮੁੰਡੇ ਅਤੇ ਕੇਰਲਾ ਦੀ ਨਰਸ ਕੁੜੀ ਦਾ ਮਦਰਾਸ ਦੇ ਮਿਲਟਰੀ ਹਸਪਤਾਲ ਵਿਚ ਆਚਨਚੇਤੀ ਮੇਲ ਹੁੰਦਾ ਹੈ। ਪਹਿਲੀ ਨਜ਼ਰੇ ਹੀ ਉਹ ਇਕ ਦੂਜੇ ਵੱਲ ਖਿੱਚੇ ਜਾਂਦੇ ਹਨ। ਫਿਰ ਇਹ ਖਿੱਚ ਪਿਆਰ ਦਾ ਰੂਪ ਧਾਰਨ ਕਰ ਜਾਂਦੀ ਹੈ। ਉਹ ਪਿਆਰ ਬੰਧਨ ਵਿਚ ਅਜਿਹੇ ਬੱਝਦੇ ਹਨ ਕਿ ਇਕੱਠੇ ਜਿਉਣ ਮਰਨ ਦੇ ਵਾਅਦੇ ਕਰਦੇ ਤੇ ਕਸਮਾਂ ਖਾਂਦੇ ਹਨ। ਨਾਵਲ ਪੜ੍ਹਦਿਆਂ ਜਿੱਥੇ ਕੈਨੇਡੀਅਨ

ਪੰਜਾਬੀਆਂ ਦੀ ਰਹਿਣੀ ਬਹਿਣੀ ਤੇ ਉਨ੍ਹਾਂ ਦੇ ਕੰਮਾਂ ਬਾਰੇ ਜਾਣਕਾਰੀ ਮਲਦੀ ਹੈ, ਉਥੇ ਏਅਰ ਫੋਰਸ ਦੇ ਫਲਾਈਂਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਜਿਹੇ ਜਾਂਬਾਜ਼ ਯੋਧਿਆਂ ਦੀ ਕੁਰਬਾਨੀ ਦੀ ਝਲਕ ਵੀ ਪੈਂਦੀ ਹੈ। ਇਹ ਨਾਵਲ ਪੜ੍ਹਨ ਨਾਲ ਦੱਖਣੀ ਭਾਰਤ ਦੀ ਸੈਰ ਦਾ ਆਨੰਦ ਵੀ ਪ੍ਰਾਪਤ ਹੁੰਦਾ ਹੈ। ਇਸ ਆਦਰਸ਼ਵਾਦੀ ਪ੍ਰੇਮ ਗਾਥਾ ਨੂੰ ਪੜ੍ਹਦਿਆਂ ਕਿਤੇ ਅੱਖਾਂ ਨਮ ਹੁੰਦੀਆਂ ਹਨ ਅਤੇ ਕਿਤੇ ਬੁੱਲ੍ਹਾਂ ਉਪਰ ਮੱਲੋ ਮੱਲੀ ਮੁਸਕਰਾਹਟ ਵੀ ਆ ਜਾਂਦੀ ਹੈ। ਨਾਵਲ ਬਿਨਾਂ ਕਾਂਡਾਂ ਵਿਚ ਵੰਡਿਆ ਪਾਣੀ ਦੇ ਵਹਿਣ ਵਾਂਗ ਨਿਰੰਤਰ ਵਹਿੰਦਾ ਜਾਂਦਾ ਹੈ।

- ਜਰਨੈਲ ਸਿੰਘ ਸੇਖਾ

ਪੀ. ਸੀ. ਜੋਸ਼ੀ (ਜੀਵਨੀ) ਗਾਰਗੀਚੱਕਰਵਾਰਤੀ

ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ

ਪੁਸਤਕ 'ਪੀ. ਸੀ. ਜੋਸ਼ੀ (ਜੀਵਨੀ)' ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਦੇ ਅਧਿਆਪਕ ਗਾਰਗੀ ਚੱਕਰ ਵਰਤੀ ਨੇ ਲਿਖੀ ਹੈ। ਅਤੇ ਇਸ ਪੁਸਤਕ ਦਾ ਪੰਜਾਬੀ ਅਨੁਵਾਦ ਪ੍ਰੋ. ਗੁਰਚਰਨ ਸਿੰਘ ਅਰਸ਼ੀ ਨੇ ਕੀਤਾ ਹੈ। ਜੋਸ਼ੀ ਹੁਰਾ ਦਾ ਨਾ ਪੂਰੇ ਭਾਰਤ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਲਫ਼ਜ ਉਸ ਦੇ ਮੂੰਹ ਵਿੱਚੋਂ ਹੜ੍ਹ ਵਾਂਗ ਨਿਕਲਦੇ ਸਨ। ਇਹ ਪੁਸਤਕ ਕੇਵਲ ਜੋਸ਼ੀ ਦਾ ਜੀਵਨ ਮਾਤਰ ਵੇਰਵਿਆਂ ਨਾਲ ਭਰੀ ਹੋਈ ਨਹੀਂ ਹੈ ਬਲਕਿ ਖੱਬੇ-ਪੱਖੀ ਲਹਿਰ, ਸੁਤੰਰਤਾ ਸੰਗਰਾਮ 'ਚ ਉਸ ਦੀ ਭੂਮਿਕਾ ਅਤੇ 1935 ਤੋਂ ਲੈ ਕੇ 1970 ਤੱਕ ਦੇ ਭਾਰਤ ਦੇ ਰਾਜਨੀਤਿਕ ਇਤਿਹਾਸ ਤੇ ਵੀ ਗਹਿਰੀ ਝਾਤ ਪਾਉਂਦੀ ਹੈ। ਭਾਰਤੀ ਕਮਿਊਨਿਸ਼ਟ ਪਾਰਟੀ ਨੂੰ ਭਾਰਤ ਦੀ ਪ੍ਰਮੁੱਖ ਪਾਰਟੀ ਬਣਾਉਣ ਅਤੇ ਕਿਰਤੀ ਕਿਸਾਨਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲਈ ਲਾਮਬੰਦ ਕਰਨ ਵਿਚ ਜੋਸ਼ੀ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਗਾਰਗੀ ਨੇ ਆਪਣੀ ਗੱਲ ਨੂੰ 'ਤੇ ਘਟਨਾਵਾਂ ਦੇ ਬਿਰਤਾਂਤ ਨੂੰ ਪ੍ਰਮਾਣਕ ਬਣਾਉਣ ਲਈ ਵੱਖ ਵੱਖ ਪੁਸਤਕਾਂ, ਜੋਸ਼ੀ ਦੀਆਂ ਲਿਖਤਾਂ , ਖ਼ਤਾਂ, ਤਕਰੀਰਾਂ ਨੂੰ ਅਧਾਰ ਬਣਾਇਆ ਹੈ। ਪੁਸਤਕ ਤੋਂ ਪਤਾ ਲੱਗਦਾ ਹੈ ਕਿ ਜੋਸ਼ੀ ਬਹੁਤ ਵੱਡਾ ਸਿਆਸਤ ਦਾ ਮਾਹਰ ਸੀ ਅਤੇ ਸਿਧਾਂਤਕ ਪੈਂਤੜਿਆਂ ਨਾਲ ਉਸ ਨੇ ਕਮਿਊਨਿਸਟ ਪਾਰਟੀ ਦਾ ਭਾਰਤ 'ਚ ਵਿਸਥਾਰ ਹੀ ਨਹੀਂ ਕੀਤਾ ਬਲਕਿ ਉਸ ਦੀਆਂ ਜੜ੍ਹਾਂ ਵੀ ਡੂੰਘੀਆਂ ਕੀਤੀਆਂ। ਆਪਣੀ ਸਾਰੀ ਜ਼ਿੰਦਗੀ ਕਿਰਤੀਆਂ, ਮਜਦੂਰਾਂ ਤੇ ਕਮਿਊਨਿਸਟ ਪਾਰਟੀ ਦੇ ਲੇਖੇ ਲਾਉਣ ਵਾਲੇ ਜੋਸ਼ੀ ਦੀ ਜੀਵਨੀ ਅਨੇਕਾਂ ਉਨ੍ਹਾਂ ਸਿਆਸਤ ਦਾਨਾ ਲਈ ਰਾਹ-ਦਸੇਰਾ ਬਣ ਸਕਦੀ ਹੈ ਜੋ ਇਸ ਲਹਿਰ ਨਾਲ ਜੁੜੇ ਹੋਏ ਹਨ। ਇਸ ਪੁਸਤਕ 'ਚ ਗਾਰਗੀ ਨੇ ਜੋਸ਼ੀ ਦੀ ਵਿਚਾਰਧਾਰਾਈ ਸਮਝ ਨੂੰ ਉਭਾਰਨ ਲਈ ਉਸ ਦੇ ਲੇਖਾਂ ਤੇ ਤਕਰੀਰਾਂ ਦੇ ਹਵਾਲੇ ਦਿੱਤੇ ਹਨ। ਗਾਰਗੀ ਨੇ 'ਸਿਆਸੀ ਦੀਖਿਆ' ਲੇਖ 'ਚ ਜੋਸ਼ੀ ਦੀਆਂ ਖੱਬੇ ਪੱਖੀ ਲਹਿਰ ਨਾਲ ਸੰਬੰਧਤ ਸਿਆਸੀ ਸਰਗਰਮੀਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ ਕਿ ਕਿਵੇਂ ਕਿਰਤੀ ਕਿਸਾਨਾਂ ਨੂੰ ਲਾਮਬੰਦ ਕਰਕੇ ਰਾਜਨੀਤਿਕ ਗਲਿਆਰੇ 'ਚ ਪਾਰਟੀ ਦਾ ਅਹਿਮ ਸਥਾਨ ਬਣਾਇਆ। ਪੁਸਤਕ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਿਵੇਂ ਭਾਰਤੀ ਕਮਿਊਨਿਸਟ ਪਾਰਟੀ ਦੋਫਾੜ ਹੁੰਦੀ ਹੈ ਜੋਸ਼ੀ ਜਰਨਲ ਸੈਕਟਰੀ ਬਣਦੇ ਹਨ। ਜੋਸ਼ੀ ਦਾ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਮ 'ਚ ਅਹਿਮ ਯੋਗਦਾਨ ਹੈ। ਇਸ ਦਾ ਮੁੱਢ ਜੋਸ਼ੀ ਹੁਰਾ 1936 ਵਿਚ ਪ੍ਰਗਤੀਸ਼ੀਲ ਲੇਖਕ ਕਾਨਫਰੰਸ਼ ਰਾਹੀਂ ਬੰਨਿਆ ਪਾਰਟੀ ਦਾ ਰਸਾਲਾ 'ਨੈਸ਼ਨਲ ਫਰੰਟ' ਉਸ ਸਮੇਂ ਹੋਂਦ 'ਚ ਆਇਆ।

ਔਰਤਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਉਸ ਨੇ 'ਮਹਿਲਾ ਆਤਮ ਰਕਸ਼ਾ ਸਮਿਤੀ' ਬਣਾਈ। ਚਾਹੇ ਬੰਗਾਲ 'ਚ ਕਾਲ ਪਿਆ ਹੋਵੇ ਜਾਂ ਕਿਸਾਨ ਮਰ ਰਹੇ ਹੋਣ ਇਸ ਸਥਿਤੀ ਵਿਚ ਜੋਸ਼ੀ ਦਾ ਰੋਲ ਬਹੁਤ ਅਹਿਮ ਸੀ। ਜੋਸ਼ੀ ਨੇ ਬੰਗਾਲ 'ਚ ਭੁੱਖੇ ਮਰ ਰਹੇ ਲੋਕਾਂ ਨੂੰ ਵੱਡੀ ਪੱਧਰ ਤੇ ਜਗੀਰਦਾਰਾਂ ਵਿਰੁੱਧ ਲਾਮਬੰਦ ਕਰਕੇ ਇਕ ਵਿਦਰੋਹੀ ਲਹਿਰ ਖੜ੍ਹੀ ਕੀਤੀ। 'ਇਪਟਾ' ਦੀ ਹੋਂਦ ਜੋਸ਼ੀ ਕਰਕੇ ਹੀ ਸੰਭਵ ਹੋ ਸਕੀ। ਦੇਸ਼ ਦੀ ਆਜ਼ਾਦੀ 'ਚ ਜੋਸ਼ੀ ਦੀ ਭੂਮਿਕਾ ਅਤੇ ਹੋਰ ਬਹੁਤ ਸਾਰੇ ਪ੍ਰਮਾਣਿਕ ਵੇਰਵੇ ਇਸ ਵਿਚ ਪ੍ਰਕਾਸਤ ਕੀਤੇ ਹਨ। ਇਸ ਪੁਸਤਕ ਨੂੰ ਪੜ੍ਹ ਕੇ ਅਸੀਂ ਪੀ. ਸੀ. ਜੋਸ਼ੀ ਰਾਹੀਂ ਭਾਰਤ ਦੀ ਖੱਬੇ ਪੱਖੀ ਲਹਿਰ ਨੂੰ ਸਮਝ ਸਕਦੇ ਹਾਂ। ਟਰੱਸਟ ਵਲੋਂ ਜੋਸ਼ੀ ਦੇ ਜਨਮ ਦੀ ਸੌਵੀਂ ਵਰ੍ਹੇ ਗੰਢ ਤੇ ਇਹ ਜੀਵਨੀ ਪ੍ਰਕਾਸ਼ਤ ਕਰਨਾ ਇਸ ਗੱਲ ਦੀ ਗਵਾਹੀ ਹੈ ਕਿ ਜੋ ਦੇਸ਼ ਹਿੱਤ ਲਈ, ਕਿਸਾਨਾਂ ਲਈ ਤੇ ਕਿਰਤੀਆਂ ਲਈ ਲੜਦਾ ਹੈ ਉਸ ਨੂੰ ਚੇਤੇ ਕੀਤਾ ਜਾਂਦਾ ਹੈ।

ਰਾਣੀ ਲਕਸ਼ਮੀਬਾਈ (ਜੀਵਨੀ) ਵ੍ਰਿੰਦਾਵਨ ਲਾਲ ਵਰਮਾ, ਅਨੁ. ਨਵਤੇਜ ਪੁਆਧੀ

ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ



ਪੁਸਤਕ 'ਰਾਣੀ ਲਕਸ਼ਮੀਬਾਈ' (ਜੀਵਨੀ) ਦੇ ਰਚਨਾਕਾਰ ਵ੍ਰਿੰਦਾਵਨ ਲਾਲ ਵਰਮਾ ਹਨ ਅਤੇ ਇਸ ਦਾ ਹਿੰਦੀ ਤੋਂ ਪੰਜਾਬੀ ਅਨੁਵਾਦ ਨਵਤੇਜ ਪੁਆਧੀ ਨੇ ਕੀਤਾ ਹੈ। ਇਹ ਜੀਵਨੀ ਨਾਵਲੀ ਵਿਧਾ ਵਿਚ ਲਿਖੀ ਗਈ ਹੈ। ਜੀਵਨੀ ਵਿਚ ਵਰਤੇ ਦ੍ਰਿਸ਼, ਵਾਰਤਾਲਾਪ ਤੇ ਘਟਨਾਵਾਂ ਰੌਚਕ ਹਨ ਤੇ ਪਾਠਕ ਦੀ ਬਿਰਤੀ ਖਿਲਰਨ ਨਹੀਂ ਦਿੰਦੀਆਂ। ਅਸਧਾਰਨ ਰੁਚੀਆਂ ਦੀ ਮਾਲਿਕ ਰਾਣੀ ਨੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਦਾ ਮੁੱਢ ਬੰਨਿਆ। ਉਸ ਦਾ ਬਚਪਨ ਦਾ ਨਾਂ ਮਨੂਬਾਈ ਸੀ। ਉਹ ਚਲਾਕ ਹੱਠੀ ਤੇ ਤੇਜ ਅਕਲ ਵਾਲੀ ਲੜਕੀ ਸੀ। ਰਾਣੀ ਨੂੰ ਸਾਸ਼ਤਰ ਚਲਾਉਣ ਦਾ ਬਹੁਤ ਸ਼ੌਕ ਸੀ। ਉਸ ਦਾ ਵਿਆਹ ਛੋਟੀ ਉਮਰ ਵਿਚ ਝਾਂਸੀ ਦੇ ਵੱਡੀ ਉਮਰ ਦੇ ਰਾਜੇ ਗੰਗਾਸਰ ਨਾਲ ਕਰ ਦਿੱਤਾ ਜਾਂਦਾ ਹੈ। ਝਾਂਸੀ 'ਚ ਪਹੁੰਚ ਰਾਣੀ ਦਾਸੀਆਂ ਨੂੰ ਸਹੇਲੀਆਂ ਸਮਝਦੀ ਹੈ। ਉਸਦੀ ਦ੍ਰਿਸ਼ਟੀ ਸਧਾਰਨ ਔਰਤਾਂ ਨਾਲੋਂ ਵੱਖਰੀ ਹੈ। ਵਿਆਹ ਉਪਰੰਤ ਉਸ ਦਾ ਨਾਂ ਰਾਣੀ ਲਕਸ਼ਮੀਬਾਈ ਰੱਖਿਆ ਜਾਂਦਾ ਹੈ। ਰਾਣੀ ਬੱਚਾ ਗੋਦ ਲੈਂਦੀ ਹੈ ਤੇ ਉਸ ਦਾ ਨਾਂ ਅਨੰਦ ਰਾਓ ਰੱਖਿਆ ਜਾਂਦਾ ਹੈ। ਆਨੰਦ ਨੂੰ ਗੱਦੀ ਤੇ ਬਿਠਾ ਕੇ ਰਾਜਾ ਸਵਰਗ ਸਿਧਾਰ ਜਾਂਦਾ ਹੈ। ਪੁਸਤਕ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਕਿਵੇਂ ਅੰਗਰੇਜ਼ ਭਾਰਤੀ ਰਾਜਿਆਂ ਦੀਆਂ ਰਿਆਸਤਾ ਆਪਣੇ ਕਬਜੇ 'ਚ ਲੈ ਕੇ ਉਨ੍ਹਾਂ ਨੂੰ ਜਗੀਰਾਂ-ਪੈਨਸ਼ਨਾ ਦਿੰਦੇ ਸਨ। ਇਹ ਪੇਸ਼ਕਸ਼ ਰਾਣੀ ਲਕਸ਼ਮੀਬਾਈ ਨੂੰ ਵੀ ਕੀਤੀ ਜਾਂਦੀ ਹੈ। ਪਰ ਰਾਣੀ ਇਨਕਾਰ ਕਰ ਦਿੰਦੀ ਹੈ। ਉਹ ਅੰਗਰੇਜ਼ਾਂ ਦੀ ਗੁਲਾਮ ਨਹੀਂ ਸੀ ਬਣਨਾ ਚਹੁੰਦੀ। ਅੰਗਰੇਜ਼ਾਂ ਨੂੰ ਕੱਢਣ ਲਈ ਰਾਣੀ ਇਸਤਰੀ ਸੈਨਾਂ ਬਣਾਉਂਦੀ ਹੈ ਨਾਲ-ਨਾਲ ਤਾਂਤੀਆਂ ਟੋਪੇ ਨਾਲ ਗੁਪਤ ਮੀਟਿੰਗਾਂ ਵੀ ਕਰਦੀ ਹੈ। ਭਾਵੇਂ ਕਿ ਅੰਗਰੇਜ਼ ਝਾਂਸੀ ਤੇ ਆਪਣਾ ਰਾਜ ਕਾਇਮ ਕਰ ਲੈਂਦੇ ਹਨ। ਪਰ ਅੰਦਰੇ ਅੰਦਰ ਰਾਣੀ ਬੜੀ ਕੁਸ਼ਲਤਾ ਨਾਲ ਸੈਨਾ ਤੇ ਉਥੋਂ ਦੀ ਜਨਤਾ ਨੂੰ ਅੰਗਰੇਜ਼ਾ ਵਿਰੁਧ ਵਿਦਰੋਹ ਕਰਨ ਲਈ ਤਿਆਰ ਕਰਦੀ ਹੈ। ਫਿਰ ਅੰਗਰੇਜ਼ ਰਾਣੀ ਦੇ ਕਿਲੇ ਤੇ ਹਮਲਾ ਕਰਦੇ ਹਨ। ਰਾਣੀ ਬੜੀ ਬਹਾਦਰੀ ਨਾਲ ਲੜਦੀ ਹੈ। ਅੰਤ ਅੰਗਰੇਜ਼ਾਂ ਦੀਆਂ ਚਾਲਾ ਅੱਗੇ ਰਾਣੀ ਹਾਰ ਜਾਂਦੀ ਹੈ ਅਤੇ ਝਾਂਸੀ ਤੋਂ ਭੱਜ ਕੇ ਤਾਂਤੀਆ ਕੋਲ ਚਲੇ ਜਾਂਦੀ ਹੈ। ਫਿਰ ਉਹ ਗਵਾਲੀਅਰ ਦੇ ਰਾਜੇ ਨਾਲ ਮਿਲ ਕੇ ਅੰਗਰੇਜ਼ਾ ਨਾਲ ਟੱਕਰ ਲੈਂਦੀ ਹੈ। ਰਾਣੀ ਦੀ ਬਹਾਦਰੀ ਤੋਂ ਅੰਗਰੇਜ਼ ਵੀ ਤ੍ਰਬਕਦੇ ਹਨ। ਅੰਤ ਅੰਗਰੇਜ਼ਾਂ ਹੱਥੋਂ ਮਾਰੀ ਜਾਂਦੀ ਹੈ ਅਤੇ ਉਸ ਦਾ ਮੁਰਦਾ ਸਰੀਰ ਅੰਗਰੇਜ਼ਾਂ ਦੇ ਹੱਥ ਨਹੀਂ ਆਉਂਦਾ। ਇਸ ਪੁਸਤਕ ਰਾਹੀਂ ਰਾਣੀ ਲਕਸ਼ਮੀਬਾਈ ਦਾ ਸੰਪੂਰਨ ਚਿੱਤਰ ਪੇਸ਼ ਕੀਤਾ ਗਿਆ ਹੈ। ਜਿਸ ਚਿੱਤਰ ਤੋਂ ਸੁਤੰਤਰਤਾ ਸੰਗਰਾਮ ਦੇ ਸੈਨਿਕਾਂ ਨੇ ਪ੍ਰੇਰਨਾ ਲੈ ਕੇ ਆਜ਼ਾਦੀ ਦਾ ਮੁੱਢ ਬੰਨਿਆ। ਇਹ ਜੀਵਨੀ ਰਾਣੀ ਲਕਸ਼ਮੀਬਾਈ ਦਾ ਬਹੁੱਤ ਵੱਡਾ ਲੋਕ ਪੱਖੀ ਚ੍ਰਤਿਰ ਉਭਾਰਦੀ ਹੈ।

ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ (ਜੀਵਨੀ) ਚਮਲ ਲਾਲ

ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ



'ਗ਼ਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ, ਦੀ ਜੀਵਨੀ ਹੈ ਜਿਸ ਨੂੰ ਚਮਲ ਲਾਲ ਹੁਰਾਂ ਨੇ ਲਿਖਿਆ ਹੈ। 'ਗ਼ਦਰ ਪਾਰਟੀ' ਦੇ ਨਾਇਕ ਵਜੋਂ ਉਭਰਿਆ ਕਰਤਾਰ ਸਿੰਘ ਸਰਾਭਾ ਬੜਾ ਤੇਜ਼-ਤਰਾਰ ਨੌਜਵਾਨ ਸੀ ਜਿਨ੍ਹਾਂ ਨੇ ਗ਼ਦਰ ਲਹਿਰ ਨੂੰ ਭਾਰਤ 'ਚ ਪ੍ਰਚਾਰਨ ਲਈ ਅਹਿਮ ਭੂਮਿਕਾ ਅਦਾ ਕੀਤੀ। ਚਮਨ ਲਾਲ ਹੁਰਾਂ ਕੇਵਲ ਸਰਾਭਾ ਦੀ ਜੀਵਨੀ ਹੀ ਨਹੀਂ ਲਿਖੀ ਨਾਲ-ਨਾਲ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ ਦਾ ਵੀ ਵਰਨਣ ਕੀਤਾ ਹੈ। ਪ੍ਰੇਰਨਾ ਦਾਇਕ ਨਾਇਕ ਨੂੰ ਇਸ ਪੁਸਤਕ ਵਿਚ ਬਹੁਤ ਪ੍ਰਮਾਨਿਕ ਵੇਰਵਿਆਂ ਨਾਲ ਉਭਾਰਿਆ ਹੈ। ਜਿਥੇ ਲੇਖਕ ਪੁਸਤਕ 'ਚ ਗ਼ਦਰ ਪਾਰਟੀ ਦੀ ਵਿਸਥਾਰ ਨਾਲ ਗੱਲ ਕਰਦਾ ਹੋਇਆ ਗ਼ਦਰ ਅਖ਼ਬਾਰ ਤੇ ਪਾਰਟੀ 'ਚ ਸਰਾਭਾ ਕਿਸ ਤਰ੍ਹਾਂ ਸਰਗਰਮ ਰਿਹਾ ਤੇ ਕਿਸ ਤਰ੍ਹਾਂ ਸਰਾਭਾ ਨੇ ਵਤਨ ਪਰਤ ਕੇ ਗ਼ਦਰ ਦੀ ਤਿਆਰੀ ਆਰੰਭ ਕਰ ਦਿੰਦਾ ਹੈ। ਧੰਨ ਅਤੇ ਹਥਿਆਰ ਲੈਣ ਲਈ ਗ਼ਦਰੀ ਡਾਕੇ ਮਾਰਦੇ ਹਨ ਦੋ ਡਾਕਿਆ 'ਚ ਸਰਾਭਾ ਵੀ ਹਿੱਸਾ ਲੈਂਦਾ ਹੈ। ਇਹ ਡਾਕੇ ਦੇਸ਼ ਦੇ ਹਿੱਤ ਲਈ ਮਾਰੇ ਜਾਂਦੇ ਹਨ। ਉਹ ਗੱਲ ਵੀ ਉਭਰਵੇ ਰੂਪ ਵਿਚ ਦੇਖਣ ਨੂੰ ਮਿਲਦੀ ਹੈ ਕਿ ਗ਼ਦਰੀ ਕਿਵੇਂ ਫੌਜ ਤੇ ਭਾਰਤੀ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਲਾਮਬੰਦ ਕਰਨ ਲਈ ਜਾਨਾ ਵਾਰ ਰਹੇ ਹਨ। ਅੰਤ 16 ਨਵੰਬਰ, 1915 ਨੂੰ ਕਰਤਾਰ ਸਿੰਘ ਸਰਾਭਾ ਨੂੰ ਸਾਥੀਆਂ ਸਮੇਤ ਲਾਹੌਰ ਜੇਲ੍ਹ 'ਚ ਫਾਂਸੀ ਦਿੱਤੀ ਜਾਂਦੀ ਹੈ। ਪੁਸਤਕ ਦੇ ਬਾਕੀ ਅੱਧੇ ਹਿੱਸੇ ਵਿਚ ਅੰਤਿਕਾਂ ਦੇ ਰੂਪ ਵਿਚ ਸਰਾਭਾ ਦੇ ਕੇਸ ਦੀ ਜਜਮੈਂਟ, ਭਗਤ ਸਿੰਘ ਦਾ ਲੇਖ, ਸਰਾਭਾ ਨਾਲ ਜੁੜੀਆਂ ਕਵਿਤਾਵਾਂ , ਸਰਾਭਾ ਦਾ ਜਿਕਰ ਸਾਹਿਤ 'ਚ ਕਿਵੇਂ ਤੇ ਕਿਥੇ ਕਿੱਥੇ ਹੁੰਦਾ ਹੈ ਬਾਰੇ ਜਾਣਕਾਰੀ ਭਰਪੂਰ ਲੇਖ ਹਨ। ਇੰਞ ਚਮਨ ਲਾਲ ਹੁਰਾਂ ਨੇ ਸਰਾਭਾ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਗ਼ਦਰ ਪਾਰਟੀ ਦੇ ਲੋਕ ਨਾਇਕ ਕਰਤਾਰ ਸਿੰਘ ਸਰਾਭਾ ਦਾ ਰਾਜਨੀਤਿਕ ਜੀਵਨ ਭਾਵੇਂ ਛੋਟਾ ਸੀ ਪਰ ਉਸ ਦੀਆਂ ਪ੍ਰਾਪਤੀਆਂ, ਅੰਗਰੇਜ਼ਾਂ ਵਿਰੁਧ ਵਿਦਰੋਹ ਦੀ ਲਹਿਰ ਚਲਾਉਣੀ ਤੇ ਉਸ ਵੇਲੇ ਦੇ ਰਾਜਨੀਤਿਕ ਇਤਿਹਾਸ ਦੀ ਜਾਣਕਾਰੀ ਸਾਨੂੰ ਇਸ ਪੁਸਤਕ 'ਚ ਮਿਲ ਜਾਂਦੀ ਹੈ।

ਗੁਰੂ ਨਾਨਕ ਦੇਵ (ਜੀਵਨੀ) ਡਾ. ਗੋਪਾਲ ਸਿੰਘ

ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ



ਟਰੱਸਟ ਵਲੋਂ ਪ੍ਰਕਾਸ਼ਤ ਜੀਵਨੀ ਦੀ ਪੁਸਤਕ 'ਗੁਰੂ ਨਾਨਕ ਦੇਵ' ਹੈ, ਜਿਸ ਨੂੰ ਸਿੱਖ ਧਰਮ ਤੇ ਗੁਰਬਾਣੀ ਦੇ ਵਿਦਵਾਨ ਲੇਖਕ ਡਾ. ਗੋਪਾਲ ਸਿੰਘ ਜੀ ਨੇ ਲਿਖਿਆ ਹੈ। ਗੋਪਾਲ ਸਿੰਘ ਨੇ ਇਸ ਪੁਸਤਕ 'ਚ ਗੁਰੂ ਨਾਨਕ ਦੇਵ ਜੀ ਦਾ ਬਿੰਬ ਮਾਨਵਤਾਵਾਦੀ ਦੇ ਰੂਪ ਵਿਚ ਉਭਾਰਿਆ ਹੈ। ਗੁਰੂ ਨਾਨਕ ਨੇ ਸਾਰੀ ਮਨੁੱਖਤਾ ਦੀ ਬਰਾਬਰੀ ਦਾ ਉਪਦੇਸ਼ ਆਪਣੀ ਬਾਣੀ 'ਚ ਦਿੱਤਾ। ਉਨ੍ਹਾਂ ਨੇ ਭਾਈਚਾਰਕ ਸਾਂਝ, ਜਾਤ-ਪਾਤ, ਧਰਮ-ਮਜ਼ਹਬ ਤੋਂ ਉੱਪਰ ਉੱਠ ਕੇ ਪੈਦਾ ਕਰਨ 'ਚ ਬਹੁਤ ਵੱਡਾ ਕਾਰਜ ਕੀਤਾ। ਉਹ ਜਬਰ ਜ਼ੁਲਮ ਦੇ ਖਿਲਾਫ਼ ਸਨ। ਇਸ ਪੁਸਤਕ ਦੀ ਅਹਿਮ ਗੱਲ ਇਸ ਵਿਚ ਹੈ ਕਿ ਗੋਪਾਲ ਸਿੰਘ ਹੁਰਾਂ ਨੇ ਗੁਰੂ ਨਾਨਕ ਵੇਲੇ ਦੇ ਭਾਰਤੀ ਸਮਾਜ ਬਾਰੇ ਅਹਿਮ ਜਾਣਕਾਰੀ ਦਿੱਤੀ ਹੈ। ਨਾਨਕ ਵੇਲੇ ਮੁਸਲਮਾਨ ਸ਼ਾਸ਼ਕਾਂ ਦਾ ਰਾਜ ਸੀ ਉਹ ਲੋਕਾਂ ਤੇ ਬਹੁਤ ਜ਼ੁਲਮ ਕਰ ਰਹੇ ਹਨ ਇਸ ਦੇ ਜ਼ੁਲਮ ਨੂੰ ਨਾਨਕ ਨੇ ਬਾਣੀ 'ਚ ਪੇਸ਼ ਕੀਤਾ। ਗੁਰੂ ਨਾਨਕ ਦੀ

ਜੀਵਨੀ ਦੇ ਵੇਰਵੇ ਲੇਖਕ ਨੇ ਸਾਖੀਆਂ ਚੋਂ ਲਏ ਹਨ। ਗੁਰੂ ਨਾਨਕ ਦਾ ਸੰਗੀਤ ਨਾਲ ਬਹੁਤ ਪਿਆਰ ਸੀ ਉਹਨਾ ਨੂੰ ਬਾਣੀ ਰਬਾਬ ਦੇ ਸੰਗੀਤ ਨਾਲ ਉਤਰਦੀ ਸੀ। ਉਨ੍ਹਾਂ ਨੂੰ ਯਾਤਰਾ ਕਰਨ ਤੇ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਨੂੰ ਮਨੁੱਖਤਾ ਦਾ ਸੰਦੇਸ਼ ਦੇਣ ਦਾ ਇਸ਼ਕ ਸੀ। ਗੁਰੂ ਨਾਨਕ ਹਰ ਦਿਸ਼ਾ ਵਿਚ ਗਏ ਇਸ ਯਾਤਰਾ ਨੂੰ ਉਦਾਸੀਆਂ ਦਾ ਨਾਂ ਦਿੱਤਾ ਗਿਆ। ਪੁਸਤਕ ਦੇ ਕਾਫੀ ਹਿੱਸੇ 'ਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਿੱਤੀ ਗਈ ਹੈ। ਇਹ ਪੁਸਤਕ ਗੁਰੂ ਨਾਨਕ ਦੇ ਸਮੁੱਚੇ ਲੋਕ ਕਾਰਜ ਬਾਰੇ ਅਤੇ ਮਨੁੱਖਤਾ ਪ੍ਰਤੀ ਉਸ ਦੀ ਸੁਤੰਲਿਤ ਪਹੁੰਚ ਦੀ ਜਾਣਕਾਰੀ ਦਿੰਦੀ ਹੈ।

ਵਿਸ਼ਵੀਕਰਣ ਅਤੇ ਵਿਕਾਸ

(ਸੁਨੰਦਾ ਸੇਂਨ ਅਨੁ. ਗੁਰਚਰਨ ਸਿੰਘ ਅਰਸ਼ੀ)

ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ



ਸਮਾਜ ਵਿਗਿਆਨ ਤੇ ਸਿਧਾਂਤਕ ਗਿਆਨ ਦੀ ਲੜੀ ਵਿਚ ਸੁਨੰਦਾ ਸੈੱਨ ਦੀ ਪੁਸਤਕ 'ਵਿਸ਼ਵੀਕਰਣ ਅਤੇ ਵਿਕਾਸ' ਬੜੀ ਅਹਿਮ ਪੁਸਤਕ ਹੈ। ਜਿਸ ਨੂੰ ਗੁਰਚਰਨ ਸਿੰਘ ਅਰਸ਼ੀ ਨੇ ਅਨੁਵਾਦ ਕੀਤਾ ਹੈ। ਇਹ ਪੁਸਤਕ ਵਿਸ਼ਵੀਕਰਨ ਦੇ ਅੰਦਰਲੇ ਸੱਚ ਨੂੰ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਵਿਸ਼ਵੀਕਰਨ ਦੇ ਪ੍ਰਚਾਰਕਾ ਨੇ ਸਾਡੇ ਮਨ 'ਚ ਅਨੇਕਾਂ ਭਰਮ-ਭੁਲੇਖੇ ਦੇ ਜਾਲੇ ਬਣਾ ਦਿੱਤੇ ਸਨ ਇਹ ਪੁਸਤਕ ਉਨ੍ਹਾਂ ਜਾਲਿਆਂ ਨੂੰ ਸਾਡੇ ਮਨਾਂ 'ਚੋਂ ਸਾਫ਼ ਕਰਦੀ ਹੈ। ਪ੍ਰਸਿੱਧ ਅਰਥ ਸਾਸਤ੍ਰੀ ਸੁੰਨਦਾ ਸੈੱਨ ਵੱਲੋਂ ਵਿਸ਼ਵੀਕਰਨ ਦੀ ਨੀਤੀ ਨਾਲ ਸੰਬੰਧਿਤ ਮੁੱਦਿਆਂ, ਸੰਕਲਪਾ ਬਾਰੇ ਚਲ ਰਹੀ ਗੰਭੀਰ ਵਾਦ-ਵਿਵਾਦ ਨੂੰ ਸਹੀ ਦਿਸ਼ਾ ਪਰਦਾਨ ਕਰਦੀ ਹੈ। ਵਿਸ਼ਵੀਕਰਣ ਨਾਲ ਜੋ ਸਾਨੂੰ ਖੁਸ਼ਹਾਲੀ ਤੇ ਤਰੱਕੀ ਦਿਖਾਈ ਜਾ ਰਹੀ ਹੈ। ਦਰਅਸਲ ਇਸ ਨਾਲ ਪੈਦੇ ਹੋਏ ਫਾਇਦਿਆ ਨੂੰ ਗਰੀਬ ਮੁਲਕਾਂ 'ਚ ਵਸਦੇ ਲੋਕਾਂ ਦੀ ਬਹੁ ਗਿਣਤੀ ਤੱਕ ਪਹੁੰਚਾਉਣ ਵਿਚ ਸਫ਼ਲ ਨਹੀਂ ਹੋ ਸਕੀ। ਵਿਸ਼ਵੀ ਕਰਨ ਦੀ ਸਫ਼ਲਤਾ ਦੀਆਂ ਕਥਾ-ਕਹਾਣੀਆਂ ਜਿਹੜੀਆਂ ਅਕਸਰ ਅਜੋਕੇ ਉੱਪਜ ਵਾਲੇ ਏਸ਼ੀਅਨ ਅਰਥਚਾਰਿਆਂ ਦੇ ਇਰਦ-ਗਿਰਦ ਉਸਾਰੀਆਂ ਗਈਆਂ ਹਨ ਇਹ ਬਹੁਤ ਗਲਤ, ਅਧੂਰੀਆਂ ਤੇ ਤੋੜ ਮਰੋੜ ਕੇ ਪੇਸ਼ ਕੀਤੀਆਂ ਗਈਆਂ ਹਨ। ਵਿਸ਼ਵੀਕਰਨ ਨੇ ਖੁੱਲੀ ਮੰਡੀ ਤਹਿਤ ਉਨ੍ਹਾਂ ਧੰਨਵਾਨਾ ਨੂੰ ਖ਼ੁਸ਼ਹਾਲ ਕੀਤਾ ਜਿਨ੍ਹਾਂ ਕੋਲ ਪਹਿਲਾਂ ਹੀ ਬਹੁਤ ਧੰਨ ਸੀ। ਵਿਸ਼ਵੀਕਰਨ ਨੇ ਦੇਸੀ ਉਤਪਾਦਨ ਨੂੰ ਸੱਟ ਮਾਰੀ ਤੇ ਉਨ੍ਹਾਂ ਕਰੋੜਾ ਭਾਰਤੀ ਲੋਕਾਂ ਨੂੰ ਕੰਗਾਲ ਕੀਤਾ ਜੋ ਕਿਰਤ ਰਾਹੀ ਰੋਟੀ ਖਾਂਦੇ ਸਨ। ਉਨ੍ਹਾਂ ਪਾਠਕਾਂ ਨੂੰ ਇਹ ਕਿਤਾਬੀ ਗਿਆਨ ਭਰਪੂਰ ਕਰਦੀ ਹੈ ਕਿ ਜੋ ਚਹੁੰਦੇ ਹਨ ਕਿ ਵਿਸ਼ਵੀਕਰਣ ਦੇ ਪਰਦੇ ਉਹਲੇ ਕੀ ਹੈ। ਵਿਕਾਸ ਸੀਲ ਦੇਸ਼ਾਂ ਵਿਚ ਭੁੱਖਮਰੀ, ਗਰੀਬੀ ਲਗਾਤਾਰ ਵੱਧ ਰਹੀ ਹੈ। ਜਨ ਸਮੂਹ ਦਾ ਜੀਵਨ ਮੁਸ਼ਕਿਲ ਹੋ ਰਿਹਾ ਹੈ। ਇਸ ਸਾਰਾ ਕੁੱਝ ਵਿਸ਼ਵੀਕਰਨ ਦੇ ਯੁੱਗ ਵਿਚ ਹੋ ਰਿਹਾ।

ਪੰਜਾਬੀ ਸਭਿਆਚਾਰ-ਮੂਲ ਪਛਾਣ (ਖੋਜ)

ਡਾ. ਜਗੀਰ ਸਿੰਘ ਨੂਰ

ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ

ਟਰੱਸਟ ਨੇ ਅਨੁਵਾਦ ਪੁਸਤਕਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਵੀ ਪ੍ਰਕਾਸ਼ਤ ਕੀਤੀਆਂ ਹਨ। ਇਹ ਪੰਜਾਬੀ ਸਭਿਆਚਾਰ ਬਾਰੇ ਕਿਤਾਬ ਹੈ, 'ਪੰਜਾਬੀ ਸਭਿਆਚਾਰ-ਮੂਲ ਪਛਾਣ'

ਇਸ ਪੁਸਤਕ ਨੂੰ ਡਾ. ਜਗੀਰ ਸਿੰਘ ਨੂਰ ਹੁਰਾਂ ਖੋਜ ਪੜਤਾਲ ਕਰਕੇ ਬੜੀ ਮਿਹਨਤ ਨਾਲ ਲਿਖਿਆ ਹੈ। ਨੂਰ ਨੇ ਹਰ ਪੱਖ ਤੋਂ ਪੰਜਾਬੀ ਸਭਿਆਚਾਰ ਨੂੰ ਜਾਨਣ ਤੇ ਸਮਝਣ ਦਾ ਉਪਰਾਲਾ ਕੀਤਾ ਹੈ। ਜਗੀਰ ਸਿੰਘ ਨੂਰ ਨੇ ਪੰਜਾਬੀ ਪਹਿਰਾਵੇ, ਖਾਣ-ਪੀਣ, ਰਸਮਾਂ, ਰੀਤਾ-ਰਿਵਾਜ਼, ਰਿਸ਼ਤੇ-ਨਾਤੇ, ਪੰਜਾਬੀ ਲੋਕ ਗੀਤ, ਪੰਜਾਬੀ ਲੋਕ-ਖੇਡਾ, ਲੋਕ ਨਾਚ, ਮੇਲੇ, ਲੋਕ ਮੁਹਾਵਰੇ, ਅਖਾਣ, ਧਾਰਮਿਕ ਵਿਸ਼ਵਾਸ ਆਦਿ ਨਾਲ ਪੰਜਾਬੀ ਸਭਿਆਚਾਰ ਦੀ ਪਛਾਣ ਕੀਤੀ ਹੈ। ਇਨ੍ਹਾਂ ਮੂਲ ਸਰੋਤਾਂ ਵਿਚੋਂ ਸਭਿਆਚਾਰ ਦੀ ਝਲਕ ਮਿਲਦੀ ਹੈ। ਨੂਰ ਦਾ ਦ੍ਰਿਸ਼ਟੀ ਕੋਣ ਵਿਗਿਆਨਕ ਦ੍ਰਿਸ਼ਟੀਕੋਣ ਹੈ। ਉਨ੍ਹਾਂ ਪੰਜਾਬੀ ਸਭਿਆਚਾਰ ਦੇ ਵੱਖ ਵੱਖ ਅੰਗਾਂ ਨੂੰ ਸਮਾਜ ਸਾਸ਼ਤਰੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਲੇਖਕ ਨੇ ਇਹ ਵੀ ਦੱਸਿਆ ਹੈ ਕਿ ਪੰਜਾਬੀ ਸਭਿਆਚਾਰ ਦਾ ਸਰੋਤ ਪਿੰਡ ਹਨ ਤੇ ਪਿੰਡ ਸਭਿਆਚਾਰ ਦਾ ਧੁਰਾ ਹੈ।

ਪੰਜਾਬੀ ਹਾਸ-ਵਿਲਾਸ (ਲਤੀਫ਼ੇ) ਜਸਵੰਤ ਸਿੰਘ ਨੇਕੀ

ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ

ਮੂਲ ਪੰਜਾਬੀ ਵਿਚ ਲਿਖੀ ਗਈ ਦੂਜੀ ਪੁਸਤਕ 'ਪੰਜਾਬੀ ਹਾਸ-ਵਿਲਾਸ' ਵੀ ਵਿਸ਼ੇਸ਼ ਧਿਆਨ ਖਿਚਦੀ ਹੈ। ਜਿਸ ਨੂੰ ਲਿਖਿਆ ਹੈ ਜਸਵੰਤ ਸਿੰਘ ਨੇਕੀ ਨੇ। ਇਹ ਪੜ੍ਹਨ 'ਚ ਰੋਚਿਕ ਤੇ ਪੰਜਾਬੀ ਦੇ ਸੁਭਾ ਤੇ ਸਭਿਆਚਾਰ ਦੀ ਪਹਿਚਾਣ ਕਰਨ ਲਈ ਮੂਲ ਸਰੋਤ ਵਜੋਂ ਹਵਾਲਾ ਪੁਸਤਕ ਬਣਨ ਦੇ ਯੋਗ ਹੈ। ਪੁਸਤਕ ਵਿਚ ਨੇਕੀ ਨੇ ਲੋਕ ਹਾਸ ਦੀਆਂ ਜੁਗਤਾਂ ਦਾ ਜਿਕਰ ਕੀਤਾ ਹੈ। ਇਸ ਪੁਸਤਕ ਵਿਚ ਪੰਜਾਬੀ ਸਭਿਆਚਾਰ ਵਿਚ ਉਪਜੇ ਅਤੇ ਪੰਜਾਬੀ ਸੁਭਾਅ ਨਾਲ ਇਕ ਸੁਰ ਚੁਟਕਲਿਆ ਦੀ ਚੋਣ ਕੀਤੀ ਗਈ ਹੈ। ਪੁਸਤਕ ਵਿਚ ਹਲਕੀ ਪੱਧਰ ਤੇ ਚੁਟਕਲੇ ਨਹੀਂ ਛਾਪੇ ਗਏ। ਨੇਕੀ ਨੇ ਚੁਟਕਲਿਆਂ ਦਾ ਸਭਿਆਚਾਰਕ ਪਿਛੋਕੜ ਵੀ ਨਾਲ ਨਾਲ ਦੇ ਕੇ ਇਨ੍ਹਾਂ ਚੁਟਕਲਿਆ ਦੀ ਪੰਜਾਬੀ ਵਿਚ ਲੱਗੀਆਂ ਜੜ੍ਹਾਂ ਨੂੰ ਵੀ ਸਾਹਮਣੇ ਲਿਆਂਦਾ ਹੈ। ਇਸ ਪੁਸਤਕ ਵਿਚ ਨੇਕੀ ਨੇ 400 ਦੇ ਕਰੀਬ ਚੁਟਕਲੇ ਇਕੱਤਰ ਕੀਤੇ ਹਨ। ਨੇਕੀ ਨੇ ਕੇਵਲ ਚੁਟਕਲੇ ਇਕੱਤਰ ਕਰਕੇ ਪ੍ਰਕਾਸ਼ਤ ਨਹੀਂ ਕੀਤੇ ਬਲਕਿ ਇਨ੍ਹਾਂ ਦੀ ਵਰਗ ਵੰਡ ਕਰਕੇ ਕੁਝ ਸਿੱਟੇ ਵੀ ਕੱਢੇ ਹਨ। ਨੇਕੀ ਨੇ ਵੱਖ ਵੱਖ ਬਰਾਦਰੀਆਂ ਜਿਵੇਂ ਮਿਰਾਸੀ, ਭੰਡ, ਨਕਲੀਏ, ਅਮਲੀ ਸ਼ਰਾਬੀ, ਭੰਗੜਾ, ਜੱਟਾਂ, ਬਾਣੀਏ, ਨਾਈ, ਕਸਬੀ ਲੋਕ, ਹਕੀਮ, ਵੈਦ, ਡਾਕਟਰ, ਮੰਗਤੇ ਚੋਰ-ਚਕਾਰ, ਪੁਲਿਸ ਫੌਜ, ਪਹਿਲਵਾਨ, ਵਕੀਲ, ਜੱਜ, ਕਾਮਰੇਡ, ਕਬਾੜੀਏ, ਬੁੱਧੀਜੀਵੀ, ਰਿਸ਼ਤੇ ਨਾਤੇ ਸੰਬੰਧੀ ਅੰਗਹੀਣ ਬੰਦਿਆਂ,ਧਾਰਮਿਕ ਆਗੂਆ ਬਾਰੇ ਚੁਟਕਲੇ ਸਾਮਿਲ ਕੀਤੇ ਹਨ। ਪੁਸਤਕ ਦਾ ਦੂਜਾ ਭਾਗ ਹਾਸ ਮਾਹਲਾ ਹੈ ਜਿਸ ਵਿਚ ਸ਼ਟੱਲੀ, ਸੁਥਰਾ, ਸ਼ੇਖ਼ ਚਿੱਲੀ, ਰਾਜਾ ਭੋਜ ਆਦਿ ਨਾਲ ਜੁੜੇ ਚੁਟਕਲੇ ਹਨ। ਇਕ ਭਾਗ ਵਿਚ ਨਿਹੰਗ ਸਿੰਘ' ਦੇ ਸਭਿਆਚਾਰ 'ਚ ਪ੍ਰਚੱਲਤ ਸ਼ਬਦਾਂ ਨੂੰ ਬਿਆਨ ਕੀਤਾ ਹੈ। ਅੰਤਕਾਂ ਵਿਚ ਨੇਕੀ ਨੇ ਹਾਸ-ਵਿਲਾਸ ਦੇ ਪ੍ਰਸੰਗ 'ਚ ਇਸ ਦੇ ਮੂਲ ਸਰੋਤਾਂ ਬਾਰੇ ਗੱਲ ਕੀਤੀ ਹੈ। ਪੁਸਤਕ ਪੰਜਾਬੀ ਲੋਕ-ਹਾਸ ਦੀ ਰੂਪ ਰੇਖਾ ਉਘਾੜਦੀ ਹੈ।

ਘਨਾਦਾ ਦੇ ਸਾਹਸੀ ਕਾਰਨਾਮੇ (ਪਰਮਿੰਦਰ ਮਿੱਤਰਾ, ਅਨੁ. ਕੇ. ਐੱਲ. ਗਰਗ)

ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ

ਨਹਿਰੂ ਬਾਲ ਪੁਸਤਕ ਮਾਲਾ ਰਾਹੀ ਟਰੱਸਟ ਨੇ ਬੱਚਿਆਂ ਦੇ ਹਰ ਵਰਗ ਦੀਆਂ ਦਿਲਚਸਪ ਜਾਣਕਾਰੀ ਭਰਪੂਰ ਸੇਧ ਦੇਣ ਵਾਲੀਆਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਇਸੇ ਕੜੀ ਵਿਚ ਪਰਮਿੰਦਰ ਮਿੱਤਰਾ ਨੇ ਬੰਗਲਾ ਭਾਸ਼ਾ ਵਿੱਚ 'ਘਨਾਦਾ ਦੇ ਸਾਹਸੀ ਕਾਰਨਾਮੇ' ਪੁਸਤਕ ਲਿਖੀ ਇਸ ਦਾ ਪੰਜਾਬੀ ਅਨੁਵਾਦ ਪੰਜਾਬੀ ਦੇ ਚਰਚਿਤ ਵਿਅੰਗਕਾਰ ਕੇ. ਐਲ. ਗਰਗ ਨੇ ਕੀਤਾ ਹੈ। ਇਸ ਪੁਸਤਕ ਦੇ ਲੇਖਕ ਪਰਮਿੰਦਰਾ ਨੇ



'ਘਨਾਦਾ' ਨਾਂ ਦਾ ਨਾ ਭੁੱਲਣ ਵਾਲਾ ਪਾਤਰ ਸਿਰਜਿਆ ਹੈ ਜਿਸ ਦੇ ਇਰਦ-ਗਿਰਦ ਵੱਖ ਵੱਖ ਕਹਾਣੀਆਂ ਦੀ ਸਿਰਜਣਾ ਕੀਤੀ ਹੈ। ਬੰਗਲਾ ਭਾਸ਼ਾ ਵਿਚ ਉਸ ਦੀਆਂ ਕਹਾਣੀਆਂ ਦਾ ਬਹੁਤ ਵੱਡਾ ਪਾਠਕ ਵਰਗ ਹੈ। ਉਸ ਪੁਸਤਕ ਵਿਚ ਚੋਣਵੀਆਂ ਕਹਾਣੀਆਂ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਇਨ੍ਹਾਂ ਕਹਾਣੀਆਂ ਦੀ ਸ਼ੈਲੀ ਐਨੀ ਰੋਚਿਕ ਹੈ ਕਿ ਪਾਠਕ ਨੂੰ ਆਪਣਾ ਆਲਾ-ਦੁਆਲਾ ਭੁਲਾ ਕੇ ਆਪਣੇ ਨਾਲ ਵਹਾ ਕੇ ਲੈ ਜਾਂਦੀ ਹੈ। ਪੁਸਤਕ 'ਚ 13 ਕਹਾਣੀਆਂ ਹਨ ਜੋ ਕਿ ਵੱਖ ਵੱਖ ਵਿਸ਼ੇ 'ਚ ਲਿਖੀਆਂ ਹਨ। ਘਨਸ਼ਿਆਮ ਦਾਸ ਜਿਸ ਨੂੰ ਘਨਾਦਾ ਆਖਿਆ ਜਾਂਦਾ ਹੈ ਦੇ ਇਰਦ-ਗਿਰਦ ਸਾਰੀਆਂ ਕਹਾਣੀਆਂ ਦੀ ਬੁਣਤੀ ਹੁੰਦੀ ਹੈ। ਲੇਖਕ ਨੇ ਮੱਛਰ, ਟਿੱਡੀ, ਮੱਛੀ, ਟੋਪ, ਖੂੰਡੀ, ਸ਼ੀਸ਼ੀ, ਕੀਟ, ਬੱਤਖ਼ ਆਦਿ ਤੇ ਕਹਾਣੀਆਂ ਲਿਖੀਆਂ ਹਨ। ਪੁਸਤਕ ਵਿਚ ਸਾਨੂੰ ਬੰਗਲਾ ਦੀ ਭੂਗੋਲਿਕ ਜਾਣਕਾਰੀ ਵੀ ਮਿਲਦੀ ਹੈ। **- ਭਗਵੰਤ ਰਸੂਲਪੁਰੀ**

ਨਥਾਵੇਂ (ਨਾਵਲ) ਮਹਿੰਦਰਪਾਲ ਸਿੰਘ

ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ



ਪ੍ਰਵਾਸੀ ਨਾਵਲਕਾਰ ਮਹਿੰਦਰਪਾਲ ਸਿੰਘ ਦਾ ਇਹ ਦੂਜਾ ਨਾਵਲ ਹੈ। ਇਸ ਨਾਵਲ ਵਿਚ ਉਸ ਨੇ ਪ੍ਰਵਾਸੀ ਮਸਲੇ ਨੂੰ ਆਪਣੀ ਸਮਰੱਥਾ ਨਾਲ ਚਿਤਰਿਆ ਹੈ। ਨਾਵਲ ਦੀ ਸ਼ੈਲੀ 'ਚ ਸਾਦਗੀ ਹੈ। ਉਸ ਨੇ ਵਿਦੇਸ਼ਾਂ 'ਚ ਰਹਿ ਰਹੇ ਪੰਜਾਬੀ ਲੋਕਾਂ ਦੇ ਮਖੌਟਿਆਂ ਨੂੰ ਨੰਗਾ ਕੀਤਾ ਹੈ। ਇਸ ਦੇ ਨਾਲ ਹੀ ਪ੍ਰਵਾਸੀ ਪੰਜਾਬੀ ਕਿਵੇਂ ਪੈਸੇ ਲਈ ਸੰਘਰਸ਼ ਕਰਦੇ ਹਨ, ਉਨ੍ਹਾਂ ਦਾ ਮਾਨਸਿਕ ਸੰਤਾਪ ਕਿਹੋ ਜਿਹਾ ਹੈ।

ਨਾਵਲ ਵਿਚ ਬਿਕਰਮ ਅਤੇ ਬਲਵੀਰ ਦੇ ਪਰਿਵਾਰ ਦੇ ਦੁੱਖਾਂ-ਪੀੜਾਂ ਨੂੰ ਬਿਆਨ ਕੀਤਾ ਹੈ ਜਿਹੜਾ ਕਿ ਇਕ ਸਾਧ ਰਾਹੀਂ ਇੰਗਲੈਂਡ ਪਹੁੰਚ ਕੇ ਪੱਕਾ ਹੋ ਜਾਂਦਾ ਹੈ। ਜਦੋਂ ਉਨ੍ਹਾਂ ਦੇ ਬੱਚੇ ਉਧਰਲੇ ਸਭਿਆਚਾਰ ਵਿਚ ਪਲਦੇ ਹਨ ਤਾਂ ਸੁਭਾਵਿਕ ਹੈ ਉਹ ਪਿਤਾ ਪੁਰਖੀ ਰਹੁ-ਰੀਤਾਂ ਤਿਆਗ ਕੇ ਪੱਛਮੀ ਸਭਿਆਚਾਰ ਵਿਚ ਮਿਕਸ ਹੋਣਗੇ ਇਥੋਂ ਹੀ ਦੋ ਸੱਭਿਆਚਾਰਾਂ ਵਿਚ ਟਕਰਾਓ ਪੈਦਾ ਹੁੰਦਾ ਹੈ। ਬਿਕਰਮ ਦੀ ਧੀ ਬਬਲੀ ਪੱਛਮੀ ਕਲਚਰ ਵਿਚ ਰੰਗੀ ਹੈ। ਬੁੱਢਾ ਹੋਇਆ ਬਲਵੀਰ ਜਦੋਂ ਜਵਾਨ 'ਤਰਨੀ' ਨੂੰ ਸੁੱਖ ਭੋਗਣ ਲਈ ਇੰਗਲੈਂਡ ਲਿਆਉਂਦਾ ਹੈ, ਉਹਦੇ ਪੱਲੇ ਦੁਖ ਪੈਂਦਾ ਹੈ। ਨਾਵਲ ਵਿਚ ਕਰਮਾ ਤੇ ਸੁੱਖੀ ਪਾਤਰ ਵੀ ਆਉਂਦੇ ਹਨ ਜਿਹੜੇ ਪਰਵਾਸੀ ਧਰਤੀ ਦੀ ਚਮਕ ਤੇ ਭਰਮਜਾਲ 'ਚ ਫਸ ਕੇ ਦੁੱਖ ਭੋਗਦੇ ਹਨ। ਜਦੋਂ ਪਾਤਰ ਕੇਵਲ ਇੰਗਲੈਂਡ 'ਚ ਫੜਿਆ ਜਾਣ 'ਤੇ ਪੰਜਾਬ ਪਹੁੰਚਦਾ ਹੈ ਤਾਂ ਉਸ ਦੇ ਪਰਿਵਾਰ 'ਚ ਸੰਕਟ ਉਭਰ ਆਉਂਦਾ ਹੈ ਪੈਸਾ ਤੇ ਵਿਦੇਸ਼ੀ ਚਮਕ ਨਾਲ ਹੀ ਰਿਸ਼ਤੇ ਜੁੜਦੇ ਹਨ। ਇਸ ਨਾਵਲ 'ਚ ਪੰਜਾਬੀ ਬੰਦੇ ਨੂੰ ਵਿਦੇਸ਼ ਵਿਚ ਲਾਚਾਰ ਤੇ ਬੇਵੱਸ ਜਿਹਾ ਪੇਸ਼ ਕੀਤਾ ਹੈ। ਨਾਵਲਕਾਰ ਵਿਚ ਰੁਦਨ ਦਾ ਸੁਰ ਭਾਰੂ ਹੈ। ਭੂ-ਹੇਰਵੇ ਦੇ ਭਾਵੁਕ ਦ੍ਰਿਸ਼ ਥਾਂ ਥਾਂ ਹਨ, ਭਾਵੇਂ ਲੋਕ ਗਲਤ ਤਰੀਕੇ ਨਾਲ ਵਿਦੇਸ਼ 'ਚ ਜਾਂਦੇ ਹਨ ਪਰ ਉਹ ਪੈਸਾ ਕਮਾ ਕੇ ਆਪਣਾ ਪਰਿਵਾਰ ਖੁਸ਼ਹਾਲ ਤਾਂ ਕਰਦੇ ਹਨ। ਅੱਜ ਪੰਜਾਬ ਦੇ ਲੱਖਾਂ ਪਰਿਵਾਰ ਵਿਦੇਸ਼ੀ ਪੈਸੇ ਨਾਲ ਖੁਸ਼ਹਾਲ ਹੋਏ ਹਨ। ਇਥੇ ਪੰਜਾਬੀ ਵਿਚ ਤਾਂ ਬੰਦੇ ਨੂੰ ਬੰਦਾ ਨਹੀਂ ਸਮਝਿਆ ਜਾਂਦਾ। ਕਿਰਤ ਦਾ ਪੂਰਾ ਮੁੱਲ ਨਹੀਂ ਮਿਲਦਾ, ਇਹ ਪਾਜ਼ੇਟਿਵ ਪੱਖ ਸਾਡੇ ਪ੍ਰਵਾਸੀ ਨਾਵਲਕਾਰ ਕਿਉਂ ਨਹੀਂ ਉਭਾਰਦੇ। ਸਭਿਆਚਾਰ, ਨਵੀਂ ਪੀੜ੍ਹੀ ਦਾ ਬੇਮੁੱਖ ਹੋਣਾ ਆਦਿ ਗੱਲਾਂ ਕਰਕੇ ਰੁਦਨ ਕਰੀ ਜਾਂਦੇ ਹਨ। ਇਹ ਮੁੱਦੇ ਅਜੇ ਨਾਵਲ ਵਿਚ ਆਉਣੇ ਹਨ। 'ਨਥਾਵੇਂ ਗਲਤ ਤਰੀਕੇ ਨਾਲ ਇੰਗਲੈਂਡ ਪਹੁੰਚਣ ਵਾਲੇ ਪਾਤਰਾਂ ਨੂੰ ਆਉਂਦੀਆਂ ਮੁਸ਼ਕਲਾਂ ਦੇ ਪ੍ਰਸੰਗ ਵਿਸਥਾਰ ਨਾਲ ਪੇਸ਼ ਕਰਨ 'ਚ ਸਫ਼ਲ ਵੀ ਹੋਇਆ ਹੈ। **- ਭ. ਰਸੂਲਪੁਰੀ**

(ਥਾਂ ਦੀ ਘਾਟ ਕਾਰਨ ਖ਼ਤ ਅਗਲੇ ਅੰਕ ਵਿਚ ਪ੍ਰਕਾਸ਼ਨ ਕੀਤੇ ਜਾਣਗੇ)

Year: 4 Issue No. 12
'KAHANI DHARA'(PUNJABI QUARTERLY) Jan.-Mar.., 2009 R.N.I. Regd No. PUN PUN 2006 / 19971

- ਨਵੇਂ ਨਾਵਲ -

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

Chetna Parkashan
Punjabi Bhawan, **Ludhiana**-141001, Ph. +91-161-2413613, 2404928
B.O. :Qila Road, Opp. Bus Stand, **Kotkapura**. Ph. +91-1635-222651
web : www.chetnaparkashan.com, e-mail : chetnaparkashan@sify.com, chetnaparkashan@gmail.com